Punjabi
2019

ਕੈਲੀਫੋਰਨੀਆ
ਡਰਾਈਵਰ ਹੈਂਡਬੁੱਕ



ਇਸ ਪੁੱਸਤਿਕਾ www.dmv.ca.gov 'ਤੇ ਉਪਲੱਬਧ ਹੈ।

Gavin Newsom, ਗਵਰਨਰ
ਸਟੇਟ ਆਫ਼ ਕੈਲੀਫੋਰਨੀਆ

Brian C. Annis, ਸਕੱਤਰ
ਕੈਲੀਫੋਰਨੀਆਂ ਸਟੇਟ ਟ੍ਰਾਂਸਪੋਰਟੇਸ਼ਨ ਏਜੰਸੀ

William Davidson, ਕਾਰਜਕਾਰੀ ਨਿਰਦੇਸ਼ਕ
ਕੈਲੀਫੋਰਨੀਆ ਡਿਪਾਰਟਮੇਂਟ ਆਫ਼ ਮੋਟਰ ਵਹੀਕਲਜ਼

ਨੋਟਸ

ਪਿਆਰੇ ਕੈਲੀਫੋਰਨੀਆ ਵਸਨੀਕੋਂ,

ਭਾਵੇਂ ਤੁਸੀਂ ਦਹਾਕਿਆਂ ਤੋਂ ਗੱਡੀ ਚਲਾਉਣ ਵਾਲੇ ਅਨੁਭਵੀ ਡ੍ਰਾਈਵਰ ਹੋ ਜਾਂ ਆਪਣਾ ਅਸਥਾਈ ਪਰਮਿਟ ਪ੍ਰਾਪਤ ਕਰਨ ਵਾਲੇ ਕਿਸ਼ੋਰ ਹੋ, ਕੈਲੀਫੋਰਨੀਆ ਦਾ ਮੋਟਰ ਵਾਹਨ ਵਿਭਾਗ (*California Department of Motor Vehicles*) ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਡ੍ਰਾਈਵਰ ਲਸੰਸ ਵਾਲਾ ਹਰੇਕ ਵਿਅਕਤੀ ਸੜਕ ਦੇ ਨਿਯਮਾਂ ਨੂੰ ਸਮਝਦਾ ਹੈ ਅਤੇ ਡ੍ਰਾਈਵਿੰਗ ਦੀਆਂ ਸੁਰੱਖਿਅਤ ਆਦਤਾਂ ਦੀ ਪਾਲਣਾ ਕਰਦਾ ਹੈ।

ਸਾਡੇ ਸ਼ਾਨਦਾਰ ਰਾਜ ਵਿੱਚ 27 ਮਿਲੀਅਨ ਤੋਂ ਵੱਧ ਲਸੰਸਸ਼ੁਦਾ ਡ੍ਰਾਈਵਰ ਹਨ ਅਤੇ ਸਾਡਾ ਟੀਚਾ ਹੈ ਕਿ ਉਹਨਾਂ ਸਾਰਿਆਂ - ਦੇ ਨਾਲ-ਨਾਲ ਪੈਦਲ ਚੱਲਣ ਵਾਲੇ ਲੋਕ ਅਤੇ ਸੜਕ ਸਾਂਝਾ ਕਰਨ ਵਾਲੇ ਸਾਈਕਲ ਸਵਾਰ - ਰੋਜ਼ਾਨਾ ਸੁਰੱਖਿਅਤ ਰੂਪ ਨਾਲ ਘਰ ਵਾਪਸ ਜਾਣ। ਇਹ ਕੈਲੀਫੋਰਨੀਆ ਡ੍ਰਾਈਵਰ ਹੈਂਡਬੁੱਕ (*California Driver Handbook*) ਡ੍ਰਾਈਵਰਾਂ ਤੋਂ ਉਮੀਦਾਂ ਅਤੇ ਉਹਨਾਂ ਦੀਆਂ ਜ਼ਿੰਮੇਵਾਰੀਆਂ ਦੀ ਗਾਈਡ ਹੈ।

ਜੋ ਕੈਲੀਫੋਰਨੀਆ ਵਾਸੀ ਇਸ ਸਾਲ ਡ੍ਰਾਈਵਿੰਗ ਲਸੰਸ ਨਵਿਆਉਣ ਜਾਂ ਨਵਾਂ ਲਸੰਸ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹਨਾਂ ਲਈ ਸੰਘੀ ਤੌਰ 'ਤੇ ਪਾਲਣਾ ਕਰਨ ਵਾਲੇ "REAL ID" ਕਾਰਡ ਲਈ ਅਰਜ਼ੀ ਦੇਣ ਦਾ ਵਿਕਲਪ ਹੈ। DMV REAL ID ਕਾਰਡ ਜਾਂ ਸੰਘੀ ਤੌਰ 'ਤੇ ਹੋਰ ਮਨਜ਼ੂਰੀਸ਼ੁਦਾ ਪਛਾਣ ਦੀ ਲੋੜ 1 ਅਕਤੂਬਰ, 2020 ਤੋਂ ਸ਼ੁਰੂ ਕਰਦੇ ਹੋਏ ਘਰੇਲੂ ਉਡਾਨ 'ਤੇ ਜਾਣ ਵਾਸਤੇ ਹੋਵੇਗੀ। DMV ਵੈਬਸਾਈਟ 'ਤੇ REAL ID ਦੇ ਫ਼ਾਇਦੇ ਅਤੇ ਸ਼ਰਤਾਂ ਬਾਰੇ ਵਿਸਤਾਰ ਨਾਲ ਦੱਸਿਆ ਗਿਆ ਹੈ, ਅਰਜ਼ੀ ਦੇਣ ਵਾਸਤੇ ਲੋੜੀਂਦੇ ਦਸਤਾਵੇਜ਼ਾਂ ਸਮੇਤ, ਸਾਨੂੰ ਆਸ ਹੈ ਕਿ ਇਹ ਪ੍ਰਿੰਟ ਕਰਨ ਯੋਗ ਦਸਤਾਵੇਜ਼ ਦਫ਼ਤਰ ਵਿੱਚ ਤੁਹਾਡੀ ਮੁਲਾਕਾਤ ਛੇਤੀ ਕਰਾਉਣ ਵਿੱਚ ਮਦਦ ਕਰਨਗੇ।

DMV ਔਨਲਾਈਨ ਉਪਲਬਧ ਵਸੀਲਿਆਂ ਨੂੰ ਅੱਪਡੇਟ ਕਰਕੇ ਗਾਹਕ ਸੇਵਾ ਨੂੰ ਸੁਧਾਰ ਰਹੀ ਹੈ। **dmv.ca.gov** 'ਤੇ ਜਾ ਕੇ, ਤੁਸੀਂ ਇਸ ਹੈਂਡਬੁੱਕ ਦੀ ਡਿਜੀਟਲ ਕਾਪੀ ਦੇ ਨਾਲ-ਨਾਲ, ਅਭਿਆਸ ਪਰੀਖਿਆਵਾਂ, ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਅਤੇ ਹੋਰ ਸਮੱਗਰੀ ਤੱਕ ਪਹੁੰਚ ਪ੍ਰਾਪਤ ਕਰ ਸਕਦੇ ਹੋ, ਜਿਸ ਨਾਲ ਤੁਹਾਨੂੰ ਆਪਣੀ ਡ੍ਰਾਈਵਿੰਗ ਯੋਗਤਾ ਬਾਰੇ ਜਾਣਕਾਰੀ ਮਿਲੇਗੀ ਅਤੇ ਇਸ ਵਿੱਚ ਵਾਧਾ ਹੋਵੇਗਾ। ਕਿਉਂਕਿ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਪੁਰਾਣੇ ਡ੍ਰਾਈਵਰ ਹੋ ਜਾਂ ਨਵੇਂ, ਡ੍ਰਾਈਵਿੰਗ ਦੀਆਂ ਚੰਗੀਆਂ ਆਦਤਾਂ ਨਾਲ ਸਾਨੂੰ ਸਾਰਿਆਂ ਨੂੰ ਫ਼ਾਇਦਾ ਮਿਲੇਗਾ।

ਤੁਹਾਡੇ ਸੁਰੱਖਿਅਤ ਸਫ਼ਰ ਲਈ ਚਾਹਵਾਨ,

ਸਕੱਤਰ
ਕੈਲੀਫੋਰਨੀਆਂ ਸਟੇਟ ਟ੍ਰਾਂਸਪੋਰਟੇਸ਼ਨ ਏਜੰਸੀ (*California State Transportation Agency*)

ਨੋਟਸ

ਵਿਸ਼ਾ ਸੂਚੀ

2019 ਦੇ ਨਵੇਂ ਕਨੂੰਨ VII

DMV ਬਾਰੇ ਜਾਣਕਾਰੀ VIII

ਕਿੱਥੇ ਭੇਜੋ ix

ਆਮ ਜਾਣਕਾਰੀ 1

ਦਾਅਵਾ ਛੱਡਣਾ 1

DMV ਦਾ ਫੰਕਸ਼ਨ ਅਤੇ ਵਿਜ਼ਨ 1

ਸਹੀ ਪਛਾਣ 1

ਮੂਲ ਜਾਣਕਾਰੀ 2

ਕੈਲੀਫੋਰਨੀਆ ਡ੍ਰਾਈਵਰ ਲਾਈਸੈਂਸ 2

ਕਿਸ ਦੇ ਕੋਲ ਡ੍ਰਾਈਵਰ ਲਾਈਸੈਂਸ ਹੋਣਾ ਜ਼ਰੂਰੀ ਹੈ? 2

ਕੈਲੀਫੋਰਨੀਆ ਦੇ ਵਸਨੀਕ 2

ਕੈਲੀਫੋਰਨੀਆ ਦੇ ਵਸਨੀਕ ਫੌਜੀ ਕਰਮਚਾਰੀ (ਅਮਰੀਕੀ ਹਥਿਆਰਬੰਦ ਸੇਨਾਵਾਂ) 2

ਕੈਲੀਫੋਰਨੀਆ ਵਿੱਚ ਨਿਯਕੁਤ ਗੈਰ-ਵਸਨੀਕ ਫੌਜੀ ਕਰਮਚਾਰੀ 3

ਨਵੇਂ ਕੈਲੀਫੋਰਨੀਆ ਵਸਨੀਕ 3

ਕੈਲੀਫੋਰਨੀਆ ਆਉਣ ਵਾਲੇ ਬਾਲਗ ਲੋਕ 3

ਵਡੇਰੀ ਉਮਰ ਦੇ ਡ੍ਰਾਈਵਰਾਂ ਲਈ ਸੁਰੱਖਿਆ 3

ਇੱਕ ਡ੍ਰਾਈਵਰ ਲਾਈਸੈਂਸ ਪ੍ਰਾਪਤ ਕਰਨਾ 4

REAL ID Act 5

REAL ID Act ਕੈਲੀਫੋਰਨੀਆ ਵਾਸੀਆਂ 'ਤੇ ਕਿਵੇਂ ਅਸਰ ਪਾਉਂਦਾ ਹੈ 5

ਮੈਨੂੰ ***REAL ID*** ਦੀ ਲੋੜ ਕਿਉਂ ਹੈ? 5

ਮੈਂ ***REAL ID*** ਕਾਰਡ ਵਾਸਤੇ ਅਰਜ਼ੀ ਦੇਣ ਲਈ ਤਿਆਰੀ ਕਿਵੇਂ ਕਰਾਂ? 5

ਸ਼ਾਦੀਸ਼ੁਦਾ ਹੋ ਗਏ ਹੋ, ਤਲਾਕਸ਼ੁਦਾ ਹੋ ਜਾਂ ਨਾਮ ਬਦਲਿਆ ਹੈ? 6

ਬੁਨਿਆਦੀ ਕਲਾਸ **C** ਦੇ ਡ੍ਰਾਈਵਰ ਲਾਈਸੈਂਸ ਲਈ ਅਰਜ਼ੀ ਦੇਣ ਬਾਰੇ ਲੋੜਾਂ 6

ਬਾਲਗਾਂ ਦੇ ਪਰਮਿਟ ਲਈ ਲੋੜਾਂ 7

ਬਾਲਗਾਂ ਦੇ ਡ੍ਰਾਈਵਰ ਲਾਈਸੈਂਸ ਲਈ ਲੋੜਾਂ 8

ਡ੍ਰਾਈਵਰ ਲਾਈਸੈਂਸ ਦੀਆਂ ਕਲਾਸਾਂ 9

ਪਰੀਖਿਆ ਦੀ ਕਾਰਵਾਈ 10

ਪਰੀਖਿਆਵਾਂ ਕਿੱਥੇ ਦੇਣੀਆਂ ਹਨ? 10

DMV ਦੀਆਂ ਪਰੀਖਿਆਵਾਂ 11

ਨਕਲ ਮਾਰਨਾ 12

ਵਿਸ਼ੇਸ਼ ਭਾਗ– ਨਾਬਾਲਗ ਵਿਅਕਤੀ 12

ਨਾਬਾਲਗਾਂ ਦੇ ਪਰਮਿਟ ਲਈ ਲੋੜਾਂ 12

ਨਾਬਾਲਗਾਂ ਦੇ ਪਰਮਿਟ ਤੇ ਪਾਬੰਦੀਆਂ 13

ਨਾਬਾਲਗਾਂ ਦੇ ਲਾਈਸੈਂਸ ਲਈ ਲੋੜਾਂ 13

ਅਪਵਾਦ – ਨਾਬਾਲਗਾਂ ਲਈ ਲਾਈਸੈਂਸ ਦੀਆਂ ਪਾਬੰਦੀਆਂ 14

ਰਾਜ ਤੋਂ ਬਾਹਰ ਦੇ ਨਾਬਾਲਗ 15

ਰਾਜ ਤੋਂ ਬਾਹਰ ਦੇ ਨਾਬਾਲਗਾਂ ਦੇ ਪਰਮਿਟ 15

ਰਾਜ ਤੋਂ ਬਾਹਰ ਦੇ ਨਾਬਾਲਗਾਂ ਦੇ ਡ੍ਰਾਈਵਰ ਲਾਈਸੈਂਸ 15

ਆਰਜ਼ੀ ਲਾਈਸੈਂਸ ਦੇ ਖਿਲਾਫ਼ ਹੋਣ ਵਾਲੀਆਂ ਕਾਰਵਾਈਆਂ 15

ਆਪਣੇ ਆਰਜ਼ੀ ਲਾਈਸੈਂਸ ਨੂੰ ਬਣਾਏ ਰਖਣਾ 16

ਨਾਬਾਲਗ ਅਤੇ ਮੋਬਾਇਲ ਫੋਨ 16

ਲਾਈਸੈਂਸ ਜਾਰੀ ਕਰਨ ਬਾਰੇ ਵਿਵਿਧ ਜਾਣਕਾਰੀ 17

ਇੱਕ ਗੁੰਮ ਹੋਏ/ਚੋਰੀ ਹੋ ਚੁੱਕੇ ਜਾਂ ਖਰਾਬ ਹੋਏ ਲਾਈਸੈਂਸ ਨੂੰ ਬਦਲਣਾ 17

ਨਾਂ ਬਦਲਣਾ 17

ਲਿੰਗ ਸ਼੍ਰੇਣੀ ਸਬੰਧੀ ਤਬਦੀਲੀਆਂ 17

ਡ੍ਰਾਈਵਰ ਲਾਈਸੈਂਸ ਦਾ ਨਵੀਨੀਕਰਨ 18

ਡਾਕ ਜਾਂ ਇੰਟਰਨੈਟ ਰਾਹੀਂ ਨਵੀਨੀਕਰਨ (ਰੀਨਊਅਲ) ਕਰਾਉਣਾ 18

ਡ੍ਰਾਈਵਰ ਲਾਈਸੈਂਸ ਦੀ ਮਿਆਦ ਵਧਾਉਣਾ 18

ਡ੍ਰਾਈਵਰ ਲਾਈਸੈਂਸ ਆਪਣੇ ਕੋਲ ਰੱਖਣਾ 20

ਪਤੇ ਵਿੱਚ ਤਬਦੀਲੀਆਂ 20

ਨਜ਼ਰ 20

ਡਾਕਟਰੀ ਜਾਣਕਾਰੀ ਕਾਰਡ 20

ਅੰਗਾਂ ਅਤੇ ਟਿਸ਼ੂਆਂ ਦਾ ਦਾਨ 21

ਰਿਟਾਯਰਡ ਫੌਜੀ ਵਿਅਕਤੀ ਦਾ ਅਹੁਦਾ ਅਤੇ ਉਸਨੂੰ ਮਿਲਣ ਵਾਲੇ ਫਾਇਦੇ ਬਾਰੇ ਜਾਣਕਾਰੀ 21

ਮੈਂ ਫ਼ੌਜ ਵਿੱਚ ਕੰਮ ਕੀਤੇ ਹੋਏ ਵਿਅਕਤੀ ਦੀ ਪਦਵੀ ਕਿਵੇਂ ਪ੍ਰਾਪਤ ਕਰ ਸਕਦਾ/ਸਕਦੀ ਹਾਂ? 21

ਵੋਟ ਕਰਨ ਲਈ ਰਜਿਸਟਰ ਕਰਨਾ 22

ਬਿਨ੍ਹਾਂ ਲਾਈਸੈਂਸ ਵਾਲੇ ਡ੍ਰਾਈਵਰ 22

ਡਿਪਲੋਮੈਟਿਕ (ਰਾਜਦੂਤੱਕ) ਡ੍ਰਾਈਵਰ ਲਾਈਸੈਂਸ 22

ਪਛਾਣ ਕਾਰਡ 22

ਬਿਨਾਂ ਫੀਸ ਵਾਲੇ ਪਛਾਣ ਕਾਰਡ 23

ਪਛਾਣ ਕਾਰਡ ਦਾ ਡਾਕ ਜਾਂ ਇੰਟਰਨੈਟ ਰਾਹੀਂ ਨਵੀਨੀਕਰਨ 23

ਡ੍ਰਾਈਵਿੰਗ ਸਕੂਲ 23

ਬਾਲਗ ਡ੍ਰਾਈਵਰ ਪ੍ਰੋਗਰਾਮ 24

ਪੈਦਲ ਚੱਲਣ ਵਾਲੇ ਲੋਕਾਂ ਦੀਆਂ ਜ਼ੁੰਮੇਵਾਰੀਆਂ 24

ਨਵੀਂ ਤਕਨੀਕ 25

ਸਵਾਰੀਆਂ ਦੀ ਸੁਰੱਖਿਆ 26

ਸੀਟ ਬੈਲਟਾਂ 26

ਬੱਚੇ ਲਈ ਇੱਕ ਸੁਰੱਖਿਆਤਮਕ ਸਿਸਟਮ ਅਤੇ ਸੁਰੱਖਿਆ ਸੀਟਾਂ 26

ਏਅਰ ਬੈਗਾਂ ਨਾਲ ਸੁਰੱਖਿਅਤ ਤਰੀਕੇ ਨਾਲ ਸਫਰ ਕਰਨਾ 27

ਮੋਟਰ ਗੱਡੀਆਂ ਵਿੱਚ ਬਿਨ੍ਹਾਂ ਕਿਸੇ ਰਖਵਾਲੇ ਦੇ ਛੱਡੇ ਗਏ ਬੱਚੇ 28

ਬੇਧਿਆਨੇ ਗੱਡੀ ਚਲਾਉਣਾ 28

ਗਰਮੀਆਂ ਵਿੱਚ ਹੋਣ ਵਾਲੇ ਖਤਰੇ 28

ਟ੍ਰੈਫਿਕ ਕੰਟ੍ਰੋਲ 29

ਟ੍ਰੈਫਿਕ ਸਿਗਨਲ ਲਾਈਟਾਂ 29

ਪੈਦਲ ਚੱਲਣ ਵਾਲੇ ਲੋਕਾਂ ਲਈ ਸਿਗਨਲ ਲਾਈਟਾਂ.....30
ਟ੍ਰੈਫਿਕ ਚਿੰਨ੍ਹ (ਸੰਕੇਤ).....31

ਸੜਕ ਦੇ ਕਨੂੰਨ ਅਤੇ ਨਿਯਮ **34**
ਲੰਘਣ-ਦੇ-ਅਧਿਕਾਰ ਸੰਬੰਧੀ ਨਿਯਮ.....34
ਆਮ ਜਾਣਕਾਰੀ 34
ਪੈਦਲ ਚੱਲਣ ਵਾਲੇ ਲੋਕ.....34
ਕ੍ਰਾਸਵਾੱਕ (ਪਾਰ-ਪੱਟੜੀ) 35
ਚੌਰਾਹੇ.....35
ਗੋਲ ਚੱਕਰ.....36
ਪਹਾੜੀ ਸੜਕਾਂ ਤੇ 37
ਰਫਤਾਰ ਦੀਆਂ ਸੀਮਾਵਾਂ.....37
ਘਟਾਈ ਗਈ ਰਫਤਾਰ 37

ਦਿੱਖ ਜਾਂਚ (ਵਿਜ਼ੁਅਲ ਸਰਚ).....**42**
ਆਲੇ-ਦੁਆਲੇ ਦੀ ਜਾਂਚ 42
ਇਹ ਜਾਣੋ ਕਿ ਅੱਗੇ ਕੀ ਹੈ.....42
ਇਹ ਜਾਣੋ ਕਿ ਤੁਹਾਡੀ ਸਾਈਡਾਂ ਤੇ ਕੀ ਹੈ.....44
ਇਹ ਜਾਣੋ ਕਿ ਤੁਹਾਡੇ ਪਿੱਛੇ ਕੀ ਹੈ.....45
ਤੁਸੀਂ ਗੱਡੀ ਕਿੰਨੀ ਚੰਗੀ ਤਰ੍ਹਾਂ ਰੋਕ ਸਕਦੇ ਹੋ? 45

ਲੇਨ ਕੰਟ੍ਰੋਲ.....**46**
ਲਾਈਨਾਂ ਦੇ ਰੰਗ.....46
ਲੇਨ ਦੀ ਚੋਣ ਕਰਨਾ 47
ਲੇਨਾਂ ਬਦਲਣਾ 47
ਗੱਡੀ ਅੱਗੇ ਕੱਢਣ ਲਈ ਲੇਨਾਂ (ਪਾਸਿੰਗ ਲੇਨਾਂ) 47
ਕਾਰਪੂਲ/ਜ਼ਿਆਦਾ ਸਵਾਰੀਆਂ ਵਾਲੀਆਂ ਗੱਡੀਆਂ ਲਈ ਲੇਨਾਂ 48
ਖੱਬੇ ਮੋੜ ਲਈ ਵਿੱਚ ਵਾਲੀਆਂ ਲੇਨਾਂ 48
ਬਾਹਰ ਨਿਕਲਣ ਵਾਲੇ (ਟਰਨਆਉਟ) ਇਲਾਕੇ ਅਤੇ ਲੇਨਾਂ 49
ਲੇਨ ਖਤਮ ਹੋਣ ਦੇ ਨਿਸ਼ਾਨ 49
ਯੀਲਡ ਲਾਈਨਜ਼ 49
ਸਾਈਕਲ ਸਵਾਰਾਂ ਲਈ ਲੇਨਾਂ.....49

ਮੋੜ **50**
ਖੱਬੇ ਅਤੇ ਸੱਜੇ ਮੁੜਣ ਦੇ ਉਦਾਹਰਨ.....52
ਕਨੂੰਨੀ ਯੂ-ਟਰਨਸ **(U-Turns)** 53
ਗੈਰਕਨੂੰਨੀ ਯੂ-ਟਰਨਸ **(U-Turns)** 56

ਪਾਰਕਿੰਗ **56**
ਪਹਾੜੀ ਤੇ ਪਾਰਕਿੰਗ (ਗੱਡੀ ਖੜ੍ਹੀ ਕਰਨਾ).....56
ਕਰਬ ਦੇ ਨਾਲ ਮਿਲਾਕੇ ਗੱਡੀ ਖੜ੍ਹੀ ਕਰਨਾ (ਪੈਰਲਲ ਪਾਰਕਿੰਗ)..... 57
ਸੜਕ ਦੇ ਰੰਗਦਾਰ ਕਿਨਾਰਿਆਂ (ਕਰਬ) ਕੋਲ ਗੱਡੀ ਖੜ੍ਹੀ ਕਰਨਾ.....58
ਗੈਰਕਨੂੰਨੀ ਪਾਰਕਿੰਗ.....59
ਪਾਰਕਿੰਗ ਦੇ ਖਾਸ ਨਿਯਮ.....60

ਗੱਡੀ ਸੁਰੱਖਿਅਤ ਚਲਾਉਣ ਲਈ ਰਵਾਇਤਾਂ.....**60**
ਸਿਗਨਲ ਦੇਣਾ 60
ਸਟੀਯਰਿੰਗ.....61
ਹੱਥਾਂ ਦੀ ਪੋਜੀਸ਼ਨ.....61
ਗੱਡੀ ਨੂੰ ਕੰਟ੍ਰੋਲ ਕਰਨਾ 61
ਹੌਰਨ, ਹੈਡਲਾਈਟਾਂ ਅਤੇ ਐਮਰਜੈਂਸੀ ਸਿਗਨਲ 62
ਆਪਣੀ ਗੱਡੀ ਦੇ ਹੌਰਨ ਦੀ ਵਰਤੋਂ ਕਰੋ 62
ਆਪਣੀ ਗੱਡੀ ਦੇ ਹੌਰਨ ਦੀ ਵਰਤੋਂ ਨਾ ਕਰੋ 62
ਆਪਣੀ ਗੱਡੀ ਦੀਆਂ ਅਗਲੀਆਂ ਲਾਈਟਾਂ (ਹੈਡਲਾਈਟਾਂ) ਦੀ ਵਰਤੋਂ ਕਰੋ 63
ਐਮਰਜੈਂਸੀ ਸਿਗਨਲਾਂ ਦੀ ਵਰਤੋਂ ਕਰੋ.....63
ਟੈਕਸਟ ਮੈਸੇਜ ਕਰਨਾ ਅਤੇ ਸੈੱਲ ਫ਼ੋਨ 64

ਗੱਡੀ ਦੀ ਸਥਿਤੀ.....**66**
ਗੱਡੀਆਂ ਦੇ ਵਿੱਚਕਾਰ ਦੂਰੀਆਂ 66
ਉਹ ਵਿਅਕਤੀ ਜੋ ਡ੍ਰਾਈਵਰਾਂ ਲਈ ਖਤਰਾ ਪੈਦਾ ਕਰਦੇ ਹਨ 66
ਫਾਸਲੇ ਨੂੰ ਵੰਡਣਾ 67
ਟ੍ਰੈਫਿਕ ਵਿੱਚ ਰੱਲਣ ਲਈ ਥਾਂ.....67
ਪਾਰ ਕਰਨ ਜਾਂ ਦਾਖਲ ਹੋਣ ਲਈ ਥਾਂ.....67
ਬਾਹਰ ਨਿਕਲਣ ਲਈ ਥਾਂ.....68
ਦੂਜੇ ਟ੍ਰੈਫਿਕ ਤੋਂ ਅੱਗੇ ਲੰਘਣਾ.....68
ਅੱਗੇ ਲੰਘਣ ਲਈ ਥਾਂ ਅਤੇ ਰਫਤਾਰ.....68
ਅੱਗੇ ਲੰਘਣ ਤੋਂ ਬਾਅਦ ਇੱਕ ਲੇਨ ਵਿੱਚ ਵਾਪਸ ਆਉਣਾ 69
ਅੱਗੇ ਲੰਘਣਾ.....69

ਸੜਕ ਸਾਂਝੀ ਕਰਨਾ **70**
ਵੱਡੇ ਟਰੱਕ (ਵੱਡੇ ਰਿਗਜ਼) ਅਤੇ ਮਨੋਰੰਜਨ ਗੱਡੀਆਂ **(RVs)** 70
ਬ੍ਰੇਕਾਂ ਲਗਾਉਣਾ.....70
ਟਰੱਕ ਵਾਲਿਆਂ ਦੇ ਬਲਾਇੰਡ ਖੇਤਰ— "ਨੋ ਜ਼ੋਨ".....70
ਮੋੜਣਾ.....70
ਬਚਾਅ ਕਰਨ ਦੀ ਯੋਗਤਾ 72
ਬੱਸਾਂ, ਸਟ੍ਰੀਟਕਾਰਾਂ ਅਤੇ ਟ੍ਰਾਲੀਆਂ 72
ਲਾਈਟ-ਰੇਲ ਵਾਹਨ 73
ਐਮਰਜੈਂਸੀ ਗੱਡੀਆਂ.....74
ਹੌਲੀ ਚੱਲਣ ਵਾਲੀਆਂ ਗੱਡੀਆਂ 74
ਆਲੇ-ਦੁਆਲੇ ਚੱਲਣ ਵਾਲੀਆਂ ਬਿਜਲਈ ਗੱਡੀਆਂ ਅਤੇ ਹਲਕੀ ਰਫਤਾਰ ਨਾਲ ਚਲਣ ਵਾਲਿਆਂ ਗੱਡੀਆਂ.....75
ਜਾਨਵਰਾਂ ਦੁਆਰਾ ਖਿੱਚੀਆਂ ਜਾਣ ਵਾਲੀਆਂ ਗੱਡੀਆਂ 75
ਮੋਟਰਸਾਈਕਲਾਂ.....75
ਸਾਈਕਲਾਂ.....76
ਯਾਤਰਾ ਲੇਨਾਂ ਵਿੱਚ ਸਾਈਕਲਾਂ.....77
ਨੇਤਰਹੀਣ ਪੈਦਲ ਚੱਲਣ ਵਾਲੇ ਲੋਕ 80
ਸੜਕ ਤੇ ਕੰਮ ਕਰਨ ਵਾਲੇ ਕਰਮਚਾਰੀ ਅਤੇ ਕੰਮ ਵਾਲੇ ਖੇਤਰ ("ਕੋਨ ਜ਼ੋਨਸ") **(Cone Zones)** 82
ਦੁਗਣੇ ਜੁਰਮਾਨੇ ਵਾਲੇ ਖੇਤਰ 82
ਪਰ੍ਹੇ ਹਟੋ ਅਤੇ ਗੱਡੀ ਹੌਲੀ ਕਰੋ.....82
ਖਤਰਨਾਕ ਭਾਰ ਨਾਲ ਲੱਦੀਆਂ ਹੋਇਆਂ ਗੱਡੀਆਂ 83

ਡ੍ਰਾਈਵਿੰਗ ਲਈ ਜ਼ਰੂਰੀ ਸੁਝਾਓ 83
ਗੁੱਸੇ ਵਾਲੇ ਡ੍ਰਾਈਵਰਾਂ ਅਤੇ ਸੜਕ ਤੇ ਗੁੱਸੇ ਨਾਲ ਨਿਪਟਣਾ ... 83

ਖਾਸ ਡ੍ਰਾਈਵਿੰਗ ਸਥਿਤੀਆਂ 84
ਆਪਣੀ ਕਾਰ ਨੂੰ ਨਜ਼ਰ ਆਉਂਦਾ ਹੋਇਆ ਰੱਖੋ 84
ਸੜਕ ਦੀ ਹਾਲਤ ਕਿਹੋ ਜਿਹੀ ਹੈ? 84
ਘੁੰਮਾਵਦਾਰ ਸੜਕਾਂ 85
ਟ੍ਰੈਫਿਕ ਦੀ ਰਫਤਾਰ 85
ਡ੍ਰਾਈਵਿੰਗ ਦੇ ਖਤਰੇ 85
ਸੜਕਾਂ ਤੇ ਪਾਣੀ ਦੀ ਮੌਜੂਦਗੀ 85
ਤਿਲਕਵੀਆਂ ਸੜਕਾਂ 85
ਤੇਜ਼ ਹਵਾਵਾਂ 86
ਕੋਹਰਾ ਜਾਂ ਗਹਿਰੇ ਧੂੰਏ ਵਿੱਚ ਡ੍ਰਾਈਵਿੰਗ ਕਰਨਾ 86
ਸੂਰਜ ਦੀ ਚਮਕ ਦੇ ਨਾਲ ਗੱਡੀ ਚਲਾਉਣਾ 87
ਹਨੇਰੇ ਵਿੱਚ ਗੱਡੀ ਚਲਾਉਣਾ 87
ਮੀਂਹ ਜਾਂ ਬਰਫ ਵਿੱਚ ਗੱਡੀ ਚਲਾਉਣਾ 88
ਪਾਣੀ ਨਾਲ ਭਰੀਆਂ ਹੋਈਆਂ ਸੜਕਾਂ 88
ਪਹਾੜੀ ਇਲਾਕੇ ਜਾਂ ਮੋੜਾਂ ਵਿੱਚ ਗੱਡੀ ਚਲਾਉਣਾ 89
ਟ੍ਰੈਫਿਕ ਬ੍ਰੇਕਾਂ 89
ਸਾਫ਼ ਬਾਰੀਆਂ ਅਤੇ ਸ਼ੀਸ਼ੇ 89
ਸੀਟ ਅਤੇ ਸ਼ੀਸ਼ਿਆਂ ਨੂੰ ਠੀਕ ਕਰਨਾ 90
ਟਾਇਰਾਂ ਦੀ ਸੁਰੱਖਿਆ 90
ਗ੍ਰੀਨ ਡ੍ਰਾਈਵਿੰਗ 90
ਹੋਰ ਖ਼ਤਰੇ 92
ਕਨੂੰਨ ਪਾਲਣਾ ਅਧਿਕਾਰੀ ਰਾਹੀਂ ਰੋਕੇ ਜਾਣ ਤੇ ਡ੍ਰਾਈਵਰ ਨੂੰ ਕੀ ਕਰਨਾ ਚਾਹੀਦਾ ਹੈ? 92

ਐਮਰਜੈਂਸੀਆਂ ਦਾ ਪਰਬੰਧਨ 93
ਮਸ਼ੀਨੀ ਸੁਝਾਅ 93
ਤਿਲਕਵੀਆਂ ਸੜਕਾਂ ਤੇ ਫਿਸਲਣਾ 93
ਸੜਕ ਤੋਂ ਪਰੇ ਜਾਕੇ ਗੱਡੀ ਚਲਾਉਣਾ 94
ਰਫਤਾਰ ਵਧਾਉਣ ਤੇ ਫਿਸਲਣਾ 94
ਜਕੜੇ ਹੋਏ ਪਹੀਆਂ ਦੇ ਕਾਰਨ ਤਿਲਕਣਾ 94
ਐਕਸਲਰੇਟਰ ਦੀ ਖਰਾਬੀ 95
ਸਟੀਅਰਿੰਗ ਵ੍ਹੀਲ ਨੂੰ ਤਾਲਾ ਲਗਾਉਣ ਵਾਲਾ ਉਪਕਰਣ 95
ਟੱਕਰਾਂ ਦੁਰਘਟਨਾਵਾਂ ਨਹੀਂ ਹਨ 95
ਟੱਕਰਾਂ ਹੋਣ ਦੇ ਕਾਰਨ 95
ਇੱਕ ਟੱਕਰ ਵਿੱਚ ਸ਼ਾਮਲ ਹੋ 95
ਇੱਕ ਟੱਕਰ ਦੀ ਸੂਚਨਾ ਦੇਣਾ 96
ਸੁਰੱਖਿਆ ਸਬੰਧੀ ਸੁਝਾਓ 97
ਫ੍ਰੀਵੇ ਤੇ 97
ਰੇਲਵੇ ਲਾਈਨਾਂ ਦੇ ਨਜ਼ਦੀਕ 98

ਡ੍ਰਾਈਵਰ ਦਾ ਤਿਆਰ ਹੋਣਾ 98
ਨਜ਼ਰ 98
ਸੁਣਨ ਦੀ ਸ਼ਕਤੀ 98
ਥੱਕੇ ਹੋਣ ਤੇ ਜਾਂ ਨਿੰਦਰਾਲੀ ਡ੍ਰਾਈਵਿੰਗ 99
ਦਵਾਈਆਂ 99
ਸਿਹਤ ਅਤੇ ਜਜ਼ਬਾਤ 99
ਹਾਲਤਾਂ ਜਿਨ੍ਹਾਂ ਦੀ ਰਿਪੋਰਟ ਕਰਨਾ ਡਾਕਟਰਾਂ ਲਈ ਜ਼ਰੂਰੀ ਹੈ 100

ਸ਼ਰਾਬ ਅਤੇ ਨਸ਼ੀਲੇ ਪਦਾਰਥ 100
ਸ਼ਰਾਬ/ਨਸ਼ੀਲੇ ਪਦਾਰਥ ਅਤੇ ਡ੍ਰਾਈਵਿੰਗ ਕਰਨਾ ਖਤਰਨਾਕ ਹੈ 100
ਕਿਸੇ ਗੱਡੀ ਵਿੱਚ ਸ਼ਰਾਬ ਜਾਂ ਭਾਂਗ ਦੇ ਉਤਪਾਦਾਂ ਦੀ ਵਰਤੋਂ ਕਰਨਾ ਜਾਂ ਕਬਜ਼ੇ ਵਿੱਚ ਹੋਣਾ 101
21 ਸਾਲ ਤੋਂ ਘੱਟ ਉਮਰ ਦੇ ਡ੍ਰਾਈਵਰ (ਸ਼ਰਾਬ ਕੋਲ ਹੋਣਾ) 101
ਹਰ ਉਮਰ ਦੇ ਡ੍ਰਾਈਵਰਾਂ ਲਈ 101
ਖੂਨ ਵਿੱਚ ਸ਼ਰਾਬ ਦੀ ਮਾਤਰਾ ਦੀਆਂ ਸੀਮਾਵਾਂ 102
ਪ੍ਰਸ਼ਾਸਨਕ ਕਾਰਵਾਈ 102
21 ਤੋਂ ਥੱਲੇ—ਸ਼ਰਾਬ ਦੀ ਵਰਤੋਂ ਲਈ ਕੋਈ ਨਰਮੀ ਨਹੀਂ 103
ਅਦਾਲਤ ਦੁਆਰਾ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਦਾ ਦੋਸ਼ੀ ਪਾਇਆ ਜਾਣਾ 103
21 ਸਾਲ ਅਤੇ ਉਸ ਤੋਂ ਵੱਡੀ ਉਮਰ ਦੇ ਡ੍ਰਾਈਵਰ—ਨਸ਼ੇ ਦੇ ਅਸਰ ਹੇਠਾਂ ਗੱਡੀ ਚਲਾਉਣ ਵਾਲਾ ਪ੍ਰੋਗਰਾਮ ਅਤੇ ਪਾਬੰਦੀ ਲੱਗੇ ਡ੍ਰਾਈਵਰ ਲਾਈਸੈਂਸ 106

ਗੱਡੀ ਚਲਾਉਣ ਦੇ ਹੋਰ ਕਨੂੰਨ/ਨਿਯਮ 106
ਉਹ ਚੀਜ਼ਾਂ ਜੋ ਤੁਹਾਨੂੰ ਨਹੀ ਕਰਨੀਆਂ ਚਾਹੀਦੀਆਂ: 106
ਜ਼ਰੂਰੀ ਕਰਨ ਵਾਲੇ ਕੰਮ: 108

ਪ੍ਰਸ਼ਾਸਨਿਕ 108
ਆਰਥੱਕ ਜ਼ੁੰਮੇਵਾਰੀ 108
ਬੀਮੇ ਲਈ ਲੋੜਾਂ 108
ਤੁਹਾਡੇ ਰਿਕਾਰਡ ਵਿੱਚ ਟੱਕਰਾਂ 109
ਟੱਕਰਾਂ, ਬੀਮਾ ਅਤੇ ਨਾਬਾਲਗ ਵਿਅਕਤੀ 109
ਇੱਕ ਟਿਕਟ ਮਿਲਣਾ 110
ਸ਼ਾਂਤੀ ਅਧਿਕਾਰੀ (ਪੁਲਿਸ ਅਫਸਰ) ਤੋਂ ਬੱਚ ਨਿਕਲਣਾ 110
ਡ੍ਰਾਈਵਰ ਰਿਕਾਰਡ ਵਿੱਚ ਪੁਆਇੰਟ 111
ਟ੍ਰੈਫਿਕ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਲਈ ਸਕੂਲ ਦੇ ਦੋਸ਼ੀ 111
ਮੁਅੱਤਲੀ ਜਾਂ ਰੱਦ ਕਰਨਾ 111
ਰਿਕਾਰਡਾਂ ਦੀ ਗੁਪਤਤਾ 112
ਸੰਪਤੀ ਦੀ ਤੋੜ-ਫੋੜ/ਵਿਗਾੜਨਾ—ਕਿਸੇ ਵੀ ਉਮਰ ਲਈ 112
ਤੇਜ ਚਲਾਉਣ ਦੇ ਮੁਕਾਬਲੇ/ਖਤਰਨਾਕ ਤਰੀਕੇ ਨਾਲ ਗੱਡੀ ਚਲਾਉਣਾ 112
ਆਪਣੇ ਕੋਲ ਬੰਦੂਕਾਂ, ਪਿਸਤੌਲਾਂ ਆਦਿ ਰੱਖਣਾ 112
ਗੱਡੀ ਦੀ ਰਜਿਸਟ੍ਰੇਸ਼ਨ ਲਈ ਜ਼ਰੂਰਤਾਂ 112
ਕੈਲੀਫੋਰਨੀਆ ਦੀਆਂ ਗੱਡੀਆਂ 112
ਰਾਜ ਤੋਂ ਬਾਹਰ ਦੀਆਂ ਗੱਡੀਆਂ 113
ਗੱਡੀ ਦੀ ਚੋਰੀ ਹੋਣ ਤੋਂ ਰੋਕਣ ਲਈ ਕੁਝ ਸੁਝਾਓ 114

ਐਨਲਾਈਨ ਡ੍ਰਾਈਵਰ ਲਾਈਸੈਂਸ ਨਾਲ ਸਬੰਧਤ ਖਾਸ ਤੱਥ ਅਤੇ ਦੂਜੇ ਪ੍ਰਕਾਸ਼ਨ 115

ਕੀ ਤੁਹਾਨੂੰ ਇੱਕ REAL ID ਡਰਾਇਵਰ ਲਾਈਸੈਂਸ ਜਾਂ ਪਛਾਣ ਕਾਰਡ ਦੀ ਲੋੜ ਹੈ?

ਕੈਲੀਫੋਰਨੀਆ DMV ਸੰਘੀ ਅਨੁਪਾਲਣ ਵਾਲੇ REAL ID ਡਰਾਇਵਰ ਲਾਈਸੈਂਸ ਅਤੇ ਪਛਾਣ ਕਾਰਡ ਦੀ ਪੇਸ਼ਕਸ਼ ਕਰਦਾ ਹੈ।

1 ਅਕਤੂਬਰ, 2020 ਤੋਂ ਸ਼ੁਰੂ ਕਰਦੇ ਹੋਏ ਕਿਸੇ ਸਥਾਨਕ ਹਵਾਈ ਉਡਾਣ ਵਿੱਚ ਬੈਠਣ ਲਈ ਜਾਂ ਸੰਘੀ ਠਿਕਾਣੇ ਜਾਂ ਫੌਜੀ ਬੇਸ ਵਿੱਚ ਦਾਖਲ ਹੋਣ ਲਈ ਇੱਕ REAL ID ਜਾਂ ਕਿਸੇ ਹੋਰ ਸੰਘੀ ਅਨੁਪਾਲਣ ਵਾਲੇ ਦਸਤਾਵੇਜ਼ ਦੀ ਲੋੜ ਹੋਵੇਗੀ।

ਸਾਰੇ ਜਾਇਜ਼ ਕੈਲੀਫੋਰਨੀਆ ਡਰਾਇਵਰ ਲਾਇਸੈਂਸ ਅਤੇ ਪਛਾਣ ਕਾਰਡ 1 ਅਕਤੂਬਰ 2020 ਤਕ ਘਰੇਲੂ ਉਡਾਣਾਂ ਵਿੱਚ ਚੜ੍ਹਣ ਲਈ ਵਰਤੇ ਜਾ ਸਕਦੇ ਹਨ।

ਇੱਕ *REAL ID* ਲਈ ਆਵੇਦਨ ਕਰਨ ਲਈ:

- DMV ਦੇ ਕਿਸੀ ਖੇਤਰੀ ਦਫ਼ਤਰ ਵਿੱਚ ਜਾਉਣ ਲਈ ਇੱਕ ਮੁਲਾਕਾਤ ਨਿਰਧਾਰਤ ਕਰੋ (ਅਪਾਇੰਟਮੇਂਟ ਲੈਣ ਦੀ ਜ਼ੋਰਦਾਰ ਤਰੀਕੇ ਨਾਲ ਸਿਫ਼ਾਰਸ਼ ਕੀਤੀ ਜਾਂਦੀ ਹੈ)।
- ਅਰਜ਼ੀ ਦੇਣ ਲਈ ਲੋੜੀਂਦੇ ਦਸਤਾਵੇਜ਼ਾਂ ਦੀ ਸੂਚੀ ਲਈ DMV ਦੀ ਵੈਬਸਾਈਟ 'ਤੇ ਜਾਓ।

ਉਹ ਵਿਅਕਤੀ ਜਿੰਨਾਂ ਦੀ ਉਮਰ *18* ਵਰ੍ਹਿਆਂ ਤੋਂ ਘੱਟ ਹੈ ਉਨ੍ਹਾਂ ਨੂੰ ਉਡਾਣ ਲਈ ਇੱਕ *REAL ID* ਦੀ ਲੋੜ ਨਹੀਂ ਹੈ। ਵਿਜ਼ਿਟਰਾਂ ਨੂੰ ਇਹ ਜਾਣਨ ਲਈ ਵਿਜ਼ਿਟ ਕਰਨ ਤੋਂ ਪਹਿਲਾਂ ਕਿ ਸੰਘੀ ਠਿਕਾਣਿਆਂ ਜਾਂ ਫੌਜੀ ਬੇਸਾਂ ਨਾਲ ਸੰਪਰਕ ਕਰਨਾ ਚਾਹੀਦਾ ਹੈ ਕਿ ਕਿਹੜੀ ਪਛਾਣ ਸਵੀਕਾਰ ਕੀਤੀ ਜਾਵੇਗੀ।

ਜ਼ਿਆਦਾ ਜਾਣਕਾਰੀ **REALID.dmv.ca.gov** 'ਤੇ ਉਪਲੱਬਧ ਹੈ।

2019 ਦੇ ਨਵੇਂ ਕਨੂੰਨ

01 ਜਨਵਰੀ 2019 ਮੰਗਲਵਾਰ ਤੋਂ ਲਾਗੂ ਹਨ

ਨਿਪਟਾਣ ਸੇਵਾ ਵਾਹਨਾਂ ਤੋਂ ਅੱਗੇ ਲੰਘਣਾ ਅਤੇ ਓਵਰਟੇਕ ਕਰਨਾ

ਜਨਤਕ ਗਲੀ ਵਿੱਚ ਜਾਂ ਹਾਈਵੇ 'ਤੇ ਵਾਹਨ ਦੇ ਡ੍ਰਾਈਵਰ ਲਈ ਲੋੜੀਂਦਾ ਹੈ ਕਿ ਉਹ ਕਿਸੇ ਖੜ੍ਹੇ ਹੋਏ ਨਿਪਟਾਣ ਸੇਵਾ ਵਾਹਨ ਕੋਲ ਆਉਂਦੇ ਹੋਏ ਜਾਂ ਉਸਨੂੰ ਓਵਰਟੇਕ ਕਰਦੇ ਹੋਏ, ਸੁਰੱਖਿਆ ਅਤੇ ਟ੍ਰੈਫਿਕ ਦੀਆਂ ਸਥਿਤੀਆਂ 'ਤੇ ਧਿਆਨ ਦੇਵੇ ਅਤੇ ਨਿਪਟਾਣ ਸੇਵਾ ਵਾਹਨ ਦੇ ਸੁਰੱਖਿਅਤ ਸੰਚਾਲਨ ਵਿੱਚ ਬਿਨਾਂ ਵਿਘਨ ਪਾਏ ਇੱਕ ਸੁਰੱਖਿਅਤ ਦੂਰੀ ਤੋਂ ਲੰਘੇ।

ਖ਼ੂਨ ਵਿੱਚ ਸ਼ਰਾਬ ਦੀ ਮਾਤਰਾ ਦੀ ਰਸਾਇਣਿਕ ਜਾਂਚ ਤੋਂ ਇਨਕਾਰ

ਇਹ ਉਹਨਾਂ ਵਿਅਕਤੀਆਂ ਲਈ ਅਪਰਾਧਿਕ ਉਲਝਣਾਂ ਨੂੰ ਹਟਾਉਂਦਾ ਹੈ, ਜੋ ਆਪਣੇ ਖ਼ੂਨ ਵਿੱਚ ਸ਼ਰਾਬ ਅਤੇ/ਜਾਂ ਨਸ਼ੀਲੇ ਪਦਾਰਥਾਂ ਦੀ ਮਾਤਰਾ ਨੂੰ ਨਿਰਧਾਰਤ ਕਰਨ ਦੇ ਉਦੇਸ਼ਾਂ ਲਈ ਆਪਣੇ ਖ਼ੂਨ ਦੀ ਰਸਾਇਣਿਕ ਜਾਂਚ ਕਰਵਾਉਣ ਤੋਂ ਇਨਕਾਰ ਕਰ ਦਿੰਦੇ ਹਨ, ਜਦੋਂ ਉਹਨਾਂ ਨੂੰ ਨਸ਼ੇ ਵਿੱਚ ਹੋਣ ਵੇਲੇ ਡ੍ਰਾਈਵਿੰਗ ਕਰਨ ਲਈ ਕਨੂੰਨੀ ਤੌਰ 'ਤੇ ਗਿਰਫ਼ਤਾਰ ਕੀਤਾ ਜਾਂਦਾ ਹੈ।

ਮੋਟਰ ਨਾਲ ਚਲਣ ਵਾਲੇ ਸਕੂਟਰ

ਇਹ ਵਿਅਕਤੀ ਨੂੰ 25 ਮੀਲ ਪ੍ਰਤੀ ਘੰਟਾ ਤੋਂ ਵੱਧ ਦੀ ਗਤੀ ਸੀਮਾ ਦੇ ਨਾਲ ਹਾਈਵੇ ਉੱਤੇ ਕਿਸੇ ਮੋਟਰ ਵਾਲੇ ਸਕੂਟਰ ਨੂੰ ਚਲਾਉਣ ਤੋਂ ਵਰਜਤ ਕਰਦਾ ਹੈ, ਜਦੋਂ ਤੱਕ ਇਹ ਕਲਾਸ II ਜਾਂ IV ਬਾਈਕਵੇ ਦੇ ਅੰਦਰ ਨਾ ਹੋਵੇ। ਇਹ 35 ਮੀਲ ਪ੍ਰਤੀ ਘੰਟਾ ਤੱਕ ਦੀ ਗਤੀ ਸੀਮਾ ਦੇ ਨਾਲ ਹਾਈਵੇ ਉੱਤੇ ਕਿਸੇ ਮੋਟਰ ਵਾਲੇ ਸਕੂਟਰ ਦੇ ਸੰਚਾਲਨ ਨੂੰ ਅਧਿਕਾਰਤ ਕਰਦਾ ਹੈ ਅਤੇ ਇਸਦੇ ਲਈ ਸਿਰਫ਼ 18 ਸਾਲ ਤੋਂ ਘੱਟ ਉੱਮਰ ਦੇ ਮੋਟਰ ਵਾਲੇ ਸਕੂਟਰ ਚਾਲਕਾਂ ਨੂੰ ਹੈਲਮੇਟ ਪਹਿਣਨ ਦੀ ਲੋੜ ਹੁੰਦੀ ਹੈ।

DMV ਬਾਰੇ ਜਾਣਕਾਰੀ

ਫੀਲਡ ਦਫ਼ਤਰ ਦੇ ਕੰਮ ਦੇ ਘੰਟੇ	
ਸੋਮਵਾਰ	ਸਵੇਰੇ 8 ਵਜੇ ਤੋਂ ਲੈਕੇ ਸ਼ਾਮੀ 5 ਵਜੇ ਤੱਕ
ਮੰਗਲਵਾਰ	ਸਵੇਰੇ 8 ਵਜੇ ਤੋਂ ਲੈਕੇ ਸ਼ਾਮੀ 5 ਵਜੇ ਤੱਕ
ਬੁੱਧਵਾਰ	ਸਵੇਰੇ 9 ਵਜੇ ਤੋਂ ਲੈਕੇ ਸ਼ਾਮੀ 5 ਵਜੇ ਤੱਕ
ਵੀਰਵਾਰ	ਸਵੇਰੇ 8 ਵਜੇ ਤੋਂ ਲੈਕੇ ਸ਼ਾਮੀ 5 ਵਜੇ ਤੱਕ
ਸ਼ੁੱਕਰਵਾਰ	ਸਵੇਰੇ 8 ਵਜੇ ਤੋਂ ਲੈਕੇ ਸ਼ਾਮੀ 5 ਵਜੇ ਤੱਕ
ਸ਼ਨੀਵਾਰ	ਬੰਦ ਹੁੰਦਾ ਹੈ
ਐਤਵਾਰ	ਬੰਦ ਹੁੰਦਾ ਹੈ

ਕੁੱਝ ਫੀਲਡ ਦਫ਼ਤਰਾਂ ਵਿੱਚ ਕੰਮ ਦੇ ਘੰਟੇ ਵੱਧ ਹੋ ਸਕਦੇ ਹਨ ਅਤੇ ਉਸ ਸ਼ਨੀਵਾਰ ਵੀ ਖੁਲ੍ਹੇ ਹੋ ਸਕਦੇ ਹਨ, ਅਤੇ ਕੁਝ ਵਿੱਚ ਸਿਰਫ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਜਾਂ ਗੱਡੀਆਂ ਦੇ ਰਜਿਸਟ੍ਰੇਸ਼ਨ ਦੀ ਸੇਵਾਵਾਂ ਹੀ ਪ੍ਰਦਾਨ ਕੀਤੀ ਜਾ ਸਕਦੀ ਹੈ। ਬਿਹਾਇੰਡ-ਦ-ਵ੍ਹੀਲ (ਡ੍ਰਾਈਵਿੰਗ) ਪਰੀਖਿਆਵਾਂ ਸ਼ਨੀਵਾਰ ਨੂੰ ਨਹੀਂ ਲਈਆਂ ਜਾਂਦੀਆਂ ਹਨ। ਇਹ ਪਤਾ ਲਗਾਉਣ ਲਈ ਕਿ ਕੀ ਤੁਹਾਡੇ ਫੀਲਡ ਦਫ਼ਤਰ ਵਿੱਚ ਕੰਮ ਦੇ ਘੰਟੇ ਵੱਧਾਏ ਗਏ ਹਨ, ਜਾਂ ਇੱਕ ਫੀਲਡ ਦਫ਼ਤਰਾਂ ਦੀ ਥਾਂ ਅਤੇ ਸੇਵਾ ਵਿਕਲਪਾਂ ਬਾਰੇ ਪਤਾ ਲਗਾਉਣ ਲਈ, **www.dmv.ca.gov** 'ਤੇ ਜਾਓ ਜਾਂ 1-800-777-0133 'ਤੇ ਫੋਨ ਕਰੋ।

ਹੇਠਾਂ ਲਿਖੀਆਂ ਲਈ **www.dmv.ca.gov** 'ਤੇ ਔਨਲਾਈਨ ਜਾਓ:

- ਖੇਤਰ ਦੇ ਦਫ਼ਤਰ ਦੇ ਸਥਾਨਾਂ, ਕੰਮ ਦੇ ਘੰਟਿਆਂ, ਦਿਸ਼ਾਵਾਂ, ਅਤੇ ਫੋਨ ਨੰਬਰਾਂ, ਅਤੇ ਸਵੀਕਾਰਯੋਗ ਭੁਗਤਾਨ ਦੀ ਕਿਸਮਾਂ ਬਾਰੇ ਪਤਾ ਕਰਨ ਲਈ।
- ਕਿਸੇ ਫੀਲਡ ਦਫ਼ਤਰ ਤੇ ਜਾਣ ਲਈ ਜਾਂ ਇੱਕ ਡ੍ਰਾਈਵਿੰਗ ਟੈਸਟ (ਵਪਾਰਕ ਡ੍ਰਾਈਵਿੰਗ ਟੈਸਟਾਂ ਤੋਂ ਇਲਾਵਾ) ਲੈਣ ਲਈ ਮੁਲਾਕਾਤ ਨਿਰਧਾਰਤ ਕਰਨ ਲਈ।
- ਇਲੈਕਟ੍ਰਾਨਿਕ ਡ੍ਰਾਈਵਰ ਲਾਈਸੈਂਸ ਅਤੇ ਪਛਾਣ ਕਾਰਡ ਦੀ ਅਰਜ਼ੀ (*Electronic Driver License & ID Card Application,* eDL 44) ਨੂੰ ਪੂਰਾ ਕਰਨ ਲਈ।
- DMV ਦੇ ਰਿਕਾਰਡ ਵਿੱਚ ਆਪਣਾ ਪਤਾ ਬਦਲਣ ਲਈ।
- ਨਿਜੀ ਪਲੇਟਾਂ ਦਾ ਆਰਡਰ ਦੇਣ ਲਈ।
- ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਬਾਰੇ ਜਾਣਕਾਰੀ।
- ਮੋਟਰ ਗੱਡੀ/ਬੇੜੀ ਦੇ ਪੰਜੀਕਰਨ ਬਾਰੇ ਜਾਣਕਾਰੀ ਲਈ।
- ਡਾਉਨਲੋਡ ਕੀਤੇ ਜਾ ਸਕਣ ਵਾਲੇ ਫਾਰਮਾਂ ਲਈ।
- ਪ੍ਰਕਾਸ਼ਨ - ਹੈਂਡਬੁੱਕ, ਵਿਵਰਣ ਪੁਸਤਿੱਕਾ, ਟੈਸਟਾਂ ਦੇ ਨਮੂਨਿਆਂ ਲਈ।
- ਸੀਨੀਅਰ ਡ੍ਰਾਈਵਰਾਂ ਬਾਰੇ ਜਾਣਕਾਰੀ ਲਈ।
- ਕਿਸ਼ੋਰ ਡ੍ਰਾਈਵਰਾਂ ਬਾਰੇ ਜਾਣਕਾਰੀ ਲਈ।
- ਦੂਜੇ ਰਾਜਾਂ ਅਤੇ ਫੈਡਰਲ ਏਜੰਸੀਆਂ ਦੇ ਲਿੰਕ।
- ਆਪਣੇ ਡ੍ਰਾਈਵਰ ਲਾਈਸੈਂਸ ਜਾਂ ਗੱਡੀ ਦੇ ਪੰਜੀਕਰਨ ਦੇ ਨਵੀਨੀਕਰਨ ਲਈ।

ਆਮ ਕੰਮਕਾਰ ਦੇ ਘੰਟਿਆਂ ਦੌਰਾਨ 1-800-777-0133 'ਤੇ ਇੰਨਾਂ ਲਈ ਫੋਨ ਕਰੋ:

- ਡ੍ਰਾਈਵਰ ਲਾਈਸੈਂਸ ਅਤੇ ਗੱਡੀ ਦੇ ਪੰਜੀਕਰਨ ਬਾਰੇ ਜਾਣਕਾਰੀ, ਫਾਰਮ, ਅਤੇ ਪ੍ਰਕਾਸ਼ਨ ਪ੍ਰਾਪਤ ਕਰਨ/ਬੇਨਤੀ ਕਰਨ ਲਈ।
- ਦਫ਼ਤਰਾਂ ਦੇ ਪਤੇ ਅਤੇ ਕੰਮ ਦੇ ਘੰਟੇ ਪਤਾ ਕਰਨ ਲਈ।
- ਡ੍ਰਾਈਵਿੰਗ ਟੈਸਟ ਦਾ ਸਮਾਂ ਨਿਰਧਾਰਤ ਕਰਨ ਲਈ।
- DMV ਦੇ ਨੁਮਾਇੰਦੇ ਨਾਲ ਗੱਲ੍ਹ ਕਰਨ ਲਈ ਜਾਂ ਕਾਲ ਬੈਕ ਦੀ ਬੇਨਤੀ ਕਰਨ ਲਈ।

1-800-777-0133 'ਤੇ ਦਿਨ ਵਿੱਚ 24 ਘੰਟੇ, ਹਫਤੇ ਦੇ, 7 ਦਿਨਾਂ ਆਟੋਮੇਟਿਡ ਸੇਵਾ ਲਈ, ਇਨ੍ਹਾਂ ਕੰਮਾਂ ਲਈ ਫੋਨ ਕਰੋ:

- ਆਪਣੇ ਬਿਲਿੰਗ ਨੋਟਿਸ ਤੇ ਦਿੱਤੇ ਗਏ ਨਵੀਨੀਕਰਨ (ਰੀਨਿਊਅਲ) ਪਛਾਣ ਨੰਬਰ ਦੀ ਵਰਤੋਂ ਕਰਕੇ ਆਪਣਾ ਗੱਡੀ ਦੇ ਪੰਜੀਕਰਨ ਦਾ ਨਵੀਨੀਕਰਨ (ਰੀਨਿਊ) ਕਰਾਉਣ ਲਈ। ਤੁਸੀਂ ਇੱਕ ਕ੍ਰੈਡਿਟ ਕਾਰਡ ਜਾਂ ਈ-ਚੈਕ ਨਾਲ ਭੁਗਤਾਨ ਕਰ ਸਕਦੇ ਹੋ।
- ਫੀਲਡ ਦਫ਼ਤਰ ਵਿੱਚ ਮਿਲਣ ਲਈ ਇੱਕ ਸਮਾਂ ਨਿਰਧਾਰਤ ਕਰਨ ਲਈ। ਪੱਕਾ ਕਰੋ ਕਿ ਤੁਹਾਡੇ ਕੋਲ ਤੁਹਾਡਾ ਡ੍ਰਾਈਵਰ ਲਾਈਸੈਂਸ ਜਾਂ ਪਛਾਣ ਕਾਰਡ ਨੰਬਰ, ਗੱਡੀ ਦੀ ਲਾਈਸੈਂਸ ਪਲੇਟ ਨੰਬਰ ਅਤੇ/ਜਾਂ ਗੱਡੀ ਦਾ ਪਛਾਣ ਨੰਬਰ ਮੌਜੂਦ ਹੋਵੇ।

ਬੋਲਣ ਜਾਂ ਸੁਣਨ ਦੀ ਅਯੋਗਤਾ ਵਾਲੇ ਵਿਅਕਤੀ DMV ਸੇਵਾਵਾਂ ਵਿੱਚ ਮਦਦ ਲੈਣ ਲਈ ਟੋਲ ਫ੍ਰੀ ਨੰਬਰ 1-800-368-4327 'ਤੇ ਫੋਨ ਕਰ ਸਕਦੇ ਹਨ। ਇਸ ਨੰਬਰ ਤੇ ਕਿਸੇ ਹੋਰ TTY ਤੋਂ ਸਿਰਫ ਟਾਇਪ ਕੀਤੇ ਗਏ ਸੰਦੇਸ਼ ਪ੍ਰਾਪਤ ਕੀਤੇ ਅਤੇ ਜਵਾਬ ਦਿੱਤੇ ਜਾਣਗੇ।

ਕਿੱਥੇ ਭੇਜੋ

ਜੇ ਇਸ ਪ੍ਰਕਾਸ਼ਨ ਬਾਰੇ ਤੁਹਾਡੇ ਕੋਈ ਸੁਝਾਅ ਜਾਂ ਟਿੱਪਣੀਆਂ ਹਨ, ਤਾਂ ਕਿਰਪਾ ਕਰਕੇ ਉਨ੍ਹਾਂ ਨੂੰ ਹੇਠਲੇ ਪਤੇ ਤੇ ਭੇਜੋ:

Department of Motor Vehicles
Customer Communications Section, MS H165
PO Box 932345
Sacramento, CA 94232-3450

© Copyright, Department of Motor Vehicles 2019
ਸਾਰੇ ਹੱਕ ਰਾਖਵੇਂ ਹਨ

ਇਹ ਦਸਤਾਵੇਜ਼ ਅਮਰੀਕੀ ਕਾਪੀਰਾਈਟ ਕਨੂੰਨ ਦੇ ਅਧੀਨ ਸੁਰੱਖਿਅਤ ਹੈ। *DMV* ਇਸ ਦਸਤਾਵੇਜ਼ ਦੇ ਕਾਪੀਰਾਈਟ ਦਾ ਮਾਲਕ ਹੈ। ਕਾਪੀਰਾਈਟ ਕਨੂੰਨ ਹੇਠ ਲਿਖਿਆਂ ਉੱਤੇ ਰੋਕ ਲਗਾਉਂਦਾ ਹੈ: *(1)* ਕਾਪੀਰਾਈਟ ਕੀਤੇ ਕੰਮ ਦੀ ਨਕਲ ਕਰਨਾ; *(2)* ਕਾਪੀਰਾਈਟ ਕੀਤੇ ਕੰਮੋਂ ਦੀਆਂ ਕਾਪੀਆਂ ਵੰਡਣਾ; *(3)* ਕਾਪੀਰਾਈਟ ਕੰਮ ਤੋਂ ਤਿਆਰ ਹੋਏ ਕੰਮ ਉੱਤੇ ਅਧਾਰਤ ਹੋਰ ਕੰਮ ਤਿਆਰ ਕਰਨਾ; *(4)* ਸਮਾਜਕ ਤੌਰ ਤੇ ਕਾਪੀਰਾਈਟ ਕੀਤੇ ਕੰਮ ਨੂੰ ਦਰਸਾਉਣਾ; ਜਾਂ *(5)* ਕਾਪੀਰਾਈਟ ਕੀਤੇ ਕੰਮ ਨੂੰ ਪਬਲਿਕ ਦੇ ਸਾਮ੍ਹਣੇ ਪੇਸ਼ ਕਰਨਾ। ਇਸ ਸਾਰੇ ਪ੍ਰਕਾਸ਼ਨ ਦੀਆਂ ਜਾਂ ਇਸਦੇ ਕਿਸੇ ਹਿੱਸੇ ਦੀ ਕਾਪੀਆਂ ਬਣਾਉਣ ਦੀ ਇਜ਼ਾਜ਼ਤ ਲੈਣ ਲਈ ਬੇਨਤੀਆਂ ਹੇਠਲੇ ਪਤੇ ਨੂੰ ਸੰਬੋਧਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ:

Department of Motor Vehicles
Legal Office, MS C128
PO Box 932382
Sacramento, CA 94232-3820

ਵਿਗਿਆਪਨ ਸਰਪ੍ਰਸਤੀ ਇਸ ਪ੍ਰਕਾਸ਼ਨ ਨੂੰ ਪ੍ਰਿਟ ਕਰਨ ਦੀਆਂ ਲਾਗਤਾਂ ਨੂੰ ਚੁਕਾਉਣ ਵਿੱਚ ਸਹਾਇਤਾ ਕਰਦੀ ਹੈ। ਵਿਗਿਆਪਨ ਸਰਪ੍ਰਸਤਾਂ ਰਾਹੀਂ ਦਿੱਤੇ ਗਏ ਉਤਪਾਦਾਂ ਅਤੇ ਸੇਵਾਵਾਂ ਦਾ *DMV* ਰਾਹੀਂ ਪ੍ਰਚਾਰ ਜਾਂ ਸਮਰਥਨ ਨਹੀਂ ਕੀਤਾ ਜਾਂਦਾ ਹੈ, ਪਰ ਵਿਗਿਆਪਨ ਸਰਪ੍ਰਸਤਾਂ ਰਾਹੀਂ ਕੀਤੇ ਜਾਣ ਵਾਲੇ ਮਹਤੱਵਪੂਰਣ ਯੋਗਦਾਨ ਦੀ *DMV* ਬਹੁਤ ਸਰਾਹਨਾ ਕਰਦਾ ਹੈ।

ਜੇ ਤੁਸੀਂ ਇਸ ਪ੍ਰਕਾਸ਼ਨ ਵਿੱਚ ਇਸ਼ਤਿਹਾਰ ਦੇਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਟੇਟ ਪਬਲਿਸ਼ਿੰਗ ਐਡਵਰਟਾਇਜ਼ਿੰਗ ਡਿਪਾਰਟਮੇਂਟ ਦੇ ਦਫ਼ਤਰ (*Office of State Publishing Advertising Department*) ਨੂੰ 1-866-824-0603 'ਤੇ ਫੋਨ ਕਰੋ।

ਨਵੇਂ ਇਲੈਕਟ੍ਰਾਨਿਕ

ਡਰਾਇਵਰ ਲਾਈਸੈਂਸ/ਪਛਾਣ ਕਾਰਡ ਐਪਲੀਕੇਸ਼ਨ

ਸਮਾਂ ਬਚਾਉਣ ਲਈ, DMV ਦੇ ਗਾਹਕ DMV ਦੇ ਦਫ਼ਤਰ ਵਿੱਚ ਆਉਣ ਤੋਂ ਪਹਿਲਾਂ ਡਰਾਇਵਰ ਲਾਈਸੈਂਸ ਜਾਂ ਪਛਾਣ ਕਾਰਡ ਲਈ ਇੱਕ ਔਨਲਾਈਨ ਇਲੈਕਟ੍ਰਾਨਿਕ ਐਪਲੀਕੇਸ਼ਨ ਭਰਣ ਲਈ ਆਪਣੇ ਕੰਪਿਊਟਰ, ਟੇਬਲੈਟ, ਜਾਂ ਸਮਾਰਟ ਫ਼ੋਨ ਦੀ ਵਰਤੋਂ ਕਰ ਸਕਦੇ ਹਨ।

ਇਨ੍ਹਾਂ 10 ਭਾਸ਼ਾਵਾਂ ਵਿੱਚ ਉਪਲੱਬਧ ਹੈ:

- ਅੰਗਰੇਜ਼ੀ
- ਚੀਨੀ (ਚਾਈਨੀਜ਼)
- ਜਾਪਾਨੀ
- ਕੋਰਿਯਨ
- ਥਾਈ
- ਸਪੈਨਿਸ਼
- ਹਿੰਦੀ
- ਖਾਈਮਰ
- ਟੈਗਾਲੋਗ
- ਵਿਯਤਨਾਮੀ

www.dmv.ca.gov 'ਤੇ ਹੋਰ ਸਿੱਖੋ

STATE OF CALIFORNIA
DMV
DRIVING CHANGE...
DEPARTMENT OF MOTOR VEHICLES

ਆਮ ਜਾਣਕਾਰੀ

ਦਾਅਵਾ ਛੱਡਣਾ

ਇਹ ਹੈਂਡਬੁੱਕ ਕੈਲੀਫੋਰਨੀਆ ਵਹੀਕਲ ਕੋਡ (*California Vehicle Code*, CVC) ਵਿੱਚ ਦੱਸੇ ਗਏ ਕਨੂੰਨਾਂ ਅਤੇ ਨਿਯਮਾਂ ਦਾ ਇੱਕ ਸਾਰ ਪ੍ਰਦਾਨ ਕਰਦੀ ਹੈ। ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ (*Department of Motor Vehicles*, DMV), ਕਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਅਤੇ ਅਦਾਲਤਾਂ CVC ਦੀ ਪੂਰੀ ਅਤੇ ਨਿਸ਼ਚਿਤ ਭਾਸ਼ਾ ਦੀ ਪਾਲਣਾ ਕਰਦੇ ਹਨ। ਤੁਸੀਂ CVC ਨੂੰ **Leginfo.legislature.ca.gov** 'ਤੇ ਵੇਖ ਸਕਦੇ ਹੋ ਜਾਂ ਕਿਸੇ ਵੀ DMV ਫੀਲਡ ਦਫ਼ਤਰ ਤੋਂ CVC ਕਿਤਾਬ ਦੀ ਇੱਕ ਕਾਪੀ ਖਰੀਦ ਸਕਦੇ ਹੋ। CVC ਅਤੇ DMV ਫੀਸਾਂ ਔਨਲਾਈਨ **www.dmv.ca.gov** 'ਤੇ ਉਪਲੱਬਧ ਹਨ। ਕੈਲੀਫੋਰਨੀਆ ਡ੍ਰਾਈਵਰ ਹੈਂਡਬੁੱਕ (*California Driver Handbook*) ਵਿੱਚ ਦੱਸੀਆਂ ਗਈਆਂ ਫੀਸਾਂ ਬਦਲੀਆਂ ਜਾ ਸਕਦੀਆਂ ਹਨ।

ਇਸ ਹੈਂਡਬੁੱਕ ਮੁੱਖ ਤੌਰ ਤੇ ਮੂਲ ਕਲਾਸ C ਡ੍ਰਾਈਵਰ ਲਾਈਸੈਂਸ ਲਈ ਹੈ। ਹੋਰ ਡ੍ਰਾਈਵਰ ਲਾਈਸੈਂਸਾਂ ਦੀਆਂ ਕਿਸਮਾਂ ਅਤੇ ਤਸਦੀਕਾਂ ਬਾਰੇ ਹੋਰ ਵੱਖ-ਵੱਖ ਕਿਸਮ ਦੀਆਂ ਕੈਲੀਫੋਰਨੀਆ DMV ਹੈਂਡਬੁੱਕਾਂ ਨੂੰ ਵੇਖੋ: ਕੈਲੀਫੋਰਨੀਆ ਵਪਾਰਕ ਗੱਡੀ ਡ੍ਰਾਈਵਰ ਹੈਂਡਬੁੱਕ (*California Commercial Driver Handbook*), ਦਿਲ-ਬਹਿਲਾਵੇ ਦੀਆਂ ਗੱਡੀਆਂ ਅਤੇ ਟ੍ਰੇਲਰ ਹੈਂਡਬੁੱਕ (*Recreational Vehicles and Trailers Handbook*), ਐਂਬੁਲੇਂਸ ਡ੍ਰਾਈਵਰ ਹੈਂਡਬੁੱਕ (*Ambulance Driver Handbook*), ਕੈਲੀਫੋਰਨੀਆ ਮਾਪੇ- ਕਿਸ਼ੋਰ ਸਿਖਲਾਈ ਗਾਈਡ (*California Parent-Teen Training Guide*), ਅਤੇ ਕੈਲੀਫੋਰਨੀਆ ਮੋਟਰਸਾਈਕਲ ਹੈਂਡਬੁੱਕ (*California Motorcycle Handbook*)।

DMV ਦਾ ਫੰਕਸ਼ਨ ਅਤੇ ਵਿਜ਼ਨ

DMV ਰਾਜ-ਪੱਧਰ ਦੀ ਸਰਕਾਰੀ ਏਜੰਸੀ ਹੈ, ਜਿਸਦੇ ਦੋ ਮੁੱਖ ਕੰਮ ਹਨ, ਰਾਜ ਦੇ ਅੰਦਰ ਕੈਲੀਫੋਰਨੀਆ ਡ੍ਰਾਈਵਰਾਂ ਨੂੰ ਲਸੰਸ ਦੇਣਾ ਅਤੇ ਵਾਹਨਾਂ ਨੂੰ ਰਜਿਸਟਰ ਕਰਨਾ। ਹਾਲਾਂਕਿ, DMV ਕਈ ਹੋਰ ਕੰਮਾਂ ਦੀ ਸੰਭਾਲ ਅਤੇ ਨਿਗਰਾਨੀ ਵੀ ਕਰਦੀ ਹੈ।

DMV ਦਾ ਵਿਜ਼ਨ ਨਵੀਨਤਾਕਾਰੀ ਸੇਵਾਵਾਂ ਪ੍ਰਦਾਨ ਕਰਨ ਵਿੱਚ ਇੱਕ ਭਰੋਸੇਯੋਗ ਆਗੂ ਬਣਨਾ ਹੈ। ਇਹ ਵਿਜ਼ਨ ਡ੍ਰਾਈਵਰਾਂ ਨੂੰ ਲਸੰਸ ਦੇ ਕੇ, ਵਾਹਨ ਰਜਿਸਟਰ ਕਰਕੇ, ਪਛਾਣ ਸੁਰੱਖਿਅਤ ਕਰਕੇ ਅਤੇ ਮੋਟਰ ਵਾਹਨ ਇੰਡਸਟਰੀ ਨੂੰ ਨਿਯੰਤਰਿਤ ਕਰਕੇ ਮਾਣ ਨਾਲ ਜਨਤਾ ਦੀ ਸੇਵਾ ਕਰਨ ਦੇ DMV ਦੇ ਮਿਸ਼ਨ ਨਾਲ ਸਮਰਥਿਤ ਹੈ।

ਸਹੀ ਪਛਾਣ

ਕੈਲੀਫੋਰਨੀਆ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਦੀ ਭਰੋਸੇਯੋਗਤਾ, ਖਰੀਆਈ ਅਤੇ ਗੋਪਨੀਯਤਾ ਸਰਕਾਰ ਦੇ ਸਾਰੇ ਪੱਧਰਾਂ, ਨਿੱਜੀ ਸੈਕਟਰ ਅਤੇ ਆਮ ਜਨਤਾ ਲਈ ਸਭ ਤੋਂ ਵੱਧ ਮਹੱਤਵਪੂਰਨ ਹੈ।

ਸਭ ਤੋਂ ਜ਼ਰੂਰੀ ਗੱਲ੍ਹ ਇਹ ਹੈ ਕਿ ਇਹ ਦਸਤਾਵੇਜ਼ ਪੂਰੀ ਤਰ੍ਹਾਂ ਪ੍ਰਮਾਣਤ ਅਤੇ ਸਹੀ ਹੋਣ। ਕੈਲੀਫੋਰਨੀਆ ਦੇ ਕਾਨੂੰਨ ਦੀ ਮੰਗ ਹੈ ਕਿ ਸਾਰੇ ਗਾਹਕ ਜੋ ਇੱਕ ਮੂਲ ਕੈਲੀਫੋਰਨੀਆ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਜਾਂ REAL ID ਅਨੁਮੋਦਿਤ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਲਈ ਅਰਜ਼ੀ ਦਿੰਦੇ ਹਨ, ਉਹ ਇੱਕ ਪਛਾਣ ਦਸਤਾਵੇਜ਼, ਸਮਾਜਕ ਸੁਰੱਖਿਆ ਨੰਬਰ, ਜੇ ਯੋਗ ਹੋਣ, ਅਤੇ ਕੈਲੀਫੋਰਨੀਆ ਦੀ ਰਿਹਾਇਸ਼ ਦੇ 2 ਦਸਤਾਵੇਜ਼ ਸਬਮਿਟ ਕਰਨ। ਤੁਹਾਡੇ ਪਛਾਣ ਵਿਖਾਉਣ ਵਾਲੇ ਦਸਤਾਵੇਜ਼ ਤੇ ਲਿੱਖਿਆ ਹੋਇਆ ਤੁਹਾਡਾ ਪੂਰਾ ਨਾਂ ਹੀ ਤੁਹਾਡੇ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਤੇ ਲਿੱਖਿਆ ਜਾਵੇਗਾ।

ਮੂਲ ਜਾਣਕਾਰੀ

ਇੱਕ ਕੈਲੀਫੋਰਨੀਆ ਡ੍ਰਾਈਵਰ ਲਾਈਸੈਂਸ ਇਹ ਦਰਸਾਉਂਦਾ ਹੈ ਕਿ ਤੁਹਾਨੂੰ ਜਨਤਕ ਸੜਕਾਂ ਤੇ ਗੱਡੀ ਚਲਾਉਣ ਦੀ ਇਜਾਜ਼ਤ ਦਿੱਤੀ ਗਈ ਹੈ। DMV ਦੇ ਜ਼ਿਆਦਾਤਰ ਫੀਲਡ ਦਫ਼ਤਰਾਂ ਵਿੱਚ ਤੁਸੀਂ ਇੱਕ ਡ੍ਰਾਈਵਰ ਲਾਈਸੈਂਸ ਲਈ ਅਰਜ਼ੀ ਦੇ ਸਕਦੇ ਹੋ (ਪੰਨਾ viii ਤੇ ਜਾਓ)। ਡ੍ਰਾਈਵਰ ਲਾਈਸੈਂਸ ਲਈ ਆਪਣੀ ਅਰਜ਼ੀ ਪੂਰੀ ਕਰਨ ਤੋਂ ਬਾਅਦ, ਅਰਜ਼ੀ ਦੀ ਫੀਸ ਦਾ ਭੁਗਤਾਨ ਕਰੋ, ਲਾਗੂ ਹੋਣ ਵਾਲੇ ਸਾਰੇ ਗਿਆਨ ਟੈਸਟਾਂ ਨੂੰ ਪਾਸ ਕਰੋ, ਦਰਸਾਓ ਕਿ ਤੁਹਾਡੀ ਸਰੀਰਕ ਅਤੇ/ਜਾਂ ਮਾਨਸਿਕ ਹਾਲਤ ਸੰਤੁਸ਼ਟੀਦਾਇਕ ਹੈ, ਅਤੇ ਸੁਰੱਖਿਅਤ ਤਰੀਕੇ ਨਾਲ ਗੱਡੀ ਚਲਾਉਣ ਦੀ ਸਮਰਥਾ ਦਾ ਪ੍ਰਦਰਸ਼ਨ ਕਰੋ, ਤਾਂ ਇੱਕ ਲਾਈਸੈਂਸ ਤੁਹਾਨੂੰ ਜਾਰੀ ਕੀਤਾ ਜਾ ਸਕਦਾ ਹੈ ਅਤੇ ਡਾਕ ਰਾਹੀਂ ਭੇਜਿਆ ਜਾ ਸਕਦਾ ਹੈ। ਜੇ ਤੁਹਾਡੀ ਕੋਈ ਮੈਡੀਕਲ ਸਥਿੱਤੀ ਹੈ ਜਾਂ ਤੁਸੀ ਕਿਸੇ ਅਪਾਹਜਪੁਣੇ ਤੋਂ ਪੀੜਿਤ ਹੋ, ਤਾਂ ਹੋ ਸਕਦਾ ਹੈ ਕਿ DMV ਵਲੋਂ ਤੁਹਾਨੂੰ ਗੱਡੀ ਚਲਾਉਣ ਦਾ ਇੱਕ ਟੈਸਟ ਦੇਣ ਦੀ ਲੋੜ ਹੋਵੇ। ਹੋ ਸਕਦਾ ਹੈ ਕਿ ਤੁਹਾਨੂੰ ਆਪਣੇ ਡਾਕਟਰ ਕੋਲੋਂ ਤੁਹਾਡੀ ਸਿਹਤ ਦੀ ਮੌਜੂਦਾ ਸਥਿਤੀ ਬਾਰੇ ਇੱਕ ਬਿਆਨ ਦੇਣ ਲਈ ਵੀ ਕਿਹਾ ਜਾਏ।

ਕੈਲੀਫੋਰਨੀਆ ਵਿੱਚ ਇੱਕ ਸਮਾਂ ਸਮਾਪਤ ਹੋ ਚੁੱਕੇ ਡ੍ਰਾਈਵਿੰਗ ਲਾਈਸੈਂਸ ਨਾਲ ਗੱਡੀ ਚਲਾਉਣਾ ਅਪਰਾਧ ਹੈ। ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਤੁਹਾਨੂੰ ਟਿਕਟ ਦਿੱਤਾ ਜਾ ਸਕਦਾ ਹੈ, ਤੁਹਾਡੀ ਗੱਡੀ ਜ਼ਬਤ ਕੀਤੀ ਜਾ ਸਕਦੀ ਹੈ, ਅਤੇ ਤੁਹਾਨੂੰ ਅਦਾਲਤ ਵਿੱਚ ਵੀ ਪੇਸ਼ ਹੋਣਾ ਪੈ ਸਕਦਾ ਹੈ।

ਕੈਲੀਫੋਰਨੀਆ ਡ੍ਰਾਈਵਰ ਲਾਈਸੈਂਸ

ਕਿਸ ਦੇ ਕੋਲ ਡ੍ਰਾਈਵਰ ਲਾਈਸੈਂਸ ਹੋਣਾ ਜ਼ਰੂਰੀ ਹੈ?

ਕੈਲੀਫੋਰਨੀਆ ਦੇ ਵਸਨੀਕ

ਕੈਲੀਫੋਰਨੀਆ ਦੇ ਵਸਨੀਕ, ਜਿਹੜੇ ਜਨਤਕ ਹਾਈਵੇਜ਼ ਤੇ ਗੱਡੀ ਚਲਾਉਂਦੇ ਹਨ ਜਾਂ ਜਨਤਕ ਪਾਰਕਿੰਗ ਸੁਵਿਧਾਵਾਂ ਦੀ ਵਰਤੋਂ ਕਰਦੇ ਹਨ ਉਨ੍ਹਾਂ ਕੋਲ ਕੈਲੀਫੋਰਨੀਆ ਡ੍ਰਾਈਵਰ ਲਾਈਸੈਂਸ ਦਾ ਹੋਣਾ ਜ਼ਰੂਰੀ ਹੈ, ਜਦੋਂ ਤੀਕ ਕਿ ਹੇਠਾਂ ਲਿੱਖਿਆ 'ਚੋਂ ਨਾ ਹੋਣ:

- ਸੰਘੀ ਵਪਾਰ ਤੇ ਅਮਰੀਕੀ ਸਰਕਾਰ ਦੀ ਮਲਕੀਅਤ ਵਾਲੀ ਜਾਂ ਉਸ ਰਾਹੀਂ ਨਿਯੰਤ੍ਰਿਤ ਗੱਡੀ ਨੂੰ ਚਲਾਉਣ ਵਾਲਾ ਅਮਰੀਕੀ ਸਰਕਾਰ ਦਾ ਇੱਕ ਅਧਿਕਾਰੀ ਜਾਂ ਕਰਮਚਾਰੀ, ਉਸ ਹਾਲਾਤ ਨੂੰ ਛੱਡ ਕੇ ਜਦੋਂ ਕਿ ਉਹ ਇੱਕ ਵਪਾਰਕ ਗੱਡੀ ਚਲਾ ਰਿਹਾ ਹੋਵੇ।
- ਕਿਰਸਾਨੀ ਦੇ ਔਜ਼ਾਰਾਂ ਨੂੰ ਚਲਾਉਣਾ ਜਾਂ ਸੰਚਾਲਤ ਕਰਨਾ ਜੋ ਕਿਸੇ ਹਾਈਵੇ ਤੇ ਸੰਚਾਲਤ ਜਾਂ ਲਿਆਏ-ਲੈ ਜਾਏ ਨਹੀਂ ਜਾ ਰਹੇ ਹਨ।
- ਕਿਸੇ ਹਾਈਵੇ ਤੇ ਨਾ ਚਲਾਈ ਜਾਣ ਵਾਲੀ ਗੱਡੀ ਨੂੰ ਹਾਈਵੇ ਤੇ ਡ੍ਰਾਇਵ ਕਰਨਾ ਜਾਂ ਚਲਾਉਣਾ।

ਕੈਲੀਫੋਰਨੀਆ ਦੇ ਵਸਨੀਕ ਫੌਜੀ ਕਰਮਚਾਰੀ (ਅਮਰੀਕੀ ਹਥਿਆਰਬੰਦ ਸੇਨਾਵਾਂ)

ਕਾਰਜਸ਼ੀਲ ਫੌਜੀ ਡਿਊਟੀ ਦੇ ਦੌਰਾਨ ਜੇ ਤੁਸੀਂ ਕੈਲੀਫੋਰਨੀਆ ਰਾਜ ਤੋਂ ਬਾਹਰ ਹੋ ਅਤੇ ਤੁਹਾਡੇ ਕੋਲ ਕੈਲੀਫੋਰਨੀਆ ਦਾ ਇੱਕ ਵਾਜਬ ਡ੍ਰਾਈਵਰ ਲਾਈਸੈਂਸ ਹੈ, ਤਾਂ ਤੁਹਾਡਾ ਅਤੇ ਤੁਹਾਡੇ ਜੀਵਨਸਾਥੀ ਦਾ ਲਾਈਸੈਂਸ ਕੈਲੀਫੋਰਨੀਆ ਵਿੱਚੋਂ ਗੈਰਹਾਜ਼ਰ ਰਹਿਣ ਦੇ ਦੌਰਾਨ ਪੂਰਾ ਸਮਾਂ ਅਤੇ ਤੁਹਾਡੇ ਡਿਸਚਾਰਜ਼, ਜੇ ਤੁਹਾਨੂੰ ਕੈਲੀਫੋਰਨੀਆ ਦੇ ਬਾਹਰ ਬਾਇੱਜ਼ਤ ਡਿਸਚਾਰਜ਼ ਕੀਤਾ ਜਾਂਦਾ ਹੈ, ਹੋਣ ਦੀ ਤਾਰੀਖ਼ ਤੋਂ 30 ਦਿਨਾਂ ਬਾਅਦ ਤੱਕ ਜਾਇਜ਼ ਰਹੇਗਾ। ਇੰਨਾਂ 30 ਦਿਨਾਂ ਦੇ ਦੌਰਾਨ ਆਪਣਾ ਡ੍ਰਾਈਵਰ ਲਾਈਸੈਂਸ ਅਤੇ ਡਿਸਚਾਰਜ਼ ਹੋਣ ਦੇ ਜਾਂ ਵੱਖ ਹੋਣ ਦੇ ਕਾਗਜ਼ਾਤ ਆਪਣੇ ਨਾਲ ਰੱਖੋ (CVC §12817)।

ਹਥਿਆਰਬੰਦ ਫੌਜ਼ਾਂ ਵਿੱਚ ਕੰਮ ਕਰਨ ਵਾਲੇ ਵਿਅਕਤੀਆਂ ਲਈ ਲਾਈਸੈਂਸ ਵਧਾਉਣ (*Extension of License for Person in Armed Forces*, DL 236) ਦਾ ਕਾਰਡ, ਜੋ ਤੁਹਾਡੇ ਕੈਲੀਫੋਰਨੀਆ ਲਾਈਸੈਂਸ ਦੇ ਖਤਮ ਹੋਣ ਦੀ ਸੀਮਾ ਨੂੰ ਵਧਾਉਂਦਾ ਹੈ, ਨੂੰ ਪ੍ਰਾਪਤ ਕਰਨ ਲਈ 1-800-777-0133 'ਤੇ ਫੋਨ ਕਰੋ।

ਧਿਆਨ ਦਿਓ: ਤੁਹਾਡਾ ਡ੍ਰਾਈਵਰ ਲਾਈਸੈਂਸ ਜਾਇਜ਼ ਨਹੀ ਹੈ ਜੇ ਇਸ ਨੂੰ ਮੁੱਅਤਲ, ਕੈਂਸਲ ਜਾਂ ਰੱਦ ਕਰ ਦਿੱਤਾ ਗਿਆ ਹੈ।

ਕੈਲੀਫੋਰਨੀਆ ਵਿੱਚ ਨਿਯਕੁਤ ਗੈਰ-ਵਸਨੀਕ ਫੌਜੀ ਕਰਮਚਾਰੀ

ਜੇ ਤੁਹਾਡੀ ਉਮਰ 18 ਸਾਲ ਜਾਂ ਉਸ ਤੋਂ ਵੱਧ ਹੈ, ਤਾਂ ਵਾਧੂ ਜਾਣਕਾਰੀ ਲਈ ਇਸ ਹੈਂਡਬੁੱਕ ਵਿੱਚ "ਕੈਲੀਫੋਰਨੀਆ ਵਸਨੀਕਾਂ" ਅਤੇ "ਕੈਲੀਫੋਰਨੀਆ ਆਉਣ ਵਾਲੇ ਬਾਲਗ ਲੋਕਾਂ" ਸੈਕਸ਼ਨਾਂ ਨੂੰ ਵੇਖੋ। ਲਾਈਸੈਂਸਧਾਰਕ, ਜਿਹੜੇ ਫੌਜ਼ੀ ਹੋਣ ਦੇ ਕਾਰਨ ਲਾਈਸੈਂਸ ਦਾ ਸਮਾਂ ਵਧਾਉਣ ਦੇ ਯੋਗ ਹਨ, ਉਹ ਲੋਕ ਆਪਣੇ ਮੂਲ ਰਾਜ ਤੋਂ ਦਸਤਾਵੇਜ਼ ਲੈਕੇ ਕਨੂੰਨ ਪਾਲਣਾ ਅਧਿਕਾਰੀਆਂ ਕੋਲ ਆਉਣ ਤਾਂ ਜੋ ਉਨ੍ਹਾਂ ਦੀ ਸਥਿਤੀ ਦੀ ਜਾਂਚ ਕੀਤੀ ਜਾ ਸਕੇ।

ਨਵੇਂ ਕੈਲੀਫੋਰਨੀਆ ਵਸਨੀਕ

ਜਦੋਂ ਤੁਸੀਂ ਕੈਲੀਫੋਰਨੀਆ ਦੇ ਵਸਨੀਕ ਬਣ ਜਾਂਦੇ ਹੋ ਅਤੇ ਕੈਲੀਫੋਰਨੀਆ ਵਿੱਚ ਗੱਡੀ ਚਲਾਉਣਾ ਚਾਹੁੰਦੇ ਹੋ, ਤਾਂ ਤੁਹਾਡਾ 10 ਦਿਨਾਂ ਦੇ ਅੰਦਰ-ਅੰਦਰ ਇੱਕ ਕੈਲੀਫੋਰਨੀਆ ਡ੍ਰਾਈਵਰ ਲਾਈਸੈਂਸ ਲਈ ਅਰਜ਼ੀ ਦੇਣਾ ਜ਼ਰੂਰੀ ਹੈ। ਵਸਨੀਕ ਹੋਣ ਦੀ ਜਾਂਚ ਕਈ ਤਰੀਕਿਆਂ ਨਾਲ ਕੀਤੀ ਜਾਂਦੀ ਹੈ, ਜਿੰਨਾਂ ਵਿੱਚ ਹੇਠਾਂ ਲਿੱਖੇ ਹੋਏ ਵੀ ਸ਼ਾਮਲ ਹਨ:

- ਕੈਲੀਫੋਰਨੀਆ ਦੀ ਚੋਣਾਂ ਵਿੱਚ ਵੋਟ ਦੇਣ ਲਈ ਰਜ਼ਿਸਟਰਡ ਹੋਣਾ।
- ਕੈਲੀਫੋਰਨੀਆ ਦੇ ਕਿਸੇ ਕਾਲਜ ਜਾਂ ਯੂਨੀਵਰਸਿਟੀ ਵਿੱਚ ਕੈਲੀਫੋਰਨੀਆ ਵਸਨੀਕਾਂ ਵਾਲੀ ਫੀਸ ਦੇਣਾ।
- ਘਰ ਦੇ ਮਾਲਕ ਦੁਆਰਾ ਪ੍ਰਾਪਰਟੀ ਟੈਕਸ ਵਿੱਚ ਛੂਟ ਲਈ ਦਰਖਾਸਤ ਦੇਣੀ।
- ਕੋਈ ਅਜਿਹੀ ਸੁਵਿਧਾ ਜਾਂ ਲਾਭ ਪ੍ਰਾਪਤ ਕਰਨੇ ਜੋ ਆਮ ਤੌਰ ਤੇ ਗੈਰ-ਵਸਨੀਕਾਂ ਨੂੰ ਨਹੀਂ ਦਿੱਤੇ ਜਾਂਦੇ।

ਕੈਲੀਫੋਰਨੀਆ ਆਉਣ ਵਾਲੇ ਬਾਲਗ ਲੋਕ

18 ਸਾਲਾਂ ਤੋਂ ਵੱਧ ਉਮਰ ਵਾਲੇ ਪ੍ਰਾਹੁਣੇ ਜਿੰਨਾਂ ਕੋਲ ਆਪਣੇ ਰਿਹਾਇਸ਼ੀ ਰਾਜ ਜਾਂ ਦੇਸ਼ ਦਾ ਵਾਜਬ ਡ੍ਰਾਈਵਰ ਲਾਈਸੈਂਸ ਹੈ, ਉਹ ਕੈਲੀਫੋਰਨੀਆ ਵਿੱਚ ਬਿਨਾਂ ਡ੍ਰਾਈਵਰ ਲਾਈਸੈਂਸ ਲਏ ਤਾਂ ਤੱਕ ਗੱਡੀ ਚਲਾ ਸਕਦੇ ਹਨ ਜਦੋਂ ਤੀਕ ਉਨ੍ਹਾਂ ਦਾ ਰਿਹਾਇਸ਼ੀ ਰਾਜ ਜਾਂ ਦੇਸ਼ ਵਾਲਾ ਡ੍ਰਾਈਵਰ ਲਾਈਸੈਂਸ ਜਾਇਜ਼ ਹੈ।

ਵਡੇਰੀ ਉਮਰ ਦੇ ਡ੍ਰਾਈਵਰਾਂ ਲਈ ਸੁਰੱਖਿਆ

DMV ਦੀ ਖਾਸ ਤੌਰ ਤੇ ਵਡੇਰੀ ਉਮਰ ਦੇ ਡ੍ਰਾਈਵਰਾਂ ਲਈ ਇੱਕ ਹੈਂਡਬੁਕ ਹੈ। ਸੁਰੱਖਿਅਤ ਗੱਡੀ ਚਲਾਉਣ ਲਈ ਵਡੇਰੀ ਉਮਰ ਦੇ ਲੋਕਾਂ ਲਈ ਗਾਈਡ (*Senior Guide for Safe Driving,* DL 625) ਦੀ ਕਾਪੀ ਵੇਖਣ ਜਾਂ ਡਾਊਨਲੋਡ ਕਰਨ ਲਈ **www.dmv.ca.gov** 'ਤੇ ਜਾਓ, ਇੱਕ ਕਾਪੀ ਡਾਕ ਰਾਹੀਂ ਭੇਜੇ ਜਾਣ ਲਈ 1-800-777-0133 'ਤੇ ਫੋਨ ਕਰਕੇ ਬੇਨਤੀ ਕਰੋ, ਸਥਾਨਕ DMV ਖੇਤਰੀ ਦਫ਼ਤਰ ਵਿੱਚ ਜਾਓ, ਜਾਂ ਆਪਣੇ ਇਲਾਕੇ ਦੇ ਸੀਨੀਅਰ ਡ੍ਰਾਈਵਰ ਲੋਕਪਾਲ ਪ੍ਰੋਗਰਾਮ (*Senior Driver Ombudsman Program*) ਨਾਲ ਸੰਪਰਕ ਕਰੋ:

ਲੋਸ ਐਂਜਿਲਸ ਅਤੇ ਸੈਂਟ੍ਰਲ ਕੋਸਟ ਕਾਉਂਟੀਆਂ
(310) 615-3552

ਸੈਕਰਾਮੈਂਟੋ ਅਤੇ ਉੱਤਰੀ ਕੈਲੀਫੋਰਨੀਆ ਕਾਉਂਟੀਆਂ
(916) 657-6464

ਔਰੈਂਜ ਅਤੇ ਸੈਨ ਡਿਐਗੋ ਕਾਉਂਟੀਆ
(714) 705-1588

ਸੈਨ ਫ੍ਰਾਂਸਿਸਕੋ, ਓਕਲੈਂਡ, ਅਤੇ ਬੇ ਏਰੀਆਜ਼
(510) 563-8998

ਇੱਕ ਡ੍ਰਾਈਵਰ ਲਾਈਸੈਂਸ ਪ੍ਰਾਪਤ ਕਰਨਾ

ਜਦੋਂ ਤੁਸੀਂ ਇੱਕ ਮੂਲ ਕੈਲੀਫੋਰਨੀਆ ਡ੍ਰਾਈਵਰ ਲਾਈਸੈਂਸ ਲਈ ਅਰਜ਼ੀ ਦਿੰਦੇ ਹੋ, ਤਾਂ ਤੁਹਾਡੇ ਲਈ ਆਪਣੀ ਪਛਾਣ/ਜਨਮ ਦੀ ਤਾਰੀਖ਼, ਰਿਹਾਇਸ਼ ਲਈ ਦਸਤਾਵੇਜ਼ ਪੇਸ਼ ਕਰਨਾ ਅਤੇ ਜੇ ਯੋਗ ਹੋਵੋ ਤਾਂ ਆਪਣਾ ਸਮਾਜਕ ਸੁਰੱਖਿਆ ਨੰਬਰ ਮੁਹੱਈਆ ਕਰਨਾ ਜ਼ਰੂਰੀ ਹੈ। ਜਦੋਂ ਕਿਸੇ ਦਸਤਾਵੇਜ਼ ਦੀ ਲੋੜ ਹੁੰਦੀ ਹੈ, ਰਿਹਾਇਸ਼ ਦੇ ਸਬੂਤ ਦੇ ਅਪਵਾਦ ਨਾਲ, ਪ੍ਰਦਾਨ ਕੀਤੇ ਜਾਣ ਵਾਲੇ ਦਸਤਾਵੇਜ਼ ਹਨ:

- ਇੱਕ ਤਸਦੀਕਸ਼ੁਦਾ ਨਕਲ, ਜਾਂ ਸਮੇਂ ਸੀਮਾ ਸਮਾਪਤ ਨਾ ਹੋਇਆ ਇੱਕ ਮੂਲ ਦਸਤਾਵੇਜ਼ ਪ੍ਰਦਾਨ ਕਰਨਾ।
- ਇੱਕ ਛਪੀ ਹੋਈ ਮੋਹਰ ਜਾਂ ਮੂਲ ਸਟੈਮਪ ਲਗਿਆ ਹੋਇਆ ਇੱਕ ਦਸਤਾਵੇਜ਼ ਪ੍ਰਦਾਨ ਕਰਨਾ, ਜੇ ਲਾਗੂ ਹੁੰਦਾ ਹੈ।
- ਇੱਕ ਫੋਟੋਕਾਪੀ ਪ੍ਰਦਾਨ ਨਾ ਕਰੋ। ਰਿਹਾਇਸ਼ੀ ਦਸਤਾਵੇਜ਼ਾਂ ਲਈ ਇੱਕ ਫੋਟੋਕਾਪੀ ਸਵੀਕਾਰਯੋਗ ਹੁੰਦੀ ਹੈ।
- ਆਪੇ ਲੈਮੀਨੇਟ ਕੀਤੇ ਹੋਏ ਕਾਰਡ ਜਾਂ ਦਸਤਾਵੇਜ਼ ਨਾ ਦਿਓ; ਹਾਲਾਂਕਿ, DMV ਲੈਮੀਨੇਟ ਕੀਤਾ ਹੋਇਆ ਜਾਂ ਧਾਤ ਵਾਲਾ ਸਮਾਜਕ ਸੁਰੱਖਿਆ ਕਾਰਡ ਸਵੀਕਾਰ ਕਰ ਸਕਦਾ ਹੈ।

ਜੇਕਰ ਤੁਸੀਂ ਪਛਾਣ ਦਾ ਕੋਈ ਸੀਮਿਤ ਸਮੇਂ ਸੀਮਾ ਵਾਲਾ ਦਸਤਾਵੇਜ਼ ਪੇਸ਼ ਕਰਦੇ ਹੋ, ਤਾਂ ਤੁਹਾਡੇ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਦੀ ਮਿਆਦ ਤੁਹਾਡੀ ਮੌਜੂਦਗੀ ਦੇ ਕਨੂੰਨੀ ਦਸਤਾਵੇਜ਼ ਵਾਲੇ ਦਿਨ ਹੀ ਖ਼ਤਮ ਹੋ ਸਕਦੀ ਹੈ। ਜੇ ਤੁਹਾਡੇ ਦਸਤਾਵੇਜ਼ ਤੇ ਨਾਂ ਤੁਹਾਡੇ ਡ੍ਰਾਈਵਰ ਲਾਈਸੈਂਸ ਅਤੇ ਪਛਾਣ ਕਾਰਡ ਦੀ ਅਰਜ਼ੀ ਤੇ ਦਿੱਤੇ ਗਏ ਨਾਂ ਤੋਂ ਵੱਖਰਾ ਹੈ ਤਾਂ ਤੁਹਾਡਾ ਕੋਈ ਸਵੀਕਾਰਯੋਗ ਸਹੀ ਪੂਰੇ ਨਾਂ ਵਾਲਾ ਦਸਤਾਵੇਜ਼ ਵੀ ਨਾਲ ਲਿਆਉਣਾ ਜ਼ਰੂਰੀ ਹੈ। ਤੁਹਾਡੀ ਉਂਗਲਾਂ ਦੀ ਛਾਪ, ਦਸਤਖ਼ਤ, ਅਤੇ ਤਸਵੀਰ ਵੀ ਲਈ ਜਾਵੇਗੀ (ਪੰਨੇ 6 ਤੇ ਦਿੱਤੇ "ਮੂਲ ਕਲਾਸ C ਡ੍ਰਾਈਵਰ ਲਾਈਸੈਂਸ ਲਈ ਅਰਜ਼ੀ ਦੀਆਂ ਲੋੜਾਂ" ਵਿਭਾਗ ਨੂੰ ਵੇਖੋ)। ਕਿਸੇ ਹੋਰ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਟ੍ਰਾਂਜੈਕਸ਼ਨ ਲਈ ਤੁਹਾਡਾ ਫੋਟੋ ਪਛਾਣ ਪੱਤਰ ਦੇਣਾ ਜ਼ਰੂਰੀ ਹੈ।

- ਪਛਾਣ ਦੇ ਸਵੀਕਾਰਯੋਗ ਦਸਤਾਵੇਜ਼ਾਂ ਦੇ ਉਦਾਹਰਨਾਂ ਵਿੱਚ ਸ਼ਾਮਿਲ ਹਨ: ਅਮਰੀਕੀ ਜਨਮ ਪਰਮਾਣ ਪੱਤਰ, ਅਮਰੀਕੀ ਪਾਸਪੋਰਟ, ਅਮਰੀਕੀ ਸੁਰੱਖਿਆ ਬਲ ਦੇ ਪਛਾਣ ਕਾਰਡ, ਨੈਚੁਰਲਾਈਜ਼ੇਸ਼ਨ ਸਰਟੀਫਿਕੇਟ, ਸਥਾਈ ਨਿਵਾਸੀ ਕਾਰਡ, ਜਾਂ ਇੱਕ ਵਾਜਬ I-94 ਵਾਲਾ ਵਿਦੇਸ਼ੀ ਪਾਸਪੋਰਟ। I-94 ਦੇ ਖਤਮ ਹੋਣ ਦੀ ਤਾਰੀਖ਼ ਤੁਹਾਡੇ ਫੀਲਡ ਦਫ਼ਤਰ ਵਿੱਚ ਆਉਣ ਦੀ ਤਾਰੀਖ਼ ਤੋਂ 2 ਮਹੀਨਿਆਂ ਤੋਂ ਵੱਧ ਹੋਣੀ ਜ਼ਰੂਰੀ ਹੈ।
- ਅਸਲੀ ਪੂਰੇ ਨਾਂ ਦੀ ਪੜਤਾਲ ਲਈ ਦਸਤਾਵੇਜ਼ ਦੇ ਉਦਾਹਰਨਾਂ ਵਿੱਚ ਹੇਠਾਂ ਲਿੱਖੇ ਗਏ ਸ਼ਾਮਲ ਹਨ: ਗੋਦ ਲੈਣ (ਐਡੌਪਸ਼ਨ) ਦੇ ਦਸਤਾਵੇਜ਼ ਜਿਸ ਵਿੱਚ ਗੋਦ ਲੈਣ ਦੇ ਨਤੀਜੇ ਵਜੋਂ ਤੁਹਾਡਾ ਕਨੂੰਨੀ ਨਾਂ ਦਿੱਤਾ ਗਿਆ ਹੋਵੇ, ਨਾਂ ਬਦਲਣ ਲਈ ਦਸਤਾਵੇਜ਼ ਜਿਸ ਵਿੱਚ ਤੁਹਾਡਾ ਕਨੂੰਨੀ ਨਾਂ, ਤਬਦੀਲੀ ਤੋਂ ਪਹਿਲਾਂ ਅਤੇ ਤਬਦੀਲੀ ਦੇ ਬਾਅਦ ਦੋਵੇਂ, ਦਿੱਤੇ ਹੋਣ, ਇੱਕ ਵਿਆਹ ਦਾ ਪ੍ਰਮਾਣ-ਪੱਤਰ, ਘਰੇਲੂ ਸਾਂਝੇਦਾਰੀ ਬਣਾਉਣ ਦੀ ਜਾਣਕਾਰੀ ਦੀ ਤਸਦੀਕ ਕਰਨ ਵਾਲਾ ਇੱਕ ਪ੍ਰਮਾਣ-ਪੱਤਰ ਜਾਂ ਰਜ਼ਿਸਟ੍ਰੇਸ਼ਨ ਦਸਤਾਵੇਜ਼, ਜਾਂ ਵਿਆਹ ਨੂੰ ਖਤਮ ਕਰਨ ਵਾਲੇ ਦਸਤਾਵੇਜ਼, ਜਿਸ ਵਿੱਚ ਅਦਾਲਤੀ ਆਦੇਸ਼ ਦੇ ਸਿੱਟੇ ਵਜੋਂ ਤੁਹਾਡਾ ਕਨੂੰਨੀ ਨਾਂ ਦਿੱਤਾ ਗਿਆ ਹੋਵੇ।
- ਸਵੀਕਾਰਯੋਗ ਰਿਹਾਇਸ਼ੀ ਦਸਤਾਵੇਜ਼ ਦੇ ਉਦਾਹਰਣ ਵਿੱਚ ਸ਼ਾਮਲ ਹਨ: (ਸੈਲ ਫ਼ੋਨ ਸਮੇਤ) ਘਰੇਲੂ ਸਹੂਲਤ ਦਾ ਬਿੱਲ, ਬੀਮਾ ਦਸਤਾਵੇਜ਼, ਇੱਕ ਗੱਡੀ ਜਾਂ ਜਹਾਜ ਦਾ ਕੈਲੀਫੋਰਨੀਆ ਟਾਈਟਲ ਜਾਂ ਰਜਿਸਟਰੇਸ਼ਨ, ਜਾਂ ਕਿਸੇ ਵਿੱਤੀ ਸੰਸਥਾ ਦੇ ਰਿਕਾਰਡ। ਜਿਸ ਵਿਅਕਤੀ ਨੂੰ ਸਵੀਕਾਰ ਰਿਹਾਇਸ਼ ਦਸਤਾਵੇਜ਼ ਵਿੱਚ ਸੰਬੋਧਤ ਕੀਤਾ ਗਿਆ ਹੈ, ਉਸ ਵਿਅਕਤੀ ਨਾਲ ਆਪਣੇ ਰਿਸ਼ਤੇ ਦੇ ਸਬੂਤ ਦੇ ਤੌਰ ਤੇ ਮਾਪੇ, ਕਨੂੰਨੀ ਸਰਪ੍ਰਸਤ ਜਾਂ ਬੱਚਾ ਜਨਮ ਦਾ ਪ੍ਰਮਾਣ-ਪੱਤਰ, ਅਤੇ ਸਾਥੀ ਜਾਂ ਘਰੇਲੂ ਸਾਥੀ ਇੱਕ ਵਿਆਹ ਦਾ ਲਾਈਸੈਂਸ ਜਾਂ ਘਰੇਲੂ ਸਾਥੀ ਰਜਿਸਟਰੇਸ਼ਨ ਸਰਟੀਫਿਕੇਟ ਵਰਤ ਸਕਦੇ ਹਨ। ਸਵੀਕਾਰਯੋਗ ਦਸਤਾਵੇਜ਼ਾਂ ਦੀ ਇੱਕ ਪੂਰੀ ਸੂਚੀ **www.dmv.ca.gov** 'ਤੇ ਉਪਲਬੱਧ ਹੈ।

REAL ID Act

REAL ID Act ਕੈਲੀਫੋਰਨੀਆ ਵਾਸੀਆਂ 'ਤੇ ਕਿਵੇਂ ਅਸਰ ਪਾਉਂਦਾ ਹੈ

1 ਅਕਤੂਬਰ, 2020 ਤੋਂ ਸ਼ੁਰੂ ਕਰਦੇ ਹੋਏ, ਸੰਘੀ ਸਰਕਾਰ ਨੂੰ ਤੁਹਾਡੇ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਨੂੰ REAL ID ਅਨੁਪਾਲਣ ਦੀ ਲੋੜ ਹੋਵੇਗੀ, ਜੇਕਰ ਤੁਸੀਂ ਇਸਨੂੰ ਘਰੇਲੂ ਉਡਾਨਾਂ ਲਈ ਕਿਸੇ ਜਹਾਜ ਵਿੱਚ ਸਫਰ ਕਰਨ ਲਈ ਜਾਂ ਮਿਲਟਰੀ ਬੇਸਾਂ ਵਿੱਚ ਜਾਂ ਜ਼ਿਆਦਾਤਰ ਸੰਘੀ ਫੈਸਿਲਿਟੀਜ ਵਿੱਚ ਦਾਖ਼ਲ ਹੋਣ ਲਈ ਵਰਤਣਾ ਚਾਹੁੰਦੇ ਹੋ।

ਜੇਕਰ ਤੁਹਾਡੇ ਕੋਲ ਅਮਰੀਕੀ ਪਾਸਪੋਰਟ, ਪਾਸਪੋਰਟ ਕਾਰਡ, ਮਿਲਟਰੀ ਪਛਾਣ ਜਾਂ ਆਵਾਜਾਈ ਸੁਰੱਖਿਆ ਪ੍ਰਸ਼ਾਸਨ (*Transportation Security Administration*, TSA) ਵੱਲੋਂ ਮਨਜ਼ੂਰਸ਼ੁਦਾ ਕੋਈ ਹੋਰ ਪਛਾਣ ਹੈ, ਤਾਂ ਇਹ ਦਸਤਾਵੇਜ਼ ਵੀ ਜਹਾਜ ਵਿੱਚ ਸਫਰ ਕਰਨ ਲਈ ਸਵੀਕਾਰ ਕੀਤੇ ਜਾਣਗੇ। 2005 ਦਾ ਸੰਘੀ REAL ID Act 9/11 ਦੀਆਂ ਘਟਨਾਵਾਂ ਦੀ ਪ੍ਰਤੀਕਿਰਿਆਵਾਂ ਵਿੱਚ ਪਾਸ ਕੀਤਾ ਗਿਆ ਸੀ। REAL ID Act ਬਾਰੇ ਹੋਰ ਜਾਣਕਾਰੀ ਲਈ, ਹੋਮਲੈਂਡ ਸਿਕਿਓਰਿਟੀ ਵਿਭਾਗ (*Department of Homeland Security*) ਦੀ ਵੈਬਸਾਈਟ **www.dhs.gov** 'ਤੇ ਜਾਓ।

ਮੈਨੂੰ *REAL ID* ਦੀ ਲੋੜ ਕਿਉਂ ਹੈ?

REAL ID ਅਨੁਪਾਲਣ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਵਿਕਲਪਿਕ ਹੈ।

ਜੇਕਰ ਤੁਹਾਡੇ ਕੋਲ ਕੋਈ ਵੈਧ ਅਮਰੀਕੀ ਪਾਸਪੋਰਟ ਜਾਂ ਪਾਸਪੋਰਟ ਕਾਰਡ, ਮਿਲਟਰੀ ਪਛਾਣ ਜਾਂ ਸੰਘੀ ਤੌਰ 'ਤੇ ਮਨਜ਼ੂਰੀਸ਼ੁਦਾ ਹੋਰ ਪਛਾਣ ਹੈ, ਤਾਂ ਤੁਸੀਂ ਦੇਸ਼ਭਰ ਦੇ ਹਵਾਈ ਅੱਡਿਆਂ 'ਤੇ ਆਵਾਜਾਈ ਸੁਰੱਖਿਆ ਪ੍ਰਸ਼ਾਸਨ ਚੈਕਪੋਇੰਟ ਤੋਂ ਲੰਘਣ ਲਈ ਪਛਾਣ ਦੇ ਰੂਪ ਵਿੱਚ ਇਸਦੀ ਵਰਤੋਂ ਕਰ ਸਕਦੇ ਹੋ ਅਤੇ ਕਿਸੇ ਵੀ ਸਮੇਂ ਸੁਰੱਖਿਅਤ ਸੰਘੀ ਇਮਾਰਤ ਜਾਂ ਮਿਲਟਰੀ ਸੰਸਥਾਪਨ ਵਿਖੇ ਜਾ ਸਕਦੇ ਹੋ।

ਜੇਕਰ ਤੁਹਾਨੂੰ ਪਤਾ ਹੈ ਕਿ ਤੁਸੀਂ ਘਰੇਲੂ ਉਡਾਣ 'ਤੇ ਸਫਰ ਨਹੀਂ ਕਰੋਗੇ ਜਾਂ ਸੁਰੱਖਿਅਤ ਸੰਘੀ ਫੈਸਿਲਿਟੀ ਜਾਂ ਮਿਲਟਰੀ ਬੇਸ ਵਿਖੇ ਨਹੀਂ ਜਾਓਗੇ, ਤਾਂ ਤੁਹਾਨੂੰ REAL ID ਅਨੁਪਾਲਣ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਦੀ ਲੋੜ ਨਹੀਂ ਹੈ।

ਇਹਨਾਂ ਵਿੱਚੋਂ ਕੁਝ ਵੀ ਕਰਨ ਲਈ ਤੁਹਾਨੂੰ REAL ID ਅਨੁਪਾਲਣ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਦੀ ਲੋੜ ਨਹੀਂ ਹੈ:

- ਗੱਡੀ ਚਲਾਉਣ ਲਈ।
- ਵੋਟ ਪਾਉਣ ਲਈ।
- ਸੰਘੀ ਫ਼ਾਇਦੇ (ਸਾਬਕਾ ਫੌਜੀਆਂ ਦੇ ਮਾਮਲੇ(*Veterans Affairs*), ਸਮਾਜਕ ਸੁਰੱਖਿਆ ਪ੍ਰਸ਼ਾਸਨ ਵਗੈਰਾ(*Social Security Administration*, SSA)) ਵਾਸਤੇ ਅਰਜ਼ੀ ਦੇਣ ਲਈ ਜਾਂ ਇਹਨਾਂ ਨੂੰ ਪ੍ਰਾਪਤ ਕਰਨ ਲਈ।
- ਸੰਘੀ ਫੈਸਿਲਿਟੀ ਵਿੱਚ ਦਾਖ਼ਲ ਹੋਣ ਲਈ, ਜਿਸ ਵਾਸਤੇ ਪਛਾਣ ਦੀ ਲੋੜ ਨਾ ਹੋਵੇ (ਜਿਵੇਂ ਡਾਕਘਰ)।
- ਹਸਪਤਾਲ ਜਾਣ ਲਈ ਜਾਂ ਜੀਵਨ-ਬਚਾਉਣ ਵਾਲੀਆਂ ਸੇਵਾਵਾਂ ਪ੍ਰਾਪਤ ਕਰਨ ਲਈ।

ਮੈਂ *REAL ID* ਕਾਰਡ ਵਾਸਤੇ ਅਰਜ਼ੀ ਦੇਣ ਲਈ ਤਿਆਰੀ ਕਿਵੇਂ ਕਰਾਂ?

REAL ID ਕਾਰਡ ਵਾਸਤੇ ਅਰਜ਼ੀ ਦੇਣ ਲਈ, ਤੁਹਾਡੇ ਲਈ ਇਹ ਕਰਨਾ ਲਾਜ਼ਮੀ ਹੈ:

- ਪਛਾਣ ਦਾ ਸਬੂਤ ਮੁਹੱਈਆ ਕਰਨਾ।
- ਕੈਲੀਫੋਰਨੀਆ ਦੀ ਰਿਹਾਇਸ਼ ਦੇ 2 ਦਸਤਾਵੇਜ਼ ਮੁਹੱਈਆ ਕਰਨਾ।
- ਤੁਹਾਡੇ ਸਮਾਜਕ ਸੁਰੱਖਿਆ ਨੰਬਰ ਦਾ ਸਬੂਤ ਪੇਸ਼ ਕਰਨਾ, ਜੇਕਰ ਯੋਗ ਹੋਵੋ।
  - ਧਿਆਨ ਦਿਓ: ਤੁਸੀਂ **www.ssa.gov** 'ਤੇ ਇੱਕ ਬਦਲੇ ਹੋਏ ਸੋਸ਼ਲ ਸਿਕਿਓਰਿਟੀ ਕਾਰਡ ਦੀ ਔਨਲਾਈਨ ਬੇਨਤੀ ਕਰ ਸਕਦੇ ਹੋ।

ਧਿਆਨ ਦਿਓ: ਸਵੀਕਾਰਯੋਗ REAL ID ਅਨੁਪਾਲਣ ਦਸਤਾਵੇਜ਼ਾਂ ਦੀ ਪੂਰੀ ਸੂਚੀ ਲਈ DMV ਦੀ ਵੈਬਸਾਈਟ 'ਤੇ ਜਾਓ।

ਸ਼ਾਦੀਸ਼ੁਦਾ ਹੋ ਗਏ ਹੋ, ਤਲਾਕਸ਼ੁਦਾ ਹੋ ਜਾਂ ਨਾਮ ਬਦਲਿਆ ਹੈ?

ਤੁਹਾਨੂੰ ਨਾਮ ਬਦਲਣ ਦਾ ਦਸਤਾਵੇਜ਼ ਮੁਹੱਈਆ ਕਰਨ ਦੀ ਲੋੜ ਹੋ ਸਕਦੀ ਹੈ।

ਤੁਹਾਡੇ ਪੂਰੇ ਅਸਲੀ ਨਾਮ 'ਤੇ REAL ID ਅਨੁਪਾਲਣ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਜਾਰੀ ਕਰਨ ਲਈ ਵਿਆਹ ਦਾ ਲਸੰਸ ਜਿਹੇ ਨਾਮ ਬਦਲਣ ਦਾ(ਦੇ) ਦਸਤਾਵੇਜ਼ ਲੋੜੀਂਦੇ ਹੋ ਸਕਦੇ ਹਨ। ਜੇਕਰ ਤੁਹਾਡੇ ਪਛਾਣ ਦਸਤਾਵੇਜ਼ ਉੱਤੇ ਨਾਮ, ਤੁਹਾਡੇ ਵੱਲੋਂ ਆਪਣੀ ਅਰਜ਼ੀ ਉੱਤੇ ਦਿੱਤੇ ਗਏ ਨਾਮ ਤੋਂ ਵੱਖਰਾ ਹੈ, ਤਾਂ ਤੁਹਾਡੇ ਲਈ ਆਪਣੇ ਪੂਰੇ ਅਸਲੀ ਨਾਮ ਨੂੰ ਸਿੱਧ ਕਰਨ ਵਾਲਾ ਦਸਤਾਵੇਜ਼ ਪ੍ਰਸਤੁਤ ਕਰਨਾ ਲਾਜ਼ਮੀ ਹੈ। ਉਦਾਹਰਣ ਲਈ:

- ਗੋਦ ਲੈਣ ਦੇ ਦਸਤਾਵੇਜ਼, ਜਿਹਨਾਂ ਵਿੱਚ ਗੋਦ ਲੈਣ ਦੇ ਨਤੀਜੇ ਵਜੋਂ ਕਨੂੰਨੀ ਨਾਮ ਸ਼ਾਮਲ ਹੋਣ।
- ਨਾਮ ਬਦਲਣ ਦਾ ਦਸਤਾਵੇਜ਼, ਜਿਸ ਵਿੱਚ ਨਾਮ ਬਦਲਣ ਤੋਂ ਪਹਿਲਾਂ ਅਤੇ ਬਾਅਦ, ਦੋਵੇਂ ਕਨੂੰਨੀ ਨਾਮ ਸ਼ਾਮਲ ਹੋਣ।
- ਵਿਆਹ ਦਾ ਪ੍ਰਮਾਣ-ਪੱਤਰ।
- ਪ੍ਰਮਾਣ-ਪੱਤਰ, ਘੋਸ਼ਣਾ-ਪੱਤਰ, ਜਾਂ ਰਜਿਸਟਰੇਸ਼ਨ ਦਸਤਾਵੇਜ਼, ਜੋ ਘਰੇਲੂ ਭਾਈਵਾਲੀ ਦੀ ਰਚਨਾ ਦੀ ਤਸਦੀਕ ਕਰਦਾ ਹੋਵੇ।
- ਵਿਆਹ/ਘਰੇਲੂ ਭਾਈਵਾਲੀ ਦਸਤਾਵੇਜ਼ ਦੇ ਖ਼ਾਤਮੇ ਦਾ ਦਸਤਾਵੇਜ਼, ਜਿਸ ਵਿੱਚ ਅਦਾਲਤੀ ਕਾਰਵਾਈ ਦੇ ਨਤੀਜੇ ਵਜੋਂ ਕਨੂੰਨੀ ਨਾਮ ਸ਼ਾਮਲ ਹੋਵੇ।

ਬੁਨਿਆਦੀ ਕਲਾਸ C ਦੇ ਡ੍ਰਾਈਵਰ ਲਾਈਸੈਂਸ ਲਈ ਅਰਜ਼ੀ ਦੇਣ ਬਾਰੇ ਲੋੜਾਂ

ਕਲਾਸ C ਦੇ ਡ੍ਰਾਈਵਰ ਲਾਈਸੈਂਸ ਲਈ ਅਰਜ਼ੀ ਦੇਣ ਲਈ, ਤੁਹਾਡੇ ਲਈ ਹੇਠਾਂ ਲਿੱਖੇ ਕੰਮ ਕਰਨੇ ਜ਼ਰੂਰੀ ਹਨ:

- ਇੱਕ ਭਰਿਆ ਅਤੇ ਦਸਤਖ਼ਤ ਕੀਤਾ ਹੋਇਆ ਡ੍ਰਾਈਵਰ ਲਾਈਸੈਂਸ ਅਤੇ ਪਛਾਣ ਕਾਰਡ ਦੀ ਦਰਖਾਸਤ (DL 44/eDL 44) ਦਾ ਫਾਰਮ ਜਮ੍ਹਾਂ ਕਰਾਓ। eDL 44 ਫਾਰਮ ਨੂੰ ਔਨਲਾਈਨ ਜਾਕੇ ਪਹਿਲਾਂ ਹੀ ਪੂਰਾ ਕੀਤਾ ਜਾ ਸਕਦਾ ਹੈ। ਇਸ ਫਾਰਮ ਤੇ ਦਸਤਖ਼ਤ ਕਰਨ ਦਾ ਮਤਲਬ ਇਹ ਹੈ ਕਿ ਜਦੋਂ ਇੱਕ ਪੁਲਿਸ ਅਫਸਰ ਮੰਗ ਕਰੇ ਤਾਂ ਤੁਸੀਂ ਆਪਣੇ ਖ਼ੂਨ ਵਿੱਚ ਸ਼ਰਾਬ ਜਾਂ ਨਸ਼ੀਲੀ ਦਵਾਈਆਂ ਦੀ ਮਾਤਰਾ ਦਾ ਪਤਾ ਕਰਨ ਲਈ ਰਸਾਇਣਕ ਜਾਂਚ ਕਰਾਉਣ ਲਈ ਰਾਜ਼ੀ ਹੋ। ਜੇ ਤੁਸੀਂ ਇਸ ਬਿਆਨ ਤੇ ਦਸਤਖ਼ਤ ਨਹੀਂ ਕਰਦੇ ਹੋ, ਤਾਂ DMV ਤੁਹਾਨੂੰ ਇੱਕ ਪਰਮਿਟ ਜਾਂ ਡ੍ਰਾਈਵਰ ਲਾਈਸੈਂਸ ਜਾਰੀ ਨਹੀਂ ਕਰੇਗਾ।
- ਇੱਕ ਸਵੀਕਾਰਯੋਗ ਦਸਤਾਵੇਜ਼ ਪੇਸ਼ ਕਰੋ ਜੋ ਤੁਹਾਡੀ ਪਛਾਣ ਅਤੇ ਜਨਮ ਦੀ ਤਾਰੀਖ਼ ਦਾ ਨਿਰਧਾਰਨ ਕਰਦਾ ਹੋਵੇ।
- ਆਪਣਾ ਅਸਲੀ ਪੂਰਾ ਨਾਂ ਦਿਓ।
- ਸਵੀਕਾਰਯੋਗ ਰਿਹਾਇਸ਼ੀ ਦਸਤਾਵੇਜ਼(ਜ਼ਾਂ) ਨੂੰ ਪੇਸ਼ ਕਰੋ।
- ਜੇ ਯੋਗ ਹੋ, ਤਾਂ ਆਪਣਾ ਸਮਾਜਕ ਸੁਰੱਖਿਆ ਨੰਬਰ ਮੁਹੱਈਆ ਕਰਾਓ, ਜਿਸਦੀ ਸਮਾਜਕ ਸੁਰੱਖਿਆ ਪ੍ਰਬੰਧਨ ਵਿਭਾਗ ਕੋਲੋਂ ਬਿਜਲਈ ਤਰੀਕੇ ਨਾਲ ਪੜਤਾਲ ਕੀਤੀ ਜਾਵੇਗੀ।
- ਅਰਜ਼ੀ ਦੀ ਵਾਪਸ ਨਾ ਕੀਤੀ ਜਾਣ ਵਾਲੀ ਫੀਸ ਜਮ੍ਹਾਂ ਕਰਾਓ। ਇਹ ਫੀਸ 12 ਮਹੀਨਿਆਂ ਲਈ ਚੰਗੀ ਹੈ। (ਜੇ ਸਾਰੀਆਂ ਲੋੜਾਂ ਨੂੰ 12 ਮਹੀਨਿਆਂ ਦੇ ਵਿਚਕਾਰ ਪੂਰਾ ਨਹੀਂ ਕੀਤਾ ਜਾਂਦਾ ਹੈ, ਤਾਂ ਫੇਰ ਅਰਜ਼ੀ ਜਾਇਜ਼ ਨਹੀਂ ਰਹੇਗੀ ਅਤੇ ਤੁਹਾਡਾ ਦੁਬਾਰਾ ਅਰਜ਼ੀ ਦੇਣਾ ਜ਼ਰੂਰੀ ਹੈ)।

— ਤੁਹਾਨੂੰ ਲੋੜੀਂਦੇ ਗਿਆਨ ਟੈਸਟ ਵਿੱਚ ਹਰੇਕ ਨੂੰ ਪਾਸ ਕਰਨ ਦੇ 3 ਮੌਕੇ ਦਿੰਦਾ ਹੈ। (ਜੇ ਤੁਸੀਂ ਗਿਆਨ ਪਰੀਖਿਆ ਵਿੱਚ 3 ਵਾਰੀ ਫੇਲ ਹੋ ਜਾਂਦੇ ਹੋ, ਤਾਂ ਫੇਰ ਅਰਜ਼ੀ ਜਾਇਜ਼ ਨਹੀਂ ਰਹੇਗੀ ਅਤੇ ਤੁਹਾਡਾ ਦੁਬਾਰਾ ਅਰਜ਼ੀ ਦੇਣਾ ਜ਼ਰੂਰੀ ਹੈ।)

— ਡ੍ਰਾਈਵਿੰਗ ਟੈਸਟ ਵਿੱਚ ਪਾਸ ਹੋਣ ਦੇ 3 ਮੌਕੇ ਦਿੰਦਾ ਹੈ।

ਜ਼ਰੂਰੀ: ਜੇ ਤੁਸੀਂ ਗੱਡੀ ਚਲਾਉਣ ਦੀ ਪਰੀਖਿਆ ਵਿੱਚ ਫੇਲ ਹੋ ਜਾਂਦੇ ਹੋ, ਤਾਂ ਬਾਅਦ ਦੇ ਟੈਸਟ(ਟਾਂ) ਲਈ $7 ਦੀ ਰੀਟੈਸਟ ਫੀਸ ਅਦਾ ਕਰੋ ਅਤੇ ਕਿਸੇ ਹੋਰ ਦਿਨ ਗੱਡੀ ਚਲਾਉਣ ਦੀ ਪਰੀਖਿਆ ਨਿਰਧਾਰਤ ਕਰੋ। ਜੇ ਤੁਸੀਂ ਗੱਡੀ ਚਲਾਉਣ ਦੀ ਪਰੀਖਿਆ ਵਿੱਚ 3 ਵਾਰੀ ਫੇਲ ਹੋ ਜਾਂਦੇ ਹੋ, ਤਾਂ ਫੇਰ ਅਰਜ਼ੀ ਜਾਇਜ਼ ਨਹੀਂ ਰਹੇਗੀ ਅਤੇ ਤੁਹਾਡਾ ਦੁਬਾਰਾ ਅਰਜ਼ੀ ਦੇਣਾ ਜ਼ਰੂਰੀ ਹੈ।

- ਨਜ਼ਰ ਦੀ ਇੱਕ ਜਾਂਚ ਨੂੰ ਪਾਸ ਕਰੋ। ਤੁਹਾਡਾ ਨਜ਼ਰ ਦੀ ਇੱਕ ਜਾਂਚ, ਨਜ਼ਰ ਦੀ ਐਨਕ ਦੇ ਨਾਲ ਜਾਂ ਇਸ ਤੋਂ ਬਿਨ੍ਹਾਂ ਨੂੰ ਪਾਸ ਕਰਨਾ ਜ਼ਰੂਰੀ ਹੈ, ਨਜ਼ਰ ਜਾਂਚ ਦੀ ਦ੍ਰਿਸ਼ਟੀ ਸਟੀਕਤਾ ਨੂੰ ਘੱਟੋ-ਘੱਟ ਇਕ ਅੱਖ ਨਾਲ ਬਾਇਓਪਟਿਕ ਲੈਂਸ ਜਾਂ ਇਹੋ ਜਿਹੇ ਬਾਇਓਪਟਿਕ ਟੈਲੀਸਕੋਪਿਕ ਲੈਂਸਾਂ ਦੀ ਵਰਤੋਂ ਤੋਂ ਬਿਨ੍ਹਾਂ ਘੱਟੋ-ਘੱਟ ਦ੍ਰਿਸ਼ਟੀ ਸਟੀਕਤਾ ਦੇ ਪੱਧਰਾਂ ਨੂੰ ਪੂਰਾ ਕਰਨ ਲਈ 20/200 ਨਾਲ ਪਾਸ ਕਰਨਾ ਜ਼ਰੂਰੀ ਹੈ (CVC §12805(b))।
- ਆਪਣੀ ਫੋਟੋ ਖਿਚਵਾਓ।
- ਆਪਣੀ ਉਂਗਲਾਂ ਦੀ ਛਾਪ ਦਿਓ।
- ਆਪਣੇ ਦਸਤਖ਼ਤ ਕਰੋ।

ਬਾਲਗਾਂ ਦੇ ਪਰਮਿਟ ਲਈ ਲੋੜਾਂ

ਜੇ ਤੁਸੀਂ ਘੱਟੋ-ਘੱਟ 18 ਸਾਲ ਦੇ ਹੋ, ਅਰਜ਼ੀ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਹੋ, ਅਤੇ ਟੈਸਟਾਂ ਨੂੰ ਪਾਸ ਕਰ ਲੈਂਦੇ ਹੋ, ਤਾਂ ਤੁਹਾਨੂੰ ਕੈਲੀਫੋਰਨੀਆ ਸਿਖਲਾਈ ਪਰਮਿਟ ਜਾਰੀ ਕੀਤਾ ਜਾ ਸਕਦਾ ਹੈ। ਗੱਡੀ ਚਲਾਉਣਾ ਸਿੱਖਣ ਵੇਲੇ ਤੁਹਾਡੇ ਕੋਲ ਇੱਕ ਸਿਖਲਾਈ ਪਰਮਿਟ ਦਾ ਹੋਣਾ ਜ਼ਰੂਰੀ ਹੈ। ਤੁਹਾਡੇ ਨਾਲ ਬੈਠੇ ਡ੍ਰਾਈਵਰ ਦੀ ਉਮਰ 18 ਸਾਲ ਜਾਂ ਉਸ ਤੋਂ ਵੱਧ ਹੋਈ ਅਤੇ ਉਸ ਕੋਲ ਇੱਕ ਵਾਜਬ ਕੈਲੀਫੋਰਨੀਆ ਡ੍ਰਾਈਵਰ ਲਾਈਸੈਂਸ ਹੋਣਾ ਜ਼ਰੂਰੀ ਹੈ। ਇਸ ਵਿਅਕਤੀ ਦਾ ਤੁਹਾਡੇ ਇੰਨਾਂ ਨੇੜੇ ਬੈਠਾ ਹੋਣਾ ਜ਼ਰੂਰੀ ਹੈ ਕਿ ਉਹ ਕਿਸੇ ਵੀ ਵੇਲੇ ਗੱਡੀ ਦਾ ਕੰਟਰੋਲ ਆਪਣੇ ਹੱਥ ਵਿੱਚ ਲੈ ਸਕੇ। ਸਿਖਲਾਈ ਪਰਮਿਟ ਤੁਹਾਨੂੰ ਇਕੱਲੇ ਗੱਡੀ ਚਲਾਉਣ ਦੀ ਆਗਿਆ ਨਹੀਂ ਦਿੰਦਾ ਹੈ ਇੱਥੋਂ ਤੱਕ ਕਿ ਗੱਡੀ ਚਲਾਉਣ ਦੀ ਜਾਂਚ ਦੇਣ ਲਈ DMV ਦੇ ਦਫ਼ਤਰ ਆਉਣ ਲਈ ਵੀ ਨਹੀਂ।

ਜੇ ਤੁਸੀਂ ਪੇਸ਼ੇਵਰ ਡ੍ਰਾਈਵਰ ਸਿੱਖਿਆ ਅਤੇ ਸਿਖਲਾਈ ਲੈਣਾ ਚਾਹੰਦੇ ਹੋ, ਤਾਂ ਪੰਨਾ 23 ਅਤੇ 24 'ਤੇ "ਡ੍ਰਾਈਵਿੰਗ ਸਕੂਲ" ਅਤੇ "ਬਾਲਗ ਡ੍ਰਾਈਵਰ ਪ੍ਰੋਗਰਾਮ" ਸੈਕਸ਼ਨਾਂ ਨੂੰ ਵੇਖੋ।

ਮੋਟਰਸਾਈਕਲ ਚਲਾਉਣ ਦਾ ਪਰਮਿਟ ਲੈਣ ਲਈ ਜ਼ਰੂਰੀ ਹੈ ਕਿ:

- ਤੁਸੀਂ ਅਰਜ਼ੀ ਦੀਆਂ ਸ਼ਰਤਾਂ ਪੂਰੀਆਂ ਕਰਨਾ।
- ਜੇ ਤੁਹਾਡੀ ਉਮਰ 21 ਸਾਲਾਂ ਤੋਂ ਘੱਟ ਹੈ, ਤਾਂ ਮੋਟਰਸਾਈਕਲ ਟ੍ਰੇਨਿੰਗ ਫਾਰਮ (*Motorcycle Training*, DL 389) ਦੇ ਪੂਰਾ ਹੋਣ ਦੇ ਸਰਟੀਫਿਕੇਟ ਨੂੰ ਸਬਮਿਟ ਕਰਨਾ।
- ਇੱਕ ਗਿਆਨ ਟੈਸਟ ਪਾਸ ਕਰਨਾ।

ਧਿਆਨ ਦਿਓ: ਜੇ ਤੁਹਾਡੇ ਕੋਲ ਮੋਟਰਸਾਈਕਲ ਚਲਾਉਣ ਦਾ ਪਰਮਿਟ ਹੈ, ਤਾਂ ਤੁਸੀਂ ਕਿਸੇ ਹੋਰ ਸਵਾਰੀ ਨੂੰ ਨਾਲ ਨਹੀਂ ਬਿਠਾ ਸਕਦੇ, ਸਿਰਫ ਦਿਨ ਵੇਲੇ ਹੀ ਮੋਟਰਸਾਈਕਲ ਚਲਾ ਸਕਦੇ ਹੋ ਅਤੇ ਫ੍ਰੀਵੇ ਤੇ ਮੋਟਰਸਾਈਕਲ ਨਹੀਂ ਚਲਾ ਸਕਦੇ ਹੋ।

ਬਾਲਗਾਂ ਦੇ ਡ੍ਰਾਈਵਰ ਲਾਈਸੈਂਸ ਲਈ ਲੋੜਾਂ

ਜੇ ਤੁਹਾਡੀ ਉਮਰ ਘੱਟੋ-ਘੱਟ 18 ਸਾਲ ਹੈ ਅਤੇ ਜੇ ਤੁਸੀਂ ਪਹਿਲਾਂ ਕਦੇ ਵੀ ਡ੍ਰਾਈਵਰ ਲਾਈਸੈਂਸ ਪ੍ਰਾਪਤ ਨਹੀਂ ਕੀਤਾ ਹੈ, ਤਾਂ ਜ਼ਰੂਰੀ ਹੈ ਕਿ ਤੁਸੀਂ ਹੇਠਾਂ ਦਿੱਤੇ ਮਾਪਦੰਡ ਨੂੰ ਪੂਰਾ ਕਰੋ:

- ਇੱਕ ਡ੍ਰਾਈਵਿੰਗ ਪਰਮਿਟ ਲਈ ਲੋੜਾਂ ਦਾ ਅਨੁਪਾਲਣ ਕਰਨਾ।
- ਜਦੋਂ ਤੁਸੀਂ ਤਿਆਰ ਹੋਵੋ, ਤਾਂ ਗੱਡੀ ਚਲਾਉਣ ਦੀ ਪਰੀਖਿਆ ਲਈ ਤੁਹਾਡਾ ਇੱਕ ਮੁਲਾਕਾਤ ਨਿਰਧਾਰਤ ਕਰਨਾ ਜ਼ਰੂਰੀ ਹੈ।
- ਜਦੋਂ ਤੁਸੀ ਡ੍ਰਾਈਵਿੰਗ ਟੈਸਟ ਲਈ ਆਓ ਤਾਂ ਆਪਣਾ ਸਿਖਲਾਈ ਪਰਮਿਟ ਨਾਲ ਲਿਆਓ।
- ਸਟੀਅਰਿੰਗ ਵ੍ਹੀਲ ਦੇ ਪਿੱਛੇ ਬਹਿ ਕੇ ਗੱਡੀ ਚਲਾਉਣ ਦੀ ਪਰੀਖਿਆ ਪਾਸ ਕਰੋ। ਜੇ ਤੁਸੀਂ ਗੱਡੀ ਚਲਾਉਣ ਦੀ ਪਰੀਖਿਆ ਵਿੱਚ ਫੇਲ ਹੋ ਜਾਂਦੇ ਹੋ, ਤਾਂ ਦੂਜੇ ਜਾਂ ਬਾਅਦ ਦੇ ਟੈਸਟ ਲਈ ਰੀਟੈਸਟ ਫੀਸ ਅਦਾ ਕਰੋ ਅਤੇ ਕਿਸੇ ਹੋਰ ਦਿਨ ਗੱਡੀ ਚਲਾਉਣ ਦੀ ਪਰੀਖਿਆ ਨਿਰਧਾਰਤ ਕਰੋ।

ਜੇ ਤੁਹਾਡੇ ਕੋਲ ਰਾਜ ਤੋਂ ਬਾਹਰ ਦਾ ਡ੍ਰਾਈਵਰ ਲਾਈਸੈਂਸ ਹੈ, ਤਾਂ ਜ਼ਰੂਰੀ ਹੈ ਕਿ:

- ਇੱਕ ਸਿਖਲਾਈ ਪਰਮਿਟ ਲਈ ਲੋੜੀਂਦੀ ਸਾਰੀਆਂ ਕਾਰਵਾਈਆਂ ਨੂੰ ਪੂਰਾ ਕਰੋ।
- ਰਾਜ ਤੋਂ ਬਾਹਰ ਦਾ ਆਪਣਾ ਵਾਜਬ ਡ੍ਰਾਈਵਰ ਲਾਈਸੈਂਸ DMV ਆਪਣੇ ਨਾਲ ਲੈ ਕੇ ਆਓ। ਰਾਜ ਤੋਂ ਬਾਹਰ ਬਣੇ ਤੁਹਾਡੇ ਡ੍ਰਾਈਵਰ ਲਾਈਸੈਂਸ ਨੂੰ ਰੱਦ ਕਰਕੇ ਤੁਹਾਨੂੰ ਵਾਪਸ ਕਰ ਦਿੱਤਾ ਜਾਵੇਗਾ ਬਸ਼ਰਤੇ ਕਿ ਤੁਸੀਂ ਕਿਸੇ ਵਪਾਰਕ ਡ੍ਰਾਈਵਰ ਲਾਈਸੈਂਸ ਲਈ ਅਰਜ਼ੀ ਨਹੀਂ ਦੇ ਰਹੇ ਹੋਵੋ।

ਧਿਆਨ ਦਿਓ: ਰਾਜ ਤੋਂ ਬਾਹਰ ਜਾਂ ਅਮਰੀਕੀ ਇਲਾਕੇ ਦੇ ਬਾਹਰ ਦੇ ਲਾਈਸੈਂਸਧਾਰਕਾਂ ਨੂੰ ਆਮ ਤੌਰ ਤੇ ਗੱਡੀ ਚਲਾਉਣ ਦੀ ਪਰੀਖਿਆ ਤੋਂ ਛੂਟ ਦੇ ਦਿੱਤੀ ਜਾਂਦੀ ਹੈ। ਪਰ, DMV ਕਿਸੇ ਵੀ ਡ੍ਰਾਈਵਰ ਲਾਈਸੈਂਸ ਦੀ ਅਰਜ਼ੀ ਲਈ ਗੱਡੀ ਚਲਾਉਣ ਦੀ ਪਰੀਖਿਆ ਦੀ ਮੰਗ ਕਰ ਸਕਦਾ ਹੈ। ਦੇਸ਼ ਤੋਂ ਬਾਹਰ ਬਣੇ ਡ੍ਰਾਈਵਰ ਲਾਈਸੈਂਸਧਾਰਕਾਂ ਲਈ ਗੱਡੀ ਚਲਾਉਣ ਦੇ ਟੈਸਟ ਦੇਣੇ ਜ਼ਰੂਰੀ ਹਨ।

ਡ੍ਰਾਈਵਰ ਲਾਈਸੈਂਸ ਦੀਆਂ ਕਲਾਸਾਂ

ਕਲਾਸ **C** ਡ੍ਰਾਈਵਰ ਲਾਈਸੈਂਸ -

- ਤੁਸੀਂ ਹੇਠਾਂ ਲਿੱਖਿਆਂ ਗੱਡੀਆਂ ਚਲਾ ਸਕਦੇ ਹੋ:
  - 26,000 ਪੌਂਡ ਜਾਂ ਉਸ ਤੋਂ ਘੱਟ ਕੁੱਲ ਵਾਹਨ ਵਜ਼ਨ ਰੇਟਿੰਗ ਵਾਲੀ 2-ਐਕਸਲ ਵਾਲੀ ਗੱਡੀ।
  - 6,000 ਪੌਂਡ ਜਾਂ ਉਸ ਤੋਂ ਘੱਟ ਕੁਲ ਭਾਰ ਵਾਲੀ ਕੋਈ 3-ਐਕਸਲ ਵਾਲੀ ਗੱਡੀ।
  - 40 ਫੁਟ ਜਾਂ ਘੱਟ ਵਾਲੀ ਹਾਊਸਕਾਰ।
  - ਅੱਗੇ ਜਾਂ ਪਿੱਛੇ 2 ਪਹੀਏ ਲਗੀ 3 ਪਹੀਏ ਵਾਲੀ ਮੋਟਰ ਸਾਈਕਲ।
  - ਅਜਿਹੀ ਵੈਨਪੂਲ ਗੱਡੀ ਜੋ 10 ਤੋਂ ਵਧ ਵਿਅਕਤੀ ਲੈ ਜਾਣ ਲਈ ਤਿਆਰ ਕੀਤੀ ਗਈ ਹੋਵੇ, ਪਰ ਉਸ ਵਿੱਚ ਡ੍ਰਾਈਵਰ ਸਮੇਤ 15 ਤੋਂ ਵਧ ਲੋਕ ਸਵਾਰ ਨਾ ਹੋਣ।

ਧਿਆਨ ਦਿਓ: ਇੱਕ ਵੈਨਪੂਲ ਗੱਡੀ ਚਲਾਉਣ ਵਾਲਾ ਡ੍ਰਾਈਵਰ ਇੱਕ ਕਲਾਸ C ਲਾਈਸੈਂਸ ਨਾਲ ਚਲਾ ਸਕਦਾ ਹੈ ਲੇਕਿਨ ਉਸ ਦੇ ਕੋਲ ਇੱਕ ਵੈਨਪੂਲ ਗੱਡੀਆਂ ਚਲਾਉਣ ਵੇਲੇ ਕਲਾਸ B ਲਾਈਸੈਂਸ ਲਈ ਇੱਕ ਵਾਜਬ ਮੈਡੀਕਲ ਜਾਂਚ ਰਿਪੋਰਟ ਹੋਣਾ ਜ਼ਰੂਰੀ ਹੈ। ਵੈਨਪੂਲ ਗੱਡੀ ਵਿੱਚ ਡ੍ਰਾਈਵਰ ਦਾ ਉਲੰਘਣਾ ਕਰਨ ਤੇ ਮਿਲਣ ਵਾਲੀ ਸਜ਼ਾ ਬਾਰੇ ਦੱਸਦਾ ਹੋਇਆ ਇੱਕ ਦਸਤਖ਼ਤ ਕੀਤਾ ਹੋਇਆ ਬਿਆਨ ਰੱਖਣਾ ਜ਼ਰੂਰੀ ਹੈ, ਜਿਸ ਵਿੱਚ ਇਹ ਲਿਖਿਆ ਹੋਵੇ ਕਿ ਪਿਛਲੇ 5 ਸਾਲਾਂ ਦੇ ਦੌਰਾਨ ਉਸਨੂੰ ਲਾਪਰਵਾਹੀ ਨਾਲ ਗੱਡੀ ਚਲਾਉਣ, ਸ਼ਰਾਬ ਪੀ ਕੇ ਗੱਡੀ ਚਲਾਉਣ ਜਾਂ ਟੱਕਰ ਮਾਰ ਕੇ ਨੱਠ ਜਾਣ ਦਾ ਦੋਸ਼ੀ ਨਹੀਂ ਪਾਇਆ ਗਿਆ ਹੈ (CVC §12804.9(j))।

- ਤੁਸੀਂ ਹੇਠਾਂ ਲਿੱਖਿਆਂ ਨੂੰ ਟੋਅ (ਖਿੱਚ) ਕਰਕੇ ਲੈ ਜਾ ਸਕਦੇ ਹੋ:
  - 10,000 ਪੌਂਡ ਜਾਂ ਘੱਟ ਕੁੱਲ ਵਾਹਨ ਵਜ਼ਨ ਰੇਟਿੰਗ ਵਾਲੀ ਇਕੱਲੀ ਗੱਡੀ, ਟੋਅ ਡੌਲੀ ਸਮੇਤ, ਜੇ ਵਰਤੀ ਜਾ ਰਹੀ ਹੈ।
- 4,000 ਪੌਂਡ ਜਾਂ ਵਧ ਖਾਲੀ ਭਾਰ ਵਾਲੀ ਇੱਕ ਗੱਡੀ ਨਾਲ, ਤਸੀਂ ਇਹ ਖਿੱਚ ਕੇ ਲੈ ਜਾ ਸਕਦੇ ਹੋ:
  - ਟ੍ਰੇਲਰ ਕੋਚ ਜਾਂ 10,000 ਪੌਂਡ ਤੋਂ ਘੱਟ ਕੁੱਲ ਵਾਹਨ ਵਜ਼ਨ ਰੇਟਿੰਗ ਵਾਲਾ 5ਵੇਂ ਪਹੀਏ ਵਾਲਾ ਟ੍ਰੈਵਲ ਟ੍ਰੇਲਰ, ਜਦੋਂ ਇਹ ਖਿੱਚਣਾ ਮੁਆਵਜ਼ੇ ਲਈ ਨਾ ਹੋਵੇ।
  - 10,000 ਪੌਂਡ ਤੋਂ ਵੱਧ ਵਾਲਾ ਪਰ 15,000 ਪੌਂਡ ਤੋਂ ਘੱਟ ਕੁੱਲ ਵਾਹਨ ਵਜ਼ਨ ਰੇਟਿੰਗ ਵਾਲਾ 5ਵੇਂ ਪਹੀਏ ਵਾਲਾ ਟ੍ਰੈਵਲ ਟ੍ਰੇਲਰ ਜਦੋਂ ਇਹ ਖਿੱਚਣਾ ਮੁਆਵਜ਼ੇ ਲਈ ਨਾ ਹੋਵੇ ਅਤੇ ਇਸਦੀ ਤਸਦੀਕ ਕੀਤੀ ਗਈ ਹੋਵੇ।
- ਇੱਕ ਕਿਸਾਨ ਜਾਂ ਕਿਸੇ ਕਿਸਾਨ ਦਾ ਕਰਮਚਾਰੀ ਇਹ ਚਲਾ ਸਕਦਾ ਹੈ:
  - 26,000 ਪੌਂਡ ਜਾਂ ਉਸ ਤੋਂ ਘੱਟ ਕੁੱਲ ਵਾਹਨ ਵਜ਼ਨ ਰੇਟਿੰਗ ਵਾਲੀਆਂ ਗੱਡੀਆਂ ਦਾ ਜੋੜ, ਜੇ ਇਸਦੀ ਵਰਤੋਂ ਸਿਰਫ਼ ਖੇਤੀ-ਬਾੜੀ ਦੇ ਕੰਮ ਲਈ ਹੁੰਦੀ ਹੈ ਅਤੇ ਇਹ ਜੋੜ ਕਿਰਾਏ ਜਾਂ ਮੁਆਵਜ਼ੇ ਲਈ ਨਹੀਂ ਹੈ।

ਧਿਆਨ ਦਿਓ:

- ਕਲਾਸ C ਲਾਈਸੈਂਸ ਵਾਲੇ ਵਿਅਕਤੀ 1 ਤੋਂ ਵੱਧ ਗੱਡੀਆਂ ਨਹੀਂ ਖਿੱਚ ਸਕਦੇ ਹਨ।
- ਕੋਈ ਵੀ ਯਾਤਰੀ ਗੱਡੀ, ਭਾਵੇਂ ਉਸ ਦਾ ਭਾਰ ਕਿੰਨਾਂ ਵੀ ਕਿਉਂ ਨਾ ਹੋਵੇ, 1 ਤੋਂ ਵੱਧ ਗੱਡੀ ਨਹੀਂ ਖਿੱਚ ਸਕਦੀ ਹੈ।
- 4,000 ਪੌਂਡ ਤੋਂ ਘੱਟ ਖਾਲੀ ਭਾਰ ਵਾਲੀ ਕੋਈ ਵੀ ਮੋਟਰ ਗੱਡੀ 6,000 ਪੌਂਡ ਜਾਂ ਉਸ ਤੋਂ ਵੱਧ ਕੁਲ ਭਾਰ ਵਾਲੀ ਕਿਸੇ ਗੱਡੀ ਨੂੰ ਨਹੀਂ ਖਿੱਚ ਸਕਦੀ ਹੈ (CVC §21715(b))।

ਡ੍ਰਾਈਵਰ ਲਾਈਸੈਂਸਾਂ/ਤਸਦੀਕਾਂ ਦੀਆਂ ਹੋਰ ਕਲਾਸਾਂ ਇਹ ਹਨ:

- ਗੈਰ-ਵਪਾਰਕ ਕਲਾਸ A
- ਗੈਰ-ਵਪਾਰਕ ਕਲਾਸ B
- ਵਪਾਰਕ ਕਲਾਸ A
- ਵਪਾਰਕ ਕਲਾਸ B
- ਵਪਾਰਕ ਕਲਾਸ C
- ਮੋਟਰ ਸਾਈਕਲ ਕਲਾਸ M1
- ਮੋਟਰ ਸਾਈਕਲ ਕਲਾਸ M2
- ਵਪਾਰਕ ਤਸਦੀਕਾਂ:
  - ਦੁਹਰਾ/ਤਿਹਰਾ
  - ਖਤਰਨਾਕ ਪਦਾਰਥ
  - ਯਾਤਰੀ ਗੱਡੀਆਂ
  - ਟੈਂਕ ਵਾਹਨ
- ਐਂਬੁਲੰਸ ਡ੍ਰਾਈਵਰ ਪ੍ਰਮਾਣ-ਪੱਤਰ
- ਸਕੂਲ ਬੱਸ ਲਈ ਤਸਦੀਕ
- ਟੋਅ ਗੱਡੀਆਂ ਦੇ ਡ੍ਰਾਈਵਰ ਪ੍ਰਮਾਣ-ਪੱਤਰ
- ਢੁਆਈ ਦੇ ਟ੍ਰਾਂਜਿਟ ਟ੍ਰੇਨਿੰਗ ਪ੍ਰਮਾਣ-ਪੱਤਰ ਦੀ ਪੁਸ਼ਟੀ
- ਖੇਤੀਬਾੜੀ ਮਜ਼ਦੂਰ ਦੀ ਗੱਡੀ ਦਾ ਪ੍ਰਮਾਣ-ਪੱਤਰ
- ਫਾਇਰ ਬ੍ਰਿਗੇਡ ਵਾਲਿਆਂ ਲਈ ਤਸਦੀਕ

ਧਿਆਨ ਦਿਓ: ਵਪਾਰਕ ਤੌਰ ਤੇ ਲਾਈਸੈਂਸ ਪ੍ਰਾਪਤ ਅੱਗ ਬੁਝਾਉਣ ਵਾਲੇ ਵਿਅਕਤੀਆਂ ਦਾ ਇੱਕ ਮੈਡੀਕਲ ਜਾਂਚ ਰਿਪੋਰਟ ਫਾਰਮ (*Medical Examination Report Form*, MER) MCSA-5875 ਅਤੇ ਮੈਡੀਕਲ ਪਰੀਖਕ ਸਰਟੀਫਿਕੇਟ ਫਾਰਮ (*Medical Examiner's Certificate Form*, MEC) MCSA-5876 ਨੂੰ ਪੇਸ਼ ਕਰਨਾ ਜ਼ਰੂਰੀ ਹੈ। ਗੈਰ ਵਪਾਰਕ ਤੌਰ ਤੇ ਲਾਈਸੈਂਸ ਪ੍ਰਾਪਤ ਅੱਗ ਬੁਝਾਉਣ ਵਾਲੇ ਵਿਅਕਤੀ ਇੱਕ ਸਵੈ-ਪ੍ਰਮਾਣਿਤ ਸਿਹਤ ਪ੍ਰਸ਼ਨਾਵਲੀ (*Health Questionnaire*, DL 546) ਨੂੰ ਪੇਸ਼ ਕਰ ਸਕਦੇ ਹਨ।

ਪਰੀਖਿਆ ਦੀ ਕਾਰਵਾਈ

ਪਰੀਖਿਆਵਾਂ ਕਿੱਥੇ ਦੇਣੀਆਂ ਹਨ?

ਤੁਸੀਂ ਕਿਸੇ ਵੀ ਅਜਿਹੇ DMV ਦੇ ਫੀਲਡ ਦਫ਼ਤਰ ਵਿੱਚ, ਜੋ ਕਿ ਡ੍ਰਾਈਵਰ ਲਾਈਸੈਂਸ ਸੇਵਾਵਾਂ ਪ੍ਰਦਾਨ ਕਰਦਾ ਹੈ, ਜਾ ਕੇ ਗਿਆਨ, ਨਜ਼ਰ, ਅਤੇ ਗੱਡੀ ਚਲਾਉਣ ਦੀ ਪਰੀਖਿਆ ਦੇ ਸਕਦੇ ਹੋ।

ਸਮਾਂ ਬਚਾਉਣ ਲਈ, **www.dmv.ca.gov** 'ਤੇ ਜਾ ਕੇ ਇੱਕ ਮੁਲਾਕਾਤ ਨਿਰਧਾਰਤ ਕਰੋ ਜਾਂ ਆਮ ਕੰਮਕਾਰ ਦੇ ਸਮੇਂ ਦੌਰਾਨ 1-800-777-0133 'ਤੇ ਫੋਨ ਕਰੋ।

ਧਿਆਨ ਦਿਓ: ਲਿਖਤੀ ਅਤੇ ਨਜ਼ਰ ਦੀ ਪਰੀਖਿਆਵਾਂ ਦੀ ਲੋੜ ਉਸ ਵੇਲੇ ਪੈਂਦੀ ਹੈ ਜਦੋਂ ਤੁਸੀਂ ਨਵੇਂ ਡ੍ਰਾਈਵਰ ਲਾਈਸੈਂਸ ਲਈ ਦਰਖਾਸਤ ਕਰਦੇ ਹੋ ਜਾਂ ਡ੍ਰਾਈਵਰ ਲਾਈਸੈਂਸ ਦੀ ਕਿਸੇ ਹੋਰ ਕਲਾਸ ਵਿੱਚ ਅਪਗ੍ਰੇਡ ਕਰਨਾ ਚਾਹੁੰਦੇ ਹੋ।

DMV ਦੀਆਂ ਪਰੀਖਿਆਵਾਂ

ਤੁਹਾਡੇ ਡ੍ਰਾਈਵਰ ਲਾਈਸੈਂਸ ਲਈ ਲਈਆਂ ਜਾਣ ਵਾਲੀਆਂ ਪਰੀਖਿਆਵਾਂ ਵਿੱਚ ਸ਼ਾਮਲ ਹਨ:

- ਨਜ਼ਰ ਦੀ ਪਰੀਖਿਆ (ਪਰੀਖਿਆ ਵੇਲੇ ਆਪਣੀ ਐਨਕ ਜਾਂ ਕੌਨਟੈਕਟ ਲੈਂਸ ਨਾਲ ਲੈ ਕੇ ਆਓ।)
- ਇੱਕ ਗਿਆਨ ਟੈਸਟ।
  - — DMV ਗਿਆਨ ਟੈਸਟ ਲੈਣ ਲਈ ਇੱਕ ਆਟੋਮੇਟਿਡ ਟਚਸਕ੍ਰੀਨ ਟਰਮਿਨਲ ਦੀ ਵਰਤੋਂ ਕਰਦਾ ਹੈ।
- (ਜੇ ਲੋੜ ਹੋਵੇ) ਤਾਂ ਗੱਡੀ ਚਲਾਉਣ ਦੀ ਪਰੀਖਿਆ। ਗੱਡੀ ਚਲਾਉਣ ਦੀ ਪਰੀਖਿਆ ਲਈ, ਤੁਹਾਡੀ ਇੱਕ ਅਪਾਇੰਟਮੇਂਟ ਬਣਾਉਣਾ ਅਤੇ ਇਹ ਚੀਜ਼ਾਂ ਨਾਲ ਲਿਆਉਣਾ ਜ਼ਰੂਰੀ ਹੈ:
  - — ਜੇ ਤੁਹਾਡੇ ਕੋਲ ਹੈ, ਤਾਂ ਆਪਣਾ ਪੁਰਾਣਾ ਡ੍ਰਾਈਵਰ ਲਾਈਸੈਂਸ ਜਾਂ ਸਿੱਖਲਾਈ ਪਰਮਿਟ।
  - — ਇੱਕ ਵਾਜਬ ਡ੍ਰਾਈਵਰ ਲਾਈਸੈਂਸ ਦੇ ਨਾਲ 18 ਸਾਲ ਜਾਂ ਉਸ ਤੋਂ ਵੱਧ ਉਮਰ ਵਾਲਾ ਡ੍ਰਾਈਵਰ।
  - — ਇਸ ਗੱਲ ਦਾ ਸਬੂਤ ਕਿ ਗੱਡੀ ਦਾ ਪੂਰੀ ਤਰ੍ਹਾਂ ਬੀਮਾ ਹੋਇਆ ਹੈ।

ਜ਼ਰੂਰੀ: ਜੇ ਤੁਸੀਂ ਗੱਡੀ ਚਲਾਉਣ ਦੀ ਪਰੀਖਿਆ ਲਈ ਕਿਰਾਏ ਦੀ ਗੱਡੀ ਦੀ ਵਰਤੋਂ ਕਰਦੇ ਹੋ, ਤਾਂ ਕਿਰਾਏ ਦੇ ਇਕਰਾਰਨਾਮੇ ਤੇ ਡ੍ਰਾਈਵਿੰਗ ਟੈਸਟ ਲੈਣ ਵਾਲੇ ਆਵੇਦਕ ਦਾ ਨਾਂ ਲਿਖਿਆ ਹੋਣਾ ਜ਼ਰੂਰੀ ਹੈ। ਇਕਰਾਰਨਾਮੇ 'ਚੋਂ ਡ੍ਰਾਈਵਿੰਗ ਟੈਸਟਾਂ ਨੂੰ ਦੇਣ ਦੀ ਮਨਾਹੀ ਨਾ ਹੋਣਾ ਜ਼ਰੂਰੀ ਹੈ।

- — ਇੱਕ ਗੱਡੀ ਜਿਸਨੂੰ ਚਲਾਉਣਾ ਸੁਰੱਖਿਅਤ ਹੋਵੇ, ਅਤੇ ਜਿਸਦਾ ਵਾਜਬ ਪੰਜੀਕਰਨ ਹੋਵੇ। ਗੱਡੀ ਦੀਆਂ ਬ੍ਰੇਕ ਲਾਈਟਾਂ, ਹੌਰਨ, ਪਾਰਕਿੰਗ ਬ੍ਰੇਕ, ਅਤੇ ਮੁੜਣ ਵਾਲੇ ਸਿਗਨਲ ਸਹੀ ਕੰਮ ਕਰਨੇ ਜ਼ਰੂਰੀ ਹਨ। ਗੱਡੀ ਦੇ ਟਾਇਰ ਘਸੇ ਹੋਏ ਨਹੀਂ ਹੋਣੇ ਚਾਹੀਦੇ ਹਨ, ਕਿਸੇ ਵੀ 2 ਨਾਲ ਦੇ ਗਰੂਵਜ਼ ਵਿੱਚ 1/32 ਇੰਚ ਤੋਂ ਘੱਟ ਟ੍ਰੇਡ ਗਹਿਰਾਈ ਹੋਵੇਗੀ। ਡ੍ਰਾਈਵਰ ਦੇ ਪਾਸੇ ਵਾਲੀ ਵਿੰਡੋ ਥੱਲੇ ਖੁੱਲਣੀ ਜ਼ਰੂਰੀ ਹੈ। ਤੁਹਾਨੂੰ ਅਤੇ ਪਰੀਖਿਅਕ ਨੂੰ ਗੱਡੀ ਦੇ ਅਗਲੇ ਸ਼ੀਸ਼ੇ (ਵਿੰਡਸ਼ੀਲਡ) ਰਾਹੀਂ ਬਾਹਰਲਾ ਸੱਭ ਕੁਝ ਬਿਨ੍ਹਾਂ ਰੁਕਾਵਟ ਦੇ ਨਜ਼ਰ ਆਉਣਾ ਜ਼ਰੂਰੀ ਹੈ। ਪਿਛਲੇ ਪਾਸੇ ਨੂੰ ਵੇਖਣ ਲਈ 2 ਸ਼ੀਸ਼ੇ (ਜਿਨ੍ਹਾਂ ਵਿੱਚੋਂ ਇੱਕ ਗੱਡੀ ਤੇ ਬਾਹਰ ਖੱਬੇ ਪਾਸੇ ਲਗਿਆ ਹੋਵੇ) ਲਗੇ ਹੋਣੇ ਲਾਜ਼ਮੀ ਹਨ।
- — ਤੁਹਾਨੂੰ ਗੱਡੀ ਦੀਆਂ ਅਗਲੀਆਂ ਬੱਤੀਆਂ, ਵਿੰਡਸ਼ੀਲਡ ਨੂੰ ਸਾਫ ਕਰਨ ਵਾਲੇ ਵਾਈਪਰ, ਡਿਫ੍ਰੌਸਟਰ, ਅਤੇ ਐਮਰਜੈਂਸੀ ਫਲੈਸ਼ਰ ਦੇ ਨਿਯੰਤ੍ਰਣਾਂ ਨੂੰ ਦੱਸਣ ਲਈ ਕਿਹਾ ਜਾਵੇਗਾ। ਤੁਹਾਨੂੰ ਇਹ ਵਿਖਾਉਣਾ ਹੋਵੇਗਾ ਕਿ ਪਾਰਕਿੰਗ ਬ੍ਰੇਕਾਂ ਦੀ ਵਰਤੋਂ ਕਿਵੇਂ ਕਰਨੀ ਚਾਹੀਦੀ ਹੈ।

ਧਿਆਨ ਦਿਓ: ਜੇ ਗੱਡੀ ਉੱਪਰਲੀਆਂ ਲਿੱਖੀਆਂ ਲੋੜਾਂ ਪੂਰੀ ਨਹੀਂ ਕਰਦੀ ਹੈ, ਜਾਂ ਤੁਸੀਂ ਗੱਡੀ ਚਲਾਉਣ ਦੀ ਪਰੀਖਿਆ ਦੇ ਦੌਰਾਨ ਸੀਟ ਦੀ ਪੇਟੀ ਲਗਾਉਣ ਤੋਂ ਮਨਾ ਕਰ ਦਿੰਦੇ ਹੋ, ਤਾਂ ਇਸ ਪਰੀਖਿਆ ਨੂੰ ਮੁੜ ਨਿਰਧਾਰਤ ਕੀਤਾ ਜਾਵੇਗਾ।

ਤਕਨੀਕਾਂ, ਜਿਵੇਂ ਕਿ ਬੈਕ ਅਪ ਕੈਮਰੇ ਅਤੇ ਸੈਲਫ਼ ਪਾਰਕਿੰਗ ਦੀ ਵਰਤੋਂ ਇੱਕ ਡ੍ਰਾਈਵਿੰਗ ਟੈਸਟ ਵਿੱਚ ਨਹੀਂ ਕੀਤੀ ਜਾ ਸਕਦੀ ਹੈ।

ਤੁਹਾਡੀ ਸੁਰੱਖਿਆ ਲਈ, DMV ਪਰੀਖਿਅਕ ਜਾਂ ਕਿਸੇ ਹੋਰ ਅਧਿਕ੍ਰਤ ਵਿਅਕਤੀ ਤੋਂ ਇਲਾਵਾ ਕੋਈ ਪਾਲਤੂ ਜਾਨਵਰ ਜਾਂ ਯਾਤਰੀ ਨੂੰ ਡ੍ਰਾਈਵਿੰਗ ਪਰੀਖਿਆ ਦੇ ਦੌਰਾਨ ਇਜਾਜ਼ਤ ਨਹੀਂ ਦਿੱਤੀ ਜਾਂਦੀ।

ਵਧੇਰੀ ਜਾਣਕਾਰੀ ਲਈ, ਆਪਣੇ ਡ੍ਰਾਈਵਿੰਗ ਟੈਸਟ ਲਈ ਤਿਆਰ ਹੋਣਾ (*Preparing for Your Driving Test*, FFDL 22) ਫਾਸਟ ਫੈਕਟਸ ਵਿਵਰਨ ਪੁਸਤਿੱਕਾ, DMV ਵੀਡਿਓ, ਅਤੇ ਨਮੂਨਾ ਟੈਸਟ ਵੇਖੋ, ਜੋ **www.dmv.ca.gov** 'ਤੇ ਉਪਲੱਬਧ ਹਨ।

ਨਕਲ ਮਾਰਨਾ

ਪਰੀਖਿਆ ਸਹਾਇਤਾਵਾਂ ਦੀ ਵਰਤੋਂ ਦੀ ਪੂਰੀ ਤਰ੍ਹਾਂ ਮਨਾਹੀ ਕੀਤੀ ਜਾਂਦੀ ਹੈ। ਇਸ ਵਿੱਚ ਇਹ ਸ਼ਾਮਲ ਹਨ, ਪਰ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ: ਕੈਲੀਫੋਰਨੀਆ ਡ੍ਰਾਈਵਰ ਹੈਂਡਬੁੱਕ ਨਕਲ ਲਈ ਸ਼ੀਟਾਂ, ਜਾਂ ਬਿਜਲਈ ਸੰਚਾਰ ਉਪਕਰਨ ਜਿਵੇਂ ਕਿ ਇੱਕ ਮੋਬਾਇਲ ਫੋਨ, ਹੱਥ ਵਿੱਚ ਫੜਣ ਵਾਲੇ ਕੰਪਿਊਟਰ, ਆਦਿ। ਜੇ ਲਿਖਤ ਟੈਸਟ ਵੇਲੇ ਕਿਸੇ ਵੀ ਪਰੀਖਿਆ ਸਹਾਇਤਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਟੈਸਟ ਨੂੰ ਅਸਫਲ ਅੰਕਿਤ ਕੀਤਾ ਜਾਵੇਗਾ। DMV ਦੁਆਰਾ ਤੁਹਾਡੀ ਜਾਂ ਕਿਸੇ ਅਜਿਹੇ ਵਿਅਕਤੀ, ਜੋ ਇਸ ਪਰੀਖਿਆ ਵਿੱਚ ਤੁਹਾਡੀ ਮਦਦ ਕਰਦਾ ਹੈ, ਦੀ ਡ੍ਰਾਈਵਿੰਗ ਦੀ ਖਾਸ ਸਹੂਲਤ ਦੇ ਖਿਲਾਫ਼ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਵਿਸ਼ੇਸ਼ ਭਾਗ– ਨਾਬਾਲਗ ਵਿਅਕਤੀ

ਨਾਬਾਲਗਾਂ ਦੇ ਪਰਮਿਟ ਲਈ ਲੋੜਾਂ

ਇੱਕ ਨਾਬਾਲਗ ਵਿਅਕਤੀ ਉਹ ਹੈ ਜਿਸਦੀ ਉਮਰ 18 ਸਾਲਾਂ ਤੋਂ ਘੱਟ ਹੈ। ਨਾਬਾਲਗਾਂ ਦੀ ਅਰਜ਼ੀ (ਡ੍ਰਾਈਵਰ ਲਾਈਸੈਂਸ ਲਈ, ਜਾਂ ਡ੍ਰਾਈਵਰ ਲਾਈਸੈਂਸ ਦੀ ਕਲਾਸ ਵਿੱਚ ਕਿਸੇ ਬਦਲਾਓ) ਤੇ ਉਸਦੇ ਮਾਪੇ(ਪਿਆਂ) ਜਾਂ ਕਨੂੰਨੀ ਸਰਪ੍ਰਸਤ(ਤਾਂ) ਦੁਆਰਾ ਦਸਤਖ਼ਤ ਕੀਤੇ ਜਾਣੇ ਜ਼ਰੂਰੀ ਹਨ। ਜੇ ਦੋਵੇਂ ਮਾਤਾ-ਪਿਤਾ/ਸਰਪ੍ਰਸਤਾਂ ਕੋਲ ਸੰਯੁਕਤ ਕਸਟਡੀ ਹੋਵੇ ਤਾਂ ਦੋਵਾਂ ਦਾ ਦਸਤਖ਼ਤ ਕਰਨਾ ਜ਼ਰੂਰੀ ਹੈ।

ਧਿਆਨ ਦਿਓ: ਨਾਬਾਲਗ ਵਿਅਕਤੀ ਤਨਖ਼ਾਹ ਲਈ ਡ੍ਰਾਈਵਰ ਦਾ ਕੰਮ ਨਹੀਂ ਕਰ ਸਕਦੇ ਅਤੇ ਉਹ ਵਿਦਿਆਰਥੀਆਂ ਨੂੰ ਲੈ ਜਾ ਰਹੀ ਸਕੂਲ ਬਸ ਨੂੰ ਵੀ ਨਹੀਂ ਚਲਾ ਸਕਦੇ ਹਨ।

ਇੱਕ ਪਰਮਿਟ ਲੈਣ ਲਈ ਜ਼ਰੂਰੀ ਹੈ ਕਿ:

- ਤੁਸੀ ਘੱਟੋ-ਘੱਟ 15½ ਸਾਲਾਂ ਦੇ ਹੋ।
- ਇੱਕ ਡ੍ਰਾਈਵਰ ਲਾਈਸੈਂਸ ਅਤੇ ਪਛਾਣ ਕਾਰਡ ਦਰਖਾਸਤ (DL 44/eDL 44) ਫਾਰਮ ਪੂਰਾ ਕਰੋ।
- ਦਰਖਾਸਤ 'ਤੇ ਆਪਣੇ ਮਾਪੇ(ਮਾਪਿਆਂ) ਜਾਂ ਸਰਪ੍ਰਸਤ(ਤਾਂ) ਦੇ ਦਸਤਖ਼ਤ ਕਰਾਓ।

ਧਿਆਨ ਦਿਓ: ਤੁਸੀਂ ਔਨਲਾਈਨ ਜਾਕੇ ਡ੍ਰਾਈਵਰ ਲਾਈਸੈਂਸ ਅਤੇ ਪਛਾਣ ਕਾਰਡ ਦਰਖਾਸਤ ਭਰ ਸਕਦੇ ਹੋ, ਅਤੇ ਤੁਹਾਡੇ ਮਾਪੇ(ਮਾਪਿਆਂ) ਜਾਂ ਸਰਪ੍ਰਸਤ(ਤਾਂ) ਦੇ ਇਲੈਕਟ੍ਰਾਨਿਕ ਤੌਰ ਤੇ ਦਸਤਖ਼ਤ ਕਰ ਸਕਦੇ ਹਨ।

- ਗਿਆਨ ਟੈਸਟ ਪਾਸ ਕਰੋ। ਜੇ ਤੁਸੀਂ ਟੈਸਟ ਵਿੱਚ ਫੇਲ ਹੋ ਜਾਂਦੇ ਹੋ, ਤਾਂ ਤੁਹਾਡਾ ਦੁਬਾਰਾ ਪਰੀਖਿਆ ਦੇਣ ਲਈ 7 ਦਿਨ (ਇੱਕ ਹਫਤਾ) ਉਡੀਕ ਕਰਣਾ ਜ਼ਰੂਰੀ ਹੈ।
- ਜੇ ਤੁਹਾਡੀ ਉਮਰ 15½–17½ ਸਾਲ ਦੇ ਵਿੱਚ ਹੈ, ਤਾਂ ਤੁਹਾਨੂੰ ਇਹ ਸਾਬਤ ਕਰਨ ਲਈ ਸਬੂਤ ਦੇਣ ਦੀ ਲੋੜ ਹੋਵੇਗੀ ਕਿ ਤੁਸੀਂ:
  - — ਤੁਸੀਂ ਡ੍ਰਾਈਵਰ ਦੀ ਸਿੱਖਿਆ (ਡ੍ਰਾਈਵਰ ਸਿੱਖਿਆ ਪੂਰੀ ਕਰਨ ਦਾ ਪ੍ਰਮਾਣ-ਪੱਤਰ (*Certificate of Completion of Driver Education*)) ਪੂਰੀ ਕੀਤੀ ਹੈ ਜਾਂ
  - — ਇੱਕ ਮਨਜ਼ੂਰੀ ਦਿੱਤੇ ਏਕੀਕ੍ਰਿਤ ਡ੍ਰਾਈਵਰ ਸਿੱਖਿਆ/ਡ੍ਰਾਈਵਰ ਟ੍ਰੇਨਿੰਗ ਪ੍ਰੋਗਰਾਮ ਵਿੱਚ ਦਾਖਲਾ ਅਤੇ ਭਾਗੀਦਾਰੀ ਲੈ ਰਹੇ ਹੋ (ਇੱਕ ਏਕੀਕ੍ਰਿਤ ਕਲਾਸ ਵਿੱਚ ਹੋਣ ਵਾਲੇ ਡ੍ਰਾਈਵਰ ਸਿੱਖਿਆ ਅਤੇ ਡ੍ਰਾਈਵਰ ਟ੍ਰੇਨਿੰਗ ਪ੍ਰੋਗਰਾਮ ਵਿੱਚ ਦਾਖਲਾ ਅਤੇ ਭਾਗੀਦਾਰੀ ਲੈਣ ਦਾ ਪ੍ਰਮਾਣ-ਪੱਤਰ)। ਵਧੇਰੀ ਜਾਣਕਾਰੀ ਲਈ, ਆਰਜ਼ੀ ਲਾਈਸੈਂਸਿੰਗ (*Provisional Licensing*, FFDL 19) ਫਾਸਟ ਫੈਕਟ ਵਿਵਰਨ-ਪੁਸਤਿਕਾ ਨੂੰ **www.dmv.ca.gov** ਤੇ ਵੇਖੋ।

ਆਰਜ਼ੀ (ਪ੍ਰੋਵੀਜ਼ਨਲ) ਪਰਮਿਟ ਉਸ ਵੇਲੇ ਤੱਕ ਵਾਜਬ ਨਹੀਂ ਹੈ ਜਦੋਂ ਤੀਕ ਕਿ ਤੁਸੀਂ ਇੱਕ ਸਿਖਿਅਕ ਨਾਲ ਡ੍ਰਾਈਵਿੰਗ ਦੀ ਟ੍ਰੇਨਿੰਗ ਸ਼ੁਰੂ ਨਹੀਂ ਕਰਦੇ ਹੋ ਜਾਂ ਜਦੋਂ ਤੀਕ ਤੁਸੀਂ 17½ ਸਾਲ ਦੇ ਨਹੀਂ ਹੋ ਜਾਂਦੇ। ਜੇ ਤੁਹਾਡੇ ਕੋਲ ਇੱਕ ਪਰਮਿਟ ਹੈ ਅਤੇ ਤੁਸੀਂ ਕੈਲੀਫੋਰਨੀਆ ਤੋਂ ਬਾਹਰ ਗੱਡੀ ਚਲਾਉਣ ਦੀ ਯੋਜਨਾ ਬਨਾ ਰਹੇ ਹੋ, ਤਾਂ ਉਸ ਰਾਜ ਜਾਂ ਦੇਸ਼ ਦੀ ਲਾਈਸੈਂਸ ਦੀਆਂ ਲੋੜਾਂ ਬਾਰੇ ਜਾਂਚ ਕਰੋ।

ਧਿਆਨ ਦਿਓ: ਜੇ ਤੁਸੀਂ ਘੱਟੋ-ਘੱਟ **17½** ਸਾਲ ਦੇ ਹੋ, ਤਾਂ ਡ੍ਰਾਈਵਰ ਸਿੱਖਿਆ ਜਾਂ ਡ੍ਰਾਈਵਰ ਟ੍ਰੇਨਿੰਗ ਪੂਰੀ ਕੀਤੇ ਬਿਨ੍ਹਾਂ ਤੁਸੀਂ ਪਰਮਿਟ ਲੈ ਸਕਦੇ ਹੋ। ਪਰ, ਤੁਸੀਂ 18 ਸਾਲ ਦੀ ਉਮਰ ਹੋਣ ਤੋਂ ਪਹਿਲਾਂ ਡ੍ਰਾਈਵਰ ਲਾਈਸੈਂਸ ਪ੍ਰਾਪਤ ਨਹੀਂ ਕਰ ਸਕਦੇ ਹੋ।

ਨਾਬਾਲਗਾਂ ਦੇ ਪਰਮਿਟ ਤੇ ਪਾਬੰਦੀਆਂ

ਤੁਹਾਡਾ ਪਰਮਿਟ ਉਦੋਂ ਤੱਕ ਵਾਜਬ ਨਹੀਂ ਹੈ ਜਦੋਂ ਤੀਕ ਕਿ ਤੁਸੀਂ ਡ੍ਰਾਈਵਰ ਟ੍ਰੇਨਿੰਗ ਸ਼ੁਰੂ ਨਹੀਂ ਕਰ ਦਿੰਦੇ ਹੋ; ਉਸ ਨੂੰ ਵਾਜਬ ਬਣਾਉਣ ਲਈ ਤੁਹਾਡਾ ਸਿਖਿਅਕ ਉਸ ਤੇ ਦਸਤਖ਼ਤ ਕਰੇਗਾ। ਤੁਹਾਡਾ ਇੱਕ ਲਾਈਸੈਂਸਧਾਰਕ ਨਾਲ ਅਭਿਆਸ ਕਰਨਾ ਜ਼ਰੂਰੀ ਹੈ: ਤੁਹਾਡੇ ਮਾਪੇ, ਜਾਂ ਸਰਪ੍ਰਸਤ, ਇੱਕ 25 ਸਾਲ ਜਾਂ ਉਸ ਤੋ ਵੱਧ ਉਮਰ ਵਾਲਾ ਲਾਈਸੈਂਸਧਾਰਕ ਬਾਲਗ ਡ੍ਰਾਈਵਰ। ਉਹ ਵਿਅਕਤੀ ਇੰਨਾਂ ਨੇੜੇ ਬੈਠਾ ਹੋਣਾ ਚਾਹੀਦਾ ਹੈ ਕਿ ਕਿਸੇ ਵੀ ਵੇਲੇ ਗੱਡੀ ਦਾ ਨਿਯੰਤ੍ਰਣ ਆਪਣੇ ਹੱਥ ਵਿੱਚ ਲੈ ਸਕੇ। ਆਰਜ਼ੀ ਪਰਮਿਟ ਤੁਹਾਨੂੰ ਇਕੱਲੇ ਗੱਡੀ ਚਲਾਉਣ ਦੀ ਆਗਿਆ ਨਹੀਂ ਦਿੰਦਾ ਹੈ, ਇੱਥੋਂ ਤੱਕ ਕਿ ਡ੍ਰਾਈਵਿੰਗ ਪਰੀਖਿਆ ਲੈਣ ਲਈ DMV ਦੇ ਦਫ਼ਤਰ ਆਉਣ ਲਈ ਵੀ ਨਹੀਂ।

ਨਾਬਾਲਗਾਂ ਦੇ ਲਾਈਸੈਂਸ ਲਈ ਲੋੜਾਂ

ਤੁਹਾਡਾ ਹੇਠਾਂ ਲਿੱਖਿਆ ਹੋਇਆ ਹੋਣਾ ਜ਼ਰੂਰੀ ਹੈ:

- ਤੁਸੀ ਘੱਟੋ-ਘੱਟ 16 ਸਾਲਾਂ ਦੇ ਹੋ।
- ਸਬੂਤ ਦਿਓ ਕਿ ਤੁਸੀਂ ਡ੍ਰਾਈਵਰ ਸਿੱਖਿਆ ਅਤੇ ਡ੍ਰਾਈਵਰ ਟ੍ਰੇਨਿੰਗ ਦੋਵਾਂ ਨੂੰ ਪੂਰਾ ਕਰ ਲਿਆ ਹੈ।
- ਤੁਹਾਡੇ ਕੋਲ ਘੱਟੋ-ਘੱਟ 6 ਮਹੀਨਿਆਂ ਤੋਂ ਕੈਲੀਫੋਰਨੀਆ ਸਿਖਲਾਈ ਪਰਮਿਟ ਜਾਂ ਕਿਸੇ ਹੋਰ ਰਾਜ ਦਾ ਸਿਖਲਾਈ ਪਰਮਿਟ ਸੀ (ਪੰਨਾ 15 ਤੇ ਦਿੱਤੇ ਰਾਜ ਤੋਂ ਬਾਹਰ ਦੇ ਨਾਬਾਲਗ ਸੈਕਸ਼ਨ ਨੂੰ ਵੇਖੋ)।
- ਤੁਸੀਂ ਆਪਣੇ ਸਿਖਲਾਈ ਪਰਮਿਟ ਤੇ ਮਾਪੇ(ਮਾਪਿਆਂ) ਜਾਂ ਸਰਪ੍ਰਸਤ(ਤਾਂ) ਕੋਲੋਂ ਇਹ ਲਿੱਖਵਾ ਕੇ ਦਸਤਖ਼ਤ ਕਰਾਓ ਕਿ ਤੁਸੀਂ 50 ਘੰਟੇ ਨਿਗਰਾਨੀ ਹੇਠ ਗੱਡੀ ਚਲਾਉਣ ਦੇ ਅਭਿਆਸ ਨੂੰ ਪੂਰਾ ਕਰ ਲਿਆ ਹੈ (10 ਘੰਟੇ ਰਾਤ ਦੇ ਸਮੇਂ ਚਲਾਉਣ ਦਾ ਅਭਿਆਸ ਹੋਣਾ ਜ਼ਰੂਰੀ ਹੈ) ਜਿਵੇਂ ਕਿ ਕੈਲੀਫੋਰਨੀਆ ਪੇਰੰਟ-ਟੀਨ ਟ੍ਰੇਨਿੰਗ ਗਾਈਡ (DL 603) ਵਿੱਚ ਦੱਸਿਆ ਗਿਆ ਹੈ। ਟੀਨ ਵੈਬਸਾਈਟ ਲਈ **www.dmv.ca.gov** 'ਤੇ ਜਾਓ ਜਾਂ ਇਸ ਹੈਂਡਬੁਕ ਨੂੰ ਮੰਗਵਾਉਣ ਲਈ 1-800-777-0133 'ਤੇ ਫੋਨ ਕਰੋ।
- ਅਰਜ਼ੀ ਦੀ ਵਾਪਸ ਨਾ ਕੀਤੀ ਜਾਣ ਵਾਲੀ ਫੀਸ ਜਮ੍ਹਾਂ ਕਰਾਓ।

ਧਿਆਨ ਦਿਓ: ਇਹ ਫੀਸ 12 ਮਹੀਨਿਆਂ ਲਈ ਚੰਗੀ ਹੈ। ਜੇ ਸਾਰੀਆਂ ਲੋੜਾਂ ਨੂੰ 12 ਮਹੀਨਿਆਂ ਦੇ ਵਿਚਕਾਰ ਪੂਰਾ ਨਹੀਂ ਕੀਤਾ ਜਾਂਦਾ ਹੈ, ਤਾਂ ਫੇਰ ਅਰਜ਼ੀ ਜਾਇਜ਼ ਨਹੀਂ ਰਹੇਗੀ ਅਤੇ ਤੁਹਾਡਾ ਦੁਬਾਰਾ ਅਰਜ਼ੀ ਦੇਣਾ ਜ਼ਰੂਰੀ ਹੈ।

- ਲੋੜੀਂਦੇ ਗਿਆਨ ਟੈਸਟ ਵਿੱਚ ਹਰੇਕ ਨੂੰ ਪਾਸ ਕਰੋ। ਜੇ ਤੁਸੀਂ ਗਿਆਨ ਪਰੀਖਿਆ ਵਿੱਚ 3 ਵਾਰੀ ਫੇਲ ਹੋ ਜਾਂਦੇ ਹੋ, ਤਾਂ ਫੇਰ ਅਰਜ਼ੀ ਜਾਇਜ਼ ਨਹੀਂ ਰਹਿੰਦੀ ਅਤੇ ਤੁਹਾਡਾ ਦੁਬਾਰਾ ਅਰਜ਼ੀ ਦੇਣਾ ਜ਼ਰੂਰੀ ਹੈ।
- ਗੱਡੀ ਚਲਾਉਣ ਦੀ ਪਰੀਖਿਆ ਪਾਸ ਕਰਨਾ (3 ਕੋਸ਼ਿਸ਼ਾਂ ਵਿਚਕਾਰ)।

ਜ਼ਰੂਰੀ: ਜੇ ਤੁਸੀਂ ਗੱਡੀ ਚਲਾਉਣ ਦੀ ਪਰੀਖਿਆ ਵਿੱਚ ਫੇਲ ਹੋ ਜਾਂਦੇ ਹੋ, ਤਾਂ ਤੁਹਾਨੂੰ ਇੱਕ ਰੀ-ਟੈਸਟ ਫੀਸ ਦੇਣੀ ਹੋਵੇਗੀ ਅਤੇ ਤੁਹਾਡੀ ਦੁਬਾਰਾ ਪਰੀਖਿਆ ਲੈਣ ਤੋਂ ਪਹਿਲਾਂ ਤੁਹਾਨੂੰ 14 ਦਿਨ (2 ਹਫਤੇ) ਲਈ ਉਡੀਕ ਕਰਨੀ ਹੋਵੇਗੀ, ਜਿਸ ਵਿੱਚ ਟੈਸਟ ਫੇਲ ਹੋਣ ਦਾ ਦਿਨ ਸ਼ਾਮਲ ਨਹੀਂ ਹੁੰਦਾ। ਜੇ ਤੁਸੀਂ ਗੱਡੀ ਚਲਾਉਣ ਦੀ ਪਰੀਖਿਆ ਵਿੱਚ 3 ਵਾਰੀ ਫੇਲ ਹੋ ਜਾਂਦੇ ਹੋ, ਤਾਂ ਫੇਰ ਅਰਜ਼ੀ ਜਾਇਜ਼ ਨਹੀਂ ਰਹਿੰਦੀ ਅਤੇ ਤੁਹਾਡਾ ਦੁਬਾਰਾ ਅਰਜ਼ੀ ਦੇਣਾ ਜ਼ਰੂਰੀ ਹੈ।

ਇੱਕ ਵਾਰ ਜਦੋਂ ਤੁਹਾਡੇ ਕੋਲ ਤੁਹਾਡਾ ਆਰਜ਼ੀ ਡ੍ਰਾਈਵਰ ਲਾਈਸੈਂਸ ਹੁੰਦਾ ਹੈ, ਤਾਂ ਜਦੋਂ ਤੀਕ ਕਿ ਤੁਹਾਡੇ ਡ੍ਰਾਈਵਿੰਗ ਰਿਕਾਰਡ ਤੇ ਕੋਈ ਟੱਕਰਾਂ ਦਾ, ਜਾਂ ਟ੍ਰੈਫਿਕ ਦੇ ਨਿਯਮ ਤੋੜਣ ਦਾ ਰਿਕਾਰਡ ਨਹੀਂ ਹੁੰਦਾ, ਤੁਸੀਂ ਇਕੱਲੇ ਗੱਡੀ ਚਲਾ ਸਕਦੇ ਹੋ। ਲਾਈਸੈਂਸ ਮਿਲ ਜਾਣ ਤੋਂ ਬਾਅਦ ਪਹਿਲੇ 12 ਮਹੀਨਿਆਂ ਦੇ ਦੌਰਾਨ, ਤੁਸੀਂ ਰਾਤ ਦੇ 11 ਵਜੇ ਤੋਂ ਲੈ ਕੇ ਸਵੇਰੇ 5 ਵਜੇ ਤੱਕ ਗੱਡੀ ਨਹੀਂ ਚਲਾ ਸਕਦੇ ਹੋ ਅਤੇ ਗੱਡੀ ਵਿੱਚ 20 ਸਾਲ ਤੋਂ ਘੱਟ ਉਮਰ ਦੇ ਯਾਤਰੀ ਨਹੀਂ ਬਿਠਾ ਸਕਦੇ ਹੋ, ਜੱਦ ਤੱਕ ਕਿ ਤੁਹਾਡੇ ਕੈਲੀਫੋਰਨੀਆਂ ਦੇ ਲਾਈਸੈਂਸਧਾਰਕ ਮਾਪੇ ਜਾਂ ਸਰਪ੍ਰਸਤ, ਇੱਕ 25 ਸਾਲ ਜਾਂ ਉਸ ਤੋ ਵੱਧ ਉਮਰ ਵਾਲਾ ਲਾਈਸੈਂਸਧਾਰਕ ਡ੍ਰਾਈਵਰ ਜਾਂ ਗੱਡੀ ਚਲਾਉਣਾ ਸਿਖਾਉਣ ਵਾਲਾ ਲਾਈਸੈਂਸਧਾਰਕ ਜਾਂ ਮਾਨਤਾ-ਪ੍ਰਾਪਤ ਸਿੱਖਿਅਕ ਨਾ ਹੋਵੇ।

ਜਦੋਂ ਤੁਸੀਂ 18 ਸਾਲ ਦੇ ਹੋ ਜਾਂਦੇ ਹੋ, ਤਾਂ ਤੁਹਾਡੇ ਡ੍ਰਾਈਵਰ ਲਾਈਸੈਂਸ ਦਾ "ਆਰਜ਼ੀ" ਹਿੱਸਾ ਖਤਮ ਹੋ ਜਾਂਦਾ ਹੈ। ਤੁਸੀਂ ਆਪਣਾ ਆਰਜ਼ੀ ਫੋਟੋ ਲਾਈਸੈਂਸ ਆਪਣੇ ਕੋਲ ਰੱਖ ਸਕਦੇ ਹੋ ਜਾਂ "ਆਰਜ਼ੀ" ਸ਼ਬਦ ਤੋਂ ਬਿਨ੍ਹਾਂ ਡੁਪਲੀਕੇਟ ਡ੍ਰਾਈਵਰ ਲਾਈਸੈਂਸ ਲਈ ਫੀਸ ਦਾ ਭੁਗਤਾਨ ਕਰ ਸਕਦੇ ਹੋ।

ਅਪਵਾਦ – ਨਾਬਾਲਗਾਂ ਲਈ ਲਾਈਸੈਂਸ ਦੀਆਂ ਪਾਬੰਦੀਆਂ

ਜਦੋਂ ਆਵਾਜਾਈ ਦੇ ਵਾਜਬ ਸਾਧਨ ਉਪਲੱਬਧ ਨਾ ਹੋਣ ਅਤੇ ਜਦੋਂ ਗੱਡੀ ਚਲਾਉਣਾ ਜ਼ਰੂਰੀ ਹੋਵੇ, ਤਾਂ ਕਨੂੰਨ ਹੇਠਲੇ ਅਪਵਾਦਾਂ ਦੀ ਇਜਾਜ਼ਤ ਦਿੰਦਾ ਹੈ। ਤੁਹਾਡਾ ਹੇਠਾਂ ਲਿੱਖੇ ਅਪਵਾਦਾਂ ਲਈ, ਲੋੜ ਦਾ ਵੇਰਵਾ ਦੇਣ ਵਾਲਾ ਇੱਕ ਗੱਡੀ ਚਲਾਉਣ ਦਾ ਦਸਤਖ਼ਤ ਕੀਤਾ ਲਿਖਤ ਬਿਆਨ, ਜਿਸ ਵਿੱਚ ਉਹ ਤਾਰੀਖ਼ ਵੀ ਦੱਸਣੀ ਹੋਵੇਗੀ ਜਦੋਂ ਇਹ ਲੋੜ ਖਤਮ ਹੋ ਜਾਵੇਗੀ, ਆਪਣੇ ਕੋਲ ਰੱਖਣਾ ਜ਼ਰੂਰੀ ਹੈ (ਸੁਤੰਤਰ ਨਾਬਾਲਗ ਇਸ ਲੋੜ ਤੋਂ ਬਾਹਰ ਹਨ):

- ਡਾਕਟਰੀ ਲੋੜ ਲਈ ਗੱਡੀ ਚਲਾਉਣਾ ਜਦੋਂ ਆਵਾਜਾਈ ਦੇ ਦੂਜੇ ਵਾਜਬ ਸਾਧਨ ਥੋੜੇ ਹੋਣ। ਇਸ ਨੋਟ ਵਿੱਚ ਬੀਮਾਰੀ ਦੀ ਤਸ਼ਖ਼ੀਸ ਅਤੇ ਠੀਕ ਹੋਣ ਦੀ ਅੰਦਾਜ਼ਨ ਤਾਰੀਖ਼ ਦੇ ਹੋਣ ਦੇ ਨਾਲ ਉਸ ਉੱਤੇ ਕਿਸੇ ਡਾਕਟਰ ਦੇ ਦਸਤਖ਼ਤ ਹੋਣੇ ਜ਼ਰੂਰੀ ਹਨ।
- ਸਿਖਿਆ ਸੰਬੰਧੀ ਜਾਂ ਸਕੂਲ ਦੁਆਰਾ ਮਾਨਤਾ ਪ੍ਰਾਪਤ ਗਤੀਵਿਧੀ। ਇਸ ਨੋਟ ਉੱਤੇ ਸਕੂਲ ਦੇ ਪ੍ਰਿੰਸੀਪਲ, ਡੀਨ ਜਾਂ ਉਸਦੇ ਪ੍ਰਤੀਨਿਧੀ ਦੇ ਦਸਤਖ਼ਤ ਹੋਣੇ ਜ਼ਰੂਰੀ ਹਨ।
- ਨੌਕਰੀ ਸਬੰਧਤ ਲੋੜ, ਅਤੇ ਨੌਕਰੀ ਦੇ ਇੱਕ ਹਿੱਸੇ ਵਜੋਂ ਗੱਡੀ ਚਲਾਉਣ ਦੀ ਲੋੜ। ਇਸ ਨੋਟ ਉੱਤੇ ਨੌਕਰੀ ਦੀ ਪੁਸ਼ਟੀ ਕਰਦੇ ਹੋਏ ਨੌਕਰੀ ਦੇਣ ਵਾਲੇ ਵਿਅਕਤੀ ਦੇ ਦਸਤਖ਼ਤ ਹੋਣੇ ਜ਼ਰੂਰੀ ਹਨ।
- ਤੁਹਾਡੀ ਆਪਣੇ ਪਰਿਵਾਰ ਦੇ ਕਿਸੇ ਸਦੱਸ ਨੂੰ ਗੱਡੀ ਚਲਾ ਕੇ ਕਿਧਰੇ ਲੈ ਜਾਣ ਦੀ ਲੋੜ। ਤੁਹਾਡੇ ਮਾਪੇ ਜਾਂ ਕਨੂੰਨੀ ਸਰਪ੍ਰਸਤ(ਤਾਂ) ਰਾਹੀਂ ਦਸਤਖ਼ਤ ਕੀਤਾ ਹੋਇਆ ਇੱਕ ਨੋਟ ਹੋਣਾ ਜ਼ਰੂਰੀ ਹੈ, ਜਿਸ ਵਿੱਚ ਕਾਰਨ ਅਤੇ ਪਰਿਵਾਰ ਦੇ ਉਸ ਸਦੱਸ ਨੂੰ ਗੱਡੀ ਚਲਾ ਕੇ ਕਿਧਰੇ ਲੈ ਜਾਣ ਦੀ ਲੋੜ ਦੀ ਸਮਾਪਤੀ ਦੀ ਤਾਰੀਖ਼ ਦੱਸੀ ਗਈ ਹੋਣੀ ਚਾਹੀਦੀ ਹੈ।

ਅਪਵਾਦ: ਇਹ ਸ਼ਰਤਾਂ ਸੁਤੰਤਰ ਨਾਬਾਲਗਾਂ ਤੇ ਲਾਗੂ ਨਹੀਂ ਹੁੰਦੀਆਂ ਹਨ। ਸੁਤੰਤਰ ਹੋਏ ਨਾਬਾਲਗਾਂ ਲਈ DMV ਨੂੰ ਇਹ ਦਿਖਾਉਣ ਵਾਲੇ ਅਦਾਲਤੀ ਦਸਤਾਵੇਜ਼ ਮੁਹੱਈਆ ਕਰਨਾ ਜ਼ਰੂਰੀ ਹੈ, ਜਿਹਨਾਂ ਲਈ ਅਦਾਲਤ ਨੇ ਮੁਕਤੀ ਲਈ ਅਰਜ਼ੀ ਦੀ ਅਤੇ ਇੱਕ ਉਹਨਾਂ ਦੇ ਮਾਪੇ(ਮਾਪਿਆਂ) ਜਾਂ ਗਾਰੰਟਰ(ਰਾਂ) ਦੇ ਦਸਤਖ਼ਤ ਦੇ ਬਦਲੇ ਵਿੱਚ ਕੈਲੀਫੋਰਨੀਆ ਬੀਮਾ ਸਬੂਤ ਪ੍ਰਮਾਣ-ਪੱਤਰ (*California Insurance Proof Certificate*, SR 22/SR 1P) ਮੁਹੱਈਆ ਕਰਨ ਦੀ ਮਨਜ਼ੂਰੀ ਦਿੱਤੀ ਹੋਵੇ। ਸੁਤੰਤਰ ਹੋਏ ਨਾਬਾਲਗਾਂ ਨੂੰ ਏਕੀਕ੍ਰਿਤ ਡਾਈਵਰ ਸਿੱਖਿਆ ਅਤੇ ਡ੍ਰਾਈਵਰ ਟ੍ਰੇਨਿੰਗ ਪ੍ਰੋਗਰਾਮ ਸ਼ਰਤਾਂ ਤੋਂ ਛੋਟ ਨਹੀਂ ਹੈ।

ਰਾਜ ਤੋਂ ਬਾਹਰ ਦੇ ਨਾਬਾਲਗ

ਰਾਜ ਤੋਂ ਬਾਹਰ ਦੇ ਸਾਰੇ ਨਾਬਾਲਗਾਂ ਦਾ ਪੰਨਾ 6 ਤੇ ਦਿੱਤੇ "ਇੱਕ ਮੂਲ ਕਲਾਸ C ਡ੍ਰਾਈਵਿੰਗ ਲਾਈਸੈਂਸ ਦੀ ਅਰਜ਼ੀ ਲਈ ਲੋੜਾਂ" ਅਨੁਭਾਗ ਵਿੱਚ ਦੱਸੀਆਂ ਗਈਆਂ ਲੋੜਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ ਅਤੇ ਡ੍ਰਾਈਵਿੰਗ ਲਾਈਸੈਂਸ ਅਤੇ ਪਛਾਣ ਕਾਰਡ ਦੀ ਅਰਜ਼ੀ (DL 44/eDL 44) ਫਾਰਮ ਤੇ ਮਾਪੇ(ਪਿਆਂ) ਜਾਂ ਕਨੂੰਨੀ ਸਰਪ੍ਰਸਤ(ਤਾਂ) ਰਾਹੀਂ ਦਸਤਖ਼ਤ ਕੀਤਾ ਗਿਆ ਹੋਣਾ ਜ਼ਰੂਰੀ ਹੈ।

ਰਾਜ ਤੋਂ ਬਾਹਰ ਦੇ ਨਾਬਾਲਗਾਂ ਦੇ ਪਰਮਿਟ

ਰਾਜ ਤੋਂ ਬਾਹਰ ਦੇ ਨਾਬਾਲਗਾਂ ਦੇ ਪਰਮਿਟ ਦੀ ਅਰਜ਼ੀ ਦੇਣ ਵਾਲਿਆਂ ਦਾ 12 ਪੰਨੇ ਤੇ ਦਿੱਤੇ “ਨਾਬਾਲਗ ਪਰਮਿਟ ਲਈ ਲੋੜਾਂ” ਅਨੁਭਾਗ ਵਿੱਚ ਦਿੱਤੀਆਂ ਲੋੜਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ। ਨਾਲ ਹੀ, ਜੇ ਤੁਹਾਡੀ ਡ੍ਰਾਈਵਰ ਸਿੱਖਿਆ ਅਤੇ ਡ੍ਰਾਈਵਰ ਟ੍ਰੇਨਿੰਗ ਕੋਰਸ ਕੈਲੀਫੋਰਨੀਆਂ ਤੋਂ ਬਾਹਰ ਕਿਸੇ ਹੋਰ ਰਾਜ ਵਿੱਚ ਲਏ ਗਏ ਹਨ ਤਾਂ DMV ਕੈਲੀਫੋਰਨੀਆਂ ਸਕੂਲਾਂ ਤੋਂ ਇਲਾਵਾ ਸੈਕੰਡਰੀ ਸਕੂਲ (*To Secondary Schools Other Than California Schools*, DL 33) ਫਾਰਮ ਨੂੰ ਸਵੀਕਾਰ ਕਰ ਸਕਦਾ ਹੈ। ਤੁਸੀਂ ਆਪਣੇ DMV ਫੀਲਡ ਦਫ਼ਤਰ ਤੋਂ ਜਾਂ DMV ਦਫ਼ਤਰ ਨੂੰ 1-800-777-0133 'ਤੇ ਫੋਨ ਕਰਕੇ ਇੱਕ DL 33 ਫਾਰਮ ਪ੍ਰਾਪਤ ਕਰ ਸਕਦੇ ਹੋ। ਆਪਣੇ ਰਾਜ ਤੋਂ ਬਾਹਰ ਦੇ ਸੈਕੰਡਰੀ ਸਕੂਲ ਨੂੰ DL 33 ਭੇਜੋ ਅਤੇ ਉਨ੍ਹਾਂ ਨੂੰ ਇਸਨੂੰ ਪੂਰਾ ਕਰਨ ਅਤੇ ਤੁਹਾਡੇ ਕੋਲ ਵਾਪਸ ਭੇਜਣ ਲਈ ਕਹੋ।

ਰਾਜ ਤੋਂ ਬਾਹਰ ਦੇ ਨਾਬਾਲਗਾਂ ਦੇ ਡ੍ਰਾਈਵਰ ਲਾਈਸੈਂਸ

ਤੁਹਾਨੂੰ ਅਰਜ਼ੀ ਦੇਣ ਦੀ ਪ੍ਰਕਿਰਿਆ ਦੇ ਮੁਤਾਬਕ ਰਾਜ ਤੋਂ ਬਾਹਰ ਦਾ ਡ੍ਰਾਈਵਰ ਲਾਈਸੈਂਸ ਪੇਸ਼ ਕਰਨ ਅਤੇ ਇੱਕ ਗਿਆਨ ਪਰੀਖਿਆ ਪਾਸ ਕਰਨ ਲਈ ਕਿਹਾ ਜਾਏਗਾ। ਰਾਜ ਤੋਂ ਬਾਹਰ ਬਣੇ ਡ੍ਰਾਈਵਰ ਲਾਈਸੈਂਸਧਾਰਕਾਂ ਨੂੰ ਆਮ ਤੌਰ ਤੇ ਗੱਡੀ ਚਲਾਉਣ ਦੀ ਪਰੀਖਿਆ ਤੋਂ ਛੂਟ ਦੇ ਦਿੱਤੀ ਜਾਂਦੀ ਹੈ। ਪਰ, DMV ਕਿਸੇ ਵੀ ਡ੍ਰਾਈਵਰ ਲਾਈਸੈਂਸ ਦੀ ਅਰਜ਼ੀ ਲਈ ਗੱਡੀ ਚਲਾਉਣ ਦੀ ਪਰੀਖਿਆ ਦੀ ਮੰਗ ਕਰ ਸਕਦਾ ਹੈ।

ਧਿਆਨ ਦਿਓ: ਰਾਜ ਤੋਂ ਬਾਹਰ ਦੇ ਨਾਬਾਲਗ ਬਿਨੈਕਾਰ ਕੈਲੀਫੋਰਨੀਆਂ ਕਨੂੰਨ ਦੇ ਮੁਤਾਬਕ ਡ੍ਰਾਈਵਿੰਗ ਲਾਈਸੈਂਸ ਦੇ ਪਹਿਲੇ ਸਾਲ ਜਾਂ ਜਦੋਂ ਤੀਕ ਕਿ ਉਹ 18 ਸਾਲਾਂ ਦੇ ਨਹੀਂ ਹੋ ਜਾਂਦੇ, ਆਰਜ਼ੀ (ਪ੍ਰੋਵੀਜ਼ਨਲ) ਪਾਬੰਦੀਆਂ ਦੇ ਅਧੀਨ ਹੁੰਦੇ ਹਨ।

ਆਰਜ਼ੀ ਲਾਈਸੈਂਸ ਦੇ ਖਿਲਾਫ਼ ਹੋਣ ਵਾਲੀਆਂ ਕਾਰਵਾਈਆਂ

ਇੱਕ ਸਮੂਹ ਵਜੋਂ, ਕਿਸ਼ੋਰ ਡ੍ਰਾਈਵਰਾਂ ਦੇ ਬਾਲਗ ਡ੍ਰਾਈਵਰਾਂ ਦੇ ਮੁਕਾਬਲੇ, ਅੱਧੀ ਦੂਰੀ ਗੱਡੀ ਚਲਾਉਣ ਤੇ ਵੀ, ਦੋ ਗੁਣਾ ਵਧ ਟੱਕਰਾਂ ਮਾਰਦੇ ਹਨ। ਕਿਸ਼ੋਰਾਂ ਦੀ ਟੱਕਰ ਹੋਣ ਦੀ ਦਰ ਬਾਲਗਾਂ ਦੇ ਟੱਕਰ ਹੋਣ ਦੀ ਦਰ ਦੇ ਮੁਕਾਬਲੇ ਪ੍ਰਤੀ ਮੀਲ 4 ਗੁਣਾ ਵੱਧ ਹੁੰਦੀ ਹੈ। ਖੋਜਾਂ ਦਰਸਾਉਂਦੀਆਂ ਹਨ ਕਿ ਟ੍ਰੈਫਿਕ ਵਿੱਚ ਨਵੇਂ ਡ੍ਰਾਈਵਰਾਂ ਦੀਆਂ ਮੌਤਾਂ ਦਾ ਘਾਤੱਕ ਸੰਗਮ ਅਨੁਭਵਹੀਨ ਡ੍ਰਾਈਵਿੰਗ, ਗੱਡੀ ਨਾਲ ਸਹੀ ਜਾਣ-ਪਛਾਣ ਨਾ ਹੋਣਾ, ਅਤੇ ਉਨ੍ਹਾਂ ਦਾ ਆਪਣੇ ਆਪ ਨੂੰ ਅਤੇ ਗੱਡੀ ਦੀ ਤਾਕਤ ਨੂੰ ਅਖੀਰਲੀ ਸੀਮਾ ਤੱਕ ਧਕੇਲਣਾ ਹੈ।

ਆਪਣੇ ਆਰਜ਼ੀ ਲਾਈਸੈਂਸ ਨੂੰ ਬਣਾਏ ਰਖਣਾ

DMV ਤੁਹਾਡੇ ਗੱਡੀ ਚਲਾਉਣ ਦੇ ਰਿਕਾਰਡ ਤੇ ਨਜ਼ਰ ਰੱਖੇਗਾ ਅਤੇ ਟੱਕਰਾਂ ਹੋਣ ਜਾਂ ਨਿਯਮਾਂ ਦੀ ਉਲੰਘਣਾਵਾਂ ਦੇ ਆਧਾਰ ਤੇ ਹੇਠਲੀਆਂ ਕਾਰਵਾਈਆਂ ਕਰੇਗਾ:

- ਜੇ ਤੁਹਾਨੂੰ ਟ੍ਰੈਫਿਕ ਟਿਕਟ ਮਿਲਦਾ ਹੈ ਅਤੇ ਤੁਸੀਂ ਅਦਾਲਤ ਵਿੱਚ ਪੇਸ਼ ਹੋਣ ਵਿੱਚ ਨਾਕਾਮ ਹੁੰਦੇ ਹੋ ਤਾਂ DMV ਤੁਹਾਡੇ ਗੱਡੀ ਚਲਾਉਣ ਦੇ ਅਧਿਕਾਰ ਨੂੰ ਤਾਂ ਤੱਕ ਮੁਅੱਤਲ ਕਰ ਦੇਵੇਗਾ ਜਦੋਂ ਤੀਕ ਤੁਸੀਂ ਅਦਾਲਤ ਵਿੱਚ ਪੇਸ਼ ਨਹੀਂ ਹੁੰਦੇ ਹੋ।
- ਜੇ 12 ਮਹੀਨਿਆਂ ਦੇ ਅੰਦਰ-ਅੰਦਰ "ਤੁਹਾਡੀ ਗਲਤੀ" ਕਾਰਨ 1 ਟੱਕਰ ਹੁੰਦੀ ਹੈ ਜਾਂ ਤੁਸੀਂ ਕਿਸੇ ਟ੍ਰੈਫਿਕ ਕਨੂੰਨ ਦੀ ਉਲੰਘਣਾ ਦੇ ਦੋਸ਼ੀ ਪਾਏ ਜਾਂਦੇ ਹੋ, ਤਾਂ DMV ਤੁਹਾਨੂੰ ਚੇਤਾਵਨੀ ਦੀ ਇੱਕ ਚਿੱਠੀ ਭੇਜੇਗਾ।
- ਜੇ 12 ਮਹੀਨਿਆਂ ਦੇ ਅੰਦਰ-ਅੰਦਰ "ਤੁਹਾਡੀ ਗਲਤੀ" ਕਾਰਨ ਦੂਜੀ ਟੱਕਰ ਹੁੰਦੀ ਹੈ ਜਾਂ ਤੁਹਾਨੂੰ ਕਿਸੇ ਟ੍ਰੈਫਿਕ ਕਨੂੰਨ ਦੀ ਉਲੰਘਣਾ ਦਾ ਦੋਸ਼ੀ ਪਾਇਆ ਜਾਂਦਾ ਹੈ (ਜਾਂ ਦੋਵਾਂ ਦਾ ਮੇਲ), ਤਾਂ ਤੁਸੀਂ 30 ਦਿਨ ਤੱਕ ਗੱਡੀ ਨਹੀਂ ਚਲਾ ਸਕੋਗੇ, ਜਦੋਂ ਤੀਕ ਕਿ ਤੁਹਾਡੇ ਨਾਲ ਤੁਹਾਡੇ ਲਾਈਸੈਂਸਧਾਰਕ ਮਾਪੇ ਜਾਂ ਕੋਈ ਹੋਰ ਲਾਈਸੈਂਸਧਾਰਕ ਬਾਲਗ ਵਿਅਕਤੀ ਨਾ ਹੋਵੇ ਜਿਸਦੀ ਉਮਰ ਘੱਟੋ-ਘੱਟ 25 ਸਾਲ ਹੋਵੇ।
- ਜੇ 12 ਮਹੀਨਿਆਂ ਦੇ ਅੰਦਰ-ਅੰਦਰ "ਤੁਹਾਡੀ ਗਲਤੀ" ਕਾਰਨ ਤੀਜੀ ਟੱਕਰ ਹੁੰਦੀ ਹੈ ਜਾਂ ਤੁਹਾਨੂੰ ਕਿਸੇ ਟ੍ਰੈਫਿਕ ਕਨੂੰਨ ਦੀ ਉਲੰਘਣਾ ਦਾ ਦੋਸ਼ੀ ਪਾਇਆ ਜਾਂਦਾ ਹੈ (ਜਾਂ ਦੋਵਾਂ ਦਾ ਮੇਲ), ਤਾਂ ਤੁਹਾਨੂੰ 6 ਮਹੀਨਿਆਂ ਲਈ ਮੁਅੱਤਲ ਕਰ ਦਿੱਤਾ ਜਾਵੇਗਾ ਅਤੇ 1 ਸਾਲ ਲਈ ਤੁਹਾਨੂੰ ਪ੍ਰੋਬੇਸ਼ਨ ਤੇ ਰੱਖਿਆ ਜਾਵੇਗਾ।
- ਜੇ ਪ੍ਰੋਬੇਸ਼ਨ ਤੇ ਰਹਿਣ ਦੇ ਦੌਰਾਨ ਤੁਹਾਡੇ 4 ਜਾਂ ਵੱਧ "ਤੁਹਾਡੀ ਗਲਤੀ" ਕਾਰਨ ਹੋਈਆਂ ਟੱਕਰਾਂ ਜਾਂ ਕਿਸੇ ਟ੍ਰੈਫਿਕ ਕਨੂੰਨ ਦੀ ਉਲੰਘਣਾਵਾਂ ਦਾ ਪੁਆਇੰਟ ਕਾਉਂਟ ਦੋਸ਼ੀ ਪਾਇਆ ਜਾਂਦਾ ਹੈ, ਤਾਂ ਤੁਹਾਨੂੰ ਦੁਬਾਰਾ ਮੁਅੱਤਲ ਕੀਤਾ ਜਾਏਗਾ (ਕਿਸ਼ੋਰ ਅਦਾਲਤਾਂ ਵਿੱਚ ਹੱਲ ਕੀਤੀਆਂ ਗਈਆਂ ਟ੍ਰੈਫਿਕ ਕਨੂੰਨ ਦੀ ਉਲੰਘਣਾਵਾਂ ਨੂੰ ਵੀ DMV ਨੂੰ ਰਿਪੋਰਟ ਕੀਤਾ ਜਾਂਦਾ ਹੈ)।
- ਜੇ ਤੁਹਾਨੂੰ ਸ਼ਰਾਬ ਜਾਂ ਕਿਸੇ ਨਿਯੰਤ੍ਰਿਤ ਚੀਜ਼ ਦੀ ਵਰਤੋਂ ਕਰਨ ਦਾ ਦੋਸ਼ੀ ਪਾਇਆ ਜਾਂਦਾ ਹੈ ਅਤੇ ਤੁਹਾਡੀ ਉਮਰ 13 ਅਤੇ 21 ਸਾਲ ਦੇ ਵਿੱਚ ਹੈ, ਤਾਂ ਅਦਾਲਤ ਤੁਹਾਡੇ ਡ੍ਰਾਈਵਿੰਗ ਲਾਈਸੈਂਸ ਨੂੰ 1 ਸਾਲ ਲਈ ਮੁਅੱਤਲ ਕਰਨ ਲਈ DMV ਨੂੰ ਆਦੇਸ਼ ਦਿੰਦੀ ਹੈ। ਜੇ ਤੁਹਾਡੇ ਕੋਲ ਡ੍ਰਾਈਵਰ ਲਾਈਸੈਂਸ ਨਹੀਂ ਹੈ, ਤਾਂ ਅਦਾਲਤ DMV ਨੂੰ ਡ੍ਰਾਈਵਰ ਲਾਈਸੈਂਸ ਲਈ ਦਰਖ਼ਾਸਤ ਕਰਨ ਦੀ ਤੁਹਾਡੀ ਯੋਗਤਾ ਵਿੱਚ ਦੇਰੀ ਕਰਨ ਲਈ ਆਦੇਸ਼ ਦਿੰਦੀ ਹੈ। ਤੁਹਾਨੂੰ ਇੱਕ ਡ੍ਰਾਈਵਿੰਗ-ਅੰਡਰ-ਦੀ-ਇਨਫਲੁਐਨਸ (DUI) ਪ੍ਰੋਗਰਾਮ ਨੂੰ ਪੂਰਾ ਕਰਨ ਦੀ ਲੋੜ ਵੀ ਹੋ ਸਕਦੀ ਹੈ।

ਕੋਈ ਵੀ ਪਾਬੰਦੀ, ਮੁਅੱਤਲੀ, ਜਾਂ ਪਰਤਾਵਾ (ਪ੍ਰੋਬੇਸ਼ਨ) ਤੁਹਾਡੇ 18ਵੇਂ ਜਨਮਦਨਿ ਦੇ ਬਾਅਦ ਵੀ ਆਪਣੀ ਮਆਿਦ ਪੂਰੀ ਹੋਣ ਤੱਕ ਜਾਰੀ ਰਹੇਗਾ। ਜੇ ਤੁਹਾਡਾ ਡ੍ਰਾਈਵਗਿ ਰਕਿਾਰਡ ਉੱਚਤਿ ਠਹਰਿਾਉਂਦਾ ਹੈ ਤਾਂ ਤੁਹਾਡੇ ਖਲਿਾਫ਼ ਦੂਜੀਆਂ, ਜ਼ਆਿਦਾ ਸਖਤ ਕਾਰਵਾਈਆਂ ਵੀ ਕੀਤੀਆਂ ਜਾ ਸਕਦੀਆਂ ਹਨ। ਯਾਦ ਰੱਖੋ ਕਿ ਜੇ ਤੁਹਾਡੇ ਗੱਡੀ ਚਲਾਉਣ ਦੇ ਅਧਕਿਾਰ ਮੁਅੱਤਲ ਕਰ ਦ੤ਿੇ ਜਾਂ ਵਾਪਸ ਲੈ ਲ੤ਿੇ ਗਏ ਹਨ, ਤਾਂ ਤੁਸੀਂ ਕੈਲੀਫੋਰਨੀਆ ਵ੍ਚਿ ਗੱਡੀ ਨਹੀਂ ਚਲਾ ਸਕੋਗੇ।

ਨਾਬਾਲਗ ਅਤੇ ਮੋਬਾਇਲ ਫੋਨ

- ਨਾਬਾਲਗ ਲਈ ਗੱਡੀ ਚਲਾਉਂਦੇ ਵੇਲੇ ਮੋਬਾਇਲ ਫੋਨ ਜਾਂ ਇਲੈਕਟ੍ਰਾਨਿਕ ਵਾਇਰਲੈਸ ਸੰਚਾਰ ਡਿਵਾਇਸ ਦੀ ਵਰਤੋਂ ਕਰਨਾ ਕਨੂੰਨ ਦੇ ਖਿਲਾਫ਼ ਹੈ। ਫੋਨ ਕਾਲਾਂ ਦਾ ਜਵਾਬ ਨਾ ਦਿਓ ਜਾਂ ਟੈਕਸਟ ਮੈਸੇਜ ਨਾ ਭੇਜੋ/ਜਵਾਬ ਨਾ ਦਿਓ।
- ਇਸ ਕਨੂੰਨ ਦੀ ਉਲੰਘਣਾ ਕਰਨ ਵਾਲਿਆਂ ਦੀ ਸਜ਼ਾ ਜੁਰਮਾਨਾ ਹੈ।

ਅਪਵਾਦ: ਤੁਸੀਂ ਮੋਬਾਇਲ ਫੋਨ ਦੀ ਵਰਤੋਂ ਕਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਨੂੰ, ਸਿਹਤ ਦੇਖਭਾਲ ਕਰਨ ਵਾਲੇ ਨੂੰ, ਅੱਗ ਬੁਝਾਉਣ ਵਾਲੇ ਵਿਭਾਗ, ਜਾਂ ਡ੍ਰਾਇਵਿੰਗ ਕਰਨ ਵੇਲੇ ਐਮਰਜੈਂਸੀ ਦੀ ਸਥਿਤੀ ਵਿੱਚ ਹੋਰ ਕਿਸੇ ਐਮਰਜੈਂਸੀ ਸੰਸਥਾ ਨੂੰ ਸੰਪਰਕ ਕਰਨ ਲਈ ਕਰ ਸਕਦੇ ਹੋ।

ਲਾਈਸੈਂਸ ਜਾਰੀ ਕਰਨ ਬਾਰੇ ਵਿਵਿਧ ਜਾਣਕਾਰੀ

ਇੱਕ ਗੁੰਮ ਹੋਏ/ਚੋਰੀ ਹੋ ਚੁੱਕੇ ਜਾਂ ਖਰਾਬ ਹੋਏ ਲਾਈਸੈਂਸ ਨੂੰ ਬਦਲਣਾ

ਜੇ ਤੁਹਾਡਾ ਡ੍ਰਾਈਵਰ ਲਾਈਸੈਂਸ ਗੁੰਮ ਹੋ ਚੁੱਕਾ ਹੈ, ਚੋਰੀ ਹੋ ਗਿਆ ਹੈ ਜਾਂ ਖਰਾਬ ਹੋ ਗਿਆ ਹੈ, ਤਾਂ ਤੁਹਾਡਾ DMV ਦੇ ਫੀਲਡ ਦਫ਼ਤਰ ਜਾਣਾ, DL 44/eDL 44 ਫਾਰਮ ਨੂੰ ਪੂਰਾ ਕਰਨਾ (eDL 44 ਨੂੰ ਔਨਲਾਈਨ ਜਾਕੇ ਪਹਿਲਾਂ ਤੋਂ ਪੂਰਾ ਕੀਤਾ ਜਾ ਸਕਦਾ ਹੈ) ਅਤੇ ਬਦਲੀ ਲਾਈਸੈਂਸ ਲਈ ਫੀਸ ਦਾ ਭੁਗਤਾਨ ਕਰਨਾ ਜ਼ਰੂਰੀ ਹੈ। ਤੁਹਾਨੂੰ ਆਪਣਾ ਫੋਟੋ ਵਾਲਾ ਪਛਾਣ ਪੱਤਰ (ID) ਵੀ ਪੇਸ਼ ਕਰਨਾ ਚਾਹੀਦਾ ਹੈ। ਜੇ DMV ਤੁਹਾਡੀ ਪਛਾਣ ਦੀ ਪੁਸ਼ਟੀ ਨਾ ਕਰ ਸਕੇ, ਤਾਂ ਤੁਹਾਨੂੰ ਇੱਕ ਅਸਥਾਈ ਡ੍ਰਾਈਵਰ ਲਾਈਸੈਂਸ ਜਾਰੀ ਨਹੀਂ ਕੀਤਾ ਜਾਵੇਗਾ।

ਜੇ ਤੁਸੀਂ ਨਾਬਾਲਗ ਹੋ, ਤਾਂ ਤੁਹਾਡੇ ਮਾਪੇ(ਮਾਪਿਆਂ) ਜਾਂ ਸਰਪ੍ਰਸਤ(ਤਾਂ) ਦੇ ਅਰਜ਼ੀ ਤੇ ਦਸਤਖ਼ਤ ਕਰਨੇ ਜ਼ਰੂਰੀ ਹਨ। ਜੇ ਦੋਵੇਂ ਮਾਤਾ-ਪਿਤਾ/ਸਰਪ੍ਰਸਤਾਂ ਕੋਲ ਸੰਯੁਕਤ ਕਸਟਡੀ ਹੋਵੇ ਤਾਂ ਦੋਵਾਂ ਦਾ ਦਸਤਖ਼ਤ ਕਰਨਾ ਜ਼ਰੂਰੀ ਹੈ। ਜਦੋਂ ਇੱਕ ਵਾਰ ਬਦਲੀ ਵਾਲਾ ਦੂਜਾ ਡ੍ਰਾਈਵਰ ਲਾਈਸੈਂਸ ਜਾਰੀ ਕਰ ਦਿੱਤਾ ਜਾਂਦਾ ਹੈ, ਤਾਂ ਪਹਿਲਾਂ ਵਾਲਾ ਡ੍ਰਾਈਵਰ ਲਾਈਸੈਂਸ ਜਾਇਜ਼ ਨਹੀਂ ਰਹਿੰਦਾ। ਜੇ ਤੁਹਾਨੂੰ ਬਾਅਦ ਵਿੱਚ ਪੁਰਾਣਾ ਡ੍ਰਾਈਵਰ ਲਾਈਸੈਂਸ ਮਿਲ ਜਾਏ ਤਾਂ ਉਸਨੂੰ ਨਸ਼ਟ ਕਰ ਦਿਓ।

ਨਾਂ ਬਦਲਣਾ

ਜਦੋਂ ਤੁਸੀਂ ਵਿਆਹ ਕਰਕੇ ਜਾਂ ਕਿਸੇ ਹੋਰ ਕਾਰਨਾਂ ਕਰਕੇ ਕਨੂੰਨੀ ਤੌਰ ਤੇ ਆਪਣਾ ਨਾਂ ਬਦਲਦੇ ਹੋ, ਤਾਂ DMV ਕੋਲ ਆਉਣ ਤੋਂ ਪਹਿਲਾਂ ਸਮਾਜਕ ਸੁਰੱਖਿਆ ਪ੍ਰਬੰਧਨ ਕੋਲ ਆਪਣਾ ਨਾਂ ਬਦਲਾਉਣਾ ਪੱਕਾ ਕਰੋ। DMV ਦੇ ਕੋਲ ਆਪਣਾ ਵਿਆਹ ਦਾ ਪ੍ਰਮਾਣ-ਪੱਤਰ ਜਾਂ ਆਪਣੇ "ਅਸਲ ਪੂਰੇ ਨਾਂ" ਦੇ ਹੋਰ ਸਵੀਕਾਰਯੋਗ ਦਸਤਾਵੇਜ਼ਾਂ ਦੇ ਨਾਲ ਆਪਣਾ ਡ੍ਰਾਈਵਰ ਲਾਈਸੈਂਸ ਲੈ ਕੇ ਆਓ (ਪੰਨਾ 4 ਤੇ "ਡ੍ਰਾਈਵਰ ਲਾਈਸੈਂਸ ਪ੍ਰਾਪਤ ਕਰੋ" ਭਾਗ ਵੇਖੋ)। ਡ੍ਰਾਈਵਰ ਲਾਈਸੈਂਸ ਅਤੇ ਪਛਾਣ ਕਾਰਡ ਅਰਜ਼ੀ (DL 44/eDL 44) ਫਾਰਮ ਨੂੰ ਪੂਰਾ ਕਰਨਾ (eDL 44 ਨੂੰ ਔਨਲਾਈਨ ਜਾਕੇ ਪਹਿਲਾਂ ਤੋਂ ਪੂਰਾ ਕੀਤਾ ਜਾ ਸਕਦਾ ਹੈ) ਅਤੇ ਲਾਗੂ ਹੋਣ ਵਾਲੀ ਫੀਮ ਦਾ ਭੁਗਤਾਨ ਕਰਨਾ ਜ਼ਰੂਰੀ ਹੈ। DMV ਬਿਜਲਈ ਤਰੀਕੇ ਨਾਲ ਤੁਹਾਡੇ ਨਾਂ, ਜਨਮ ਦੀ ਤਾਰੀਖ਼, ਅਤੇ ਸ਼ੋਸ਼ਲ ਸਿੱਕਯੂਰਿਟੀ ਨੰਬਰ ਸਮਾਜਕ ਸੁਰੱਖਿਆ ਨੰਬਰ ਦੀ ਸਮਾਜਕ ਸੁਰੱਖਿਆ ਪ੍ਰਸ਼ਾਸਨ ਕੋਲੋਂ ਪੁਸ਼ਟੀ ਕਰੇਗੀ।

ਇੱਕ ਨਵੀਂ ਫੋਟੋ, ਉਂਗਲਾਂ ਦੇ ਨਿਸ਼ਾਨ ਅਤੇ ਦਸਤਖ਼ਤ ਲਿੱਤੇ ਜਾਣਗੇ।

ਲਿੰਗ ਸ਼੍ਰੇਣੀ ਸਬੰਧੀ ਤਬਦੀਲੀਆਂ

1 ਜਨਵਰੀ 2019 ਤੋਂ ਪ੍ਰਭਾਵੀ, ਗਾਹਕ ਪੁਰਸ਼, ਇਸਤਰੀ ਜਾਂ ਗ਼ੈਰ-ਦੋ ਅੰਗੀ ਦੀ ਲਿੰਗ ਸ਼੍ਰੇਣੀ ਲਈ ਅਰਜ਼ੀ ਦੇ ਸਕਦੇ ਹਨ। ਤੁਸੀਂ ਹੁਣ ਚਿਕਿਤਸਕ ਜਾਂ ਮਨੋਚਿਕਿਤਸਕ ਵੱਲੋਂ ਪੂਰਾ ਕੀਤਾ ਡਾਕਟਰੀ ਪ੍ਰਮਾਣ-ਪੱਤਰ ਅਤੇ ਅਧਿਕਾਰ (*Medical Certification and Authorization*, DL 329) ਫਾਰਮ ਮੁਹੱਈਆ ਕਰਨ ਦੀ ਲੋੜ ਨਹੀਂ ਹੈ, ਜੋ ਬਿਨੈਕਾਰ ਦੀ ਲਿੰਗ ਸਬੰਧੀ ਪਛਾਣ ਜਾਂ ਆਚਰਨ ਨੂੰ ਪ੍ਰਮਾਣਿਤ ਕਰਦਾ ਹੋਵੇ। ਜੇਕਰ ਲਿੰਗ ਸ਼੍ਰੇਣੀ ਵਾਲਾ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਪ੍ਰਾਪਤ ਕਰਨਾ ਚਾਹੁੰਦੇ ਹੋ, ਜੋ ਤੁਹਾਡੇ ਪਛਾਣ ਦਸਤਾਵੇਜ਼ ਜਾਂ ਮੌਜੂਦਾ ਕੈਲੀਫੋਰਨੀਆ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ‘ਤੇ ਲਿੰਗ ਤੋਂ ਵੱਖਰੀ ਹੋਵੇ, ਤਾਂ ਤੁਹਾਡੇ ਲਈ ਖੁਦ ਆ ਕੇ DMV ਨੂੰ ਪੂਰਾ ਕੀਤਾ ਲਿੰਗ ਸ਼੍ਰੇਣੀ ਬੇਨਤੀ (*Gender Category Request*, DL 329 S) ਪੇਸ਼ ਕਰਨਾ ਲਾਜ਼ਮੀ ਹੈ।

ਡ੍ਰਾਈਵਰ ਲਾਈਸੈਂਸ ਦਾ ਨਵੀਨੀਕਰਨ

DMV ਰਿਕਾਰਡ ਵਿੱਚ ਦਿੱਤੇ ਤੁਹਾਡੇ ਪਤੇ ਤੇ ਤੁਹਾਡੇ ਡ੍ਰਾਈਵਰ ਲਾਈਸੈਂਸ ਦੀ ਮਿਆਦ ਖਤਮ ਹੋਣ ਤੋਂ ਲਗਭਗ 90-120 ਦਿਨਾਂ ਪਹਿਲਾਂ ਇਕ ਨਵੀਨੀਕਰਨ ਦਾ ਨੋਟਿਸ ਭੇਜਦਾ ਹੈ। ਨਵੀਨੀਕਰਨ ਦੇ ਨੋਟਿਸ ਤੇ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਕਰੋ। ਜੇ ਤੁਸੀਂ ਨਵੀਨੀਕਰਨ ਦਾ ਨੋਟਿਸ ਪ੍ਰਾਪਤ ਨਹੀਂ ਕਰਦੇ ਹੋ, ਤਾਂ ਆਪਣੇ ਡ੍ਰਾਈਵਰ ਲਾਈਸੈਂਸ ਦੇ ਨਵੀਨੀਕਰਨ ਲਈ ਔਨਲਾਈਨ ਜਾ ਕੇ ਜਾਂ ਇੱਕ ਮੁਲਾਕਾਤ ਨਿਰਧਾਰਤ ਕਰੋ (ਪੰਨਾ viii ਵੇਖੋ)।

ਧਿਆਨ ਦਿਓ: ਜੇ ਤੁਹਾਡੀ DMV ਕੋਲ ਫਾਈਲ 'ਤੇ ਕੋਈ ਬਕਾਇਆ ਅਰਜ਼ੀ ਹੈ ਤਾਂ ਤੁਹਾਨੂੰ ਇੱਕ ਨਵੀਨੀਕਰਨ ਨੋਟਿਸ ਨਹੀਂ ਮਿਲੇਗਾ।

ਯੋਗ ਡ੍ਰਾਈਵਰ DMV ਦੀ ਵੈਬਸਾਇਟ **www.dmv.ca.gov** ਤੇ ਔਨਲਾਈਨ ਜਾਕੇ ਜਾਂ ਡਾਕ ਰਾਹੀਂ ਆਪਣੇ ਡ੍ਰਾਈਵਰ ਲਾਈਸੈਂਸ ਦੇ ਨਵੀਨੀਕਰਨ ਕਰਵਾਉਣ ਦੇ ਯੋਗ ਹੋ ਸਕਦੇ ਹਨ।

DMV 5 ਸਾਲਾਂ ਲਈ ਡ੍ਰਾਈਵਰ ਲਾਈਸੈਂਸ ਜਾਰੀ ਕਰ ਸਕਦੀ ਹੈ। ਡ੍ਰਾਈਵਰ ਲਾਈਸੈਂਸ ਦੀ ਇਸ ਤੇ ਦਰਸਾਏ ਗਏ ਸਾਲ ਵਿੱਚ ਤੁਹਾਡੇ ਜਨਮ ਦੀ ਤਾਰੀਖ਼ ਵਾਲੇ ਦਿਨ ਮਿਆਦ ਖਤਮ ਹੁੰਦੀ ਹੈ। ਮਿਆਦ ਖਤਮ ਹੋ ਚੁੱਕੇ ਡ੍ਰਾਈਵਰ ਲਾਈਸੈਂਸ ਨਾਲ ਗੱਡੀ ਚੱਲਾਉਣਾ ਕਨੂੰਨ ਦੇ ਖਿਲਾਫ਼ ਹੈ। ਡ੍ਰਾਈਵਰ ਲਾਈਸੈਂਸ ਨਾਲ ਸੰਬੰਧਤ ਕਿਸੇ ਵੀ ਕਾਰਵਾਈ ਲਈ ਇੱਕ ਡ੍ਰਾਈਵਿੰਗ ਟੈਸਟ ਦੀ ਲੋੜ ਪੈ ਸਕਦੀ ਹੈ। ਡ੍ਰਾਈਵਿੰਗ ਟੈਸਟ ਦੀ ਸਿਰਫ ਉਮਰ ਦੇ ਕਾਰਨ ਲੋੜ ਨਹੀਂ ਹੁੰਦੀ ਹੈ। ਜੇ DMV ਤੁਹਾਡੀ ਪਛਾਣ ਦੀ ਪੁਸ਼ਟੀ ਨਾ ਕਰ ਸਕੇ, ਤਾਂ ਤੁਹਾਨੂੰ ਇੱਕ ਅਸਥਾਈ ਡ੍ਰਾਈਵਰ ਲਾਈਸੈਂਸ ਜਾਰੀ ਨਹੀਂ ਕੀਤਾ ਜਾਵੇਗਾ।

ਹੋਰ ਪ੍ਰਕਾਰ ਦੇ ਲਾਈਸੈਂਸਾਂ ਲਈ ਕੈਲੀਫੋਰਨੀਆ ਕਮਰਸ਼ਿਅਲ ਡ੍ਰਾਈਵਰ ਹੈਂਡਬੁੱਕ (DL 650), ਮਨੋਰੰਜ਼ਨ ਵਾਲੇ ਵਹੀਕਲਜ਼ ਐਂਡ ਟ੍ਰੇਲਰਜ਼ ਹੈਂਡਬੁੱਕ (DL 648), ਜਾਂ ਕੈਲੀਫੋਰਨੀਆ ਮੋਟਰਸਾਈਕਲ ਹੈਂਡਬੁੱਕ (DL 665) ਨੂੰ ਵੇਖੋ।

ਡਾਕ ਜਾਂ ਇੰਟਰਨੈਟ ਰਾਹੀਂ ਨਵੀਨੀਕਰਨ (ਰੀਨਊਅਲ) ਕਰਾਉਣਾ

ਜੇ ਤੁਹਾਨੂੰ ਲਗਾਤਾਰ 2 ਵਾਰੀ 5 ਸਾਲਾਂ ਲਈ ਡ੍ਰਾਈਵਰ ਲਾਈਸੈਂਸ ਦੀ ਮਿਆਦ ਦਾ ਵਾਧਾ ਨਹੀਂ ਮਿਲਿਆ ਹੈ, ਤਾਂ ਤੁਸੀਂ ਇੱਕ ਕਨੂੰਨੀ ਟੈਸਟ ਦਿੱਤੇ ਬਿਨ੍ਹਾਂ ਹੀ ਡਾਕ, ਜਾਂ ਇੰਟਰਨੈਟ ਰਾਹੀਂ ਨਵੀਨੀਕਰਨ ਦੇ ਯੋਗ ਹੋ ਸਕਦੇ ਹੋ, ਜੇ:

- ਤੁਹਾਡੇ ਮੌਜੂਦਾ ਡ੍ਰਾਈਵਰ ਲਾਈਸੈਂਸ ਦੀ ਮਿਆਦ 70 ਸਾਲ ਦੀ ਉਮਰ ਹੋਣ ਤੋਂ ਪਹਿਲਾਂ ਹੀ ਖਤਮ ਹੋ ਜਾਂਦੀ ਹੈ।
- ਤੁਹਾਡੇ ਕੋਲ ਪ੍ਰੋਬੇਸ਼ਨਰੀ (ਆਰਜ਼ੀ) ਡ੍ਰਾਈਵਰ ਲਾਈਸੈਂਸ ਨਾ ਹੋਵੇ (CVC §14250)।
- ਤੁਸੀਂ ਪਿਛੱਲੇ 2 ਸਾਲਾਂ ਦੇ ਦੌਰਾਨ ਅਦਾਲਤ ਵਿੱਚ ਪੇਸ਼ ਹੋਣ ਲਈ ਲਿੱਖਤ ਵਾਇਦੇ ਦੀ ਉਲੰਘਣਾ ਨਹੀਂ ਕੀਤੀ ਹੈ।
- ਪਿਛੱਲੇ 2 ਸਾਲਾਂ ਦੇ ਦੌਰਾਨ ਤੁਹਾਡੇ ਖ਼ੂਨ ਵਿੱਚ ਸ਼ਰਾਬ ਦੀ ਮਾਤਰਾ (BAC) ਦੇ ਪੱਧਰ ਦੇ ਵੱਧ ਹੋਣ ਦੇ ਨਾਲ ਗੱਡੀ ਚੱਲਾਉਣ ਲਈ, ਜਾਂ ਸ਼ਰਾਬ ਦੀ ਜਾਂਚ ਕਰਨ ਲਈ ਰਸਾਇਣਕ ਜਾਂ ਮੁਢਲੇ ਟੈਸਟ ਕਰਵਾਉਣ ਤੋਂ ਇਨਕਾਰ ਕਰਨ ਜਾਂ ਨਾਕਾਮ ਹੋਣ ਦੇ ਕਾਰਨ ਤੁਹਾਨੂੰ ਮੁਅੱਤਲ ਨਹੀਂ ਕੀਤਾ ਗਿਆ ਹੈ।
- ਤੁਹਾਡੇ ਉਲੰਘਣਾ ਪੁਆਇੰਟਾਂ ਦੀ ਕੁਲ ਗਿਣਤੀ 1 ਪੁਆਇੰਟ ਤੋਂ ਵੱਧ ਨਹੀਂ ਹੈ।

ਡ੍ਰਾਈਵਰ ਲਾਈਸੈਂਸ ਦੀ ਮਿਆਦ ਵਧਾਉਣਾ

ਜੇ ਤੁਸੀਂ ਕੈਲੀਫੋਰਨੀਆ ਤੋਂ ਬਾਹਰ ਹੋ (1 ਸਾਲ ਤੱਕ), ਤਾਂ ਤੁਸੀ ਆਪਣੇ ਡ੍ਰਾਈਵਰ ਲਾਈਸੈਂਸ ਦੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਉਸ ਦੀ ਮਿਆਦ 1 ਸਾਲ ਲਈ ਮੁਫਤ ਵਧਾਉਣ ਲਈ ਬੇਨਤੀ ਕਰ ਸਕਦੇ ਹੋ। ਆਪਣੀ ਬੇਨਤੀ ਇਸ ਪਤੇ ਤੇ ਭੇਜੋ DMV, PO Box 942890, Sacramento, CA 94290-0001. ਬੇਨਤੀ ਵਿੱਚ ਆਪਣਾ ਨਾਮ, ਡ੍ਰਾਈਵਰ ਲਾਈਸੈਂਸ ਨੰਬਰ, ਜਨਮ ਦੀ ਤਾਰੀਖ਼, ਕੈਲੀਫੋਰਨੀਆ ਵਿੱਚ ਰਿਹਾਇਸ਼ੀ ਪਤਾ, ਅਤੇ ਸਟੇਟ ਤੋਂ ਬਾਹਰ ਦਾ ਆਪਣਾ ਪਤਾ ਸ਼ਾਮਲ ਕਰੋ। ਸੀਮਿਤ ਮਿਆਦ ਵਾਲੇ ਡ੍ਰਾਈਵਰ ਇਸ ਤਰ੍ਹਾਂ ਦੀ ਮਿਆਦ ਵਧਾਉਣ ਦੇ ਪਾਤਰ ਨਹੀਂ ਹਨ।

ਲਾਈਨ ਵਿੱਚ ਖੜ੍ਹੇ ਹੋਣ ਤੋਂ ਬਚੋ!

ਰਜਿਸਟ੍ਰੇਸ਼ਨ ਦੇ ਨਵੀਨੀਕਰਨ ਅਤੇ ਹੋਰ ਬਹੁਤ ਕੁਝ ਲਈ DMV NOW ਕਿਯੋਸਕ ਦੀ ਵਰਤੋਂ ਕਰੋ।

ਸਕੈਨ ਕਰੋ • ਭੁਗਤਾਨ ਕਰੋ • ਪ੍ਰਿੰਟ ਕਰੋ

DMV NOW

ਸਥਾਨ ਦਾ ਪਤਾ ਲਗਾਉਣ ਲਈ,
cadmvnow.com/info ਤੇ ਜਾਓ

ਡ੍ਰਾਈਵਰ ਲਾਈਸੈਂਸ ਆਪਣੇ ਕੋਲ ਰੱਖਣਾ

ਗੱਡੀ ਚਲਾਉਣ ਵੇਲੇ ਤੁਹਾਡਾ ਡ੍ਰਾਈਵਰ ਲਾਈਸੈਂਸ ਹਮੇਸ਼ਾ ਤੁਹਾਡੇ ਕੋਲ ਹੋਣਾ ਲਾਜ਼ਮੀ ਹੈ। ਜੇ ਕੋਈ ਪੁਲਿਸ ਅਫਸਰ ਇਸ ਨੂੰ ਵੇਖਣ ਦੀ ਮੰਗ ਕਰਦਾ ਹੈ ਤਾਂ ਉਸ ਨੂੰ ਲਾਈਸੈਂਸ ਦਿਖਾਉਣਾ ਜ਼ਰੂਰੀ ਹੈ। ਜੇ ਤੁਹਾਡੀ ਕਿਸੇ ਨਾਲ ਟੱਕਰ ਹੋ ਜਾਂਦੀ ਹੈ, ਤਾਂ ਤੁਹਾਡਾ ਇਸ ਵਿੱਚ ਸ਼ਾਮਲ ਦੂਜੇ ਡ੍ਰਾਈਵਰ(ਰਾਂ) ਨੂੰ ਇਸ ਨੂੰ ਦਿਖਾਉਣਾ ਲਾਜ਼ਮੀ ਹੈ। (ਪੰਨਾ 95 ਤੇ "ਟੱਕਰ ਵਿੱਚ ਸ਼ਾਮਲ ਹੋ" ਭਾਗ ਨੂੰ ਵੇਖੋ)।

ਪਤੇ ਵਿੱਚ ਤਬਦੀਲੀਆਂ

ਜਦੋਂ ਤੁਸੀਂ ਘਰ ਬਦਲਦੇ ਹੋ, ਤਾਂ 10 ਦਿਨਾਂ ਦੇ ਅੰਦਰ-ਅੰਦਰ ਤੁਹਾਡਾ DMV ਨੂੰ ਆਪਣਾ ਨਵਾਂ ਪਤਾ ਦੇਣਾ ਲਾਜ਼ਮੀ ਹੈ। ਪਤੇ ਵਿੱਚ ਤਬਦੀਲੀ ਕਰਨ ਲਈ ਕੋਈ ਫੀਸ ਨਹੀਂ ਲਗਦੀ ਹੈ। ਤੁਸੀਂ ਆਪਣੇ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਅਤੇ ਗੱਡੀ(ਆਂ) ਲਈ ਆਪਣੇ ਪਤੇ ਵਿੱਚ ਤਬਦੀਲੀ ਦੀ ਸੂਚਨਾ DMV ਨੂੰ ਔਨਲਾਈਨ **www.dmv.ca.gov** ਤੇ ਜਾਕੇ ਦੇ ਸਕਦੇ ਹੋ। ਤੁਸੀਂ ਪਤੇ ਦੀ ਤਬਦੀਲੀ ਵਾਲਾ (*Change of Address*, DMV 14) ਫਾਰਮ ਡਾਉਨਲੋਡ ਕਰਕੇ ਉਸ ਤੇ ਦਿੱਤੇ ਪਤੇ ਤੇ ਡਾਕ ਰਾਹੀਂ ਵੀ ਭੇਜ ਸਕਦੇ ਹੋ, ਜਾਂ ਤੁਸੀਂ DMV ਨੂੰ 1-800-777-0133 'ਤੇ ਫੋਨ ਕਰਕੇ ਉਨ੍ਹਾਂ ਨੂੰ DMV 14 ਫਾਰਮ ਤੁਹਾਨੂੰ ਭੇਜਣ ਲਈ ਬੇਨਤੀ ਕਰ ਸਕਦੇ ਹੋ। ਪਤੇ ਵਿੱਚ ਤਬਦੀਲੀ ਹੋਣ ਤੇ ਨਵਾਂ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਜਾਰੀ ਨਹੀਂ ਕੀਤਾ ਜਾਂਦਾ ਹੈ। ਤੁਸੀਂ ਆਪਣਾ ਨਵਾਂ ਪਤਾ ਕਾਗਜ਼ ਦੇ ਇੱਕ ਛੋਟੇ ਟੁਕੜੇ ਤੇ ਲਿੱਖ ਕੇ ਜਾਂ ਟਾਇਪ ਕਰ ਕੇ ਅਤੇ ਇਸ ਪਰਚੀ ਤੇ ਦਸਤਖ਼ਤ ਕਰਕੇ ਅਤੇ ਤਾਰੀਖ ਪਾ ਕੇ ਉਸਨੂੰ ਆਪਣੇ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਦੇ ਨਾਲ (ਪਿੰਨਾਂ ਜਾਂ ਟੇਪ ਦੀ ਵਰਤੋਂ ਨਾ ਕਰੋ) ਵੀ ਰੱਖ ਸਕਦੇ ਹੋ। ਜੇ ਤੁਸੀਂ ਕਿਸੇ ਫੀਲਡ ਦਫ਼ਤਰ ਵਿਖੇ ਆਪਣਾ ਪਤਾ ਤਬਦੀਲ ਕਰਦੇ ਹੋ, ਤਾਂ DMV ਦਾ ਨੁਮਾਇੰਦਾ ਤੁਹਾਨੂੰ ਪਤੇ ਵਿੱਚ ਤਬਦੀਲੀ ਦਾ ਪ੍ਰਮਾਣ-ਪੱਤਰ (*Change of Address Card*, DL 43) ਪੂਰਾ ਕਰਨ ਅਤੇ ਆਪਣੇ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਦੇ ਨਾਲ ਰੱਖਣ ਲਈ ਦੇਵੇਗਾ।

ਜ਼ਰੂਰੀ: ਆਪਣਾ ਪਤਾ ਅਮਰੀਕੀ ਡਾਕ ਸੇਵਾ (*U.S. Postal Service*) ਕੋਲ ਬਦਲੋ ਤਾਂਕਿ ਪੱਕਾ ਹੋ ਸਕੇ ਕਿ DMV ਦਾ ਪੱਤਰ-ਵਿਵਹਾਰ ਤੁਹਾਡੇ ਮੌਜੂਦਾ ਡਾਕ ਪਤੇ ਤੇ ਭੇਜਿਆ ਜਾਂਦਾ ਹੈ। ਇਹ ਪੱਕਾ ਕਰਨਾ ਤੁਹਾਡੀ ਜ਼ੁੰਮੇਵਾਰੀ ਹੈ ਕਿ DMV ਕੋਲ ਤੁਹਾਡਾ ਸਹੀ ਡਾਕ ਪਤਾ ਮੌਜੂਦ ਹੈ।

ਨਜ਼ਰ

DMV ਸਾਰੇ ਡ੍ਰਾਈਵਰਾਂ ਦੀ ਦੋਸ਼ਨਿਵਾਰਕ ਲੈਂਸਾਂ ਨਾਲ ਜਾਂ ਉਨ੍ਹਾਂ ਤੋਂ ਬਗੈਰ ਨਜ਼ਰ ਦੀ ਮਾਪ ਲਈ ਜਾਂਚ ਕਰਦੀ ਹੈ। ਜੇ ਤੁਸੀਂ DMV ਦੇ ਨਜ਼ਰ ਦੇ ਮਾਨਕ (20/40) ਨੂੰ ਪੂਰਾ ਨਹੀਂ ਕਰਦੇ ਹੋ ਤਾਂ ਤੁਹਾਨੂੰ ਇੱਕ ਨਜ਼ਰ ਦੇ ਵਿਸ਼ੇਸ਼ਗ ਡਾਕਟਰ ਕੋਲ ਜਾਣ ਦੀ ਲੋੜ ਪਵੇਗੀ। DMV ਦਾ ਪ੍ਰਤੀਨਿਧ ਤੁਹਾਨੂੰ ਨਜ਼ਰ ਦੀ ਜਾਂਚ ਦੀ ਰਿਪੋਰਟ (*Report of Vision Examination*, DL 62) ਦਾ ਇੱਕ ਫਾਰਮ ਦੇਵੇਗਾ ਜੋ ਕਿ ਨਜ਼ਰ ਦੇ ਵਿਸ਼ੇਸ਼ਗ ਡਾਕਟਰ ਰਾਹੀਂ ਪੂਰਾ ਕੀਤਾ ਜਾਏਗਾ। ਜੇ ਤੁਹਾਡੀ ਨਜ਼ਰ 20/70 ਤੋਂ ਜ਼ਿਆਦਾ ਖਰਾਬ ਨਹੀਂ ਹੈ ਤਾਂ DMV ਤੁਹਾਨੂੰ 30 ਦਿਨਾਂ ਲਈ ਇੱਕ ਅਸਥਾਈ ਡ੍ਰਾਈਵਰ ਲਾਈਸੈਂਸ ਜਾਰੀ ਕਰ ਸਕਦੀ ਹੈ ਤਾਂ ਕਿ ਤੁਹਾਡੇ ਕੋਲ ਨਜ਼ਰ ਦੀ ਜਾਂਚ ਕਰਵਾਉਣ ਲਈ ਸਮਾਂ ਹੋਵੇ। ਸਾਰੇ ਡ੍ਰਾਈਵਰ ਜਿਹੜੇ ਇੱਕ ਡ੍ਰਾਈਵਰ ਲਾਈਸੈਂਸ ਲਈ ਆਵੇਦਨ ਕਰ ਰਹੇ ਹਨ, ਇਸ ਤੋਂ ਪਹਿਲਾਂ ਕਿ ਉਨ੍ਹਾਂ ਨੂੰ ਇੱਕ ਡ੍ਰਾਈਵਰ ਲਾਈਸੈਂਸ ਜਾਰੀ ਕੀਤਾ ਜਾਏ, ਉਨ੍ਹਾਂ ਦੀ ਘੱਟੋ-ਘੱਟ ਇੱਕ ਅੱਖ ਵਿੱਚ 20/200 (ਸਰਵੋਤਮ ਤਰੀਕੇ ਨਾਲ ਠੀਕ) ਤੋਂ ਬਿਹਤਰ ਇੱਕ ਵਿਜ਼ੁਅਲ ਐਕਯੂਟੀ (ਦਿੱਸਣ ਦੀ ਸਮਰਥਾ) ਦਾ ਹੋਣਾ ਜ਼ਰੂਰੀ ਹੈ। ਤੁਹਾਨੂੰ ਬਿਹਤਰ ਅੱਖ ਵਿੱਚ 20/200 ਦੀ ਵਿਜ਼ਨ ਐਕਯੂਟੀ (ਦਿੱਸਣ ਦੀ ਸਮਰਥਾ) ਲਈ ਇੱਕ ਬਾਯੋਪਟਿਕ ਟੇਲੀਸਕੋਪ ਜਾਂ ਉਸੀ ਤਰ੍ਹਾਂ ਦੇ ਕਿਸੇ ਹੋਰ ਲੈਂਸ ਨੂੰ ਪਾਉਣ ਦੀ ਮਨਾਹੀ ਹੈ।

ਡਾਕਟਰੀ ਜਾਣਕਾਰੀ ਕਾਰਡ

ਆਪਣੇ ਖ਼ੂਨ ਦਾ ਟਾਈਪ, ਐਲਰਜੀਆਂ, ਡਾਕਟਰ ਦਾ ਨਾਂ ਅਤੇ ਹੋਰ ਡਾਕਟਰੀ ਜਾਣਕਾਰੀ ਲਿੱਖਣ ਲਈ ਇੱਕ ਡਾਕਟਰੀ ਸੂਚਨਾ ਕਾਰਡ (*Medical Information Card*, DL 390) ਪ੍ਰਾਪਤ ਕਰਨ ਲਈ 1-800-777-0133 'ਤੇ ਕਾਲ ਕਰੋ। ਇਸਨੂੰ ਤੁਹਾਡੇ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਦੇ ਨਾਲ ਰੱਖਿਆ ਜਾ ਸਕਦਾ ਹੈ।

ਅੰਗਾਂ ਅਤੇ ਟਿਸ਼ੂਆਂ ਦਾ ਦਾਨ

ਤੁਸੀਂ ਆਪਣੀ ਮੌਤ ਤੋਂ ਬਾਅਦ ਟ੍ਰਾਂਸਪਲਾਂਟ ਕਰਨ ਲਈ ਆਪਣੇ ਸਰੀਰ ਦੇ ਅੰਗਾਂ ਅਤੇ ਟਿਸ਼ੂਆਂ ਦਾ ਦਾਨ ਕਰਨ ਲਈ ਸਾਇਨ-ਅਪ ਕਰ ਸਕਦੇ ਹੋ। ਜਦੋਂ ਤੁਸੀਂ ਆਪਣਾ ਡ੍ਰਾਇਵਰ ਲਾਈਸੈਂਸ/ਪਛਾਣ ਕਾਰਡ ਬਣਾਉਣ ਲਈ ਜਾਂ ਨਵੀਨੀਕਰਨ ਲਈ ਅਰਜ਼ੀ ਦਿੰਦੇ ਹੋ ਅਤੇ "ਹਾਂ! ਮੇਰਾ ਨਾਂ ਡੋਨਰ ਰਜਿਸਟਰੀ ਵਿੱਚ ਸ਼ਾਮਲ ਕੀਤਾ ਜਾਵੇ" ਬਾਕਸ ਤੇ ਸਹੀ ਦਾ ਨਿਸ਼ਾਨ ਲਾਉਂਦੇ ਹੋ ਤਾਂ ਤੁਹਾਡਾ ਨਾਮ ਡੋਨੇਟ ਲਾਈਫ ਕੈਲੀਫੋਰਨੀਆ ਔਰਗਨ ਟਿਸ਼ੂ ਡੋਨਰ ਰਜਿਸਟਰੀ (*Donate life California Organ Tissue Donor Registry*) ਵਿੱਚ ਸ਼ਾਮਲ ਕਰ ਦਿੱਤਾ ਜਾਏਗਾ ਅਤੇ ਤੁਹਾਡੇ ਡ੍ਰਾਇਵਰ ਲਾਈਸੈਂਸ/ਪਛਾਣ ਕਾਰਡ ਉੱਤੇ ਇੱਕ ਗੁਲਾਬੀ DONOR ਬਿੰਦੂ ਨਜ਼ਰ ਆਏਗਾ। ਆਪਣੇ ਡ੍ਰਾਇਵਰ ਲਾਈਸੈਂਸ/ਪਛਾਣ ਕਾਰਡ 'ਤੇ DONOR ਬਿੰਦੂ ਨੂੰ ਬਣਾਈ ਰੱਖਣ ਲਈ ਤੁਹਾਡਾ ਹਾਂ 'ਤੇ ਨਿਸ਼ਾਨ ਲਾਉਣਾ ਜ਼ਰੂਰੀ ਹੈ। ਜਦੋਂ ਤੁਸੀਂ "ਮੈਂ ਇਸ ਵੇਲੇ ਅੰਗ ਜਾਂ ਟਿਸ਼ੂ ਦਾਨ ਕਰਨ ਲਈ ਰਜਿਸਟਰ ਨਹੀਂ ਕਰਨਾ ਚਾਹੁੰਦਾ" ਬਾਕਸ ਤੇ ਨਿਸ਼ਾਨ ਲਾਉਂਦੇ ਹੋ, ਤਾਂ ਤੁਹਾਡਾ ਨਾਮ ਰਜਿਸਟਰੀ ਤੋਂ ਨਹੀਂ ਹਟਾਇਆ ਜਾਏਗਾ। ਜੇ ਤੁਸੀਂ ਰਜਿਸਟਰੀ ਤੋਂ ਆਪਣਾ ਨਾਮ ਹਟਵਾਉਣਾ ਚਾਹੁੰਦੇ ਹੋ, ਤਾਂ ਤੁਹਾਡਾ ਡੋਨੇਟ ਲਾਇਫ਼ ਕੈਲੀਫੋਰਨੀਆਂ (*Donate Life California*) ਨਾਲ ਸੰਪਰਕ ਕਰਨਾ ਜ਼ਰੂਰੀ ਹੈ। DMV ਤੁਹਾਡੇ ਡ੍ਰਾਇਵਰ ਲਾਈਸੈਂਸ/ਪਛਾਣ ਕਾਰਡ ਤੋਂ DONOR ਬਿੰਦੂ ਨੂੰ ਤਾਂ ਹਟਾ ਸਕਦਾ ਹੈ ਪਰ ਤੁਹਾਨੂੰ ਰਜਿਸਟਰੀ ਤੋਂ ਨਹੀਂ ਨਿਕਾਲ ਸਕਦਾ। ਤੁਸੀਂ "ਕੀ ਤੁਸੀਂ $2 ਦਾ ਸਵੈਂ-ਇੱਛਿਤ ਯੋਗਦਾਨ ਕਰਨਾ ਚਾਹੋਗੇ" ਬਾਕਸ 'ਤੇ ਨਿਸ਼ਾਨ ਲਾ ਕੇ ਅੰਗਾਂ ਅਤੇ ਟਿਸ਼ੂ ਦਾਨ ਦੀ ਸਹਾਇਤਾ ਅਤੇ ਪ੍ਰਚਾਰ ਕਰਨ ਲਈ $2 ਦਾ ਆਪਣੀ ਮਰਜ਼ੀ ਨਾਲ ਯੋਗਦਾਨ ਵੀ ਦੇ ਸਕਦੇ ਹੋ। ਜਿਵੇਂ ਕਿ California Anatomical Gift Act ਵਿੱਚ ਦੱਸਿਆ ਗਿਆ ਹੈ, ਤੁਹਾਡਾ ਅਧਿਕ੍ਰਤ ਕਰਨਾ ਕਨੂੰਨੀ ਤੌਰ ਤੇ ਲਾਗੂ ਹੁੰਦਾ ਹੈ ਅਤੇ, ਜਦੋਂ ਤੱਕ ਕਿ ਦਾਨੀ 18 ਸਾਲ ਤੋਂ ਘੱਟ ਉਮਰ ਦਾ ਨਾ ਹੋਵੇ, ਤੁਹਾਡੇ ਫ਼ੈਸਲੇ ਲਈ ਕਿਸੇ ਹੋਰ ਵਿਅਕਤੀ ਦੀ ਸਹਿਮਤੀ ਦੀ ਲੋੜ ਨਹੀਂ ਹੈ। 18 ਸਾਲਾਂ ਤੋਂ ਘੱਟ ਉਮਰ ਦੇ ਰਜਿਸਟਰ ਹੋਏ ਦਾਨੀਆਂ ਲਈ, ਕਨੂੰਨੀ ਸਰਪ੍ਰਸਤ ਦਾਨ ਸਬੰਧੀ ਅੰਤਮ ਫੈਸਲਾ ਲਏਗਾ/ਗੀ। ਤੁਸੀਂ ਆਪਣੇ ਅੰਗਾਂ ਨੂੰ ਖਾਸ ਅੰਗਾਂ ਜਾਂ ਟਿਸ਼ੂਆਂ ਤੱਕ ਸੀਮਤ ਕਰ ਸਕਦੇ ਹੋ, ਵਰਤੋਂ ਦੇ ਪਾਬੰਦੀਆਂ ਰੱਖ ਸਕਦੇ ਹੋ (ਮਿਸਾਲ ਲਈ, ਟ੍ਰਾਂਸਪਲਾਂਟੇਸ਼ਨ ਜਾਂ ਖੋਜ), ਦਾਨ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ, ਆਪਣੀ ਦਾਨੀ ਸਥਿਤੀ ਜਾਂ ਜਾਣਕਾਰੀ ਨੂੰ ਤੁਹਾਡੇ ਨਾਮ ਅਤੇ ਪਤੇ ਸਮੇਤ ਬਦਲਣਾ ਜਾਂ ਅਪਡੇਟ ਕਰਨਾ, ਜਾਂ ਆਪਣਾ ਨਾਮ ਡੋਨੇਟ ਲਾਇਫ਼ ਕੈਲੀਫੋਰਨੀਆਂ ਦੀ ਵੈਬਸਾਈਟ 'ਤੇ ਰਜਿਸਟਰੀ ਤੋਂ ਹਟਾ ਸਕਦੇ ਹੋ: **donateLIFEcalifornia.org**.

ਰਿਟਾਯਰਡ ਫੌਜੀ ਵਿਅਕਤੀ ਦਾ ਅਹੁਦਾ ਅਤੇ ਉਸਨੂੰ ਮਿਲਣ ਵਾਲੇ ਫਾਇਦੇ ਬਾਰੇ ਜਾਣਕਾਰੀ

ਇੱਕ $5 ਦੀ ਵਾਧੂ ਫੀਸ ਦੇ ਬਦਲੇ DMV ਉਨ੍ਹਾਂ ਵਿਅਕਤੀਆਂ ਨੂੰ ਆਪਣੇ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਦੇ ਸਾਮ੍ਹਣੇ "VETERAN" ਸ਼ਬਦ ਲਿੱਖਣ ਦੇ ਵਿਕਲਪ ਦੀ ਪੇਸ਼ਕਸ਼ ਕਰਦਾ ਹੈ ਜਿੰਨਾਂ ਨੇ ਆਪਣੇ ਦੇਸ਼ ਦੀ ਸੇਵਾ ਕੀਤੀ ਹੈ ਤਾਂ ਕਿ ਪਤਾ ਲੱਗ ਸਕੇ ਕਿ ਇਸ ਵਿਅਕਤੀ ਨੇ ਅਮਰੀਕੀ ਫ਼ੌਜ਼ ਵਿੱਚ ਕੰਮ ਕੀਤਾ ਹੈ। ਨਾਲ ਹੀ DMV ਵੈਟਰਨਸ ਨੂੰ ਕੈਲੀਫੋਰਨੀਆ ਡਿਪਾਰਟਮੇਂਟ ਆਫ ਵੈਟਰਨਸ ਅਫੇਯਰਸ (*California Department of Veterans Affairs*) ਕੋਲ ਭੇਜੇਗਾ ਤਾਂ ਜੋ ਅਮਰੀਕੀ ਫ਼ੌਜ਼ ਵਿੱਚ ਕੰਮ ਕਰਦੇ ਹੋਏ ਮਿਲਣ ਵਾਲੇ ਫਾਇਦੀਆਂ ਲਈ ਪਾਤਰਤਾ ਨੂੰ ਨਿਰਧਾਰਤ ਕੀਤਾ ਜਾ ਸਕੇ।

ਮੈਂ ਫ਼ੌਜ਼ ਵਿੱਚ ਕੰਮ ਕੀਤੇ ਹੋਏ ਵਿਅਕਤੀ ਦੀ ਪਦਵੀ ਕਿਵੇਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

- ਇੱਕ ਦਸਤਖ਼ਤ ਕੀਤਾ ਅਤੇ ਪ੍ਰਮਾਣਿਤ ਵੈਟਰਨਸ ਸਥਿਤੀ ਦਾ ਪ੍ਰਮਾਣੀਕਰਨ ਫਾਰਮ (*Veteran Status Verification Form*, VSD-001) ਪ੍ਰਾਪਤ ਕਰਨ ਲਈ ਕਾਉਂਟੀ ਵੈਟਰਨਸ ਸਰਵਿਸ ਅਧਿਕਾਰੀ (*County Veterans Service Officers*, CVSO) ਕੋਲ ਜਾਓ।
- ਆਪਣੇ ਡ੍ਰਾਇਵਰ ਲਾਈਸੈਂਸ/ਪਛਾਣ ਕਾਰਡ ਤੇ ਫ਼ੌਜ਼ ਵਿੱਚ ਕੰਮ ਕੀਤੇ ਹੋਏ ਵਿਅਕਤੀ ਦੀ ਪਦਵੀ ਜੋੜ੍ਹਣ ਦੀ ਬੇਨਤੀ ਕਰਨ ਲਈ ਕਿਸੇ DMV ਫੀਲਡ ਦਫ਼ਤਰ ਵਿੱਚ ਜਾਓ।
- ਵਧੇਰੀ ਜਾਣਕਾਰੀ ਲਈ DMV ਦੀ ਵੈਬਸਾਈਟ **www.dmv.ca.gov** ਤੇ ਜਾਓ ਜਾਂ ਕੀ ਤੁਸੀਂ ਫ਼ੌਜ਼ ਵਿੱਚ ਕੰਮ ਕੀਤੇ ਹੋਏ ਵਿਅਕਤੀ ਹੋ? (*Are You a Veteran*? FFDL 43) ਫਾਸਟ ਫੈਕਟ ਵਿਵਰਨ-ਪੁਸਤਿਕਾ ਵੇਖੋ। ਕੈਲੀਫੋਰਨੀਆ ਡਿਪਾਰਟਮੇਂਟ ਆਫ ਵੈਟਰਨਸ ਅਫੇਯਰਸ (CalVet) ਦਾ ਕਨੇਕਟ

ਪ੍ਰੋਗਰਾਮ ਤੁਹਾਨੂੰ ਮਿਲਣ ਵਾਲੇ ਫਾਇਦੀਆਂ, ਜਿਵੇਂ ਕਿ ਨੌਕਰੀ, ਰਿਹਾਇਸ਼, ਸਿੱਖਿਆ, ਅਤੇ ਸਿਹਤ ਦੇਖਭਾਲ ਸੇਵਾਵਾਂ ਬਾਰੇ ਜਾਣਕਾਰੀ ਦੇਣਾ ਚਾਹੁੰਦਾ ਹੈ, ਜਿੰਨਾਂ ਲਈ ਤੁਸੀ ਪਾਤਰ ਹੋ ਸਕਦੇ ਹੋ। DL 44 ਫਾਰਮ ਤੇ "ਜੇ ਤੁਸੀਂ ਅਮਰੀਕੀ ਫ਼ੌਜ਼ ਵਿੱਚ ਕੰਮ ਕੀਤਾ ਹੈ, ਤਾਂ ਕੀ ਤੁਸੀਂ ਫੌਜ਼ੀ ਵਿਅਕਤੀ ਨੂੰ ਮਿਲਣ ਵਾਲੇ ਫਾਇਦੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ ਜਿੰਨਾਂ ਲਈ ਤੁਸੀ ਪਾਤਰ ਹੋ ਸਕਦੇ ਹੋ" ਬਕਸੇ ਤੇ ਨਿਸ਼ਾਨ ਲਾ ਦਿਓ। DMV ਤੁਹਾਡਾ ਨਾਂ ਅਤੇ ਡਾਕ ਦਾ ਪਤਾ CalVet ਨੂੰ ਅੱਗੇ ਭੇਜੇਗਾ ਤਾਂ ਜੋ ਉਹ ਤੁਹਾਨੂੰ ਫਾਇਦੀਆਂ ਬਾਰੇ ਜਾਣਕਾਰੀ ਭੇਜ ਸਕੇ। ਆਪਣੇ ਕੋਲ ਦੇ ਕਿਸੇ CalVet ਦਫ਼ਤਰ ਬਾਰੇ ਪਤਾ ਕਰਨ ਲਈ, ਆਪਣੀ ਟੇਲੀਫ਼ੋਨ ਦੀ ਕਿਤਾਬ ਵਿੱਚ ਸਥਾਨਕ ਸਰਕਾਰੀ ਸੂਚੀ ਨੂੰ ਵੇਖੋ, ਜਾਂ CalVet ਦੀ ਵੈਬਸਾਈਟ **www.calvet.ca.gov** 'ਤੇ ਜਾਓ ਜਾਂ DMV ਦੀ ਵੈਬਸਾਈਟ **www.dmv.ca.gov** 'ਤੇ ਜਾਓ।

ਵੋਟ ਕਰਨ ਲਈ ਰਜਿਸਟਰ ਕਰਨਾ

ਤੁਸੀਂ DMV ਕੋਲ ਇੱਕ ਮੂਲ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਦੀ ਅਰਜ਼ੀ ਦੇਣ ਵੇਲੇ, ਆਪਣਾ ਡ੍ਰਾਈਵਰ ਲਾਈਸੈਂਸ/ਪਛਾਣ ਕਾਰਡ ਨਵੀਨੀਕ੍ਰਤ ਕਰਵਾਉਣ ਵੇਲੇ, ਜਾਂ ਆਪਣਾ ਪਤਾ ਬਦਲਾਉਣ ਵੇਲੇ ਵੋਟ ਕਰਨ ਲਈ ਰਜਿਸਟਰ ਜਾਂ ਆਪਣਾ ਵੋਟਰ ਰਜਿਸਟ੍ਰੇਸ਼ਨ ਅਪਡੇਟ ਕਰ ਸਕਦੇ ਹੋ। ਵਧੇਰੀ ਜਾਣਕਾਰੀ ਲਈ, **www.dmv.ca.gov** 'ਤੇ ਜਾਓ।

ਬਿਨ੍ਹਾਂ ਲਾਈਸੈਂਸ ਵਾਲੇ ਡ੍ਰਾਈਵਰ

ਆਪਣੀ ਗੱਡੀ ਕਿਸੇ ਬਿਨ੍ਹਾਂ ਲਾਈਸੈਂਸ ਵਾਲੇ ਵਿਅਕਤੀ ਨੂੰ ਜਾਂ ਕਿਸੇ ਅਜਿਹੇ ਵਿਅਕਤੀ ਨੂੰ, ਜਿਸ ਦੀਆਂ ਗੱਡੀ ਚੱਲਾਉਣ ਦਾ ਅਧਿਕਾਰ ਮੁਅੱਤਲ ਕਰ ਦਿੱਤੀ ਗਿਆ ਹੈ, ਚਲਾਉਣ ਲਈ ਦੇਣਾ ਗੈਰਕਨੂੰਨੀ ਹੈ। ਜੇ ਬਿਨ੍ਹਾਂ ਲਾਈਸੈਂਸ ਵਾਲੇ ਕਿਸੇ ਵਿਅਕਤੀ ਨੂੰ ਤੁਹਾਡੀ ਗੱਡੀ ਚਲਾਉਂਦੇ ਹੋਏ ਫੜਿਆ ਜਾਂਦਾ ਹੈ, ਤਾਂ ਤੁਹਾਡੀ ਗੱਡੀ 30 ਦਿਨਾਂ ਲਈ ਜ਼ਬਤ ਕੀਤੀ ਜਾ ਸਕਦੀ ਹੈ (CVC §14607.6)। ਕਿਸੇ ਵੀ ਉਮਰ ਦਾ ਕੋਈ ਵੀ ਵਿਅਕਤੀ ਉਦੋਂ ਤੱਕ ਕਿਸੇ ਹਾਈਵੇ ਤੇ ਜਾਂ ਕਿਸੇ ਜਨਤਕ ਪਾਰਕਿੰਗ ਸੁਵਿਧਾ ਵਿੱਚ ਗੱਡੀ ਨਹੀਂ ਚੱਲਾ ਸਕਦਾ ਹੈ ਜਦੋਂ ਤੀਕ ਕਿ ਉਸ ਕੋਲ ਵਾਜਬ ਡ੍ਰਾਈਵਰ ਲਾਈਸੈਂਸ ਜਾਂ ਪਰਮਿਟ ਨਾ ਹੋਵੇ। ਕਨੂੰਨ ਇਹ ਵੀ ਕਹਿੰਦਾ ਹੈ ਕਿ ਤੁਹਾਡਾ ਕਿਸੇ ਵੀ ਅਜਿਹੇ ਵਿਅਕਤੀ ਨੂੰ ਸਾਰਵਜਨਿਕ ਸੜਕ, ਜਾਂ ਹਾਈਵੇ ਤੇ ਆਪਣੀ ਗੱਡੀ ਚਲਾਉਣ ਲਈ ਨੌਕਰੀ, ਇਜਾਜ਼ਤ ਜਾਂ ਅਧਿਕਾਰ ਨਾ ਦੇਣਾ ਲਾਜ਼ਮੀ ਹੈ ਜਦੋਂ ਤੀਕ ਕਿ ਉਸ ਵਿਅਕਤੀ ਕੋਲ ਉਸੇ ਕਲਾਸ ਦੀ ਗੱਡੀ ਨੂੰ ਚਲਾਉਣ ਦਾ ਲਾਈਸੈਂਸ ਨਹੀਂ ਹੁੰਦਾ। ਸੱਭ ਤੋਂ ਵਧ ਵਪਾਰਕ ਵਾਹਨਾਂ ਨੂੰ ਅੰਤਰਰਾਜੀ ਵਪਾਰ ਅਤੇ ਖਤਰਨਾਕ ਪਦਾਰਥਾਂ ਜਾਂ ਕੂੜੇ-ਕਰਕਟ ਲੈ ਜਾਣ ਲਈ ਚਲਾਉਣ ਵਾਲੇ ਵਿਅਕਤੀ ਦਾ ਘੱਟੋ-ਘੱਟ 21 ਸਾਲਾਂ ਦਾ ਹੋਣਾ ਲਾਜ਼ਮੀ ਹੈ।

ਡਿਪਲੋਮੈਟਿਕ (ਰਾਜਦੂਤੱਕ) ਡ੍ਰਾਈਵਰ ਲਾਈਸੈਂਸ

ਗੈਰ-ਵਸਨੀਕ, ਜਿੰਨਾਂ ਕੋਲ ਅਮਰੀਕੀ ਡਿਪਾਰਟਮੈਂਟ ਆਫ ਸਟੇਟ (*U.S. Department of State*) ਵਲੋਂ ਜਾਰੀ ਕੀਤਾ ਹੋਇਆ ਵਾਜਬ ਡਿਪਲੋਮੈਟਿਕ ਡ੍ਰਾਈਵਰ ਲਾਈਸੈਂਸ ਹੁੰਦਾ ਹੈ, ਉਨਾਂ ਨੂੰ ਕੈਲੀਫੋਰਨੀਆ ਡ੍ਰਾਈਵਰ ਲਾਈਸੈਂਸ ਦੀਆਂ ਲੋੜਾਂ ਤੋਂ ਛੁੱਟ ਪ੍ਰਾਪਤ ਹੈ।

ਪਛਾਣ ਕਾਰਡ

DMV ਕਿਸੇ ਵੀ ਉਮਰ ਦੇ ਵਿਅਕਤੀਆਂ ਨੂੰ ਪਛਾਣ ਕਾਰਡ ਜਾਰੀ ਕਰਦਾ ਹੈ। ਇੱਕ ਮੂਲ ਪਛਾਣ ਕਾਰਡ ਪ੍ਰਾਪਤ ਕਰਨ ਲਈ, ਤੁਹਾਡਾ ਪਛਾਣ ਦਸਤਾਵੇਜ਼, ਰਿਹਾਇਸ਼ੀ ਦਸਤਾਵੇਜ਼ ਅਤੇ ਤੁਹਾਡਾ ਸਮਾਜਕ ਸੁਰੱਖਿਆ ਨੰਬਰ ਪੇਸ਼ ਕਰਨਾ ਲਾਜ਼ਮੀ ਹੈ (ਪੰਨਾ 4 ਤੇ "ਇੱਕ ਡ੍ਰਾਈਵਰ ਲਾਈਸੈਂਸ ਪ੍ਰਾਪਤ ਕਰਨਾ" ਸੈਕਸ਼ਨ ਨੂੰ ਵੇਖੋ)। ਪਛਾਣ ਕਾਰਡ ਜਾਰੀ ਕੀਤੇ ਜਾਣ ਤੋਂ ਬਾਅਦ 6ਵੇਂ ਜਨਮ ਦਿਨ ਤੱਕ ਜਾਇਜ਼ ਹੁੰਦਾ ਹੈ। ਜੇ ਤੁਸੀਂ ਕੁੱਝ ਖਾਸ ਜਨਤਕ ਸਹਾਇਤਾ ਪ੍ਰੋਗਰਾਮਾਂ ਦੀਆਂ ਆਮਦਨੀ ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋ, ਤਾਂ ਤੁਸੀਂ ਇੱਕ ਘੱਟੀ ਹੋਈ ਪਛਾਣ ਕਾਰਡ ਦੀ ਫੀਸ ਲਈ ਅਰਜ਼ੀ ਦੇਣ ਦੇ ਪਾਤਰ ਹੋ ਸਕਦੇ ਹੋ। ਸਰਕਾਰੀ

ਅਤੇ ਗੈਰ-ਮੁਨਾਫੇ ਲਈ ਬਣੀਆਂ ਸੰਸਥਾਂਵਾਂ ਇਹ ਨਿਰਧਾਰਤ ਕਰਦੀਆਂ ਹਨ ਕਿ ਕੋਈ ਵਿਅਕਤੀ ਪਛਾਣ ਕਾਰਡ ਦੀ ਘੱਟੀ ਹੋਈ ਫੀਸ ਲਈ ਆਮਦਨੀ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ ਜਾ ਨਹੀਂ।

ਧਿਆਨ ਦਿਓ: ਜੇ ਤੁਹਾਡੀ ਉਮਰ 62 ਸਾਲ ਜਾਂ ਉਸ ਤੋਂ ਵੱਧ ਹੋ, ਤਾਂ ਤੁਸੀਂ ਇੱਕ ਸੀਨੀਅਰ ਸਿਟੀਜ਼ਨ ਪਛਾਣ ਕਾਰਡ ਮੁਫਤ ਪ੍ਰਾਪਤ ਕਰ ਸਕਦੇ ਹੋ ਜਿਸਦੇ ਸਾਮ੍ਹਣੇ ਵਾਲੇ ਪਾਸੇ "Senior Identification Card" (ਸੀਨਿਅਰ ਪਛਾਣ ਕਾਰਡ) ਸ਼ਬਦ ਲਿੱਖੇ ਹੁੰਦੇ ਹਨ। ਇਹ ਸੀਨਿਅਰ ਪਛਾਣ ਕਾਰਡ ਜਾਰੀ ਕੀਤੇ ਜਾਣ ਤੋਂ ਬਾਅਦ 8ਵੇਂ ਜਨਮ ਦਿਨ ਤੱਕ ਜਾਇਜ਼ ਹੁੰਦਾ ਹੈ।

ਬਿਨਾਂ ਫੀਸ ਵਾਲੇ ਪਛਾਣ ਕਾਰਡ

- ਉਹ ਡ੍ਰਾਈਵਰ ਜਿਹੜੇ ਹੁਣ ਕਿਸੇ ਸਰੀਰਕ ਜਾਂ ਮਾਨਸਿਕ (*Physical & Mental*, P&M) ਹਾਲਾਤਾਂ ਕਾਰਨ ਗੱਡੀ ਸੁਰੱਖਿਅਤ ਢੰਗ ਨਾਲ ਚਲਾਉਣ ਦੇ ਯੋਗ ਨਹੀਂ ਹਨ, ਉਹ ਆਪਣੇ ਜਾਇਜ਼ ਡ੍ਰਾਈਵਰ ਲਾਈਸੈਂਸ ਨੂੰ ਬਿਨ੍ਹਾਂ ਫੀਸ ਵਾਲੇ ਪਛਾਣ ਕਾਰਡ ਨਾਲ ਬਦਲਣ ਦੇ ਯੋਗ ਹੋ ਸਕਦੇ ਹਨ, ਜੇ ਖਾਸ ਮਾਪਦੰਡਾਂ ਨੂੰ ਪੂਰਾ ਕੀਤਾ ਜਾਂਦਾ ਹੈ।
- ਜੇਕਰ ਤੁਸੀਂ "ਬੇਘਰ ਵਿਅਕਤੀ" ਹੋ, ਜਿਵੇਂ ਕਿ McKinney-Vento Act ਵੱਲੋਂ ਪਰਿਭਾਸ਼ਿਤ ਕੀਤਾ ਗਿਆ ਹੈ, ਜਿਸ ਵਿੱਚ ਸ਼ਾਮਲ ਹੈ, ਪਰੰਤੂ ਇਸ ਤੱਕ ਸੀਮਿਤ ਨਹੀਂ ਹੈ, ਬੇਘਰ ਬੱਚਾ ਜਾਂ ਨੌਜਵਾਨ, ਬੇਘਰ ਵਿਅਕਤੀ, ਜਾਂ ਵਿਅਕਤੀਗਤ ਜਾਂ ਪਰਿਵਾਰ ਛੱਡਣ ਦੀ ਘਰੇਲੂ ਹਿੰਸਾ, ਡੇਟਿੰਗ ਹਿੰਸਾ, ਜਿਨਸੀ ਸ਼ੋਸ਼ਣ, ਪਿੱਛਾ ਕਰਨਾ ਜਾਂ ਜ਼ਿੰਦਗੀ ਲਈ ਘਾਤਕ ਹੋਰ ਖਤਰਨਾਕ ਸਥਿਤੀ ਹੈ, ਤਾਂ ਤੁਸੀਂ ਬਿਨਾਂ ਫੀਸ ਦੇ ਪਛਾਣ ਕਾਰਡ ਲਈ ਯੋਗ ਹੋ ਸਕਦੇ ਹੋ।

ਵਾਧੂ ਜਾਣਕਾਰੀ ਲਈ **www.dmv.ca.gov** 'ਤੇ ਜਾਓ ਜਾਂ 1-800-777-0133 'ਤੇ ਫੋਨ ਕਰੋ।

ਪਛਾਣ ਕਾਰਡ ਦਾ ਡਾਕ ਜਾਂ ਇੰਟਰਨੈਟ ਰਾਹੀਂ ਨਵੀਨੀਕਰਨ

ਗਾਹਕ ਜੋ ਡਾਕ ਜਾਂ ਇੰਟਰਨੇਟ ਰਾਹੀਂ ਆਪਣੇ ਪਛਾਣ ਕਾਰਡ ਦੇ ਨਵੀਨੀਕਰਨ ਲਈ ਪਾਤਰ ਹੁੰਦੇ ਹਨ ਉਹ ਡਾਕ ਜਾਂ ਇੰਟਰਨੇਟ ਰਾਹੀਂ ਨਵੀਨੀਕਰਨ ਕਰਾਉਣ ਲਈ ਆਪਣੇ ਪਛਾਣ ਕਾਰਡ ਦੇ ਖਤਮ ਹੋਣ ਦੇ ਲਗਭਗ 90-120 ਦਿਨਾਂ ਪਹਿਲੇ ਇੱਕ ਨੋਟਿਸ ਪ੍ਰਾਪਤ ਕਰਨਗੇ। ਘੱਟੀ ਹੋਈ ਫੀਸ ਵਾਲੇ ਪਛਾਣ ਕਾਰਡ ਡਾਕ ਜਾਂ ਇੰਟਰਨੇਟ ਰਾਹੀਂ ਨਵੀਨੀਕ੍ਰਤ ਨਹੀਂ ਕਰਵਾਏ ਜਾ ਸਕਦੇ ਹਨ।

ਡ੍ਰਾਈਵਿੰਗ ਸਕੂਲ

ਜਦੋਂ ਤੁਸੀਂ ਗੱਡੀ ਚਲਾਉਣਾ ਸਿਖ ਰਹੇ ਹੋ, ਤਾਂ ਤੁਹਾਨੂੰ ਯੋਗ ਸਿੱਖਿਆ ਪ੍ਰਾਪਤ ਕਰਨੀ ਚਾਹੀਦੀ ਹੈ, ਭਾਵੇਂ ਉਹ ਇੱਕ ਮਾਨਤਾ-ਪ੍ਰਾਪਤ ਪਬਲਿਕ ਜਾਂ ਪ੍ਰਾਈਵੇਟ ਹਾਈ ਸਕੂਲ ਤੋਂ ਲਓ ਜਾਂ ਇੱਕ ਰਾਜ ਲਾਈਸੈਂਸ-ਸ਼ੁਦਾ ਪੇਸ਼ੇਵਰ ਡ੍ਰਾਈਵਿੰਗ ਸਕੂਲ ਤੋਂ। DMV ਕੈਲੀਫੋਰਨੀਆ ਵਿੱਚ ਸਿਰਫ ਉਨ੍ਹਾਂ ਪੇਸ਼ੇਵਰ ਸਕੂਲਾਂ ਅਤੇ ਸਿੱਖਿਅਕਾਂ ਨੂੰ ਲਾਈਸੈਂਸ ਜਾਰੀ ਕਰਦਾ ਹੈ ਜੋ ਕਰੜੇ ਮਾਨਕਾਂ ਤੇ ਖਰੇ ਉਤਰਦੇ ਹਨ। ਸਕੂਲਾਂ ਕੋਲ ਦੇਣਦਾਰੀ ਬੀਮਾ, ਇੱਕ ਬੌਂਡ (ਲਿੱਖਤ ਇਕਰਾਰਨਾਮਾ) ਦਾ ਹੋਣਾ ਲਾਜ਼ਮੀ ਹੈ, ਅਤੇ ਉਨ੍ਹਾਂ ਲਈ DMV ਦੇ ਮੁਆਇਨੇ ਲਈ ਸਾਰੇ ਰਿਕਾਰਡ ਪੂਰੇ ਰੱਖਣੇ ਲਾਜ਼ਮੀ ਹਨ। ਗੱਡੀਆਂ ਦੀ ਸਾਲਾਨਾ ਜਾਂਚ ਕੀਤੀ ਜਾ ਸਕਦੀ ਹੈ। ਸਿੱਖਿਅਕ ਦਾ ਹਰ 3 ਸਾਲਾਂ ਤੇ ਇੱਕ ਲਿੱਖਤ ਪਰੀਖਿਆ ਪਾਸ ਕਰਨਾ ਜਾਂ ਟ੍ਰੈਫਿਕ ਸੁਰੱਖਿਆ ਖੇਤਰ ਵਿੱਚ ਨਿਰੰਤਰ ਸਿੱਖਿਆ ਦਾ ਸਬੂਤ ਪੇਸ਼ ਕਰਨਾ ਲਾਜ਼ਮੀ ਹੈ। ਜੇ ਤੁਸੀ ਪੇਸ਼ੇਵਰ ਡ੍ਰਾਈਵਿੰਗ ਸਕੂਲ ਦੀਆਂ ਸੇਵਾਵਾਂ ਦੀ ਵਰਤੋਂ ਕਰਦੇ ਹੋ, ਤਾਂ ਸਿੱਖਿਅਕ ਦਾ ਪਛਾਣ ਕਾਰਡ ਦੇਖਣ ਲਈ ਕਹੋ। ਵਧੇਰੀ ਜਾਣਕਾਰੀ ਲਈ **www.dmv.ca.gov** 'ਤੇ ਜਾਓ ਜਾਂ ਡ੍ਰਾਈਵਰ ਸਿੱਖਿਆ ਅਤੇ ਡ੍ਰਾਈਵਰ ਸਿਖਲਾਈ ਲਈ ਇੱਕ ਡ੍ਰਾਈਵਿੰਗ ਸਕੂਲ ਦੀ ਚੋਣ ਕਰਨਾ (*Selecting a Driving School for Driver Education and Driver Training* (DE/DT), FFDL 33) ਫਾਸਟ ਫੈਕਟ ਵਿਵਰਨ-ਪੁਸਤਿਕਾ ਵੇਖੋ।

ਬਾਲਗ ਡ੍ਰਾਈਵਰ ਪ੍ਰੋਗਰਾਮ

ਬਾਲਗ ਡ੍ਰਾਈਵਰ ਪ੍ਰੋਗਰਾਮ ਇੱਕ 8 ਘੰਟਿਆਂ ਦਾ ਕੋਰਸ ਹੈ ਜਿਹੜਾ 55 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਡ੍ਰਾਈਵਰਾਂ ਲਈ ਹੈ। ਇਸ ਕੋਰਸ ਵਿੱਚ ਵੱਡੀ ਉਮਰ ਦੇ ਡ੍ਰਾਈਵਰਾਂ ਦੀ ਖਾਸ ਦਿਲਚਸਪੀ ਵਾਲੇ ਵੱਖ-ਵੱਖ ਤਰ੍ਹਾਂ ਦੇ ਵਿਸ਼ੇ ਸ਼ਾਮਲ ਹਨ ਅਤੇ ਇਹ ਕੋਰਸ DMV ਰਾਹੀਂ ਮਾਨਤਾ ਪ੍ਰਾਪਤ ਕੋਰਸ ਪ੍ਰਦਾਤਾਵਾਂ ਤੋਂ ਉਪਲੱਬਧ ਹੈ। ਵਾਧੂ ਜਾਣਕਾਰੀ ਲਈ DMV ਦੀ ਵੈਬਸਾਈਟ ਤੇ ਜਾਓ। ਤੁਹਾਡੀ ਬੀਮਾ ਕੰਪਨੀ ਉਨ੍ਹਾਂ ਨੂੰ ਕੁਝ ਛੋਟਾਂ ਦੀ ਪੇਸ਼ਕਸ਼ ਕਰ ਸਕਦੀ ਹੈ ਜੋ ਇਸ ਕਲਾਸ ਨੂੰ ਪੂਰਾ ਕਰਦੇ ਹਨ ਅਤੇ ਇਸ ਨੂੰ ਪੂਰਾ ਕਰਨ ਦਾ ਪ੍ਰਮਾਣ-ਪੱਤਰ ਪ੍ਰਾਪਤ ਕਰਦੇ ਹਨ। ਇਹ ਪ੍ਰਮਾਣ-ਪੱਤਰ 3 ਸਾਲਾਂ ਲਈ ਜਾਇਜ਼ ਹੁੰਦਾ ਹੈ ਅਤੇ ਫੇਰ 4-ਘੰਟੇ ਦੇ ਇਕ ਕੋਰਸ ਨੂੰ ਪੂਰਾ ਕਰਕੇ ਇਸਦਾ ਨਵੀਨੀਕਰਨ ਕੀਤਾ ਜਾ ਸਕਦਾ ਹੈ।

ਪੈਦਲ ਚੱਲਣ ਵਾਲੇ ਲੋਕਾਂ ਦੀਆਂ ਜ਼ੁੰਮੇਵਾਰੀਆਂ



ਪੈਦਲ ਚੱਲਣ ਵਾਲਿਆਂ (ਜੌਗਿੰਗ ਕਰਨ ਵਾਲਿਆਂ ਸਮੇਤ) ਨੂੰ ਟ੍ਰੈਫਿਕ ਦੇ ਹਾਲਾਤਾਂ ਦੇ ਪ੍ਰਤੀ ਜਾਗਰੂਕ ਰਹਿਣਾ ਚਾਹੀਦਾ ਹੈ। ਸੜਕ ਨੂੰ ਪਾਰ ਕਰਨ ਵੇਲੇ ਇਹ ਮੰਨਣ ਤੋਂ ਪਹਿਲਾਂ ਕਿ ਤੁਹਾਨੂੰ ਲੰਘਣ-ਦਾ-ਅਧਿਕਾਰ ਹੈ, ਤੇਜ਼ੀ ਨਾਲ ਗੱਡੀ ਚਲਾਉਣ ਵਾਲੇ ਡ੍ਰਾਈਵਰਾਂ ਤੇ ਨਜ਼ਰ ਰੱਖੋ। ਸੁਚੇਤ ਰਹੋ ਕਿ ਹਾਈਬ੍ਰਿਡ ਅਤੇ ਬਿਜਲੀ ਨਾਲ ਚੱਲਣ ਵਾਲੀਆਂ ਗੱਡੀਆਂ ਜਦੋਂ ਬਿਜਲੀ ਦੀ ਊਰਜਾ ਨਾਲ ਚੱਲਦੀਆਂ ਹਨ ਤਾਂ ਲਗਭਗ ਬਿਨਾਂ ਅਵਾਜ਼ ਹੁੰਦੀਆਂ ਹਨ ਅਤੇ ਹੋ ਸਕਦਾ ਹੈ ਕਿ ਤੁਸੀਂ ਉਨ੍ਹਾਂ ਨੂੰ ਇੱਕ ਚੌਰਾਹੇ ਵੱਲ ਵਧਦੇ ਸਮੇਂ ਨਾ ਸੁਣ ਪਾਓ। ਜਦੋਂ ਤੁਸੀਂ ਚੌਰਾਹਿਆਂ ਦੇ ਵਿੱਚ ਦੀਆਂ ਗਲੀਆਂ ਨੂੰ ਪਾਰ ਕਰਦੇ ਹੋ ਅਤੇ ਉਨ੍ਹਾਂ ਥਾਂਵਾਂ ਤੇ ਜਿੱਥੇ ਕੋਈ ਪੈਦਲ ਸੜਕ ਪਾਰ ਕਰਨ ਦੇ ਰਸਤੇ ਜਾਂ ਸਿਗਨਲ ਮੁਹੱਈਆ ਨਹੀਂ ਹਨ ਤਾਂ ਗੱਡੀਆਂ ਨੂੰ ਲੰਘਣ-ਦਾ-ਅਧਿਕਾਰ ਪਹਿਲਾਂ ਦਿਓ। ਯਾਦ ਰੱਖੋ: ਡ੍ਰਾਈਵਰ ਨਾਲ ਅੱਖਾਂ ਰਾਹੀਂ ਸੰਪਰਕ ਹੋ ਜਾਣ ਦਾ ਮਤਲਬ ਇਹ ਨਹੀਂ ਹੈ ਕਿ ਡ੍ਰਾਈਵਰ ਤੁਹਾਨੂੰ ਪਹਿਲਾਂ ਲੰਘਣ-ਦਾ-ਅਧਿਕਾਰ ਦੇ ਦੇਵੇਗਾ। ਪਟਰੀ ਜਾਂ ਹੋਰ ਕੋਈ ਸੁਰੱਖਿਅਤ ਥਾਂ ਛੱਡ ਕੇ ਅਚਾਨਕ ਕਿਸੇ ਅਜਿਹੀ ਗੱਡੀ ਦੇ ਰਸਤੇ ਵੱਲ ਚੱਲ ਪੈਣਾ ਜਾਂ ਦੌੜਨਾ ਨਾ ਸ਼ੁਰੂ ਕਰ ਦਿਓ ਜਿਹੜੀ ਤੁਹਾਡੇ ਇੰਨੀ ਨੇੜੇ ਹੋਵੇ ਕਿ ਤੁਹਾਡੇ ਲਈ ਖਤਰਾ ਬਣ ਜਾਵੇ। ਇਹ ਗੱਲ ਉਦੋਂ ਵੀ ਲਾਗੂ ਹੁੰਦੀ ਹੈ ਜਦੋਂ ਕਿ ਤੁਸੀ ਇੱਕ ਕ੍ਰਾਸਵਾੱਕ ਤੇ ਚੱਲ ਰਹੇ ਹੋਵੋ। ਕਨੂੰਨ ਕਹਿੰਦਾ ਹੈ ਕਿ ਡ੍ਰਾਈਵਰਾਂ ਦਾ ਹਮੇਸ਼ਾ ਪੈਦਲ ਵਿਅਕਤੀ ਨੂੰ ਲੰਘਣ-ਦਾ-ਅਧਿਕਾਰ ਦੇਣ ਲਈ ਰੁਕਣਾ ਲਾਜ਼ਮੀ ਹੈ, ਪਰ ਜੇ ਡ੍ਰਾਈਵਰ ਵੇਲੇ ਸਿਰ ਗੱਡੀ ਰੋਕ ਨਹੀਂ ਸਕਿਆ ਤਾਂ ਤੁਸੀਂ ਟੱਕਰ ਮਾਰੇ ਜਾਣ ਦੇ ਖਤਰੇ ਤੋਂ ਨਹੀਂ ਬਚ ਸਕੋਗੇ। ਪੈਦਲ ਚੱਲਣ ਵਾਲੇ ਦੇ ਤੌਰ ਤੇ ਆਪਣਾ ਧਿਆਨ ਭੰਗ ਕਰਨ ਤੋਂ ਬਚੋ। ਚਲਦੇ ਹੋਏ ਆਪਣੇ ਮੋਬਾਈਲ ਫੋਨ ਦੀ ਜਾਂ ਇਲੈਕਟ੍ਰਾਨਿਕ ਵਾਇਰਲੈਸ ਸੰਚਾਰ ਉਪਕਰਨ ਦੀ ਵਰਤੋਂ ਨਾ ਕਰੋ। ਗੱਡੀਆਂ ਅਤੇ ਹੋਰ ਪੈਦਲ ਚੱਲਣ ਵਾਲਿਆਂ ਲਈ ਇੱਕ ਖਤਰਾ ਬਣਨ ਤੋਂ ਬਚਣ ਲਈ, ਤੁਹਾਨੂੰ ਹਰ ਵੇਲੇ ਆਪਣੇ ਆਲੇ-ਦੁਆਲੇ ਦਾ ਪਤਾ ਹੋਣਾ ਚਾਹੀਦਾ ਹੈ। ਹਮੇਸ਼ਾ ਟ੍ਰੈਫਿਕ ਸਿਗਨਲ ਲਾਈਟਾਂ ਦੀ ਪਾਲਣਾ ਕਰੋ। ਭਾਵੇਂ ਚੌਰਾਹੇ ਤੇ ਪੈਦਲ ਚੱਲਣ ਵਾਲੇ ਲੋਕਾਂ ਲਈ ਜਾਂ ਟ੍ਰੈਫਿਕ ਸਿਗਨਲ ਲਾਈਟਾਂ ਹੋਣ, ਤੁਹਾਡਾ ਹਮੇਸ਼ਾ ਪੈਦਲ ਚੱਲਣ ਵਾਲੇ ਲੋਕਾਂ ਲਈ ਬਣੇ ਨਿਯਮਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ (ਪੰਨਾ 29 ਅਤੇ 30 ਵੇਖੋ)। ਅਜਿਹੇ ਚੌਰਾਹੇ ਤੇ ਜਿੱਥੇ ਟ੍ਰੈਫਿਕ ਸਿਗਨਲ ਲਾਈਟਾਂ ਨਾਲ ਕੰਟ੍ਰੋਲ ਨਾ ਹੁੰਦਾ ਹੋਵੇ, ਉੱਥੇ ਡ੍ਰਾਈਵਰਾਂ ਨੂੰ ਕਿਸੇ ਵੀ ਕ੍ਰਾਸਵਾੱਕ, ਭਾਵੇਂ ਨਿਸ਼ਾਨ ਲੱਗੇ ਹੋਣ ਜਾਂ ਨਹੀਂ, ਦੇ ਅੰਦਰ ਪੈਦਲ ਚੱਲਣ ਵਾਲਿਆਂ ਨੂੰ ਲੰਘਣ-ਦਾ-ਅਧਿਕਾਰ ਦੇਣ ਦੀ ਲੋੜ ਹੁੰਦੀ ਹੈ।

ਜਦੋਂ ਇੱਕ ਸਿਗਨਲ ਲਾਈਟ ਹਰੀ ਜਾਂ "ਚਲੋ" (WALK) ਹੁੰਦੀ ਹੈ ਤਾਂ ਤੁਸੀ ਖੱਬੇ ਵੇਖੋ, ਸੱਜੇ ਵੇਖੋ, ਅਤੇ ਫੇਰ ਮੁੜ ਖੱਬੇ ਪਾਸੇ ਵੱਲ ਵੇਖੋ ਅਤੇ ਉਸ ਗੱਡੀ ਨੂੰ ਪਹਿਲਾਂ ਲੰਘਣ-ਦਾ-ਅਧਿਕਾਰ ਦੇਣ ਲਈ ਰੁਕੋ ਜਿਹੜੀ ਟ੍ਰੈਫਿਕ ਸਿਗਨਲ ਲਾਈਟ ਦੇ ਬਦਲਣ ਤੋਂ ਪਹਿਲਾਂ ਹੀ ਚੌਰਾਹੇ ਵਿੱਚ ਪਹੁੰਚ ਚੁੱਕੀ ਹੋਵੇ।

ਜੇ ਸਿਗਨਲ ਲਾਈਟ ਉਸ ਵੇਲੇ ਜੱਗਣਾ-ਬੁੱਝਣਾ ਸ਼ੁਰੂ ਹੁੰਦੀ ਹੈ ਜਾਂ "ਹਾਲੀ ਨਾ ਚਲੋ" (DON'T WALK) ਜਾਂ ਇੱਕ ਉੱਤੇ ਵੱਲ ਉੱਠੇ ਹੋਏ ਹੱਥ ਵਿੱਚ ਤਬਦੀਲ ਹੋ ਜਾਂਦੀ ਹੈ ਜਦੋਂ ਤੁਸੀਂ ਇੱਕ ਵੰਡੀ ਹੋਈ ਸੜਕ ਦਾ ਕੁਝ ਹਿੱਸਾ ਪਹਿਲਾਂ ਹੀ ਪਾਰ ਕਰ ਚੁਕੇ ਹੋ, ਤਾਂ ਤੁਸੀਂ ਸੜਕ ਤੋਂ ਪਾਰ ਜਾਣਾ ਜਾਰੀ ਰੱਖ ਸਕਦੇ ਹੋ। ਕਿਸੇ ਸੜਕ ਨੂੰ ਪਾਰ ਕਰਨ ਵੇਲੇ ਬਿਨ੍ਹਾਂ ਲੋੜ ਤੋਂ ਰੁਕ ਕੇ ਟ੍ਰੈਫਿਕ ਨੂੰ ਦੇਰੀ ਨਾ ਕਰਾਓ। ਪੈਦਲ ਚੱਲਣ ਵਾਲੇ ਲੋਕਾਂ ਨੂੰ ਕਿਸੇ ਟੋਲ ਬ੍ਰਿਜ ਜਾਂ ਹਾਈਵੇ ਕ੍ਰਾਸਿੰਗ ਤੇ ਜਾਣ ਦੀ ਇਜਾਜ਼ਤ ਨਹੀਂ ਹੁੰਦੀ, ਜਦੋਂ ਤੀਕ ਕਿ ਉੱਥੇ ਇੱਕ ਸਾਈਡਵਾੱਕ (ਫੁੱਟਪਾਥ) ਨਾ ਹੋਵੇ ਜਾਂ ਸਾਈਨ ਨਾ ਲੱਗੇ ਹੋਣ ਜਿੰਨਾਂ ਤੇ ਲਿੱਖਿਆ ਹੋਵੇ ਕਿ ਪੈਦਲ ਟ੍ਰੈਫਿਕ ਨੂੰ ਉੱਥੇ ਚੱਲਣ ਦੀ ਇਜਾਜ਼ਤ ਹੈ।

ਜੇ ਕੋਈ ਸਾਈਡਵਾਕ ਨਹੀਂ ਹਨ ਤਾਂ ਆਉਂਦੇ ਹੋਏ ਟ੍ਰੈਫਿਕ ਵੱਲ ਮੂੰਹ ਕਰਕੇ ਚੱਲੋ (ਪੰਨਾ 24 ਤੇ ਬਣੀ ਤਸਵੀਰ ਵੇਖੋ)। ਕਿਸੇ ਅਜਿਹੇ ਫ੍ਰੀਵੇ ਤੇ ਪੈਦਲ ਜਾਂ ਦੌੜਦੇ ਹੋਏ ਨਾ ਚੱਲੋ ਜਿੱਥੇ ਲੱਗੇ ਸੰਕੇਤ ਇਹ ਦੱਸਦੇ ਹੋਣ ਕਿ ਪੈਦਲ ਲੋਕਾਂ ਨੂੰ ਉੱਥੇ ਜਾਣ ਦੀ ਇਜਾਜ਼ਤ ਨਹੀਂ ਹੈ। ਕਿਸੇ ਬਾਈਕ ਲੇਨ ਵਿੱਚ ਵੀ ਪੈਦਲ ਜਾਂ ਦੌੜਦੇ ਹੋਏ ਨਾ ਚੱਲੋ ਜਦੋਂ ਤੀਕ ਕਿ ਕੋਈ ਸਾਈਡਵਾਕ ਨਾ ਹੋਵੇ। ਰਾਤ ਵੇਲੇ, ਹੇਠਾਂ ਲਿੱਖੀਆਂ ਨਾਲ ਆਪਣੇ ਆਪ ਨੂੰ ਹੋਰ ਦਿੱਸਣ ਵਾਲਾ ਬਣਾਓ:

- ਚਿੱਟੇ, ਹਲਕੇ ਰੰਗ ਦੇ ਜਾਂ ਲਿਸ਼ਕਾਰਾ ਮਾਰਨ ਵਾਲੇ ਕੱਪੜੇ ਪਾਉਣਾ।
- ਆਪਣੇ ਨਾਲ ਇੱਕ ਫਲੈਸ਼ ਲਾਈਟ ਰੱਖਣਾ।

ਨਵੀਂ ਤਕਨੀਕ

ਤੁਹਾਡੀ ਗੱਡੀ ਵਿੱਚ ਅਜਿਹੀ ਤਕਨੀਕ ਵੀ ਹੋ ਸਕਦੀ ਹੈ ਜੋ ਤੁਹਾਨੂੰ ਸੈੱਲ ਫੋਨ ਤੇ ਗੱਲ੍ਹ-ਬਾਤ ਕਰਨ ਦੇਵੇ ਜਾਂ ਇੱਕ ਇਲੈਕਟ੍ਰਾਨਿਕ ਵਾਇਰਲੈਸ ਸੰਚਾਰ ਉਪਕਰਨ ਤੋਂ ਸੰਗੀਤ ਚਲਾਉਣ ਦੇਵੇ। ਅਜਿਹੀਆਂ ਤਕਨੀਕਾਂ ਦੇ ਵਾਧੇ ਨਾਲ, ਇਹ ਜ਼ਰੂਰੀ ਹੈ ਕਿ ਸੜਕ ਦੇ ਬਾਰੇ ਜਾਗਰੂਕ ਰਹੋ ਅਤੇ ਡ੍ਰਾਈਵਿੰਗ ਕਰਨ ਵੇਲੇ ਧਿਆਨ ਭੰਗ ਕਰਨ ਵਾਲੀਆਂ ਚੀਜ਼ਾਂ ਤੋਂ ਬਚੋ। ਤਕਨਾਲੋਜੀ ਕਾਰਨ ਧਿਆਨ ਭੰਗ ਹੋਣ ਤੋਂ ਬਚਣ ਲਈ ਇੱਥੇ ਕੁਝ ਸੁਝਾਓ ਦਿੱਤੇ ਗਏ ਹਨ:

- ਡ੍ਰਾਈਵਿੰਗ ਕਰਦੇ ਵੇਲੇ ਨੇਵੀਗੇਸ਼ਨ ਨਿਰਦੇਸ਼ਾਂ ਨੂੰ ਸਕ੍ਰੀਨ ਤੇ ਨਾ ਪਾਓ।
- ਡ੍ਰਾਈਵਿੰਗ ਕਰਦੇ ਵੇਲੇ ਸੰਗੀਤ ਜਾਂ ਹੋਰ ਇਲੈਕਟ੍ਰਾਨਿਕ ਵਾਇਰਲੈਸ ਸੰਚਾਰ ਉਪਕਰਨਾਂ ਨੂੰ ਠੀਕ ਕਰਨ ਦੀ ਕੋਸ਼ਿਸ਼ ਨਾ ਕਰੋ।
- ਨੇਵੀਗੇਸ਼ਨ ਡਿਵਾਇਸਾਂ (ਯੰਤਰਾਂ) ਲਈ, ਜਦੋਂ ਸੰਭਵ ਹੋਵੇ, ਤਾਂ ਆਡਿਓ ਫੰਕਸ਼ਨ ਦੀ ਵਰਤੋਂ ਕਰੋ।

ਧਿਆਨ ਦਿਓ: ਤਕਨੀਕਾਂ, ਜਿਵੇਂ ਕਿ ਬੈਕ ਅਪ ਕੈਮਰੇ ਅਤੇ ਸੈਲਫ਼ ਪਾਰਕਿੰਗ ਦੀ ਪੂਰੀ ਤਰ੍ਹਾਂ ਵਰਤੋਂ ਇੱਕ ਡ੍ਰਾਈਵਿੰਗ ਟੈਸਟ ਵਿੱਚ ਨਹੀਂ ਕੀਤੀ ਜਾ ਸਕਦੀ ਹੈ। ਡ੍ਰਾਈਵਿੰਗ ਟੈਸਟ ਦਾ ਉਦੇਸ਼ ਤੁਹਾਡੀ ਡ੍ਰਾਈਵਿੰਗ ਦੀ ਸਮਰਥਾ ਨੂੰ ਪੱਕਾ ਕਰਨਾ ਹੈ।

ਸਵਾਰੀਆਂ ਦੀ ਸੁਰੱਖਿਆ

ਸੀਟ ਬੈਲਟਾਂ

ਸੀਟ ਬੈਲਟਾਂ ਲਾਉਣਾ ਕਨੂੰਨ ਹੈ। ਹਮੇਸ਼ਾ ਆਪਣੀ ਸੀਟ ਬੈਲਟ ਲਾਓ ਅਤੇ ਪੱਕਾ ਕਰੋ ਕਿ ਗੱਡੀ ਵਿੱਚ ਬੈਠੇ ਸਾਰੇ ਯਾਤਰੀਆਂ ਨੇ ਸੀਟ ਬੈਲਟਾਂ ਲਾਈਆਂ ਹੋਈਆਂ ਹਨ ਜਾਂ ਬੱਚੇ ਇੱਕ ਸੁਰੱਖਿਆਤਮਕ ਸਿਸਟਮ ਵਿੱਚ ਬੈਠੇ ਹਨ। ਸੀਟ ਬੈਲਟਾਂ (ਕਮਰ ਅਤੇ ਮੋਢੇ ਵਾਲੀਆਂ ਸੀਟ ਬੈਲਟਾਂ ਦੋਵੇਂ) ਜ਼ਿਆਦਾਤਰ ਕਿਸਮਾਂ ਦੀਆਂ ਟੱਕਰਾਂ ਹੋਣ ਦੀ ਸਥਿਤੀ ਵਿੱਚ ਤੁਹਾਡੇ ਬਚਣ ਦੇ ਮੌਕੇ ਨੂੰ ਵਧਾ ਦੇਣਗੀਆਂ। ਸੀਟ ਬੈਲਟ ਨੂੰ ਸਹੀ ਤਰੀਕੇ ਨਾਲ ਲਾਉਣਾ ਜ਼ਰੂਰੀ ਹੈ।



- ਮੋਢੇ ਵਾਲੀਆਂ ਬੈਲਟਾਂ ਮੋਢੇ ਅਤੇ ਛਾਤੀ ਦੇ ਆਰ-ਪਾਰ ਪਾਈਆਂ ਜਾਂਦੀਆਂ ਹਨ, ਬਿਨਾਂ ਕਿਸੀ ਢਿਲਾਈ ਦੇ। ਮੋਢੇ ਵਾਲੀਆਂ ਬੈਲਟਾਂ ਨੂੰ ਬਾਂਹ ਦੇ ਥੱਲ੍ਹੇ ਜਾਂ ਕਮਰ ਦੇ ਪਿੱਛੇ ਨਹੀਂ ਪਾਇਆ ਜਾਣਾ ਚਾਹੀਦਾ। ਮੋਢੇ ਵਾਲੀਆਂ ਬੈਲਟਾਂ ਗਲਤ ਤਰੀਕੇ ਨਾਲ ਪਾਉਣ ਨਾਲ ਟੱਕਰ ਲੱਗਣ ਤੇ ਬਹੁਤ ਗੰਭੀਰ ਸਟਾਂ ਲਗ ਸਕਦੀਆਂ ਹਨ।
- ਗੋਦੀ ਵਾਲੀ ਬੈਲਟ ਨੂੰ ਇਸ ਤਰ੍ਹਾਂ ਸਮਾਯੋਜਿਤ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਬੰਨ੍ਹੇ ਜਾਣ ਤੋਂ ਬਾਅਦ ਸੁਵਿਧਾਜਨਕ ਹੋਵੇ ਅਤੇ ਤੁਹਾਡੇ ਕੁੱਲ੍ਹੇ ਤੋਂ ਆਰ-ਪਾਰ ਜਾਏ। ਨਹੀਂ ਤਾਂ, ਟੱਕਰ ਲਗਣ ਤੇ, ਤੁਸੀਂ ਬੈਲਟ ਚੋਂ ਬਾਹਰ ਨਿਕਲ ਸਕਦੇ ਹੋ, ਜਿਸ ਨਾਲ ਸੱਟ ਲਗ ਸਕਦੀ ਹੈ ਜਾਂ ਮੌਤ ਵੀ ਹੋ ਸਕਦੀ ਹੈ।
- ਗਰਭਵਤੀ ਔਰਤਾਂ ਨੂੰ ਕਮਰ ਵਾਲੀ ਬੈਲਟ ਢਿੱਡ ਦੇ ਹੇਠਲੇ ਹਿੱਸੇ ਤੇ ਜਿੰਨਾਂ ਥੱਲੇ ਹੋ ਸਕੇ ਬੰਨਣੀ ਚਾਹੀਦੀ ਹੈ ਅਤੇ ਮੋਢੇ ਵਾਲੀ ਬੈਲਟ ਛਾਤੀਆਂ ਦੇ ਵਿੱਚਕਾਰ ਅਤੇ ਢਿੱਡ ਦੇ ਉਭਾਰ ਦੇ ਇੱਕ ਪਾਸੇ ਲੈ ਜਾਕੇ ਲਗਾਉਣੀ ਚਾਹੀਦੀ ਹੈ।

ਤੁਹਾਡਾ ਅਤੇ ਸਾਰੇ ਯਾਤਰੀ(ਆਂ) ਦਾ ਸੀਟ ਬੈਲਟ ਲਗਾਉਣਾ ਜ਼ਰੂਰੀ ਹੈ ਨਹੀਂ ਤਾਂ ਤੁਹਾਡਾ ਅਤੇ/ਜਾਂ ਤੁਹਾਡੇ ਨਾਲ ਬੈਠੇ ਯਾਤਰੀ(ਆਂ) ਦਾ ਚਲਾਨ ਕੱਟਿਆ ਜਾ ਸਕਦਾ ਹੈ। ਜੇ ਯਾਤਰੀ 16 ਸਾਲ ਤੋਂ ਛੋਟਾ ਹੈ, ਤੇ ਉਨ੍ਹਾਂ ਨੇ ਆਪਣੀ ਸੀਟ ਬੈਲਟ ਨਹੀਂ ਲਾਈ ਹੋਈ ਹੈ ਤਾਂ ਤੁਹਾਡਾ ਚਲਾਨ ਕੱਟਿਆ ਜਾ ਸਕਦਾ ਹੈ।

ਚਿੱਤਰ ਦਰਸਾਉਂਦਾ ਹੈ ਕਿ ਇੱਕ ਟੱਕਰ 'ਚ ਕੀ ਹੋ ਸਕਦਾ ਹੈ। ਜੇ ਤੁਹਾਨੂੰ ਸਾਈਡ ਵਲੋਂ ਟੱਕਰ ਵੱਜੀ ਹੈ, ਤਾਂ ਉਸਦੇ ਅਸਰ ਤੁਹਾਨੂੰ ਸੀਟ ਦੇ ਅੱਗੇ-ਪਿੱਛੇ ਵੱਲ ਨੂੰ ਸੁੱਟ ਸਕਦਾ ਹੈ। ਸੀਟ ਬੈਲਟਾਂ ਅਤੇ ਮੋਢੇ ਵਾਲੀ ਬੈਲਟਾਂ ਤੁਹਾਨੂੰ ਗੱਡੀ ਨੂੰ ਕੰਟਰੋਲ ਕਰਨ ਲਈ ਇੱਕ ਬਿਹਤਰ ਸਥਿਤੀ ਵਿੱਚ ਰੱਖਦੀਆਂ ਹਨ ਅਤੇ ਗੰਭੀਰ ਸੱਟਾਂ ਲੱਗਣ ਤੋਂ ਬਚਾ ਸਕਦੀਆਂ ਹਨ। ਚਿੱਤਰ ਇਹ ਵੀ ਦਰਸਾਉਂਦਾ ਹੈ ਕਿ, ਜਦੋਂ ਤੁਹਾਨੂੰ ਟੱਕਰ ਲਗਦੀ ਹੈ, ਤਾਂ ਤੁਹਾਡੀ ਗੱਡੀ ਤਾਂ ਰੁਕ ਜਾਂਦੀ ਹੈ, ਪਰ ਤੁਸੀਂ ਉਸੇ ਹੀ ਸਪੀਡ ਨਾਲ ਚੱਲਦੇ ਰਹਿੰਦੇ ਹੋ ਜਿਸ ਤੇ ਸਪੀਡ ਤੇ ਤੁਸੀਂ ਸਫ਼ਰ ਕਰ ਰਹੇ ਸੀ, ਜਦੋਂ ਤੀਕ ਕਿ ਤੁਸੀਂ ਡੈਸ਼ਬੋਰਡ ਜਾਂ ਵਿੰਡਸ਼ੀਲਡ ਨਾਲ ਟਕਰਾ ਨਹੀਂ ਜਾਉਂਦੇ।

ਬੱਚੇ ਲਈ ਇੱਕ ਸੁਰੱਖਿਆਤਮਕ ਸਿਸਟਮ ਅਤੇ ਸੁਰੱਖਿਆ ਸੀਟਾਂ

ਤੁਹਾਡੇ ਬੱਚੇ ਨੂੰ ਜਾਂ ਤਾਂ ਸੰਘੀ ਸਰਕਾਰ ਵਲੋਂ ਬੱਚੇ ਯਾਤਰੀ ਲਈ ਮਨਜ਼ੂਰ ਕੀਤੇ ਇੱਕ ਸੁਰੱਖਿਆਤਮਕ ਸਿਸਟਮ ਵਿੱਚ ਬਿਠਾਇਆ ਜਾਣਾ ਜਾਂ ਉਸ ਦੀ ਉਮਰ ਅਤੇ ਲੰਬਾਈ ਦੇ ਮੁਤਾਬਕ ਇੱਕ ਸੁਰੱਖਿਆ ਬੈਲਟ ਲਗਾਉਣਾ ਜ਼ਰੂਰੀ ਹੈ।

- 2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਇੱਕ ਪਿੱਛੇ ਵੱਲ ਮੂੰਹ ਕੀਤੇ ਬੱਚੇ ਯਾਤਰੀ ਲਈ ਮਨਜ਼ੂਰ ਕੀਤੇ ਇੱਕ ਸੁਰੱਖਿਆਤਮਕ ਸਿਸਟਮ ਵਿੱਚ ਬਿਠਾਇਆ ਜਾਣਾ ਜ਼ਰੂਰੀ ਹੈ, ਜਦੋਂ ਤੀਕ ਕਿ ਉਹ ਬੱਚਾ 40 ਪਾਉਂਡ ਜਾਂ ਉਸ ਤੋਂ ਵੱਧ ਨਾ ਹੋਵੇ, ਜਾਂ 3 ਫੁੱਟ 4 ਇੰਚ ਜਾਂ ਉਸ ਤੋਂ ਲੰਮਾ ਨਾ ਹੋਵੇ।

- ਬੱਚੇ ਜਿਨ੍ਹਾਂ ਦੀ ਉਮਰ 8 ਸਾਲ ਤੋਂ ਘੱਟ ਹੈ ਜਾਂ ਜਿੰਨਾਂ ਦੀ ਲੰਮਾਈ 4 ਫੁੱਟ 9 ਇੰਚ ਤੋਂ ਘੱਟ ਹੈ, ਉਨ੍ਹਾਂ ਦਾ ਸੰਘੀ ਸਰਕਾਰ ਵਲੋਂ ਬੱਚੇ ਯਾਤਰੀ ਲਈ ਮਨਜ਼ੂਰ ਕੀਤੇ ਇੱਕ ਸੁਰੱਖਿਆਤਮਕ ਸਿਸਟਮ ਵਿੱਚ ਬੈਠੇ ਹੋਣਾ ਜ਼ਰੂਰੀ ਹੈ।
- 8 ਸਾਲ ਤੋਂ ਘੱਟ ਉਮਰ ਦੇ ਬੱਚੇ ਸਿਰਫ਼ ਹੇਠਾਂ ਦਿੱਤੇ ਮੌਕਿਆਂ ਤੇ ਹੀ ਗੱਡੀ ਦੀ ਅਗਲੀ ਸੀਟ ਤੇ ਸੰਘੀ ਸਰਕਾਰ ਵਲੋਂ ਬੱਚੇ ਯਾਤਰੀ ਲਈ ਮਨਜ਼ੂਰ ਕੀਤੇ ਇੱਕ ਸੁਰੱਖਿਆਤਮਕ ਸਿਸਟਮ ਵਿੱਚ ਬੈ ਕੇ ਹੀ ਸਫ਼ਰ ਕਰ ਸਕਦੇ ਹਨ:
  - ਪਿੱਛੇ ਕੋਈ ਸੀਟ ਹੀ ਨਾ ਹੋਵੇ।
  - ਪਿੱਛਲੀਆਂ ਸੀਟਾਂ ਸਾਈਡ ਵੱਲ ਜੰਪ ਸੀਟਾਂ ਹਨ।
  - ਪਿੱਛਲੀਆਂ ਸੀਟਾਂ ਦਾ ਮੂੰਹ ਪਿੱਛੇ ਵੱਲ ਹੈ।
  - ਪਿੱਛੇ ਵਾਲੀ ਸੀਟ ਤੇ ਬੱਚੇ ਯਾਤਰੀ ਲਈ ਇੱਕ ਸੁਰੱਖਿਆਤਮਕ ਸਿਸਟਮ ਦਾ ਸਹੀ ਤਰੀਕੇ ਨਾਲ ਸੰਸਥਾਪਨ ਨਹੀਂ ਕੀਤਾ ਜਾ ਸਕਦਾ।
  - ਪਿਛੱਲੀਆਂ ਸਾਰੀਆਂ ਸੀਟਾਂ 7 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਭਰੀਆਂ ਹੋਈਆਂ ਹਨ।
  - ਕਿਸੇ ਡਾਕਟਰੀ ਕਾਰਨ ਕਰਕੇ ਬੱਚਾ ਪਿਛੱਲੀ ਸੀਟ ਤੇ ਸਫ਼ਰ ਨਹੀਂ ਕਰ ਸਕਦਾ ਹੈ।
- ਇੱਕ ਬੱਚਾ ਏਅਰ ਬੈਗ ਲਗੀ ਗੱਡੀ ਵਿੱਚ ਅੱਗਲੀ ਸੀਟ ਤੇ ਸਫ਼ਰ ਨਹੀਂ ਕਰ ਸਕਦਾ ਜੇ ਉਹ ਪਿਛੱਲੇ ਪਾਸੇ ਮੂੰਹ ਵਾਲੇ ਬੱਚੇ ਯਾਤਰੀ ਲਈ ਇੱਕ ਸੁਰੱਖਿਆਤਮਕ ਸਿਸਟਮ ਵਿੱਚ ਸਵਾਰੀ ਕਰ ਰਿਹਾ ਹੈ।
- ਬੱਚੇ ਜਿਨ੍ਹਾਂ ਦੀ ਉਮਰ 8 ਸਾਲ ਅਤੇ ਵੱਧ ਹੋਵੇ ਜਾਂ ਜੋ ਘੱਟੋ-ਘੱਟ 4 ਫੁੱਟ 9 ਇੰਚ ਲੰਮੇ ਹਨ, ਉਹ ਸੰਘੀ ਮਿਆਰਾਂ ਨੂੰ ਪੂਰੀ ਕਰਦੀ ਇੱਕ ਠੀਕ ਤਰੀਕੇ ਦੀ ਸੁਰੱਖਿਆ ਬੈਲਟ ਦੀ ਵਰਤੋਂ ਕਰ ਸਕਦੇ ਹਨ।

ਧਿਆਨ ਦਿਓ: ਸਹੀ ਬੱਚਾ ਯਾਤਰੀ ਲਈ ਇੱਕ ਸੁਰੱਖਿਆਤਮਕ ਸਿਸਟਮ ਦੇ ਸੰਸਥਾਪਨ ਦੀ ਜਾਂਚ ਸਥਾਨਕ ਕਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਜਾਂ ਫਾਇਰ ਡਿਪਾਰਟਮੇਂਟ ਨਾਲ ਸੰਪਰਕ ਕਰਕੇ ਕਰਵਾਈ ਜਾ ਸਕਦੀ ਹੈ। ਜਿਵੇਂ-ਜਿਵੇਂ ਤੁਹਾਡਾ ਬੱਚਾ ਵੱਡਾ ਹੁੰਦਾ ਹੈ, ਇਹ ਪੱਕਾ ਕਰਨ ਲਈ ਇਨ੍ਹਾਂ ਏਜੰਸੀਆਂ ਨਾਲ ਸੰਪਰਕ ਕਰੋ ਕਿ ਤੁਹਾਡੀ ਕਾਰ ਦੀ ਸੀਟ ਤੁਹਾਡੇ ਬੱਚੇ ਲਈ ਸਹੀ ਸਾਈਜ਼ ਦੀ ਹੈ।

ਏਅਰ ਬੈਗਾਂ ਨਾਲ ਸੁਰੱਖਿਅਤ ਤਰੀਕੇ ਨਾਲ ਸਫਰ ਕਰਨਾ

ਏਅਰ ਬੈਗ ਇੱਕ ਅਜਿਹੀ ਸੁਰੱਖਿਆ ਸੁਵਿਧਾ ਹਨ ਜੋ ਤੁਹਾਨੂੰ ਇੱਕਲੇ ਸੀਟ ਬੈਲਟ ਤੋਂ ਵੱਧ ਸੁਰੱਖਿਆ ਪ੍ਰਦਾਨ ਕਰਦੇ ਹਨ। ਜੇ ਤੁਸੀਂ ਗੱਡੀ ਉੱਤੇ ਪੂਰਾ ਕੰਟ੍ਰੋਲ ਰੱਖਦੇ ਹੋਏ ਅਜਿਹਾ ਕਰ ਸਕਦੇ ਹੋ, ਤਾਂ ਏਅਰ ਬੈਗ ਦੇ ਕਵਰ ਤੋਂ ਘੱਟੋ-ਘੱਟ 10 ਇੰਚ ਦੀ ਦੂਰੀ (ਇਸ ਦੂਰੀ ਨੂੰ ਸਟੀਅਰਿੰਗ ਵ੍ਹੀਲ ਦੇ ਮੱਧ ਤੋਂ ਆਪਣੀ ਛਾਤੀ ਦੀ ਹੱਡੀ ਤੱਕ ਮਾਪੋ) ਤੇ ਬੈਠੋ। ਜੇ ਤੁਸੀਂ ਸੁਰੱਖਿਅਤ ਢੰਗ ਨਾਲ ਏਅਰ ਬੈਗ ਤੋਂ 10 ਇੰਚ ਦੀ ਦੂਰੀ ਤੇ ਨਹੀਂ ਬੈਠ ਸਕਦੇ ਹੋ, ਤਾਂ ਏਅਰ ਬੈਗ ਤੋਂ ਪਿੱਛੇ ਹੋਣ ਦੇ ਹੋਰ ਦੂਜੇ ਤਰੀਕਿਆਂ ਬਾਰੇ ਪਤਾ ਕਰਨ ਲਈ ਆਪਣੀ ਗੱਡੀ ਦੇ ਡੀਲਰ ਜਾਂ ਨਿਰਮਾਤਾ ਨਾਲ ਸੰਪਰਕ ਕਰੋ।

ਗੱਡੀ ਵਿੱਚ ਬੈਠੇ ਯਾਤਰੀਆਂ ਨੂੰ ਵੀ ਉਨ੍ਹਾਂ ਲਈ ਲੱਗੇ ਹੋਏ ਪਾਸੇ ਦੇ ਏਅਰ ਬੈਗਾਂ ਤੋਂ ਘੱਟੋ-ਘੱਟ 10 ਇੰਚ ਦੀ ਦੂਰੀ ਤੇ ਬੈਠਣਾ ਚਾਹੀਦਾ ਹੈ।

ਧਿਆਨ ਦਿਓ: ਸਾਈਡਾਂ ਤੋਂ ਬਚਾਉਣ ਵਾਲੇ ਏਅਰ ਬੈਗਾਂ ਦੇ ਨੇੜੇ ਬੈਠੇ ਹੋਏ ਬੱਚੇ ਗੰਭੀਰ ਜਾਂ ਜਾਨਲੇਵਾ ਸੱਟ ਲੱਗਣ ਦੇ ਜੋਖਮ ਤੇ ਹੋ ਸਕਦੇ ਹਨ।

ਮੋਟਰ ਗੱਡੀਆਂ ਵਿੱਚ ਬਿਨ੍ਹਾਂ ਕਿਸੇ ਰਖਵਾਲੇ ਦੇ ਛੱਡੇ ਗਏ ਬੱਚੇ

ਕਿਸੇ ਵੀ ਬੱਚੇ ਨੂੰ ਕਿਸੇ ਗੱਡੀ ਵਿੱਚ ਇਕੱਲੇ ਛੱਡਣਾ ਕਦੀ ਵੀ ਇੱਕ ਚੰਗਾ ਵਿਚਾਰ ਨਹੀਂ ਹੈ। 6 ਸਾਲ ਜਾਂ ਉਸ ਤੋਂ ਘੱਟ ਉਮਰ ਦੇ ਕਿਸੇ ਵੀ ਬੱਚੇ ਨੂੰ ਕਿਸੇ ਮੋਟਰ ਗੱਡੀ ਵਿੱਚ ਇਕੱਲੇ ਛੱਡਣਾ ਗ਼ੈਰਕਨੂੰਨੀ ਹੈ।

ਧਿਆਨ ਦਿਓ: ਬੱਚੇ ਨੂੰ 12 ਸਾਲ ਜਾਂ ਉਸ ਤੋਂ ਵੱਧ ਉਮਰ ਵਾਲੇ ਇੱਕ ਵਿਅਕਤੀ ਦੀ ਨਿਗਰਾਨੀ ਵਿੱਚ ਛੱਡਿਆ ਜਾ ਸਕਦਾ ਹੈ।

ਬੇਧਿਆਨੇ ਗੱਡੀ ਚਲਾਉਣਾ

ਕੋਈ ਵੀ ਅਜਿਹੀ ਚੀਜ਼ ਜਿਹੜੀ ਤੁਹਾਨੂੰ ਤੁਹਾਡੀ ਗੱਡੀ ਨੂੰ ਸੁਰੱਖਿਅਤ ਤਰੀਕੇ ਨਾਲ ਚਲਾਉਣ ਤੋਂ ਰੋਕਦੀ ਹੈ ਉਹ ਧਿਆਨ ਭਟਕਾਉਂਦੀ ਹੈ। ਹੇਠਾਂ ਦਿੱਤੀਆਂ ਡ੍ਰਾਈਵਰ ਦਾ ਧਿਆਨ ਭਟਕਾਉਣ ਦੀਆਂ 3 ਕਿਸਮਾਂ ਹਨ:

- ਨਜ਼ਰ ਸਬੰਧੀ—ਸੜਕ ਤੋਂ ਨਜ਼ਰ (ਧਿਆਨ) ਹੱਟਣਾ।
- ਦਿਮਾਗ ਸਬੰਧੀ—ਸੜਕ ਤੋਂ ਖਿਆਲ ਰਾਹੀਂ ਧਿਆਨ ਹੱਟਣਾ।
- ਹੱਥਾਂ ਸਬੰਧੀ—ਸਟੀਯਰਿੰਗ ਵ੍ਹੀਲ ਤੋਂ ਹੱਥਾਂ ਦਾ ਹੱਟਣਾ।

ਕੁਝ ਕਾਰਵਾਈਆਂ ਜਿੰਨਾਂ ਕਰਕੇ ਬੇਧਿਆਨੇ ਡ੍ਰਾਈਵਿੰਗ ਹੋਈ ਅਤੇ ਗੱਡੀਆਂ ਦੀਆਂ ਟੱਕਰਾਂ ਹੁੰਦੀਆਂ ਹਨ:

- ਕਿਸੇ ਹੈਂਡ-ਹੈਲਡ ਡਿਵਾਇਸ (ਯੰਤਰ) (ਉਦਾਹਰਨ ਲਈ, ਸੈੱਲ ਫੋਨ, ਸੰਗੀਤ ਵਜਾਉਣ ਵਾਲੇ ਯੰਤਰ) ਦੀ ਵਰਤੋਂ ਕਰਨਾ।
- ਗੱਡੀ ਦੇ ਵਿੱਚ ਪਈ ਕੋਈ ਚੀਜ਼ ਚੁੱਕਣ ਦੀ ਕੋਸ਼ਿਸ਼ ਕਰਨਾ।
- ਗੱਡੀ ਤੋਂ ਬਾਹਰ ਕਿਸੇ ਚੀਜ਼ ਜਾਂ ਘਟਨਾ ਨੂੰ ਵੇਖਣਾ।
- ਪੜ੍ਹਨਾ।
- ਖਾਣਾ।
- ਮੇਕਅਪ ਕਰਨਾ (ਸ਼ਿੰਗਾਰ ਕਰਨਾ)।

ਟੱਕਰਾਂ ਅਤੇ ਧਿਆਨ ਭੰਗ ਹੋਣ ਸੰਬੰਧੀ ਵਧੇਰੀ ਜਾਣਕਾਰੀ ਡ੍ਰਾਈਵਰ ਦਾ ਧਿਆਨ ਭੰਗ ਹੋਣਾ (*Driver Distractions*, FFDL 28) ਫਾਸਟ ਫੈਕਟ ਵਿਵਰਨ-ਪੁਸਤਿਕਾ ਵਿੱਚ ਮਿਲ ਸਕਦੀ ਹੈ।

ਗਰਮੀਆਂ ਵਿੱਚ ਹੋਣ ਵਾਲੇ ਖਤਰੇ

ਬੱਚਿਆਂ (CVC §15620) ਅਤੇ/ਜਾਂ ਜਾਨਵਰਾਂ ਨੂੰ ਇੱਕ ਗਰਮ ਗੱਡੀ ਵਿੱਚ ਛੱਡਣਾ ਖਤਰਨਾਕ ਅਤੇ ਗੈਰਕਨੂੰਨੀ ਹੈ। ਧੁੱਪ ਵਿੱਚ ਬੈਠੇ ਰਹਿਣ ਤੋਂ ਬਾਅਦ, ਭਾਵੇਂ ਇੱਕ ਖਿੜਕੀ ਥੋੜੀ ਜਿਹੀ ਖੁਲ੍ਹੀ ਵੀ ਹੋਵੇ, ਇੱਕ ਪਾਰਕ ਕੀਤੇ ਹੋਈ ਗੱਡੀ ਦੇ ਅੰਦਰ ਤਾਪਮਾਨ ਇੱਕਦਮ ਵਧ ਸਕਦਾ ਹੈ।

ਗਰਮੀ ਦੇ ਸੰਪਰਕ ਵਿੱਚ ਜ਼ਿਆਦਾ ਰਹਿਣ ਕਰਕੇ ਪਾਣੀ ਦੀ ਕਮੀ, ਗਰਮੀ ਨਾਲ ਚੱਕਰ ਆਉਣਾ, ਅਤੇ ਮੌਤ ਤੱਕ ਵੀ ਹੋ ਸਕਦੀ ਹੈ। ਕੈਲੀਫੋਰਨੀਆ ਪੀਨਲ ਕੋਡ (*California Penal Code*) §597.7 ਕਿਸੇ ਜਾਨਵਰ ਨੂੰ ਅਜਿਹੀਆਂ ਸਥਿਤੀਆਂ ਵਿੱਚ ਕਿਸੇ ਬਿਨ੍ਹਾਂ ਰਖਵਾਲੀ ਦੇ ਗੱਡੀਆਂ ਵਿੱਚ ਛੱਡਣ ਜਾਂ ਬੰਨ੍ਹ ਕੇ ਜਾਣ ਦੀ ਮਨਾਹੀ ਕਰਦਾ ਹੈ ਜਿਸ ਵਿੱਚ ਗਰਮੀ ਕਰਕੇ ਕਿਸੇ ਜਾਨਵਰ ਦੀ ਸਿਹਤ ਜਾਂ ਸਲਾਮਤੀ ਨੂੰ ਖਤਰਾ ਹੋ ਸਕਦਾ ਹੈ।

ਟ੍ਰੈਫਿਕ ਕੰਟ੍ਰੋਲ

ਟ੍ਰੈਫਿਕ ਸਿਗਨਲ ਲਾਈਟਾਂ

ਪੱਕੀ ਲਾਲ–ਇੱਕ ਲਾਲ ਟ੍ਰੈਫਿਕ ਸਿਗਨਲ ਲਾਈਟ ਦਾ ਮਤਲਬ ਹੈ "ਰੁਕੋ" (STOP)। ਇੱਕ ਲਾਲ ਟ੍ਰੈਫਿਕ ਸਿਗਨਲ ਲਾਈਟ ਤੇ ਰੁਕਣ ਤੋਂ ਬਾਅਦ ਤੁਸੀਂ ਸੱਜੇ ਪਾਸੇ ਵੱਲ ਮੁੜ ਸਕਦੇ ਹੋ। ਪੈਦਲ ਲੋਕਾਂ, ਸਾਈਕਲ ਸਵਾਰਾਂ ਅਤੇ ਉਨ੍ਹਾਂ ਗੱਡੀਆਂ ਨੂੰ ਪਹਿਲਾਂ ਰਸਤਾ ਦਿਓ ਜੋ ਇੰਨੀਆਂ ਨੇੜੇ ਹਨ ਕਿ ਖਤਰਨਾਕ ਹੋ ਸਕਦੀਆਂ ਹਨ। ਸੱਜੇ ਪਾਸੇ ਨੂੰ ਤਾਂ ਹੀ ਮੁੜੋ ਜਦੋਂ ਅਜਿਹਾ ਕਰਨਾ ਸੁਰੱਖਿਅਤ ਹੋਵੇ। ਜੇ ਉੱਥੇ ਇੱਕ ਸਾਈਨ ਲੱਗਿਆ ਹੋਵੇ ਕਿ "ਲਾਲ ਬੱਤੀ ਤੇ ਮੁੜਣਾ ਮੰਨਾ ਹੈ" (NO TURN ON RED) ਤਾਂ ਤੁਸੀਂ ਨਹੀਂ ਮੁੜ ਸਕਦੇ।

ਲਾਲ ਤੀਰ–ਇੱਕ ਲਾਲ ਤੀਰ ਦਾ ਮਤਲਬ ਹੈ "ਰੁਕੋ" (STOP)। ਤਾਂ ਤੱਕ ਰੁਕੇ ਰਹੋ ਜਦੋਂ ਤੀਕ ਕਿ ਹਰਾ ਸਿਗਨਲ ਜਾਂ ਹਰਾ ਤੀਰ ਨਹੀਂ ਹੋ ਜਾਂਦਾ। ਇੱਕ ਲਾਲ ਤੀਰ ਦੇ ਹੁੰਦਿਆਂ ਕਦੀ ਨਾ ਮੁੜੋ।

ਜਗਦੀ-ਬੁਝਦੀ ਲਾਲ–ਇੱਕ ਸਿਗਨਲ ਦੀ ਜਗਦੀ-ਬੁਝਦੀ ਲਾਲ ਟ੍ਰੈਫਿਕ ਸਿਗਨਲ ਲਾਈਟ ਦਾ ਮਤਲਬ ਹੈ "ਰੁਕੋ" (STOP)। ਰੁਕਣ ਤੋਂ ਬਾਅਦ, ਜਦੋਂ ਸੁਰੱਖਿਅਤ ਹੋਵੇ, ਤੁਸੀਂ ਅੱਗੇ ਵੱਧ ਸਕਦੇ ਹੋ। ਲੰਘਣ-ਦਾ-ਅਧਿਕਾਰ ਦੇ ਨਿਯਮਾਂ ਦੀ ਪਾਲਣਾ ਕਰੋ।

ਪੱਕੀ ਪੀਲੀ–ਇੱਕ ਪੀਲੀ ਟ੍ਰੈਫਿਕ ਸਿਗਨਲ ਲਾਈਟ ਦਾ ਮਤਲਬ ਹੈ "ਸਾਵਧਾਨ" (CAUTION)। ਲਾਲ ਟ੍ਰੈਫਿਕ ਸਿਗਨਲ ਲਾਈਟ ਹੋਣ ਵਾਲੀ ਹੈ। ਜਦੋਂ ਤੁਸੀਂ ਪੀਲੀ ਟ੍ਰੈਫਿਕ ਸਿਗਨਲ ਲਾਈਟ ਵੇਖੋ, ਤਾਂ ਜੇ ਤੁਸੀਂ ਸੁਰੱਖਿਅਤ ਢੰਗ ਨਾਲ ਰੁਕ ਸਕਦੇ ਹੋ ਤਾਂ ਰੁਕ ਜਾਓ। ਜੇ ਤੁਸੀਂ ਸੁਰੱਖਿਅਤ ਢੰਗ ਨਾਲ ਨਹੀਂ ਰੁਕ ਸਕਦੇ ਹੋ, ਤਾਂ ਚੌਰਾਹੇ ਨੂੰ ਸਾਵਧਾਨੀ ਨਾਲ ਪਾਰ ਕਰੋ।

ਪੀਲਾ ਤੀਰ–ਇੱਕ ਪੀਲੇ ਤੀਰ ਦਾ ਮਤਲਬ ਹੈ ਕਿ ਮੁੜਣ ਦਾ "ਸੁਰੱਖਿਅਤ" ਸਮਾਂ ਖਤਮ ਹੋਣ ਵਾਲਾ ਹੈ। ਅਗਲੀ ਟ੍ਰੈਫਿਕ ਸਿਗਨਲ ਲਾਈਟ ਨੂੰ ਮੰਨਣ ਲਈ ਤਿਆਰ ਹੋ ਜਾਓ, ਉਹ ਅਗਲਾ ਸਿਗਨਲ ਹਰੀ ਜਾਂ ਲਾਲ ਟ੍ਰੈਫਿਕ ਸਿਗਨਲ ਲਾਈਟ ਜਾਂ ਲਾਲ ਤੀਰ ਹੋ ਸਕਦਾ ਹੈ।

ਜੱਗਦੀ-ਬੁਝਦੀ ਪੀਲੀ ਲਾਈਟ–ਇੱਕ ਪੀਲੀ ਜੱਗਦੀ-ਬੁਝਦੀ ਟ੍ਰੈਫਿਕ ਸਿਗਨਲ ਲਾਈਟ ਤੁਹਾਨੂੰ "ਸਾਵਧਾਨੀ ਨਾਲ ਅੱਗੇ ਵੱਧੋ" (PROCEED WITH CAUTION) ਦੀ ਚੇਤਾਵਨੀ ਦਿੰਦੀ ਹੈ। ਚੌਰਾਹੇ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਗੱਡੀ ਦੀ ਰਫ਼ਤਾਰ ਘਟਾਓ ਅਤੇ ਸਾਵਧਾਨ ਹੋ ਜਾਓ। ਪੈਦਲ ਲੋਕਾਂ, ਸਾਈਕਲ ਸਵਾਰਾਂ ਅਤੇ ਉਨ੍ਹਾਂ ਗੱਡੀਆਂ ਨੂੰ ਪਹਿਲਾਂ ਰਸਤਾ ਦਿਓ ਜੋ ਚੌਰਾਹੇ ਵਿੱਚ ਹਨ। ਤੁਹਾਨੂੰ ਇੱਕ ਜੱਗਦੀ-ਬੁਝਦੀ ਪੀਲੀ ਸਿਗਨਲ ਲਾਈਟ ਲਈ ਰੁਕਣ ਦੀ ਲੋੜ ਨਹੀਂ ਹੈ।

ਜੱਗਦਾ-ਬੁਝਦਾ ਪੀਲਾ ਤੀਰ–ਇਸ ਟ੍ਰੈਫਿਕ ਸਿਗਨਲ ਲਾਈਟ ਦਾ ਮਤਲਬ ਹੈ ਕਿ ਮੁੜਣ ਦੀ ਆਗਿਆ ਹੈ (ਅਸੁਰੱਖਿਅਤ), ਪਰ ਤੁਹਾਡਾ ਪਹਿਲਾਂ ਆਉਣ ਵਾਲੇ ਟ੍ਰੈਫਿਕ ਅਤੇ ਪੈਦਲ ਚੱਲਣ ਵਾਲਿਆਂ ਲਈ ਰੁਕਣਾ ਅਤੇ ਫੇਰ ਸਾਵਧਾਨੀ ਨਾਲ ਅੱਗੇ ਵੱਧਣਾ ਜ਼ਰੂਰੀ ਹੈ।

ਪੱਕੀ ਹਰੀ–ਚੌਰਾਹੇ ਵਿੱਚ ਮੌਜੂਦ ਕਿਸੇ ਗੱਡੀ, ਸਾਈਕਲ ਸਵਾਰ, ਜਾਂ ਪੈਦਲ ਚੱਲਣ ਵਾਲੇ ਵਿਅਕਤੀ ਨੂੰ ਪਹਿਲਾ ਲੰਘਣ ਦਾ ਰਸਤਾ ਦਿਓ। ਇੱਕ ਹਰੀ ਟ੍ਰੈਫਿਕ ਸਿਗਨਲ ਲਾਈਟ ਦਾ ਮਤਲਬ ਹੈ "ਜਾਓ" (GO)। ਜੇ ਤੁਸੀਂ ਖੱਬੇ ਪਾਸੇ ਵੱਲ ਮੁੜ ਰਹੇ ਹੋ, ਤਾਂ ਤੁਸੀਂ ਉਸੇ ਵੇਲੇ ਮੁੜੋ ਜਦੋਂ ਤੁਹਾਡੇ ਕੋਲ ਇੰਨੀ ਥਾਂ ਹੋਵੇ ਕਿ ਕਿਸੇ ਵੀ ਆ ਰਹੀ ਗੱਡੀ, ਸਾਈਕਲ ਸਵਾਰ ਜਾਂ ਪੈਦਲ ਚੱਲਣ ਵਾਲੇ ਵਿਅਕਤੀ ਲਈ ਕੋਈ ਖਤਰਾ ਬਣਨ ਤੋਂ ਪਹਿਲਾਂ ਹੀ ਤੁਸੀਂ ਆਪਣਾ ਮੋੜ ਮੁੜ ਚੁਕੇ ਹੋਵੋ। ਜੇ ਤੁਸੀਂ ਟ੍ਰੈਫਿਕ ਸਿਗਨਲ ਲਾਈਟ ਦੇ ਲਾਲ ਹੋਣ ਤੋਂ ਪਹਿਲਾਂ ਚੌਰਾਹੇ ਨੂੰ ਪਾਰ ਨਹੀਂ ਕਰ ਸਕਦੇ ਹੋ, ਤਾਂ ਚੌਰਾਹੇ ਵਿੱਚ ਦਾਖਲ ਨਾ ਹੋਵੋ। ਜੇ ਤੁਸੀਂ ਚੌਰਾਹੇ ਵਿੱਚ ਰਸਤਾ ਰੋਕ ਦਿੰਦੇ ਹੋ, ਤਾਂ ਤੁਹਾਡਾ ਚਲਾਨ ਕੱਟਿਆ ਜਾ ਸਕਦਾ ਹੈ।

ਹਰਾ ਤੀਰ–ਇੱਕ ਹਰੇ ਤੀਰ ਦਾ ਮਤਲਬ ਹੈ "ਜਾਓ" (GO)। ਚੌਰਾਹੇ ਵਿੱਚ ਮੌਜੂਦ ਕਿਸੇ ਗੱਡੀ, ਸਾਈਕਲ ਸਵਾਰ, ਜਾਂ ਪੈਦਲ ਚੱਲਣ ਵਾਲੇ ਵਿਅਕਤੀ ਨੂੰ ਰਸਤਾ ਦੇਣ ਦੇ ਬਾਅਦ ਤੁਹਾਡੇ ਲਈ ਤੀਰ ਦੀ ਦਿਸ਼ਾ ਵਿੱਚ ਮੁੜਨਾ ਜ਼ਰੂਰੀ ਹੈ। ਹਰਾ ਤੀਰ ਤੁਹਾਨੂੰ ਇੱਕ "ਸੁਰੱਖਿਅਤ" ਮੋੜ ਲੈਣ ਦੀ ਇਜ਼ਾਜ਼ਤ ਦਿੰਦਾ ਹੈ। ਜਦੋਂ ਤੀਕ ਹਰਾ ਤੀਰ ਜਗ ਰਿਹਾ ਹੈ ਤਾਂ ਉਦੋਂ ਤੱਕ ਸਾਮ੍ਹਣੇ ਤੋਂ ਆਉਣ ਵਾਲੀਆਂ ਗੱਡੀਆਂ, ਸਾਈਕਲਾਂ ਅਤੇ ਪੈਦਲ ਚੱਲਣ ਵਾਲੇ ਲੋਕਾਂ ਨੂੰ ਇੱਕ ਲਾਲ ਟ੍ਰੈਫਿਕ ਸਿਗਨਲ ਲਾਈਟ ਦੁਆਰਾ ਰੋਕਿਆ ਜਾਂਦਾ ਹੈ।

ਟ੍ਰੈਫਿਕ ਸਿਗਨਲ ਲਾਈਟਾਂ ਦਾ ਬੰਦ ਹੋ ਜਾਣਾ (ਕੰਮ ਨਾ ਕਰਨਾ)– ਟ੍ਰੈਫਿਕ ਸਿਗਨਲ ਲਾਈਟ ਕੰਮ ਨਹੀਂ ਕਰ ਰਹੀ ਹੈ ਅਤੇ/ਜਾਂ ਸਿਗਨਲ ਤੇ ਕੋਈ ਲਾਈਟਾਂ ਨਹੀਂ ਦਿੱਸ ਰਹੀਆਂ ਹਨ। ਸਾਵਧਾਨੀ ਨਾਲ ਅੱਗੇ ਵੱਧੋ ਜਿਵੇਂ ਕਿ ਸਾਰੀਆਂ ਦਿਸ਼ਾਵਾਂ "ਰੁਕੋ" (STOP) ਸਾਈਨ ਦੁਆਰਾ ਨਿਯੰਤ੍ਰਿਤ ਹੋਣ।

ਪੈਦਲ ਚੱਲਣ ਵਾਲੇ ਲੋਕਾਂ ਲਈ ਸਿਗਨਲ ਲਾਈਟਾਂ

ਪੈਦਲ ਚੱਲਣ ਵਾਲੇ ਲੋਕਾਂ ਲਈ ਟ੍ਰੈਫਿਕ ਸਿਗਨਲ ਲਾਈਟਾਂ ਥੱਲੇ ਦਿੱਤੀਆਂ ਉਦਾਹਰਨਾਂ ਵਾਂਗ ਸ਼ਬਦ ਜਾਂ ਤਸਵੀਰਾਂ ਦਰਸਾਉਂਦੇ ਹਨ:

"ਚੱਲੋ" (**Walk**) ਜਾਂ "ਚੱਲਣ ਵਾਲਾ ਵਿਅਕਤੀ" (**Walking Person**) ਟ੍ਰੈਫਿਕ ਸਿਗਨਲ ਲਾਈਟਾਂ ਦਾ ਮਤਲਬ ਹੈ ਕਿ ਸੜਕ ਪਾਰ ਕਰਨਾ ਹੁਣ ਕਨੂੰਨੀ ਤੌਰ ਤੇ ਸਹੀ ਹੈ।

"ਹਾਲੇ ਨਾ ਚੱਲੋ" (**Don't Walk**) ਜਾਂ "ਉਠਿਆ ਹੋਇਆ ਹੱਥ" (**Raised Hand**) ਟ੍ਰੈਫਿਕ ਸਿਗਨਲ ਲਾਈਟ ਦਾ ਮਤਲਬ ਹੈ ਕਿ ਤੁਹਾਨੂੰ ਸੜਕ ਪਾਰ ਕਰਨਾ ਸ਼ੁਰੂ ਨਹੀਂ ਕਰਨਾ ਚਾਹੀਦਾ।

ਫਲੈਸ਼ ਕਰਦੀਆਂ ਹੋਈਆਂ "ਹਾਲੇ ਨਾ ਚੱਲੋ" (**Don't Walk**) ਜਾਂ ਫਲੈਸ਼ ਕਰਦੀਆਂ ਹੋਈਆਂ "ਉਠਿਆ ਹੋਇਆ ਹੱਥ" (**Raised Hand**) ਟ੍ਰੈਫਿਕ ਸਿਗਨਲ ਲਾਈਟ ਦਾ ਮਤਲਬ ਹੈ ਕਿ ਤੁਸੀਂ ਸੜਕ ਪਾਰ ਕਰਨਾ ਸ਼ੁਰੂ ਨਾ ਕਰੋ ਕਿਉਂਕਿ ਟ੍ਰੈਫਿਕ ਸਿਗਨਲ ਲਾਈਟ ਬਦਲਣ ਵਾਲੀ ਹੈ। ਜੇ ਕੋਈ ਪੈਦਲ ਚੱਲਣ ਵਾਲਾ/ਵਾਲੀ ਟ੍ਰੈਫਿਕ ਸਿਗਨਲ ਲਾਈਟ ਦੇ ਜੱਗਣ-ਬੁੱਝਣ ਤੋਂ ਬਾਅਦ ਸੜਕ ਪਾਰ ਕਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਅੱਗੇ ਵੱਧਣ ਤੋਂ ਪਹਿਲਾਂ ਉਸ ਪੈਦਲ ਚੱਲਣ ਵਾਲੇ(ਲਿਆਂ) ਦੇ ਸੜਕ ਪਾਰ ਕਰਨ ਤੱਕ ਇੰਤਜਾਰ ਕਰੋ।

ਪੈਦਲ ਚੱਲਣ ਵਾਲਿਆਂ ਲਈ ਟ੍ਰੈਫਿਕ ਸਿਗਨਲ ਲਾਈਟਾਂ ਸੰਕੇਤ ਦੇ ਸਕਦੀਆਂ ਹਨ ਕਿ ਸੜਕ ਪਾਰ ਕਰਨ ਲਈ ਕਿੰਨੇ ਸਕਿੰਟ ਬਚੇ ਹਨ। ਜੇ ਪਾਰ ਕਰਨ ਦਾ ਸਮਾਂ ਖਤਮ ਹੋਣ ਵਾਲਾ ਹੋਵੇ ਤਾਂ ਇਹ ਪੈਦਲ ਚੱਲਣ ਵਾਲਿਆਂ ਲਈ ਟ੍ਰੈਫਿਕ ਸਿਗਨਲ ਲਾਈਟਾਂ ਪੈਦਲ ਚੱਲਣ ਵਾਲੇ ਲੋਕਾਂ ਨੂੰ ਜਲਦੀ ਨਾਲ ਸੜਕ ਪਾਰ ਕਰਨ ਦੀ ਇਜਾਜ਼ਤ ਦਿੰਦੀਆਂ ਹਨ।



ਪੈਦਲ ਚੱਲਣ ਵਾਲਿਆਂ ਲਈ ਚਰਣ (ਪੈਦਲ ਚੱਲਣ ਵਾਲਿਆਂ ਲਈ ਸਕ੍ਰੈਮਬਲ ਵੀ ਕਿਹਾ ਜਾਂਦਾ ਹੈ) ਆੜੇ-ਟੇੜੇ ਦੀ ਇੱਕ ਸੀਰੀਜ਼, ਡਾਇਗਨਲ ਕ੍ਰਾਸਵਾੱਕ ਜੋ ਕਿ ਪੈਦਲ ਚੱਲਣ ਵਾਲੇ ਨੂੰ ਉਸੇ ਵੇਲੇ ਕਿਸੇ ਵੀ ਦਿਸ਼ਾ ਵਿੱਚ ਸੜਕ ਪਾਰ ਕਰਨ ਦੀ ਇਜਾਜ਼ਤ ਦਿੰਦੇ ਹਨ, ਜਿੰਨਾਂ ਵਿੱਚ ਚੌਰਾਹੇ ਵਿੱਚ ਤਿਰਛੀਆਂ ਲਾਈਨਾਂ ਵੀ ਸ਼ਾਮਲ ਹਨ। ਇਹ ਸਿਗਨਲ ਸਕ੍ਰੈਮਬਲ ਚਰਣ ਦੇ ਦੌਰਾਨ ਸਾਰੀ ਗੱਡੀਆਂ ਦੇ ਟ੍ਰੈਫਿਕ ਨੂੰ ਰੋਕ ਦਿੰਦੇ ਹਨ। ਕੁਝ ਪੈਦਲ ਚੱਲਣ ਵਾਲਿਆਂ ਲਈ ਟ੍ਰੈਫਿਕ ਸਿਗਨਲ ਲਾਈਟਾਂ ਇੱਕ ਬੀਪ ਦੀ ਜਾਂ ਚਹਿਕਣ ਦੀ ਆਵਾਜ਼ ਜਾਂ ਇੱਕ ਮੌਖਕ ਸੰਦੇਸ਼ ਵੀ ਪ੍ਰਦਾਨ ਕਰ ਸਕਦੀਆਂ ਹਨ। ਇਹ ਟ੍ਰੈਫਿਕ ਸਿਗਨਲ ਲਾਈਟਾਂ ਅੰਨੇ ਜਾਂ ਦੇਖ ਨਾ ਸੱਕਣ ਵਾਲੇ ਲੋਕਾਂ ਦੀ ਸੜਕ ਪਾਰ ਕਰਨ ਵਿੱਚ ਮਦਦ ਕਰਨ ਲਈ ਬਣਾਈਆਂ ਜਾਂਦੀਆਂ ਹਨ।

ਟ੍ਰੈਫਿਕ ਦੇ ਕਈ ਸਿਗਨਲਾਂ ਤੇ, ਤੁਹਾਨੂੰ "ਚੱਲੋ" (**Walk**) ਜਾਂ "ਚੱਲਣ ਵਾਲਾ ਵਿਅਕਤੀ" (**Walking Person**) ਪੈਦਲ ਚੱਲਣ ਵਾਲਿਆਂ ਲਈ ਟ੍ਰੈਫਿਕ ਸਿਗਨਲ ਲਾਈਟ ਨੂੰ ਕਿਰਿਆਸ਼ੀਲ ਕਰਨ ਲਈ ਪੈਦਲ ਚੱਲਣ ਵਾਲਿਆਂ ਲਈ ਲੱਗੇ ਪੁਸ਼ ਬਟਨ ਨੂੰ ਦਬਾਉਣ ਦੀ ਲੋੜ ਹੁੰਦੀ ਹੈ। ਜੇ ਪੈਦਲ ਚੱਲਣ ਵਾਲਿਆਂ ਲਈ ਕੋਈ ਸਿਗਨਲ ਨਹੀਂ ਹਨ ਤਾਂ ਗੱਡੀ ਲਈ ਬਣੀਆਂ ਟ੍ਰੈਫਿਕ ਸਿਗਨਲ ਲਾਈਟਾਂ ਦੀ ਪਾਲਣਾ ਕਰੋ।

ਟ੍ਰੈਫਿਕ ਚਿੰਨ੍ਹ (ਸੰਕੇਤ)

ਕਿਸੇ ਵੀ ਟ੍ਰੈਫਿਕ ਚਿੰਨ੍ਹ ਦਾ ਆਕਾਰ ਅਤੇ ਰੰਗ ਤੁਹਾਨੂੰ ਉਸ ਚਿੰਨ੍ਹ ਤੇ ਮੌਜੂਦ ਜਾਣਕਾਰੀ ਬਾਰੇ ਇਸ਼ਾਰਾ ਕਰਦਾ ਹੈ। ਆਮ ਤੌਰ ਤੇ ਵਰਤੇ ਜਾਣ ਵਾਲੇ ਆਕਾਰ ਹੇਠਾਂ ਦਿੱਤੇ ਗਏ ਹਨ:

ਇੱਕ 8-ਪਾਸਿਆਂ ਵਾਲੇ ਲਾਲ "ਰੁਕੋ" (**STOP**) ਚਿੰਨ੍ਹ ਇਹ ਸੰਕੇਤ ਕਰਦਾ ਹੈ ਕਿ ਜਦੋਂ ਵੀ ਤੁਸੀਂ ਇਹ ਚਿੰਨ੍ਹ ਵੇਖੋ ਤਾਂ ਤੁਹਾਡਾ ਆਪਣੀ ਗੱਡੀ ਨੂੰ ਪੂਰੀ ਤਰ੍ਹਾਂ "ਰੁਕਣਾ" (STOP) ਕਰਨਾ ਲਾਜ਼ਮੀ ਹੈ। ਸਫੇਦ ਸੀਮਾ ਲਾਈਨ (ਸੜਕ ਤੇ ਬਣੀ ਇੱਕ ਚੌੜੀ ਸਫੇਦ ਲਾਈਨ) ਤੇ ਜਾਂ ਕ੍ਰਾਸਵਾੱਕ ਵਿੱਚ ਦਾਖਲ ਹੋਣ ਤੋਂ ਪਹਿਲਾਂ ਹੀ ਪੂਰੀ ਤਰ੍ਹਾਂ ਰੁਕ ਜਾਓ। ਜੇ ਸੜਕ ਤੇ ਇੱਕ ਕ੍ਰਾਸਵਾੱਕ ਜਾਂ ਇੱਕ ਚਿੱਟੀ ਸੀਮਾ ਲਾਈਨ ਪੇਂਟ ਨਹੀਂ ਕੀਤੀ ਗਈ ਹੈ, ਤਾਂ ਚੌਰਾਹੇ ਵਿੱਚ ਦਾਖਲ ਹੋਣ ਤੋਂ ਪਹਿਲਾਂ ਰੁਕੋ। ਅੱਗੇ ਵੱਧਣ ਤੋਂ ਪਹਿਲਾਂ ਸਾਰੀ ਦਿਸ਼ਾਵਾਂ ਵਿੱਚ ਟ੍ਰੈਫਿਕ ਦੀ ਜਾਂਚ ਕਰੋ।

ਇੱਕ 3-ਪਾਸਿਆਂ ਵਾਲਾ ਲਾਲ ਯੀਲਡ (**YIELD**) ਚਿੰਨ੍ਹ ਇਹ ਸੰਕੇਤ ਦਿੰਦਾ ਹੈ ਕਿ ਤੁਹਾਡਾ ਆਪਣੀ ਗੱਡੀ ਨੂੰ ਹੌਲੀ ਕਰਨਾ ਅਤੇ ਜੇ ਲੋੜ ਹੋਵੇ ਤਾਂ ਰੋਕਣ ਲਈ ਤਿਆਰ ਰਹਿਣਾ ਲਾਜ਼ਮੀ ਹੈ, ਤਾਂ ਜੋ ਅੱਗੇ ਵਧਣ ਤੋਂ ਪਹਿਲਾਂ ਕਿਸੇ ਵਾਹਨ, ਸਾਈਕਲ ਚਲਾਉਣ ਵਾਲੇ ਜਾਂ ਪੈਦਲ ਚੱਲਣ ਵਾਲੇ ਨੂੰ ਪਹਿਲਾਂ ਲੰਘਣ ਦਿਓ।

ਇੱਕ ਲਾਲ ਚੌਕੋਰ ਅਤੇ ਚਿੱਟਾ ਨਿਆਮਕ ਚਿੰਨ੍ਹ ਇਹ ਸੰਕੇਤ ਦਿੰਦਾ ਹੈ ਕਿ ਤੁਹਾਡੇ ਲਈ ਚਿੰਨ੍ਹ ਵਿੱਚ ਦਿੱਤੇ ਨਿਰਦੇਸ਼ ਦੀ ਪਾਲਣਾ ਕਰਨਾ ਜ਼ਰੂਰੀ ਹੈ। ਉਦਾਹਰਨ ਲਈ, ਪ੍ਰਵੇਸ਼ ਨਾ ਕਰੋ (**DO NOT ENTER**) ਸੰਕੇਤ ਦਾ ਅਰਥ ਇੱਕ ਸੜਕ ਜਾਂ ਆਫ਼ ਰੈਂਪ ਤੇ ਪ੍ਰਵੇਸ਼ ਨਾ ਕਰੋ ਜਿੱਥੇ ਇਹ ਸੰਕੇਤ ਲੱਗਿਆ ਹੋਵੇ (ਆਮ ਤੌਰ ਤੇ ਇੱਕ ਡ੍ਰੀਵੇ ਆਫ਼ ਰੈਂਪ ਤੇ)। ਗ਼ਲਤ ਪਾਸਾ (**WRONG WAY**) ਚਿੰਨ੍ਹ ਪ੍ਰਵੇਸ਼ ਨਾ ਕਰੋ (**DO NOT ENTER**) ਚਿੰਨ੍ਹ ਦੇ ਨਾਲ ਲੱਗਿਆ ਹੋ ਸਕਦਾ ਹੈ ਜਾਂ ਨਹੀਂ ਵੀ ਲੱਗਿਆ ਹੋ ਸਕਦਾ ਹੈ। ਜੇ ਤੁਸੀਂ ਇਨ੍ਹਾਂ ਵਿੱਚੋਂ ਕੋਈ ਇੱਕ ਜਾਂ ਦੋਵੇਂ ਚਿੰਨ੍ਹ ਵੇਖੋ, ਤਾਂ ਗੱਡੀ ਨੂੰ ਸੜਕ ਦੇ ਕਿਨਾਰੇ ਤੇ ਲਿਆਓ ਅਤੇ ਰੁਕ ਜਾਓ। ਤੁਸੀਂ ਟ੍ਰੈਫਿਕ ਦੇ ਖਿਲਾਫ਼ ਜਾ ਰਹੇ ਹੋ। ਜਦੋਂ ਸੁਰੱਖਿਅਤ ਹੋਵੇ, ਤਾਂ ਗੱਡੀ ਨੂੰ ਪਿੱਛੇ ਕਰੋ ਜਾਂ ਵਾਪਸ ਮੋੜ ਲਓ ਅਤੇ ਉਸ ਸੜਕ ਤੇ ਵਾਪਸ ਜਾਓ ਜਿੱਥੇ ਤੁਸੀਂ ਪਹਿਲਾਂ ਗੱਡੀ ਚਲਾ ਰਹੇ ਸੀ। ਰਾਤ ਵੇਲੇ ਜੇ ਤੁਸੀਂ ਪੁੱਠੇ ਪਾਸੇ ਵੱਲ ਜਾ ਰਹੇ ਹੋ, ਤਾਂ ਸੜਕ ਤੇ ਲੱਗੇ ਹੋਏ ਰਿਫਲੈਕਟਰ ਤੁਹਾਡੀ ਕਾਰ ਦੀਆਂ ਅੱਗੇ ਵਾਲੀ ਬੱਤੀਆਂ ਵਿੱਚ ਲਾਲ ਰੰਗ ਦੇ ਚਮਕਣਗੇ।

ਜੇ ਕਿਸੇ ਚਿੰਨ੍ਹ ਵਿੱਚੋਂ ਗੁਜਰਦਾ ਹੋਇਆ ਇੱਕ ਲਾਲ ਗੋਲਾ ਅਤੇ ਇੱਕ ਲਾਲ ਲਾਈਨ ਹੈ, ਉਸਦਾ ਅਰਥ ਹਮੇਸ਼ਾ "ਨਹੀਂ" (NO) ਹੈ। ਗੋਲੇ ਦੇ ਵਿੱਚਕਾਰ ਦੀ ਤਸਵੀਰ ਦਰਸਾਉਂਦੀ ਹੈ ਕਿ ਤੁਸੀ ਕੀ ਨਹੀਂ ਕਰ ਸਕਦੇ ਹੋ। ਇਹ ਸਾਈਨ ਸ਼ਬਦਾਂ ਨਾਲ ਜਾਂ ਬਿਨ੍ਹਾਂ ਸ਼ਬਦਾਂ ਦੇ ਵੀ ਹੋ ਸਕਦਾ ਹੈ।

ਇੱਕ ਪੀਲਾ ਅਤੇ ਕਾਲਾ ਗੋਲ ਚਿੰਨ੍ਹ ਜਾਂ ਇੱਕ x-ਆਕਾਰ ਦਾ ਚਿੰਨ੍ਹ ਇਹ ਸੰਕੇਤ ਦਿੰਦਾ ਹੈ ਕਿ ਤੁਸੀਂ ਇੱਕ ਰੇਲਵੇ ਕ੍ਰਾਸਿੰਗ ਪਾਰ-ਪੱਟੜੀ ਕੋਲ ਪਹੁੰਚਣ ਵਾਲੇ ਹੋ। ਤੁਹਾਡਾ ਵੇਖਣਾ, ਸੁਣਨਾ, ਹੌਲੇ ਹੋਣਾ, ਅਤੇ ਜੇ ਜ਼ਰੂਰੀ ਹੋਵੇ, ਤਾਂ ਰੁਕਣ ਲਈ ਤਿਆਰ ਹੋ ਜਾਣਾ ਜ਼ਰੂਰੀ ਹੈ। ਤੁਹਾਡੇ ਅੱਗੇ ਵੱਧਣ ਤੋਂ ਪਹਿਲਾਂ ਕਿਸੇ ਆਉਣ ਵਾਲੀ ਰੇਲਗੱਡੀ ਨੂੰ ਗੁਜਰ ਲੈਣ ਦਿਓ। ਇਹ ਦਰਸਾਉਣ ਲਈ ਕਈ ਰੇਲਰੋਡ ਤੇ ਇੱਕ ਨੀਲਾ ਅਤੇ ਸਫੇਦ ਸੰਕੇਤ ਵੀ ਲਗਿਆ ਹੋਵੇਗਾ ਕਿ ਜੇਕਰ ਉੱਥੇ ਟਰੈਕ ਦੇ ਨੇੜੇ ਜਾਂ ਉੱਤੇ ਕੋਈ ਐਮਰਜੈਂਸੀ ਹੋਵੇ ਜਾਂ ਜੇ ਤੁਹਾਡੀ ਗੱਡੀ ਟ੍ਰੈਕਸ ਤੇ ਆ ਕੇ ਰੁਕ ਗਈ ਹੈ, ਕੀ ਕਰਨਾ ਹੈ।

ਇੱਕ ਪੰਜ-ਪਾਸਿਆਂ ਵਾਲਾ ਚਿੰਨ੍ਹ ਇਹ ਸੰਕੇਤ ਕਰਦਾ ਹੈ ਕਿ ਤੁਸੀਂ ਇੱਕ ਸਕੂਲ ਦੇ ਨੇੜੇ ਹੋ। ਜੇ ਬੱਚੇ ਕ੍ਰਾਸਵਾੱਕ (ਪਾਰ-ਪੱਟੜੀ) ਵਿੱਚ ਹਨ ਤਾਂ ਰੁਕ ਜਾਓ।

ਇੱਕ ਚਾਰ-ਪਾਸਿਆਂ ਵਾਲੇ ਹੀਰੇ ਦੇ ਆਕਾਰ ਵਾਲਾ ਚਿੰਨ੍ਹ ਤੁਹਾਨੂੰ ਸੜਕ ਦੇ ਖਾਸ ਹਾਲਾਤ ਅਤੇ ਅੱਗੇ ਆਉਣ ਵਾਲੇ ਖਤਰਿਆਂ ਬਾਰੇ ਸਾਵਧਾਨ ਕਰਦਾ ਹੈ। ਕਈ ਚੇਤਾਵਨੀ ਚਿੰਨ੍ਹ ਹੀਰੇ ਦੇ ਆਕਾਰ ਵਿੱਚ ਹੁੰਦੇ ਹਨ।

ਲਾਲ ਅਤੇ ਸਫ਼ੇਦ ਨਿਯਾਮਕ ਸੰਕੇਤ

ਯੂ-ਟਰਨ ਕਰਨਾ ਮੰਨਾ ਹੈ

ਖੱਬੇ ਮੁੜਣਾ ਮੰਨਾ ਹੈ

ਸੱਜੇ ਮੁੜਣਾ ਮੰਨਾ ਹੈ

ਸਫ਼ੇਦ ਨਿਯਾਮਕ ਸੰਕੇਤ

ਪੈਦਲ ਯਾਤਰੀਆਂ ਸਾਈਕਲ ਸਵਾਰਾਂ ਮੋਟਰ ਨਾਲ ਚੱਲਣ ਵਾਲਿਆਂ ਸਾਈਕਲਾਂ ਇੱਥੇ ਲਿਆਉਣਾ ਮੰਨਾ ਹੈ।

ਅੱਗੇ ਦੋ-ਤਰਫ਼ਾ ਟ੍ਰੈਫਿਕ ਹੈ

ਕਿਸੇ ਵੀ ਵੇਲੇ ਪਾਰਕਿੰਗ ਕਰਨਾ ਮੰਨਾ ਹੈ

ਉੱਤੇ ਵਲ ਆਉਣ ਵੇਲੇ ਟ੍ਰੈਫਿਕ ਦਾ ਰੁਕਣਾ ਜ਼ਰੂਰੀ ਹੈ

ਇੱਕ-ਤਰਫ਼ਾ

ਸਿਰਫ਼ ਐਮਰਜੈਂਸੀ ਪਾਰਕਿੰਗ ਲਈ

ਮੁੜਣਾ ਮੰਨਾ ਹੈ

ਹਰੀ ਬੱਤੀ ਤੇ ਸਾਮ੍ਹਣੇ ਤੋਂ ਆਉਣ ਵਾਲੇ ਟ੍ਰੈਫਿਕ ਲਈ ਰੁਕਣਾ ਜ਼ਰੂਰੀ ਹੈ

ਅੱਗੇ ਨਾ ਨਿਕਲੋ

ਇੱਕ-ਤਰਫ਼ਾ

ਖੱਬੇ ਮੁੜਣ ਲਈ ਜਾਂ ਯੂ-ਟਰਨ

ਸਿਰਫ਼ ਖੱਬੇ ਪਾਸੇ ਮੁੜਣ ਲਈ

ਗਤੀ ਸੀਮਾ

ਹੌਲੀ ਚੱਲਣ ਵਾਲਾ ਟ੍ਰੈਫਿਕ ਸੱਜੇ ਪਾਸੇ ਵੱਲ ਰਹੇ

ਟ੍ਰੈਕਸ 'ਤੇ ਨਾ ਰੁੱਕੋ

3 ਟ੍ਰੈਕਸ

ਸੱਜੇ ਪਾਸੇ ਰਹੋ

ਚੌਰਾਹੇ ਨੂੰ ਬਲੋਕ ਨਾ ਕਰੋ

ਹਾਈਵੇ ਨਿਰਮਾਣ ਅਤੇ ਰੱਖਰਖਾਵ ਵਾਲੇ ਸੰਕੇਤ

ਸਿੱਧਾ ਜਾਣ ਵਾਲਾ ਟ੍ਰੈਫਿਕ ਖੱਬੇ ਰਲੇ

ਅੱਗੇ ਸੜਕ ਬੰਦ ਹੈ

ਅੱਗੇ ਸੜਕ 'ਤੇ ਮੁਰੰਮਤ ਵਾਲੀਆਂ ਮਸ਼ੀਨਾਂ ਪਈਆਂ ਹਨ

ਅੱਗੇ ਸੜਕ 'ਤੇ ਫਲੈਗ ਲੈ ਕੇ ਖੜ੍ਹਾ ਹੋਇਆ ਵਿਅਕਤੀ ਮੌਜੂਦ ਹੈ

ਅੱਗੇ ਸੜਕ 'ਤੇ ਕੰਮ ਚਲ ਰਿਹਾ ਹੈ

ਨਿਰਦੇਸ਼ਕ ਸੰਕੇਤ

ਹਵਾਈ ਅੱਡਾ

ਸਕੀ ਜ਼ੋਨ

1 ਮੀਲ ਤੇ ਵਿਸ਼ਰਾਮ ਖੇਤਰ

ਟ੍ਰਾਲੀ

ਖਤਰਨਾਕ ਭਾਰ ਵਾਲੇ ਪਲਾਕਾਰਡ

ਹੌਲੀ ਚੱਲਣ ਵਾਲੀਆਂ ਗੱਡੀ

ਚੇਤਾਵਨੀ ਸੰਕੇਤ

ਗਿੱਲੀ ਹੇਣ ਤੇ ਫਿਸਲਣਦਾਰ

ਰੱਲਦਾ ਹੋਇਆ ਟ੍ਰੈਫਿਕ

ਵੰਡਿਆ ਹੋਇਆ ਹਾਈਵੇ

ਤਿੱਖਾ ਮੋੜ

ਦੋ ਤਰਫਾ ਟ੍ਰੈਫਿਕ

ਲੇਨ ਖਤਮ ਹੁੰਦੀ ਹੈ

ਵੰਡਿਆ ਹੋਇਆ ਹਾਈਵੇ ਖਤਮ ਹੁੰਦਾ ਹੈ

ਅੱਗੇ ਟ੍ਰੈਫਿਕ ਸਿਗਨਲ ਹੈ

ਪੈਦਲ ਚੱਲਣ ਵਾਲਿਆਂ ਲਈ ਕ੍ਰਾਸਿੰਗ

ਜੋੜੀ ਗਈ ਲੇਨ

ਚੌਰਾਹਾ

ਅੱਗੇ ਰੁਕਣ ਦਾ ਸੰਕੇਤ ਹੈ

ਅੱਗੇ ਯੀਲਡ ਦਾ ਸੰਕੇਤ ਹੈ

ਮੋੜ

"ਟੀ" ਚੌਰਾਹਾ

ਨਿਰਦੇਸ਼ਾਤਮਕ ਤੀਰ

ਘੁੰਮਦੀ ਹੋਈ ਸੜਕ

ਵਧੇਰੀ ਜਾਣਕਾਰੀ ਲਈ **www.dot.ca.gov** 'ਤੇ ਜਾਓ।

ਇੱਕ ਚਿੱਟਾ ਚੌਕੋਰ ਚਿੰਨ੍ਹ ਇਹ ਸੰਕੇਤ ਕਰਦਾ ਹੈ ਕਿ ਤੁਹਾਡਾ ਮਹਤੱਵਪੂਰਨ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।

ਕਈ ਚੇਤਾਵਨੀ ਚਿੰਨ੍ਹਾਂ ਦੇ ਵਿੱਚ ਪੀਲੀ-ਹਰੀ ਫ਼ਲੂਰਾਸੇਂਟ ਪਿੱਠਭੂਮੀ ਹੁੰਦੀ ਹੈ। ਇਹ ਚਿੰਨ੍ਹ ਪੈਦਲ ਚੱਲਣ ਵਾਲਿਆਂ, ਸਾਈਕਲ ਸਵਾਰਾਂ, ਸਕੂਲਾਂ, ਖੇਡ ਦੇ ਮੈਦਾਨਾਂ, ਸਕੂਲ ਬੱਸਾਂ, ਸਕੂਲ ਦੀਆਂ ਸਵਾਰੀਆਂ ਨੂੰ ਬਿਠਾਉਣ ਦੇ ਖੇਤਰਾਂ ਨਾਲ ਸਬੰਧਤ ਹਲਾਤਾਂ ਦੀ ਚੇਤਾਵਨੀ ਦਿੰਦੇ ਹਨ। ਉਨਾਂ ਦੀ ਬਣਤਰ/ਆਕਾਰ (ਉਦਾਹਰਨਾਂ ਲਈ ਪੰਨਾ 32 ਅਤੇ 33 ਵੇਖੋ) ਤੇ ਧਿਆਨ ਦਿੱਤੇ ਬਿਨ੍ਹਾਂ ਚੇਤਾਵਨੀ ਦੇ ਸਾਰੇ ਚਿੰਨ੍ਹਾਂ ਦੀ ਪਾਲਣਾ ਕਰੋ।

ਸੜਕ ਦੇ ਕਨੂੰਨ ਅਤੇ ਨਿਯਮ

ਲੰਘਣ-ਦੇ-ਅਧਿਕਾਰ ਸੰਬੰਧੀ ਨਿਯਮ

ਆਮ ਜਾਣਕਾਰੀ

ਕਦੇ ਵੀ ਇਹ ਮੰਨ ਕੇ ਨਾ ਚੱਲੋ ਕਿ ਦੂਜੇ ਡ੍ਰਾਈਵਰ ਤੁਹਾਨੂੰ ਲੰਘਣ-ਦੇ-ਅਧਿਕਾਰ ਦੇਣਗੇ। ਦੂਜਿਆਂ-ਦੇ-ਲੰਘਣ ਦੇ ਅਧਿਕਾਰ ਦਾ ਸਤਿੱਕਾਰ ਕਰਨਾ ਸਿਰਫ ਪੈਦਲ ਚੱਲਣ ਵਾਲੇ ਲੋਕਾਂ ਨੂੰ ਪਹਿਲਾਂ ਸੜਕ ਪਾਰ ਕਰਨ ਦੇਣਾ, ਜਾਂ ਇਸ ਗੱਲ ਦਾ ਧਿਆਨ ਰੱਖਣਾ ਕਿ ਸਾਈਕਲ ਜਾਂ ਮੋਟਰਸਾਈਕਲ ਸਵਾਰਾਂ ਨੂੰ ਲੰਘਣ-ਦੇ-ਅਧਿਕਾਰ ਦਿੱਤੇ ਜਾਣ ਤੱਕ ਹੀ ਸੀਮਤ ਨਹੀਂ ਹੈ। ਆਪਣੇ ਲੰਘਣ-ਦੇ-ਅਧਿਕਾਰ ਨੂੰ ਛੱਡ ਦਿਓ ਜਦੋਂ ਅਜਿਹਾ ਕਰਨਾ ਟੱਕਰਾਂ ਤੋਂ ਬੱਚਣ ਵਿੱਚ ਮਦਦ ਕਰਦਾ ਹੈ।

ਪੈਦਲ ਚੱਲਣ ਵਾਲੇ ਲੋਕ

ਇੱਕ ਪੈਦਲ ਚੱਲਣ ਵਾਲਾ ਵਿਅਕਤੀ ਉਹ ਹੈ ਜੋ ਪੈਦਲ ਚਲਦਾ ਹੈ ਜਾਂ ਜੋ ਇੱਕ ਸਾਈਕਲ ਤੋਂ ਇਲਾਵਾ ਕਿਸੇ ਹੋਰ ਸੁਵਿਧਾ ਜਿਵੇਂ ਕਿ ਰੋਲਰ ਸਕੇਟ, ਸਕੇਟ ਬੋਰਡ ਆਦਿ ਦੀ ਵਰਤੋਂ ਕਰਦਾ ਹੈ। ਇੱਕ ਪੈਦਲ ਚੱਲਣ ਵਾਲਾ ਵਿਅਕਤੀ ਇੱਕ ਅਪਾਹਜ ਵਿਅਕਤੀ ਵੀ ਹੋ ਸਕਦਾ ਹੈ ਜੋ ਕਿ ਆਵਾਜਾਹੀ ਲਈ ਇੱਕ ਤਿਪਹੀਆ, ਚਾਰ ਪਹੀਆਂ ਵਾਲੀ ਗੱਡੀ ਜਾਂ ਵ੍ਹੀਲ ਚੇਅਰ ਚਲਾ ਰਿਹਾ ਹੋਵੇ।

- ਜੇਕਰ ਤੁਸੀਂ ਕਿਸੇ ਕੋਨੇ 'ਤੇ ਜਾਂ ਹੋਰ ਪੈਦਲ ਚੱਲਣ ਦੇ ਰਸਤੇ 'ਤੇ ਕਿਸੇ ਪੈਦਲ ਚੱਲਣ ਵਾਲੇ ਵਿਅਕਤੀ ਕੋਲ ਪਹੁੰਚਦੇ ਹੋ, ਭਾਵੇਂ ਪੈਦਲ ਚੱਲਣ ਦਾ ਰਸਤਾ ਬਲੈਕ ਦੇ ਵਿਚਾਲੇ ਹੋਵੇ, ਟ੍ਰੈਫਿਕ ਸਿਗਨਲ ਲਾਈਟਾਂ ਦੇ ਵਾਲੇ ਜਾਂ ਇਸਦੇ ਬਿਨਾਂ ਵਾਲੇ ਕੋਨੇ 'ਤੇ ਹੋਵੇ, ਭਾਵੇਂ ਪੈਦਲ ਚੱਲਣ ਵਾਲੇ ਰਸਤੇ ਨੂੰ ਪੇਂਟ ਕੀਤੀਆਂ ਹੋਈਆਂ ਲਾਈਨਾਂ ਨਾਲ ਚਿੰਨ੍ਹਿਤ ਨਾ ਕੀਤਾ ਗਿਆ ਹੋਵੇ, ਤਾਂ ਵੀ ਤੁਹਾਡੇ ਲਈ ਪੈਦਲ ਚੱਲਣ ਵਾਲਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਵਧਾਨੀ ਵਰਤਣ ਅਤੇ ਆਪਣੀ ਰਫਤਾਰ ਨੂੰ ਘੱਟ ਕਰਨ ਜਾਂ ਲੋੜ ਹੋਣ 'ਤੇ ਰੁਕਣ ਦੀ ਲੋੜ ਹੁੰਦੀ ਹੈ।
- ਇੱਕ ਕ੍ਰਾਸਵਾਕ ਤੇ ਰੁਕੀ ਹੋਈ ਗੱਡੀ ਕੋਲੋਂ ਆਪਣੀ ਗੱਡੀ ਪਿੱਛੇ ਦੀ ਲਿਆ ਕੇ ਅੱਗੇ ਨਾ ਕੱਢੋ। ਕਿਉਂਕਿ ਹੋ ਸਕਦਾ ਹੈ ਕੋਈ ਪੈਦਲ ਵਿਅਕਤੀ ਸੜਕ ਪਾਰ ਕਰ ਰਿਹਾ ਹੋ ਸਕਦਾ ਹੈ ਜਿਸ ਨੂੰ ਤੁਸੀਂ ਵੇਖ ਨਹੀਂ ਸਕਦੇ ਹੋ। ਰੁਕੋ ਅਤੇ ਫਿਰ ਅੱਗੇ ਵੱਧੋ ਜਦੋਂ ਕਿ ਸਾਰੇ ਪੈਦਲ ਚੱਲਣ ਵਾਲੇ ਸੜਕ ਪਾਰ ਕਰ ਲੈਣ।



- ਡ੍ਰਾਈਵ-ਵੇ ਜਾਂ ਛੋਟੀ ਗੱਲੀ ਵਿਚ ਵੜਣ ਲਈ ਜਾਂ ਉਸ ਵਿਚੋ ਬਾਹਰ ਨਿਕਲਣ ਤੋਂ ਇਲਾਵਾ, ਪੈਦਲ ਲੋਕਾਂ ਦੇ ਚੱਲਣ ਲਈ ਬਣੇ ਰਸਤੇ (ਸਾਈਡਵਾਕ) ਤੇ ਗੱਡੀ ਨਾ ਚਲਾਓ। ਸੜਕ ਪਾਰ ਕਰਨ ਵੇਲੇ ਪੈਦਲ ਚੱਲਣ ਵਾਲੇ ਲੋਕਾਂ ਨੂੰ ਪਹਿਲਾਂ ਲੰਘਣ ਦਿਓ।
- ਇੱਕ ਕ੍ਰਾਸਵਾਕ ਵਿੱਚ ਗੱਡੀ ਨਾ ਰੋਕੋ। ਅਜਿਹਾ ਕਰਕੇ ਤੁਸੀਂ ਪੈਦਲ ਚੱਲਣ ਵਾਲੇ ਲੋਕਾਂ ਦੀ ਜਾਨ ਨੂੰ ਖਤਰੇ ਵਿੱਚ ਪਾਓਗੇ।
- ਯਾਦ ਰੱਖੋ, ਕਿ ਜੇ ਕੋਈ ਪੈਦਲ ਵਿਅਕਤੀ ਤੁਹਾਡੇ ਨਾਲ ਅੱਖਾਂ ਰਾਹੀਂ ਸੰਪਰਕ ਬਣਾ ਲੈਂਦਾ ਹੈ ਤਾਂ ਉਹ ਸੜਕ ਪਾਰ ਕਰਨ ਲਈ ਤਿਆਰ ਹੁੰਦੇ ਹਨ। ਪੈਦਲ ਚੱਲਣ ਵਾਲਿਆਂ ਨੂੰ ਪਹਿਲ ਦਿਓ।

- ਸੜਕ ਨੂੰ ਪਾਰ ਕਰਨ ਲਈ ਹੇਠਾਂ ਦਿੱਤੇ ਲੋਕਾਂ ਲਈ ਕਾਫ਼ੀ ਸਮਾਂ ਦਿਓ:
  - ਬੁਜ਼ੁਰਗ ਪੈਦਲ ਚੱਲਣ ਵਾਲੇ।
  - ਅਪਾਹਜ ਪੈਦਲ ਚੱਲਣ ਵਾਲੇ।
  - ਛੋਟੇ ਬੱਚਿਆਂ ਨਾਲ ਚੱਲਣ ਵਾਲੇ ਪੈਦਲ ਲੋਕ।
- ਪੈਦਲ ਚੱਲਣ ਵਾਲੇ ਲੋਕਾਂ ਲਈ ਲਗੇ ਸੰਕੇਤਾਂ ਦੀ ਪਾਲਣਾ ਕਰੋ। ਉਦਾਹਰਨਾਂ ਵਿੱਚ ਸ਼ਾਮਲ ਹਨ:

ਜ਼ਰੂਰੀ: ਨੇਤਰਹੀਣ ਪੈਦਲ ਚੱਲਣ ਵਾਲੇ ਵਿਅਕਤੀ ਆਪਣੇ ਆਸ-ਪਾਸ ਤੁਹਾਡੇ ਗੱਡੀ ਦੀ ਮੌਜੂਦਗੀ ਬਾਰੇ ਸਚੇਤ ਰਹਿਣ ਲਈ ਤੁਹਾਡੀ ਗੱਡੀ ਦੀ ਆਵਾਜ਼ ਦਾ ਸਹਾਰਾ, ਅਤੇ ਪੈਦਲ ਚੱਲਣ ਵਾਲੇ ਸਿਗਨਲਾਂ ਦਾ ਸਹਾਰਾ ਇਹ ਜਾਣਨ ਲਈ ਲੈਂਦੇ ਹਨ ਹਨ ਕਿ ਸਡ-ਅਕ ਪਾਰ ਕਰਨਾ ਕਦੋਂ ਸੁਰੱਖਿਅਤ ਹੈ। ਇਸ ਲਈ ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੀ ਗੱਡੀ ਕ੍ਰਾਸਵਾਕ ਤੋਂ 5 ਫੁੱਟ ਦੀ ਦੂਰੀ ਦੇ ਅੰਦਰ-ਅੰਦਰ ਰੋਕੋ। ਹਾਈਬ੍ਰਿਡ ਜਾਂ ਬਿਜਲੀ ਨਾਲ ਚੱਲਣ ਵਾਲੀਆਂ ਗੱਡੀਆਂ ਦੇ ਡ੍ਰਾਈਵਰਾਂ ਦਾ ਇਸ ਗੱਲ ਦਾ ਖਾਸ ਧਿਆਨ ਰੱਖਣਾ ਲਾਜ਼ਮੀ ਹੈ ਕਿ ਇੰਜਨ ਜਾਂ ਬਿਜਲੀ ਨਾਲ ਚੱਲਣ ਵਾਲੀ ਮੋਟਰ ਦਾ ਸ਼ੋਰ ਨਾ ਹੋਣ ਕਾਰਨ ਨੇਤਰਹੀਣ ਵਿਅਕਤੀ ਇਹ ਸੋਚ ਸਕਦਾ ਹੈ ਕਿ ਆਸਪਾਸ ਕੋਈ ਗੱਡੀ ਨਹੀਂ ਹੈ। ਇਨ੍ਹਾਂ ਸੰਕੇਤਾਂ ਦੀ ਪਾਲਣਾ ਕਰੋ:

- ਜਦੋਂ ਇੱਕ ਨੇਤਰਹੀਣ ਵਿਅਕਤੀ ਆਪਣੀ ਸੋਟੀ ਅੰਦਰ ਕਰ ਲੈਂਦਾ ਹੈ ਅਤੇ ਚੌਰਾਹੇ ਤੋਂ ਪਰ੍ਹੇ ਵਲ ਕਦਮ ਪੁਟਦਾ ਹੈ, ਤਾਂ ਆਮ ਤੌਰ ਤੇ ਇਸ ਸੰਕੇਤ ਦਾ ਮਤਲਬ ਹੁੰਦਾ ਹੈ ਕਿ ਤੁਸੀਂ ਜਾਓ (ਨੇਤਰਹੀਣ ਪੈਦਲ ਚੱਲਣ ਵਾਲੇ ਵਿਅਕਤੀਆਂ ਬਾਰੇ ਵਧੇਰੀ ਜਾਣਕਾਰੀ ਨੂੰ ਪੰਨੇ 80 'ਤੇ ਵੇਖਿਆ ਜਾ ਸਕਦਾ ਹੈ।

ਕ੍ਰਾਸਵਾੱਕ (ਪਾਰ-ਪੱਟੜੀ)

ਪੈਦਲ ਲੰਘਣ ਵਾਲਿਆਂ ਲਈ ਰਸਤਾ (ਕ੍ਰਾਸਵਾੱਕ) ਸੜਕ ਦਾ ਉਹ ਹਿੱਸਾ ਹੈ ਜਿਸਨੂੰ ਪੈਦਲ ਚੱਲਣ ਵਾਲੇ ਲੋਕਾਂ ਲਈ ਰੱਖਿਆ ਜਾਂਦਾ ਹੈ। ਜਦੋਂ ਕਿਸੇ ਸਾਈਨ ਜਾਂ ਸਿਗਨਲ ਦੇ ਕਾਰਨ ਰੁਕਣ ਦੀ ਜ਼ਰੂਰਤ ਪੈਂਦੀ ਹੈ, ਤਾਂ ਤੁਹਾਨੂੰ ਸਟੌਪ ਲਾਈਨ, ਕ੍ਰਾਸਵਾਕ, ਸਟੌਪ ਸਾਈਨ ਜਾਂ ਸਿਗਨਲ ਤੋਂ ਪਹਿਲਾਂ ਰੋਕਣਾ ਚਾਹੀਦਾ ਹੈ। ਤੁਹਾਡਾ ਕ੍ਰਾਸਵਾਕ ਵਿੱਚ ਦਾਖਲ ਹੋਣ ਵਾਲੇ ਜਾਂ ਕ੍ਰਾਸਵਾਕ ਵਿੱਚ ਚਲ ਰਹੇ ਪੈਦਲ ਯਾਤਰੀਆਂ ਲਈ ਰੁਕਣਾ ਜ਼ਰੂਰੀ ਹੈ। ਸਾਰੇ ਕ੍ਰਾਸਵਾਕਾਂ ਤੇ ਨਿਸ਼ਾਨ ਨਹੀਂ ਲਗੇ ਹੁੰਦੇ ਹਨ। ਜੇ ਕ੍ਰਾਸਵਾਕ ਤੋਂ ਪਹਿਲਾਂ ਕੋਈ ਸਟੌਪ ਲਾਈਨ ਹੈ, ਤਾਂ ਸਟੌਪ ਲਾਈਨ ਦੀ ਪਾਲਣਾ ਪਹਿਲੇ ਕਰਨਾ ਜ਼ਰੂਰੀ ਹੈ। ਪੈਦਲ ਲੰਘਣ ਵਾਲਿਆਂ ਨੂੰ ਨਿਸ਼ਾਨ ਲਗੇ ਜਾਂ ਨਿਸ਼ਾਨ ਨਾ ਲਗੇ ਹੋਏ ਕ੍ਰਾਸਵਾਕਾਂ ਤੇ ਲੰਘਣ-ਦਾ-ਅਧਿਕਾਰ ਹੈ। ਹਾਲਾਂਕਿ, ਪੈਦਲ ਚੱਲਣ ਵਾਲਿਆਂ ਨੂੰ ਲੰਘਣ-ਦਾ-ਅਧਿਕਾਰ ਹੁੰਦਾ ਹੈ ਪਰ ਉਨ੍ਹਾਂ ਨੂੰ ਵੀ ਸੜਕ ਦੇ ਕਨੂੰਨਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ। ਜੇ ਤੁਸੀਂ ਡ੍ਰਾਈਵਿੰਗ ਕਰਦੇ ਹੋਏ ਕਿਸੇ ਕ੍ਰਾਸਵਾੱਕ ਵੱਲ ਵੱਧ ਰਹੇ ਹੋ ਤਾਂ ਤੁਹਾਨੂੰ ਧਿਆਨ ਰੱਖਣਾ ਚਾਹੀਦਾ ਹੈ ਅਤੇ ਪੈਦਲ ਚੱਲਣ ਵਾਲੇ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੀ ਗੱਡੀ ਦੀ ਸਪੀਡ ਘੱਟਾ ਲੈਣੀ ਚਾਹੀਦੀ ਹੈ। ਤੁਹਾਨੂੰ ਪੈਦਲ ਚੱਲਣ ਵਾਲੇ ਦੀ ਸੁਰੱਖਿਆ ਨੂੰ ਪੱਕਾ ਕਰਨ ਲਈ ਰੁਕਣਾ ਵੀ ਪੈ ਸਕਦਾ ਹੈ, ਜਿਵੇਂ ਕਿ CVC §21950 ਵਿੱਚ ਦੱਸਿਆ ਗਿਆ ਹੈ। ਕ੍ਰਾਸਵਾਕ ਆਮ ਤੌਰ ਤੇ ਚਿੱਟੀਆਂ ਲਾਈਨਾਂ ਨਾਲ ਬਣੇ ਹੁੰਦੇ ਹਨ। ਸਕੂਲ ਦੀ ਕ੍ਰਾਸਿੰਗਾਂ ਤੇ ਪੀਲੀਆਂ ਲਾਈਨਾਂ ਪੇਂਟ ਕੀਤੀਆਂ ਹੋ ਸਕਦੀਆਂ ਹਨ। ਕੁਝ ਕ੍ਰਾਸਵਾਕਾਂ ਤੇ ਤੁਹਾਨੂੰ ਇਹ ਚੇਤਾਵਨੀ ਦੇਣ ਲਈ ਜਗਣ-ਬੁਝਣ ਵਾਲੀਆਂ ਬੱਤੀਆਂ ਲੱਗੀਆਂ ਹੁੰਦੀਆਂ ਹਨ ਕਿ ਪੈਦਲ ਲੋਕ ਸੜਕ ਪਾਰ ਕਰ ਰਹੇ ਹੋ ਸਕਦੇ ਹਨ। ਪੈਦਲ ਚੱਲਣ ਵਾਲੇ ਲੋਕਾਂ ਨੂੰ ਵੇਖੋ ਅਤੇ ਰੁਕਣ ਲਈ ਤਿਆਰ ਰਹੋ, ਭਾਵੇਂ ਉਹ ਬੱਤੀਆਂ ਜਗ-ਬੁਝ ਕਰ ਰਹੀਆਂ ਹੋਣ ਜਾਂ ਨਹੀਂ।

ਚੌਰਾਹੇ

ਚੌਰਾਹਾ ਕੋਈ ਵੀ ਅਜਿਹੀ ਥਾਂ ਹੈ ਜਿੱਥੇ ਇੱਕ ਸੜਕ ਦੂਜੀ ਸੜਕ ਨਾਲ ਮਿਲਦੀ ਹੈ। ਇਸ ਵਿੱਚ ਆਪਸ ਵਿੱਚ ਕੱਟਣ ਵਾਲੀਆਂ ਦੋ ਸੜਕਾਂ, ਇਕ ਪਾਸੇ ਜਾਣ ਵਾਲੀਆਂ ਸੜਕਾਂ, ਤੰਗ ਗੱਲੀਆਂ, ਫ੍ਰੀਵੇ ਦੇ ਪ੍ਰਵੇਸ਼ ਅਤੇ ਕੋਈ ਵੀ ਦੂਜੀ ਅਜਿਹੀ ਥਾਂ ਸ਼ਾਮਲ ਹੈ ਜਿੱਥੇ ਵੱਖ-ਵੱਖ ਹਾਈਵੇ ਜਾਂ ਸੜਕਾਂ ਤੇ ਚੱਲਣ ਵਾਲਿਆਂ ਗੱਡੀਆਂ ਆਪਸ ਵਿੱਚ ਮਿਲਦੀਆਂ ਹੋਣ।

- ਅਜਿਹੇ ਚੌਰਾਹਿਆਂ ਤੇ ਜਿੱਥੇ "ਰੁਕੋ" (STOP) ਜਾਂ "ਯੀਲਡ" (YIELD) ਦੇ ਚਿੰਨ੍ਹ ਨਾ ਲੱਗੇ ਹੋਣ, ਗੱਡੀ ਹੌਲੀ ਕਰ ਲਓ ਅਤੇ ਕਿਸੇ ਵੀ ਵੇਲੇ ਰੁਕਣ ਲਈ ਤਿਆਰ ਰਹੋ। ਚੌਰਾਹੇ ਵਿੱਚ ਪਹਿਲਾਂ ਤੋਂ ਦਾਖਲ ਹੋ ਚੁੱਕੀਆਂ ਜਾਂ ਦਾਖਲ ਹੋ ਰਹੀਆਂ ਗੱਡੀਆਂ ਜਾਂ ਪੈਦਲ ਚੱਲਣ ਵਾਲਿਆਂ ਨੂੰ ਰਸਤਾ ਦਿਓ। ਨਾਲ ਹੀ, ਉਸ ਗੱਡੀ ਜਾਂ ਸਾਈਕਲ ਨੂੰ ਰਸਤਾ ਦਿਓ ਜਿਹੜੀ ਤੁਹਾਡੇ ਪਹਿਲਾਂ ਆਈ ਹੈ, ਜਾਂ ਉਸ ਗੱਡੀ ਜਾਂ ਸਾਈਕਲ ਨੂੰ ਜੋ ਤੁਹਾਡੇ ਸੱਜੇ ਪਾਸੇ ਵੱਲ ਹੈ ਜੇਕਰ ਉਹ ਉਸ ਚੌਰਾਹੇ ਤੇ ਤੁਹਾਡੇ ਨਾਲ ਹੀ ਪੁੱਜੀ ਹੈ।
- ਉਨ੍ਹਾਂ "T" ਚੌਰਾਹਿਆਂ ਤੇ, ਜਿੱਥੇ "ਰੁਕੋ" (STOP) ਜਾਂ "ਯੀਲਡ" (YIELD) ਦੇ ਚਿੰਨ੍ਹ ਨਹੀਂ ਹਨ, ਉਨ੍ਹਾਂ ਗੱਡੀਆਂ ਅਤੇ ਪੈਦਲ ਚੱਲਣ ਵਾਲਿਆਂ ਨੂੰ ਪਹਿਲਾਂ ਰਸਤਾ ਦਿਓ ਜਿਹੜੇ ਸਿੱਧੀ ਸੜਕ ਤੇ ਹਨ। ਲੰਘਣ-ਦਾ-ਅਧਿਕਾਰ ਪਹਿਲਾਂ ਉਨ੍ਹਾਂ ਦਾ ਹੈ।
- ਜਦੋਂ ਤੁਸੀਂ ਖੱਬੇ ਪਾਸੇ ਵੱਲ ਮੁੜਦੇ ਹੋ, ਤਾਂ ਤੁਹਾਡੇ ਵੱਲ ਆ ਰਹੀਆਂ ਉਨ੍ਹਾਂ ਸਾਰੀਆਂ ਗੱਡੀਆਂ ਨੂੰ ਲੰਘਣ-ਦਾ-ਅਧਿਕਾਰ ਦਿਓ ਜਿਹੜੀਆਂ ਤੁਹਾਡੇ ਇੰਨੇ ਨੇੜੇ ਹੋਣ ਕਿ ਖਤਰਨਾਕ ਹੋ ਸਕਦੀਆਂ ਹਨ। ਨਾਲ ਹੀ, ਮੋਟਰਸਾਈਕਲ ਵਾਲਿਆਂ, ਸਾਈਕਲ ਸਵਾਰਾਂ ਅਤੇ ਪੈਦਲ ਚੱਲਣ ਵਾਲੇ ਲੋਕਾਂ ਦਾ ਧਿਆਨ ਰੱਖੋ।

  ਸੁਰੱਖਿਆ ਲਈ ਸੁਝਾਅ: ਜਦੋਂ ਖੱਬੇ ਮੁੜਣ ਲਈ ਉਡੀਕ ਕਰ ਰਹੇ ਹੋ ਤਾਂ ਆਪਣੀ ਗੱਡੀ ਦੇ ਪਹੀਇਆਂ ਨੂੰ ਅੱਗੇ ਵੱਲ ਉਦੋਂ ਤੱਕ ਸਿੱਧਾ ਰੱਖੋ ਜਦੋਂ ਤੀਕ ਕਿ ਮੁੜਣਾ ਸ਼ੁਰੂ ਕਰਨਾ ਸੁਰੱਖਿਅਤ ਨਾ ਹੋਵੇ। ਜੇ ਤੁਹਾਡੇ ਪਹੀਏ ਖੱਬੇ ਪਾਸੇ ਵੱਲ ਮੁੜੇ ਹੁੰਦੇ ਹਨ ਅਤੇ ਕੋਈ ਗੱਡੀ ਪਿੱਛੋਂ ਆ ਕੇ ਟੱਕਰ ਮਾਰਦੀ ਹੈ, ਤਾਂ ਤੁਹਾਨੂੰ ਆਉਣ ਵਾਲੇ ਟ੍ਰੈਫਿਕ ਦੇ ਸਾਮ੍ਹਣੇ ਧੱਕਿਆ ਜਾ ਸਕਦਾ ਹੈ।
- ਜਦੋਂ ਤੁਸੀਂ ਸੱਜੇ ਪਾਸੇ ਵੱਲ ਮੁੜਦੇ ਹੋ, ਤਾਂ ਪੈਦਲ ਸੜਕ ਪਾਰ ਕਰਨ ਵਾਲੇ ਅਤੇ ਸਾਈਕਲ ਸਵਾਰ, ਜਿਹੜੇ ਤੁਹਾਡੇ ਸੱਜੇ ਪਾਸੇ ਵੱਲ ਹਨ, ਉਨ੍ਹਾਂ ਨੂੰ ਵੇਖਣਾ ਯਕੀਨੀ ਬਣਾਓ।
- ਵਿਭਾਜਕ (ਵੰਡੇ ਹੋਏ) ਹਾਈਵੇ, ਜਾਂ ਕਈ ਲੇਨਾਂ ਵਾਲੇ ਹਾਈਵੇ ਤੇ, ਉਨ੍ਹਾਂ ਲੇਨਾਂ ਵਿੱਚ ਆਉਣ ਵਾਲੀਆਂ ਗੱਡੀਆਂ ਦਾ ਧਿਆਨ ਰੱਖੋ ਜਿਨ੍ਹਾਂ ਨੂੰ ਤੁਸੀਂ ਪਾਰ ਕਰਨਾ ਹੋਵੇ। ਖੱਬੇ ਜਾਂ ਸੱਜੇ ਪਾਸੇ ਵੱਲ ਤਾਂ ਹੀ ਮੁੜੋ ਜਦੋਂ ਮੁੜਨਾ ਸੁਰੱਖਿਅਤ ਹੋਵੇ।
- ਜਦੋਂ ਸਾਰੇ ਕਿਨਾਰਿਆਂ ਤੇ "ਰੁਕੋ" (STOP) ਦੇ ਚਿੰਨ੍ਹ ਹੋਣ, ਤਾਂ ਪਹਿਲਾਂ ਰੁਕੋ ਅਤੇ ਫੇਰ ਉੱਤੇ ਦੱਸੇ ਨਿਯਮਾਂ ਦੀ ਪਾਲਣਾ ਕਰੋ।
- ਜੇ ਤੁਸੀਂ ਗੱਡੀ ਸੜਕ ਦੇ ਕਿਨਾਰੇ ਤੇ ਪਾਰਕ ਕੀਤੀ ਹੈ ਜਾਂ ਤੁਸੀਂ ਪਾਰਕਿੰਗ ਲੌਟ, ਵਗੈਰਾ ਵਿੱਚੋ ਨਿਕਲ ਰਹੇ ਹੋ, ਤਾਂ ਸੜਕ ਤੇ ਦੁਬਾਰਾ ਦਾਖਲ ਹੋਣ ਤੋਂ ਪਹਿਲਾਂ ਟ੍ਰੈਫਿਕ ਨੂੰ ਰਸਤਾ ਦਿਓ।

ਗੋਲ ਚੱਕਰ

ਇੱਕ ਗੋਲ ਚੱਕਰ ਅਜਿਹਾ ਚੌਰਾਹਾ ਹੈ ਜਿੱਥੇ ਟ੍ਰੈਫਿਕ ਇੱਕ ਵਿਚਕਾਰਲੇ ਚੱਕਰ ਦੇ ਚਾਰੋਂ ਪਾਸੇ ਘੜੀ ਦੀ ਸੂਈ ਤੋਂ ਉਲਟੀ ਦਿਸ਼ਾ ਵਿੱਚ ਚਲਦਾ ਹੈ। ਗੋਲ ਚੱਕਰਾਂ ਵਿੱਚ ਸਾਈਕਲ ਸਵਾਰਾਂ ਲਈ ਲੇਨਾਂ ਨਹੀਂ ਹੁੰਦੀਆਂ ਹਨ, ਇਸ ਲਈ ਟ੍ਰੈਫਿਕ ਦਾ ਸੜਕ ਸਾਂਝਾ ਕਰਨਾ ਜ਼ਰੂਰੀ ਹੈ। ਗੋਲ ਚੱਕਰ ਵਿੱਚ ਦਾਖਲ ਹੋਣ ਜਾਂ ਬਾਹਰ ਜਾਣ ਵਾਲੀਆਂ ਗੱਡੀਆਂ ਦਾ ਆਉਣ ਵਾਲੇ ਟ੍ਰੈਫਿਕ, ਜਿਸ ਵਿੱਚ ਪੈਦਲ ਚੱਲਣ ਵਾਲੇ ਲੋਕ ਵੀ ਸ਼ਾਮਲ ਹਨ, ਨੂੰ ਪਹਿਲਾਂ ਰਸਤਾ ਦੇਣਾ ਲਾਜ਼ਮੀ ਹੈ।



ਅਨੇਕ ਅਤੇ ਇੱਕ ਲੇਨ ਵਾਲੇ ਗੋਲ ਚੱਕਰ (ਰਾਓਂਡ ਅਬਾਓਟ)

ਜਦੋਂ ਤੁਸੀਂ ਇੱਕ ਗੋਲ ਚੱਕਰ ਦੇ ਨੇੜੇ ਪਹੁੰਚੋ ਤਾਂ:

- ਗੋਲ ਚੱਕਰ ਦੇ ਨੇੜੇ ਪਹੁੰਚਣ ਵੇਲੇ ਆਪਣੀ ਗੱਡੀ ਨੂੰ ਹੌਲੀ ਕਰ ਦਿਓ।
- ਸੜਕ ਪਾਰ ਕਰਨ ਵਾਲੇ ਪੈਦਲ ਲੋਕਾਂ ਅਤੇ ਸਾਈਕਲ ਸਵਾਰਾਂ ਨੂੰ ਪਹਿਲਾਂ ਰਸਤਾ ਦਿਓ।
- ਉਨ੍ਹਾਂ ਚਿੰਨ੍ਹਾਂ ਅਤੇ/ਜਾਂ ਪਟਰੀ ਤੇ ਬਣੇ ਨਿਸ਼ਾਨਾਂ ਦਾ ਧਿਆਨ ਕਰੋ ਜੋ ਤੁਹਾਨੂੰ ਮਾਰਗ-ਦਰਸ਼ਨ ਦਿੰਦੇ ਹਨ ਅਤੇ ਕੁਝ ਗਤੀਵਿੱਧੀਆਂ ਲਈ ਮਨ੍ਹਾ ਕਰਦੇ ਹਨ।

- ਗੋਲ ਚੱਕਰ (ਸੱਜੇ ਪਾਸੇ ਵੱਲ ਜਾ ਰਿਹਾ) ਵਿੱਚ ਉਸ ਵੇਲੇ ਦਾਖਲ ਹੋਵੋ ਜਦੋਂ ਟ੍ਰੈਫਿਕ ਵਿੱਚ ਰੱਲਣ ਲਈ ਕਾਫੀ ਵੱਡੀ ਖਾਲੀ ਥਾਂ ਮੌਜੂਦ ਹੋਵੇ।
- ਘੜੀ ਦੀ ਸੂਈ ਤੋਂ ਪੁਠੇ ਪਾਸੇ ਵੱਲ ਗੱਡੀ ਚੱਲਾਓ। ਗੱਡੀ ਨੂੰ ਨਾ ਰੋਕੋ ਜਾਂ ਨਾ ਹੀ ਦੂਜੀਆਂ ਗੱਡੀਆਂ ਤੋਂ ਅੱਗੇ ਲੰਘੋ।
- ਲੇਨਾਂ ਬਦਲਣ ਵੇਲੇ ਜਾਂ ਗੋਲ ਚੱਕਰ ਤੋਂ ਬਾਹਰ ਨਿਕਲਣ ਵੇਲੇ ਆਪਣੀ ਗੱਡੀ ਦੇ ਮੁੜਣ ਵਾਲੇ ਸੰਕੇਤਾਂ ਦੀ ਵਰਤੋਂ ਕਰੋ।
- ਜੇ ਤੁਸੀਂ ਆਪਣਾ ਬਾਹਰ ਜਾਣ ਦਾ ਰਸਤਾ (ਐਕਜ਼ਿਟ) ਖੁੰਝਾ ਜਾਂਦੇ ਹੋ, ਤਾਂ ਤੁਸੀਂ ਚੱਲਦੇ ਰਹੋ ਜੱਦੋਂ ਤੱਕ ਕਿ ਵਾਪਸ ਆਪਣੇ ਬਾਹਰ ਨਿਕਲਣ ਦੇ ਰਸਤੇ (ਐਕਜ਼ਿਟ) ਤੇ ਨਾ ਆ ਜਾਓ। ਕਈ ਲੇਨਾਂ ਵਾਲੇ ਗੋਲ ਚੱਕਰਾਂ ਲਈ, ਆਪਣੇ ਦਾਖਲ ਹੋਣ ਅਤੇ ਬਾਹਰ ਨਿਕਲਣ ਦੀਆਂ ਲੇਨਾਂ ਨੂੰ ਆਪਣੀ ਨਿਯਤ ਥਾਂ ਦੇ ਹਿਸਾਬ ਨਾਲ ਚੁਣੋ ਜਿਵੇਂ ਕਿ ਤਸਵੀਰਾਂ ਵਿੱਚ ਦਿਖਾਇਆ ਗਿਆ ਹੈ। ਉਦਾਹਰਣ ਲਈ, ਇਸ ਲਈ:
  - ਚੌਰਾਹੇ ਤੇ ਸੱਜੇ ਮੁੜਣ ਲਈ (ਨੀਲੀ ਕਾਰ), ਆਪਣੇ ਸੱਜੇ ਹੱਥ ਵਾਲੀ ਲੇਨ ਚੁਣੋ ਅਤੇ ਸੱਜੇ ਹੱਥ ਵਾਲੀ ਲੇਨ ਵਿੱਚੋਂ ਬਾਹਰ ਨਿਕਲੋ।
  - ਚੌਰਾਹੇ ਵਿੱਚੋਂ ਸਿੱਧਾ ਜਾਣ ਲਈ (ਲਾਲ ਕਾਰ), ਦੋਵਾਂ ਵਿੱਚੋਂ ਕੋਈ ਇੱਕ ਲੇਨ ਚੁਣੋ, ਅਤੇ ਉਸੇ ਲੇਨ ਵਿੱਚੋ ਬਾਹਰ ਨਿਕਲੋ ਜਿਸ ਵਿੱਚ ਤੁਸੀਂ ਦਾਖਲ ਹੋਏ ਸੀ।
  - ਖੱਬੇ ਮੁੜਣ ਲਈ (ਪੀਲੀ ਕਾਰ), ਖੱਬੀ ਲੇਨ ਚੁਣੋ, ਅਤੇ ਬਾਹਰ ਨਿਕਲੋ।

ਪਹਾੜੀ ਸੜਕਾਂ ਤੇ

ਜਦੋਂ 2 ਗੱਡੀਆਂ ਇੱਕ ਚੜ੍ਹਾਈ ਵਾਲੀ ਸੜਕ ਤੇ ਮਿਲਦੀਆਂ ਹਨ ਜਿੱਥੇ ਦੋਵਾਂ ਵਿੱਚੋਂ ਕੋਈ ਵੀ ਲੰਘ ਨਹੀਂ ਸਕਦਾ ਹੈ, ਤਾਂ ਉਤਰਾਈ ਵਾਲੇ ਪਾਸੇ ਮੂੰਹ ਕਰਕੇ ਖੜੀ ਗੱਡੀ ਨੂੰ ਪਿੱਛੇ ਜਾ ਕੇ ਦੂਜੀ ਗੱਡੀ ਨੂੰ ਲੰਘਣ-ਦਾ-ਅਧਿਕਾਰ ਦੇਣ ਲਈ ਰਸਤਾ ਦੇਣਾ ਹੋਵੇਗਾ ਜੱਦੋਂ ਤੱਕ ਕਿ ਉਹ ਉੱਤੇ ਜਾ ਰਹੀ ਗੱਡੀ ਲੰਘ ਨਾ ਜਾਵੇ। ਉਤਰਾਈ ਵਾਲੇ ਪਾਸੇ ਮੂੰਹ ਵਾਲੀ ਗੱਡੀ ਦਾ ਪਹਾੜੀ ਤੇ ਪਿੱਛੇ ਜਾਣ ਵੇਲੇ ਨਿਯੰਤ੍ਰਣ ਜ਼ਿਆਦਾ ਹੁੰਦਾ ਹੈ।

ਰਫਤਾਰ ਦੀਆਂ ਸੀਮਾਵਾਂ

ਕੈਲੀਫੋਰਨੀਆ ਦੇ "ਮੂਲ ਗਤੀ ਵਾਲੇ ਕਨੂੰਨ" ਦਾ ਮਤਲਬ ਇਹ ਹੈ ਕਿ ਤੁਸੀਂ ਮੌਜੂਦਾ ਹਾਲਾਤ ਵਿੱਚ ਸੁਰੱਖਿਅਤ ਰਫਤਾਰ ਤੋਂ ਤੇਜ਼ ਗੱਡੀ ਨਹੀਂ ਚੱਲਾ ਸਕਦੇ ਹੋ।

ਭਾਵੇਂ ਰਫਤਾਰ ਸੀਮਾ ਕੋਈ ਵੀ ਕਿਉਂ ਨਾ ਦੱਸੀ ਗਈ ਹੋਵੇ, ਤੁਹਾਡੀ ਗੱਡੀ ਦੀ ਰਫਤਾਰ ਹੇਠਲੀਆਂ ਗੱਲਾਂ ਤੇ ਨਿਰਭਰ ਕਰਨੀ ਚਾਹੀਦੀ ਹੈ:

- ਸੜਕ ਤੇ ਮੌਜੂਦ ਦੂਜੀਆਂ ਗੱਡੀਆਂ ਦੀ ਸੰਖਿਆ ਅਤੇ ਉਨ੍ਹਾਂ ਦੀ ਰਫਤਾਰ।
- ਕਿ ਸੜਕ ਦੀ ਸਤਹ ਮੁਲਾਇਮ, ਖਰ੍ਹਵੀ, ਬਜਰੀ ਵਾਲੀ, ਗਿੱਲੀ, ਸੁੱਕੀ, ਚੌੜੀ ਜਾਂ ਤੰਗ ਹੈ।
- ਕਿ ਸੜਕ ਦੇ ਕਿਨਾਰੇ ਜਾਂ ਸੜਕ ਪਾਰ ਕਰ ਰਹੇ ਸਾਈਕਲ ਸਵਾਰ ਜਾਂ ਪੈਦਲ ਲੋਕ ਹਨ।
- ਕਿ ਮੀਂਹ ਪੈ ਰਿਹਾ ਹੈ, ਧੁੰਧ ਹੈ, ਬਰਫ ਪੈ ਰਹੀ ਹੈ, ਤੇਜ਼ ਹਵਾ ਚੱਲ ਰਹੀ ਹੈ ਜਾਂ ਧੂੜ ਉੱਡ ਰਹੀ ਹੈ।

ਧਿਆਨ ਦਿਓ: ਜੇ ਕੁਝ ਹੋਰ ਨਾ ਦਰਸਾਇਆ ਗਿਆ ਹੋਵੇ, ਤਾਂ ਦੋ ਲੇਨਾਂ ਵਾਲੇ ਅਣਵੰਡੇ ਹਾਈਵੇ ਤੇ ਅਤੇ ਟ੍ਰੇਲਰ ਖਿੱਚ ਰਹੀ ਗੱਡੀਆਂ ਲਈ ਰਫਤਾਰ ਦੀ ਵਧ ਤੋਂ ਵਧ ਸੀਮਾ 55 ਮੀਲ ਪ੍ਰਤੀ ਘੰਟਾ ਹੈ।

ਘਟਾਈ ਗਈ ਰਫਤਾਰ

ਵਧੇਰਾ ਟ੍ਰੈਫਿਕ ਜਾਂ ਖਰਾਬ ਮੌਸਮ

ਜਦੋਂ ਟ੍ਰੈਫਿਕ ਜ਼ਿਆਦਾ ਹੋਵੇ ਜਾਂ ਮੌਸਮ ਖਰਾਬ ਹੋਵੇ, ਤਾਂ ਤੁਹਾਡਾ ਗੱਡੀ ਘੱਟ ਰਫਤਾਰ ਤੇ ਗੱਡੀ ਚਲਾਉਣਾ ਜ਼ਰੂਰੀ ਹੈ। ਪਰ, ਜੇ ਤੁਸੀਂ ਗੱਡੀ ਬਹੁਤ ਹੌਲੀ ਚਲਾ ਕੇ ਟ੍ਰੈਫਿਕ ਦੀ ਆਮ ਅਤੇ ਵਾਜਬ ਰਫਤਾਰ ਦੇ ਰਸਤੇ ਦੀ ਰੁਕਾਵਟ ਬਣਦੇ ਹੋ, ਤਾਂ ਤੁਹਾਨੂੰ ਟਿਕਟ ਮਿਲ ਸਕਦੀ ਹੈ। ਜੇ ਤੁਸੀਂ ਬਾਕੀ ਟ੍ਰੈਫਿਕ ਨਾਲੋਂ ਗੱਡੀ ਹੌਲੀ ਚੱਲਾਉਣ ਦੀ ਚੋਣ ਕਰਦੇ ਹੋ, ਤਾਂ ਤੁਸੀ "ਨੰਬਰ ਇੱਕ ਲੇਨ" (ਤੇਜ਼ ਲੇਨ) ਲੇਨ ਵਿੱਚ ਗੱਡੀ ਨਾ ਚਲਾਓ (ਪੰਨਾ 47 'ਤੇ "ਇੱਕ ਲੇਨ ਦੀ ਚੋਣ ਕਰਨਾ" ਭਾਗ ਵੇਖੋ)। ਜਦੋਂ ਗੱਡੀ ਰਫਤਾਰ ਸੀਮਾ ਤੋਂ ਘੱਟ ਰਫਤਾਰ ਤੇ ਚਲਾ ਰਹੇ ਹੋ ਅਤੇ ਦੂਜਾ ਡ੍ਰਾਈਵਰ ਤੁਹਾਡੇ ਬਹੁਤ ਨੇੜੇ ਹੈ ਅਤੇ ਗੱਡੀ ਤੇਜ਼ ਚਲਾਉਣਾ ਚਾਹੁੰਦਾ ਹੈ ਤਾਂ ਹਮੇਸ਼ਾ ਸੱਜੇ ਪਾਸੇ ਵੱਲ ਹੋ ਜਾਓ।

ਖਿੱਚਣ ਵਾਲੀਆਂ ਗੱਡੀਆਂ, ਬੱਸਾਂ, ਜਾਂ ਵੱਡੇ ਟਰੱਕ

ਜਦੋਂ ਤੁਸੀਂ ਕਿਸੇ ਗੱਡੀ ਜਾਂ ਟ੍ਰੇਲਰ ਨੂੰ ਖਿੱਚ ਕੇ (ਟੋਅ) ਲੈ ਜਾ ਰਹੇ ਹੋਵੋ, ਜਾਂ ਕਿਸੇ ਬਸ ਜਾਂ 3 ਜਾਂ ਉਸ ਤੋਂ ਵਧ ਐਕਸਲ ਵਾਲੇ ਟਰੱਕ ਨੂੰ ਚਲਾ ਰਹੇ ਹੋਵੋ, ਤਾਂ ਤੁਹਾਡਾ ਇਸ ਗੱਡੀ ਨੂੰ ਸੱਜੇ ਹੱਥ ਵਾਲੀ ਲੇਨ ਜਾਂ ਹੌਲੀ ਚੱਲਣ ਵਾਲੇ ਟ੍ਰੈਫਿਕ ਲਈ ਖਾਸ ਤੌਰ ਤੇ ਬਣਾਈ ਗਈ ਲੇਨ ਵਿੱਚ ਚਲਾਉਣੀ ਜ਼ਰੂਰੀ ਹੈ। ਜੇ ਕਿਸੇ ਲੇਨ ਤੇ ਨਿਸ਼ਾਨ ਨਹੀਂ ਬਣੇ ਹੋਏ ਹਨ ਅਤੇ ਤੁਹਾਡੀ ਦਿਸ਼ਾ ਵਿੱਚ 4 ਜਾਂ ਉਸ ਤੋਂ ਵਧ ਲੇਨਾਂ ਹਨ, ਤਾਂ ਤੁਸੀਂ ਸਿਰਫ ਸੜਕ ਦੇ ਕਿਨਾਰੇ ਵਾਲੀਆਂ 2 ਲੇਨਾਂ ਵਿੱਚੋਂ ਕਿਸੇ ਇੱਕ ਵਿੱਚ ਹੀ ਗੱਡੀ ਚਲਾ ਸਕਦੇ ਹੋ। ਤੁਹਾਡੇ ਨਾਲ ਚੱਲਣ ਵਾਲੇ ਪੈਦਲ ਚੱਲਣ ਵਾਲੇ ਲੋਕ, ਸਾਈਕਲ ਸਵਾਰ ਜਾਂ ਦੂਜੀਆਂ ਗੱਡੀਆਂ ਜਦੋਂ ਕੋਲੋਂ ਗੁਜਰ ਰਹੀਆਂ ਹੋਣ ਜਾਂ ਉਨ੍ਹਾਂ ਕੋਲੋਂ ਤੁਸੀਂ ਗੁਜਰ ਰਹੇ ਹੋਵੋਂ, ਤਾਂ ਅਚਾਨਕ ਤੇਜ਼ ਹਵਾ ਦਾ ਅਨੁਭਵ ਕਰ ਸਕਦੀਆਂ ਹਨ। ਹੌਲੀ ਚਲੋ ਅਤੇ ਸੁਰੱਖਿਅਤ ਢੰਗ ਨਾਲ ਅੱਗੇ ਵੱਧੋ, ਅਤੇ ਇੱਕ ਸੁਰੱਖਿਅਤ ਦੂਰੀ ਤੋਂ ਹੀ ਅੱਗੇ ਵਧੋ (ਸਾਈਕਲ ਚਲਾਉਣ ਵਾਲਿਆਂ ਲਈ 3 ਫੁੱਟ ਜਾਂ ਵੱਧ)।

ਬੱਚਿਆਂ ਦੇ ਆਲੇ-ਦੁਆਲੇ

ਜਦੋਂ ਤੁਸੀਂ ਇੱਕ ਸਕੂਲ ਦੇ 500 ਤੋਂ 1,000 ਫੁੱਟ ਦੇ ਅੰਦਰ-ਅੰਦਰ ਗੱਡੀ ਚਲਾ ਰਹੇ ਹੋ, ਜਦੋਂ ਬੱਚੇ ਉੱਥੇ ਬਾਹਰ ਹੋਣ ਜਾਂ ਸੜਕ ਪਾਰ ਕਰ ਰਹੇ ਹੋਣ, ਤਾਂ ਰਫਤਾਰ ਦੀ ਸੀਮਾ, ਜੇ ਕੁਝ ਹੋਰ ਨਾ ਲਿੱਖਿਆ ਹੋਵੇ ਤਾਂ 25 ਮੀਲ ਪ੍ਰਤੀ ਘੰਟਾ ਹੈ। ਨਾਲ ਹੀ, ਜੇ ਸਕੂਲ ਦੀ ਗ੍ਰਾਉਂਡ ਦੀ ਕੋਈ ਬਾੜ ਨਾ ਹੋਵੇ ਅਤੇ ਬੱਚੇ ਬਾਹਰ ਹੋਣ, ਤਾਂ ਕਦੇ ਵੀ 25 ਮੀਲ ਪ੍ਰਤੀ ਘੰਟੇ ਦੀ ਰਫਤਾਰ ਤੋਂ ਵਧ ਤੇ ਗੱਡੀ ਨਾ ਚਲਾਓ। ਕੁਝ ਸਕੂਲ ਜ਼ੋਨਾਂ ਦੇ ਵਿੱਚ ਰਫਤਾਰ ਦੀ ਸੀਮਾ 15 ਮੀਲ ਪ੍ਰਤੀ ਘੰਟੇ ਤੱਕ ਘੱਟ ਵੀ ਹੋ ਸਕਦੀ ਹੈ। ਸਕੂਲਾਂ ਦੇ ਨੇੜੇ, ਇਨ੍ਹਾਂ ਗੱਲਾਂ ਦਾ ਧਿਆਨ ਰੱਖੋ:

- ਸਾਈਕਲ ਸਵਾਰਾਂ ਅਤੇ ਪੈਦਲ ਚੱਲਣ ਵਾਲੇ ਲੋਕ।
- ਸਕੂਲ ਸੁਰੱਖਿਆ ਗਸ਼ਤੀ ਦਲ ਜਾਂ ਸਕੂਲ ਦੀ ਸੜਕ ਪਾਰ ਕਰਾਉਣ ਵਾਲੇ ਗਾਰਡ। ਉਨ੍ਹਾਂ ਦੀ ਹਿਦਾਇਤਾਂ ਦੀ ਪਾਲਣਾ ਕਰੋ। ਸੜਕ ਪਾਰ ਕਰਾਉਣ ਵਾਲੇ ਗਾਰਡ ਦੀ ਸੁਰੱਖਿਆ ਲਈ, ਗੱਡੀ ਨੂੰ ਅੱਗੇ ਲੈ ਜਾਉਣ ਤੋਂ ਪਹਿਲਾਂ ਗਾਰਡ ਨੂੰ ਸੜਕ ਦੇ ਕਿਨਾਰੇ ਤੇ ਇੱਕ ਪਾਸੇ ਸੁਰੱਖਿਅਤ ਹੋ ਜਾਣ ਦਿਓ।
- ਰੁਕੀਆਂ ਹੋਈਆਂ ਸਕੂਲ ਬਸਾਂ ਅਤੇ ਸੜਕ ਪਾਰ ਕਰ ਰਹੇ ਬੱਚੇ। ਕਈ ਸਕੂਲ ਬੱਸਾਂ ਬੱਚਿਆਂ ਨੂੰ ਬਸ ਤੋਂ ਉਤਾਰਣ ਲਈ ਰੁਕਣ ਦੀ ਤਿਆਰੀ ਵੇਲੇ ਪੀਲੀ ਟ੍ਰੈਫਿਕ ਸਿਗਨਲ ਲਾਈਟਾਂ ਚਮਕਾਉਂਦੀਆਂ ਹਨ। ਜੱਗਦੀ-ਬੁਝਦੀ ਪੀਲੀ ਟ੍ਰੈਫਿਕ ਸਿਗਨਲ ਲਾਈਟਾਂ ਤੁਹਾਨੂੰ ਗੱਡੀ ਦੀ ਰਫਤਾਰ ਘੱਟ ਕਰਨ ਅਤੇ ਰੁਕਣ ਲਈ ਤਿਆਰ ਹੋਣ ਦੀ ਚੇਤਾਵਨੀ ਦਿੰਦੀਆਂ ਹਨ। ਜਦੋਂ ਬੱਸ ਦੀਆਂ ਲਾਲ ਟ੍ਰੈਫਿਕ ਸਿਗਨਲ ਲਾਈਟਾਂ (ਬੱਸ ਦੇ ਅਗਲੇ ਅਤੇ ਪਿੱਛਲੇ ਪਾਸੇ ਉੱਤਲੇ ਹਿੱਸੇ ਵਿੱਚ ਲਗੀਆਂ ਹੁੰਦੀਆਂ ਹਨ) ਜਗਦੀਆਂ ਹਨ, ਤਾਂ ਦੋਵਾਂ ਦਿਸ਼ਾਵਾਂ ਵਿੱਚ ਤੁਹਾਡੇ ਲਈ ਉਦੋਂ ਤੱਕ ਰੁਕਣਾ ਜ਼ਰੂਰੀ ਹੈ ਜੱਦ ਤੱਕ ਕਿ ਬੱਚੇ ਸੁਰੱਖਿਅਤ ਤਰੀਕੇ ਨਾਲ ਸੜਕ ਪਾਰ ਨਾ ਕਰ ਲੈਣ ਅਤੇ ਲਾਲ ਟ੍ਰੈਫਿਕ ਸਿਗਨਲ ਲਾਈਟਾਂ ਲਿਸ਼ਕਾਰੇ ਮਾਰਣਾ ਬੰਦ ਨਾ ਕਰ ਦੇਣ। ਕਨੂੰਨ ਮੁਤਾਬਕ ਤੁਹਾਡੇ ਲਈ ਉਦੋਂ ਤੱਕ ਰੁਕਣਾ ਜ਼ਰੂਰੀ ਹੈ ਜੱਦ ਤੱਕ ਕਿ ਲਾਲ ਲਾਈਟਾਂ ਫਲੈਸ਼ ਕਰ ਰਹੀਆਂ ਹਨ (CVC §22454)। ਜੇ ਤੁਸੀਂ ਰੁਕਦੇ ਨਹੀਂ ਹੋ, ਤਾਂ ਤੁਹਾਡੇ ਤੇ $1,000 ਤੱਕ ਦਾ ਜ਼ੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਤੁਹਾਡੇ ਗੱਡੀ ਚਲਾਉਣ ਦੇ ਅਧਿਕਾਰ ਨੂੰ 1 ਸਾਲ ਲਈ ਮੁਅੱਤਲ ਕੀਤਾ ਜਾ ਸਕਦਾ ਹੈ। ਜੇ ਸਕੂਲ ਬੱਸ ਇੱਕ ਵੰਡੇ ਹੋਏ ਜਾਂ ਬਹੁਤ ਸਾਰੀਆਂ ਲੇਨਾਂ ਵਾਲੇ ਹਾਈਵੇ (ਹਰ ਦਿਸ਼ਾ ਵਿੱਚ ਦੋ ਜਾਂ ਦੋ ਤੋਂ ਵਧ ਲੇਨਾਂ) ਤੇ ਦੂਜੇ ਪਾਸੇ ਖੜੀ ਹੈ ਤਾਂ ਤੁਹਾਨੂੰ ਰੁਕਣ ਦੀ ਲੋੜ ਨਹੀਂ ਹੈ।



ਸਾਰੀਆਂ ਗੱਡੀਆਂ ਲਈ ਰੁਕਣਾ ਜ਼ਰੂਰੀ ਹੈ

ਜਦੋਂ ਲਾਲ ਬੱਤੀਆਂ ਚਮਕਦੀਆਂ ਹੋਣ ਦੋਵੇਂ ਪਾਸਿਆਂ ਤੋਂ

ਕੋਈ ਅੱਗੇ ਨਹੀਂ ਨਿਕਲ ਸਕਦਾ

ਕੈਲੀਫੋਰਨੀਆ
ਆਓ, ਆਪਣੇ ਬੱਚਿਆਂ ਨੂੰ ਸੁਰੱਖਿਅਤ ਰੱਖੀਏ!

OTS
CALIFORNIA OFFICE OF TRAFFIC SAFETY

SHARE THE ROAD
CALIFORNIA PEDESTRIAN AND BICYCLE ENFORCEMENT AND EDUCATION PROJECT

ਨਾ ਦਿੱਸਣ ਵਾਲੇ ਚੌਰਾਹੇ

ਨਾ ਦਿੱਸਣ ਵਾਲੇ ਚੌਰਾਹਿਆਂ ਤੇ ਰਫਤਾਰ ਦੀ ਸੀਮਾ 15 ਮੀਲ ਪ੍ਰਤੀ ਘੰਟਾ ਹੈ। ਕਿਸੇ ਚੌਰਾਹੇ ਨੂੰ "ਬਲਾਇੰਡ" ਤਾਂ ਮੰਨਿਆਂ ਜਾਂਦਾ ਹੈ ਜਦੋਂ ਕਿਸੇ ਕਿਨਾਰੇ ਤੇ ਰੁਕਣ ਦੇ ਕੋਈ ਚਿੰਨ੍ਹ ਨਹੀਂ ਲੱਗੇ ਹੁੰਦੇ ਅਤੇ ਚੌਰਾਹੇ ਤੋਂ ਪਹਿਲਾਂ ਅਖੀਰਲੇ 100 ਫੁੱਟ ਦੇ ਦੌਰਾਨ ਤੁਸੀਂ ਦੋਵੇਂ ਪਾੱਸੇ 100 ਫੁੱਟ ਦੀ ਦੂਰੀ ਵਿੱਚ ਕੁਝ ਵੇਖ ਨਹੀਂ ਸਕਦੇ। ਜੇ ਤੁਹਾਨੂੰ ਸਾਰਾ ਦ੍ਰਿਸ਼ ਨਜ਼ਰ ਨਹੀਂ ਆ ਰਿਹਾ ਹੈ, ਤਾਂ ਉਦੋਂ ਤੱਕ ਗੱਡੀ ਹੌਲੀ-ਹੌਲੀ ਚਲਾਓ ਜਦੋਂ ਤੀਕ ਪੂਰਾ ਦ੍ਰਿਸ਼ ਨਜ਼ਰ ਆਉਣਾ ਨਾ ਸ਼ੁਰੂ ਹੋ ਜਾਵੇ।

ਤੰਗ ਗਲੀਆਂ

ਕਿਸੇ ਵੀ ਤੰਗ ਗਲੀ (ਐਲੀ) ਵਿੱਚ ਰਫਤਾਰ ਦੀ ਸੀਮਾ 15 ਮੀਲ ਪ੍ਰਤੀ ਘੰਟਾ ਹੈ।

ਰੇਲਵੇ ਲਾਈਨਾਂ ਦੇ ਨਜ਼ਦੀਕ

ਰੇਲਵੇ ਲਾਈਨ ਦੀ ਕ੍ਰਾਸਿੰਗ ਦੇ 100 ਫੁੱਟ ਦੇ ਅੰਦਰ-ਅੰਦਰ, ਜਿੱਥੇ ਤੁਸੀਂ ਰੇਲਵੇ ਲਾਈਨ ਨੂੰ ਦੋਵਾਂ ਦਿਸ਼ਾਵਾ ਵਿੱਚ 400 ਫੁੱਟ ਦੀ ਦੂਰੀ ਤੱਕ ਪਟਰਿਆਂ ਨਹੀਂ ਵੇਖ ਸਕਦੇ, ਉੱਥੇ ਰਫਤਾਰ ਦੀ ਸੀਮਾ 15 ਮੀਲ ਪ੍ਰਤੀ ਘੰਟਾ ਹੈ। ਜੇ ਕ੍ਰਾਸਿੰਗ ਤੇ ਨਿਯੰਤ੍ਰਣ ਲਈ ਕੋਈ ਗੇਟ, ਇੱਕ ਚੇਤਾਵਨੀ ਸਿਗਨਲ ਜਾਂ ਝੰਡੀ ਵਿਖਾਉਣ ਵਾਲਾ ਵਿਅਕਤੀ ਮੌਜੂਦ ਹੈ ਤਾਂ ਤੁਸੀਂ ਗੱਡੀ 15 ਮੀਲ ਪ੍ਰਤੀ ਘੰਟਾ ਤੋਂ ਤੇਜ ਚਲਾ ਸਕਦੇ ਹੋ।

ਰੇਲਵੇ ਫਾਟਕ ਜਾਂ ਰੇਲਵੇ ਕ੍ਰਾਸਿੰਗਾਂ ਤੇ:



- ਦੋਵਾਂ ਦਿਸ਼ਾਵਾਂ ਵਿੱਚ ਵੇਖੋ ਅਤੇ ਰੇਲ ਗੱਡੀਆਂ ਦੀ ਆਵਾਜ਼ ਲਈ ਸੁਣੋ। ਕਈ ਕ੍ਰਾਸਿੰਗਾਂ ਤੇ ਇੱਕ ਤੋਂ ਵਧ ਰੇਲਵੇ ਲਾਈਨਾਂ ਹੁੰਦੀਆਂ ਹਨ, ਇਸ ਕਰਕੇ ਲੋੜ ਪੈਣ ਤੇ ਪਾਰ ਕਰਨ ਤੋਂ ਪਹਿਲਾਂ ਰੁਕਣ ਲਈ ਤਿਆਰ ਰਹੋ। ਰੇਲਵੇ ਲਾਈਨਾਂ ਨੂੰ ਸਿਰਫ ਉਨ੍ਹਾਂ ਥਾਂਵਾਂ ਤੋਂ ਹੀ ਪਾਰ ਕਰੋ ਜੋ ਪਾਰ ਕਰਨ ਲਈ ਬਣਾਈਆਂ ਗਈਆਂ ਹਨ ਅਤੇ ਸਿਰਫ ਉਸੇ ਵੇਲੇ ਕਰੋ ਜਦੋਂ ਕਿ ਸੁਰੱਖਿਅਤ ਹੋਵੇ।
- ਕਿਸੇ ਵੀ ਲਾਈਨ ਤੇ ਦੋਵਾਂ ਦਿਸ਼ਾਵਾਂ ਤੋਂ ਕਿਸੇ ਵੀ ਵੇਲੇ ਰੇਲਗੱਡੀ ਦੇ ਆਉਣ ਦੀ ਸੰਭਾਵਨਾ ਨੂੰ ਧਿਆਨ ਵਿੱਚ ਰੱਖੋ। ਜੇ ਲਾਈਨਾਂ ਪਾਰ ਕਰਨ ਤੋਂ ਬਾਅਦ ਤੁਹਾਨੂੰ ਰੁਕਣਾ ਹੀ ਪਵੇ, ਤਾਂ ਅੱਗੇ ਵੱਧਣ ਤੋਂ ਪਹਿਲਾਂ ਤਾਂ ਤੱਕ ਰੁਕੋ ਜਦੋਂ ਤੀਕ ਕਿ ਤੁਸੀ ਪੂਰੀ ਤਰ੍ਹਾਂ ਟ੍ਰੈਕ ਪਾਰ ਨਾ ਕਰ ਸਕੋ। ਯਕੀਨੀ ਬਣਾਓ ਕਿ ਰੁਕਣ ਤੋਂ ਪਹਿਲਾਂ ਤੁਹਾਡੀ ਗੱਡੀ ਲਾਈਨਾਂ ਤੋਂ ਪਰ੍ਹੇ ਹੋਵੇ।
- ਰੇਲਵੇ ਲਾਈਨ ਤੇ ਕਦੇ ਨਾ ਰੁਕੋ। ਜੇ ਤੁਸੀਂ ਰੇਲਵੇ ਲਾਈਨ ਤੇ ਹੋ ਤਾਂ ਤੁਸੀਂ ਸੱਟ ਲੱਗਣ ਜਾਂ ਮੌਤ ਦੇ ਖਤਰੇ ਵਿੱਚ ਹੋ।
- ਉਨ੍ਹਾਂ ਗੱਡੀਆਂ ਦਾ ਧਿਆਨ ਰੱਖੋ ਜਿਨ੍ਹਾਂ ਲਈ ਰੇਲਵੇ ਲਾਈਨਾਂ ਪਾਰ ਕਰਨ ਤੋਂ ਪਹਿਲਾਂ ਰੁਕਣਾ ਜ਼ਰੂਰੀ ਹੈ। ਇੰਨਾਂ ਗੱਡੀਆਂ ਵਿੱਚ ਬੱਸਾਂ, ਸਕੂਲ ਬੱਸਾਂ, ਅਤੇ ਖਤਰਨਾਕ ਭਾਰ ਨਾਲ ਲੈ ਜਾ ਰਹੇ ਟਰੱਕ ਸ਼ਾਮਲ ਹਨ।
- ਯਾਦ ਰੱਖੋ ਕਿ ਜਗਣ-ਬੁਝਣ ਵਾਲੀਆਂ ਲਾਲ ਟ੍ਰੈਫਿਕ ਸਿਗਨਲ ਲਾਈਟਾਂ ਦਾ ਮਤਲਬ ਹੈ ਰੁਕੋ (STOP)! ਜਦੋਂ ਪਾਰ ਕਰਨ ਵਾਲੇ ਯੰਤਰ ਕਿਰਿਆਸ਼ੀਲ ਹੋਣ ਜਾਂ ਕੋਈ ਵਿਅਕਤੀ ਤੁਹਾਨੂੰ ਚੇਤਾਵਨੀ ਦਿੰਦਾ ਹੈ ਕਿ ਰੇਲਗੱਡੀ ਆ ਰਹੀ ਹੈ, ਤਾਂ ਨੇੜੇ ਦੇ ਟ੍ਰੈਕ ਤੋਂ ਘੱਟੋ-ਘੱਟ 15 ਫੁੱਟ ਦੂਰੀ ਤੇ, ਪਰ 50 ਫੁੱਟ ਤੋਂ ਜ਼ਿਆਦਾ ਨਹੀਂ, ਰੁਕ ਜਾਓ। ਜੇ ਤੁਸੀਂ ਕਿਸੇ ਰੇਲਗੱਡੀ ਨੂੰ ਆਉਂਦੇ ਹੋਏ ਵੇਖੋ, ਜਾਂ ਆਉਣ ਵਾਲੀ ਰੇਲਗੱਡੀ ਦੀ ਸੀਟੀ, ਹੌਰਨ ਜਾਂ ਘੰਟੀ ਸੁਣੋ, ਤਾਂ ਰੁਕ ਜਾਓ।
- ਬੰਦ ਫਾਟਕਾਂ ਦੇ ਥੱਲੇਂ ਜਾਂ ਬੰਦ ਹੋ ਰਹੇ ਫਾਟਕਾਂ ਦੇ ਆਲੇ-ਦੁਆਲੇ ਨਾ ਜਾਓ। ਚਮਕਦੀ ਹੋਈਆਂ ਲਾਲ ਚੇਤਾਵਨੀ ਲਾਈਟਾਂ ਦਾ ਮਤਲਬ ਹੈ ਕਿ ਤੁਹਾਡਾ ਰੁਕਣਾ ਅਤੇ ਉਡੀਕ ਕਰਨਾ ਜ਼ਰੂਰੀ ਹੈ। ਚੌਰਾਹੇ ਤੋਂ ਅੱਗੇ ਉਦੋਂ ਤੱਕ ਨਾ ਜਾਓ ਜੱਦ ਤੱਕ ਲਾਲ ਲਾਈਟਾਂ ਚਮਕਣਾ ਬੰਦ ਨਹੀਂ ਕਰ ਦਿੰਦੀਆਂ, ਭਾਵੇਂ ਫਾਟਕ

ਖੁੱਲ ਹੀ ਗਿਆ ਹੋਵੇ। ਜੇ ਫਾਟਕ ਬੰਦ ਹੈ ਅਤੇ ਤੁਹਾਨੂੰ ਰੇਲਗੱਡੀ ਆਉਂਦੀ ਨਹੀਂ ਵਿਖ ਰਹੀ ਹੈ, ਤਾਂ ਲਿੱਖੇ ਹੋਏ ਰੇਲਰੋਡ ਐਮਰਜੈਂਸੀ ਟੋਲ ਫ੍ਰੀ ਨੰਬਰ ਜਾਂ 911 ਤੇ ਫੋਨ ਕਰੋ। ਆਪਣੀ ਸਥਿਤੀ ਦਾ ਵੇਰਵੇ ਸਮੇਤ ਵਰਣਨ ਕਰਨ ਲਈ ਤਿਆਰ ਰਹੋ।

ਹਲਕੀ ਰੇਲ (ਲਾਈਟ ਰੇਲ) ਟ੍ਰਾਂਜ਼ਿਟ ਵਾਹਨ ਕ੍ਰਾਸਿੰਗਾਂ

ਮਾਲਗੱਡੀ ਗੱਡੀਆਂ ਦੀਆਂ ਕ੍ਰਾਸਿੰਗਾਂ ਤੇ ਲਾਗੂ ਹੋਣ ਵਾਲੇ ਨਿਯਮ ਹਲਕੀ ਰੇਲ ਟ੍ਰਾਂਜ਼ਿਟ ਵਾਹਨ ਕ੍ਰਾਸਿੰਗਾਂ ਤੇ ਵੀ ਲਾਗੂ ਹੁੰਦੇ ਹਨ।

ਧਿਆਨ ਦਿਓ: ਹਲਕੀ ਰੇਲ ਟ੍ਰਾਂਜ਼ਿਟ ਵਾਹਨ ਚੱਲਣ ਵੇਲੇ ਬਹੁਤ ਘੱਟ ਆਵਾਜ਼ ਕਰਦੇ ਹਨ ਅਤੇ ਮਾਲਗੱਡੀਆਂ ਨਾਲੋਂ ਬਹੁਤ ਤੇਜ਼ ਚਲਦੇ ਹਨ।

ਸਟ੍ਰੀਟਕਾਰਾਂ, ਟ੍ਰਾਲੀਆਂ, ਜਾਂ ਬੱਸਾਂ ਦੇ ਨੇੜੇ

ਜਦੋਂ ਅੱਗੇ ਲੰਘਣਾ ਸੁਰੱਖਿਅਤ ਹੋਵੇ, ਤਾਂ ਅੱਗੇ ਲੰਘਣ ਦੀ ਰਫਤਾਰ ਦੀ ਸੀਮਾ 10 ਮੀਲ ਪ੍ਰਤੀ ਘੰਟੇ ਤੋਂ ਵਧ ਨਹੀਂ ਹੈ। ਰਫਤਾਰ ਦੀ ਇਹ ਸੀਮਾ ਕਿਸੇ ਸੁਰੱਖਿਆ ਖੇਤਰ ਜਾਂ ਕਿਸੇ ਚੌਰਾਹੇ ਵਿੱਚ ਲਾਗੂ ਹੁੰਦੀ ਹੈ ਜਿੱਥੇ ਸਟ੍ਰੀਟਕਾਰ, ਟ੍ਰਾਲੀ ਜਾਂ ਬੱਸ ਰੁਕੀ ਹੋਈ ਹੋਵੇ ਅਤੇ ਟ੍ਰੈਫਿਕ ਨੂੰ ਕਿਸੇ ਅਮਨ ਦੀ ਰੱਖਿਆ ਕਰਨ ਵਾਲੇ ਅਧਿਕਾਰੀ ਜਾਂ ਟ੍ਰੈਫਿਕ ਸਿਗਨਲ ਰਾਹੀਂ ਕੰਟ੍ਰੋਲ ਕੀਤਾ ਜਾ ਰਿਹਾ ਹੋਵੇ। ਇੱਕ ਸੁਰੱਖਿਆ ਖੇਤਰ ਦੀ ਨਿਸ਼ਾਨੀ ਲਈ ਸੜਕ ਤੇ ਉਭਰੇ ਹੋਏ ਬਟਨ ਜਾਂ ਮਾਰਕਰ ਲਗਾਏ ਜਾਂਦੇ ਹਨ ਅਤੇ ਇਹ ਖੇਤਰ ਖਾਸ ਤੌਰ ਤੇ ਪੈਦਲ ਚੱਲਣ ਵਾਲੇ ਲੋਕਾਂ ਲਈ ਰੱਖਿਆ ਜਾਂਦਾ ਹੈ। ਸੁਰੱਖਿਆ ਖੇਤਰ ਜ਼ਿਆਦਾਤਰ ਤੁਹਾਨੂੰ ਉਨ੍ਹਾਂ ਇਲਾਕਿਆਂ ਵਿੱਚ ਮਿਲਣਗੇ ਜਿੱਥੇ ਸਟ੍ਰੀਟਕਾਰਾਂ ਜਾਂ ਟ੍ਰਾੱਲੀਆਂ ਅਤੇ ਗੱਡੀਆਂ ਸੜਕ ਦੀ ਸਾਂਝੀ ਵਰਤੋਂ ਕਰਦੀਆਂ ਹਨ।

ਕਾਰੋਬਾਰੀ ਜਾਂ ਰਿਹਾਇਸ਼ੀ ਜਿਲੇ

ਜੇ ਹੋਰ ਕੁਝ ਨਾ ਲਿੱਖਿਆ ਹੋਵੇ, ਤਾਂ ਰਫਤਾਰ ਦੀ ਸੀਮਾ 25 ਮੀਲ ਪ੍ਰਤੀ ਘੰਟਾ ਹੈ।

ਜਾਨਵਰਾਂ ਦੇ ਨੇੜੇ

ਜੇ ਤੁਸੀਂ ਜਾਨਵਰ ਦੀ ਤਸਵੀਰ ਵਾਲਾ ਕੋਈ ਚਿੰਨ੍ਹ ਵੇਖਦੇ ਹੋ (ਉਦਾਹਰਨ ਵੇਖੋ), ਤਾਂ ਸੜਕ ਤੇ ਜਾਂ ਆਲੇ-ਦੁਆਲੇ ਹੋਣ ਵਾਲੇ ਜਾਨਵਰਾਂ ਦਾ ਧਿਆਨ ਰੱਖੋ। ਜੇ ਤੁਸੀਂ ਸੜਕ ਦੇ ਕੋਲ ਜਾਨਵਰ ਜਾਂ ਪਸ਼ੂ-ਧਨ ਵੇਖੋ, ਤਾਂ ਗੱਡੀ ਹੌਲੀ ਕਰ ਲਓ ਅਤੇ ਧਿਆਨ ਨਾਲ ਅੱਗੇ ਵੱਧੋ। ਜਾਨਵਰਾਂ ਨੂੰ ਲੈ ਜਾ ਰਹੇ ਵਿਅਕਤੀ ਵੱਲੋਂ ਦਿੱਤੇ ਜਾ ਰਹੇ ਨਿਰਦੇਸ਼ਾਂ ਦੀ ਪਾਲਣਾ ਕਰੋ। ਜੇ ਤੁਸੀਂ ਕਿਸੇ ਭਟਕੇ ਹੋਏ ਜਾਨਵਰ ਨੂੰ ਆਪਣੇ ਰਸਤੇ ਵਿੱਚ ਵੇਖੋ, ਤਾਂ ਜੇ ਸੁਰੱਖਿਅਤ ਹੋਵੇ ਤਾਂ ਆਪਣੀ ਗੱਡੀ ਹੌਲੀ ਕਰ ਲਓ ਜਾਂ ਰੁਕ ਜਾਓ। ਇਕਦਮ ਦਿਸ਼ਾ ਨਾ ਬਦਲੋ ਕਿਉਂਕਿ ਇਸ ਕਰਕੇ ਤੁਸੀਂ ਆਪਣੀ ਗੱਡੀ ਦਾ ਕੰਟਰੋਲ ਗੁਆ ਸਕਦੇ ਹੋ ਅਤੇ ਇਹ ਇੱਕ ਹਾਦਸੇ ਦਾ ਕਾਰਨ ਬਣ ਸਕਦਾ ਹੈ। ਜਾਨਵਰਾਂ ਦੇ ਅਚਾਨਕ ਹਿੱਲਣ-ਜੁਲਣ ਦਾ ਧਿਆਨ ਰੱਖੋ ਕਿਉਂਕਿ ਉਹ ਅਣਹੋਣੇ ਹੋ ਸਕਦੇ ਹਨ ਅਤੇ ਸੜਕ ਤੇ ਆ ਸਕਦੇ ਹਨ।

ਦਿੱਖ ਜਾਂਚ (ਵਿਜ਼ੁਅਲ ਸਰਚ)

ਆਲੇ-ਦੁਆਲੇ ਦੀ ਜਾਂਚ

ਆਪਣੇ ਆਲੇ-ਦੁਆਲੇ ਦੀ ਜਾਂਚ (ਆਪਣੀਆਂ ਅੱਖਾਂ ਨਾਲ ਚਾਰੋਂ ਪਾਸੇ ਵੇਖਣਾ) ਵਿੱਚ ਆਪਣੀ ਗੱਡੀ ਦੇ ਆਸ-ਪਾਸ ਇੱਕ ਸੁਰੱਖਿਅਤ ਦੂਰੀ ਬਣਾਏ ਰੱਖਣਾ ਵੀ ਸ਼ਾਮਲ ਹੈ। ਜੇ ਕੋਈ ਦੂਜਾ ਡ੍ਰਾਈਵਰ ਗਲਤੀ ਕਰਦਾ ਹੈ, ਤਾਂ ਤੁਹਾਨੂੰ ਜਵਾਬੀ ਕਾਰਵਾਈ ਲਈ ਸਮੇਂ ਦੀ ਲੋੜ ਹੁੰਦੀ ਹੈ। ਆਪਣੇ ਆਪ ਨੂੰ ਇਹ ਸਮਾਂ ਬਾਕੀ ਗੱਡੀਆਂ ਕੋਲੋਂ ਇੱਕ ਸੁਰੱਖਿਅਤ ਦੂਰੀ ਬਣਾਏ ਰੱਖ ਕੇ ਦਿਓ। ਇਹ ਸੁਰੱਖਿਅਤ ਥਾਂ ਜੇ ਲੋੜ ਹੋਵੇ ਤਾਂ ਤੁਹਾਨੂੰ ਬ੍ਰੇਕ ਲਾਉਣ ਲਈ ਜਾਂ ਕਿਸੇ ਹੋਰ ਕਾਰਵਾਈ ਲਈ ਥਾਂ ਪ੍ਰਦਾਨ ਕਰੇਗੀ।

ਇਹ ਜਾਣੋ ਕਿ ਅੱਗੇ ਕੀ ਹੈ

ਅਖੀਰਲੇ ਸਮੇਂ ਤੇ ਕਾਰਵਾਈ ਕਰਨ ਤੋਂ ਬਚਣ ਲਈ, ਸੜਕ ਤੇ ਆਪਣੀ ਗੱਡੀ ਤੋਂ 10 ਤੋਂ 15 ਸਕਿੰਟ ਅੱਗੇ ਦੀ ਦੂਰੀ ਤੱਕ ਵੇਖੋ, ਤਾਂ ਜੋ ਤੁਸੀਂ ਆਉਣ ਵਾਲੇ ਖਤਰੇ ਨੂੰ ਪਹਿਲਾਂ ਹੀ ਵੇਖ ਸਕੋ। ਲਗਾਤਾਰ ਸਿਰਫ ਗੱਡੀ ਤੇ ਜਾਂ ਆਪਣੀ ਗੱਡੀ ਤੋਂ ਥੋੜਾ ਜਿਹਾ ਅੱਗੇ ਦੀ ਸੜਕ ਵੇਖਦੇ ਰਹਿਣਾ ਖਤਰਨਾਕ ਹੋ ਸਕਦਾ ਹੈ। ਜਦੋਂ ਤੁਸੀਂ ਅੱਗੇ ਤੱਕ ਵੇਖਦੇ ਹੋ ਉਸਦੇ ਨਾਲ ਹੀ ਆਪਣੇ ਆਲੇ ਦੁਆਲੇ ਦੀਆਂ ਗੱਡੀਆਂ ਤੋਂ ਵੀ ਸੁਚੇਤ ਰਹੋ। ਆਪਣੇ ਸ਼ੀਸ਼ਿਆਂ ਦੀ ਵਰਤੋਂ ਕਰੋ। ਜਾਣੋ ਕਿ ਤੁਹਾਡੇ ਪਿੱਛੇ ਕੀ ਹੈ ਤਾਂ ਜੋ ਤੁਸੀਂ ਤਿਆਰ ਰਹਿ ਸਕੋ ਕਿ ਅੱਗੇ ਕੀ ਹੋ ਰਿਹਾ ਹੈ।

ਆਪਣੀ ਗੱਡੀ ਦੇ ਆਲੇ-ਦੁਆਲੇ ਦੇ ਖੇਤਰਾਂ ਨੂੰ ਜਾਣੋ। ਹਰਾ ਹੈ ਕਿ ਅੱਗੇ ਕੀ ਹੈ? ਨੀਲਾ ਹੈ ਕਿ ਤੁਹਾਡੀ ਸਾਈਡਾਂ ਤੇ ਕੀ ਹੈ? ਪੀਲਾ ਬਲਾਇੰਡ ਸਪੌਟ (ਨਾ ਦਿੱਸਣ ਵਾਲੇ ਖੇਤਰ)/ਨੋ ਜ਼ੋਨਸ ਹੈ। ਲਾਲ ਹੈ ਕਿ ਤੁਹਾਡੇ ਪਿੱਛੇ ਕੀ ਹੈ?

ਪੂਰਾ ਦ੍ਰਿਸ਼ ਵੇਖੋ–ਜੇ ਤੁਸੀਂ ਸਿਰਫ ਸੜਕ ਦੇ ਵਿੱਚਲੇ ਹਿੱਸੇ ਨੂੰ ਹੀ ਵੇਖਦੇ ਰਹੋਗੇ, ਤਾਂ ਤੁਸੀਂ ਉਹ ਸੱਭ ਕੁਝ ਨਹੀਂ ਵੇਖ ਪਾਵੋਗੇ ਜੋ ਸੜਕ ਦੇ ਪਾਸਿਆਂ ਤੇ ਅਤੇ ਤੁਹਾਡੇ ਪਿੱਛੇ ਹੋ ਰਿਹਾ ਹੈ। ਹਰ ਪਾੱਸੇ ਵੇਖਣ ਨਾਲ ਤੁਹਾਨੂੰ ਹੇਠਲੀਆਂ ਗੱਲਾਂ ਵਿੱਚ ਮਦਦ ਮਿਲੇਗੀ:

- ਕਾਰਾਂ, ਮੋਟਰਸਾਈਕਲਾਂ, ਸਾਈਕਲ ਚਲਾਉਣ ਵਾਲੇ, ਪੈਦਲ ਚਲਣ ਵਾਲੇ ਲੋਕ ਅਤੇ ਜਾਨਵਰ ਜਿਹੜੇ ਉਸ ਵੇਲੇ ਸੜਕ ਤੇ ਹੋ ਸਕਦੇ ਹਨ ਜਦੋਂ ਤੀਕ ਤੁਸੀਂ ਉਨ੍ਹਾਂ ਕੋਲ ਪੁੱਜੋਗੇ।
- ਅੱਗੇ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਚੇਤਾਵਨੀ ਦੇਣ ਵਾਲੇ ਚਿੰਨ੍ਹ।
- ਤੁਹਾਨੂੰ ਦਿਸ਼ਾਵਾ ਵਿਖਾਉਣ ਵਾਲੇ ਚਿੰਨ੍ਹ।

ਸ਼ੇਡ ਕੀਤੇ ਹੋਏ ਖੇਤਰ ਤੁਹਾਡੇ ਬਲਾਇੰਡ ਸਪੌਟ ਹਨ।

ਲੇਨਾਂ ਬਦਲਣ ਤੋਂ ਪਹਿਲਾਂ, ਕੋਲ ਚਲਣ ਵਾਲੀਆਂ ਗੱਡੀਆਂ ਲਈ ਆਪਣੇ ਪਿੱਛੇ ਦੇ ਦ੍ਰਿਸ਼ ਨੂੰ ਵਿਖਾਉਣ ਵਾਲੇ ਸ਼ੀਸ਼ਿਆਂ ਵਿੱਚ ਵੇਖੋ ਅਤੇ ਨਾ ਦੇਖੀਆਂ ਜਾ ਸਕਣ ਵਾਲੀਆਂ ਥਾਂਵਾਂ (ਬਲਾਇੰਡ ਸਪਾੱਟ) ਨੂੰ ਵੀ ਆਪਣੇ ਮੋਢਿਆਂ ਦੇ ਉੱਤੋ ਵੇਖੋ।

ਖਤਰਿਆਂ ਦਾ ਧਿਆਨ ਰੱਖੋ–ਆਪਣੇ ਅੱਗੇ ਵਾਲੇ ਗੱਡੀ ਤੋਂ ਅੱਗੇ ਤੱਕ ਵੇਖੋ। ਇੱਕੋ ਥਾਂ ਤੇ "ਟਕਟਕੀ" ਲਗਾ ਕੇ ਵੇਖਣ ਦੀ ਆਦਤ ਨਾ ਪਾਓ। ਪਿੱਛੇ ਵਾਲੇ ਦ੍ਰਿਸ਼ ਨੂੰ ਵਿਖਾਉਣ ਵਾਲੇ ਸ਼ੀਸ਼ਿਆਂ ਵਿੱਚ ਵੇਖਦੇ ਰਹੋ ਤਾਂ ਜੋ ਤੁਹਾਨੂੰ ਆਪਣੇ ਆਲੇ ਦੁਆਲੇ ਦੀਆਂ ਗੱਡੀਆਂ ਦੀ ਸਥਿਤੀ ਦਾ ਪਤਾ ਰਹੇ। ਫ੍ਰੀਵੇ ਤੇ ਟ੍ਰੈਫਿਕ ਦੇ ਹਲਾਤਾਂ ਵਿੱਚ ਹੋਣ ਵਾਲੀਆਂ ਤਬਦੀਲੀਆਂ ਲਈ ਤਿਆਰ ਰਹੋ। ਦੂਜੇ ਡ੍ਰਾਈਵਰਾਂ ਰਾਹੀਂ ਦਿੱਤੇ ਜਾਣ ਵਾਲੇ ਸਿਗਨਲਾਂ ਤੇ ਨਜ਼ਰ ਰੱਖੋ। ਸੜਕ ਤੇ ਦਾਖਲ ਹੋਣ ਵਾਲੇ ਰੈਂਪਾਂ ਅਤੇ ਅੰਦਰ-ਬਾਹਰ ਆਉਣ-ਜਾਣ ਵਾਲੇ ਟ੍ਰੈਫਿਕ ਦੀ ਸੰਭਾਵਨਾ ਨੂੰ ਧਿਆਨ ਵਿੱਚ ਰੱਖੋ। ਸੜਕ ਦੀ ਹਾਲਤ ਅਤੇ ਟ੍ਰੈਫਿਕ ਦੇ ਪ੍ਰਵਾਹ ਵਿੱਚ ਅਚਾਨਕ ਤਬਦੀਲੀਆਂ ਲਈ ਤਿਆਰ ਰਹੋ। ਪਤਾ ਰੱਖੋ ਕਿ ਕਿਹੜੀਆਂ ਲੇਨਾਂ ਖਾਲੀ ਹਨ ਤਾਂ ਜੋ ਲੋੜ ਪੈਣ ਤੇ ਤੁਸੀਂ ਉਨ੍ਹਾਂ ਦੀ ਵਰਤੋਂ ਕਰ ਸਕੋ।

ਬਹੁਤ ਘੱਟ ਫਾਸਲਾ ਰੱਖ ਕੇ ਗੱਡੀ ਚਲਾਉਣ ਵਾਲੇ ਨਾ ਬਣੋ! ਬਹੁਤੇਰੇ ਡ੍ਰਾਈਵਰ ਬਹੁਤ ਨੇੜੇ (ਟੇਲਗੇਟ) ਚੱਲਦੇ ਹਨ ਅਤੇ ਉਨ੍ਹੀ ਦੂਰ ਤੱਕ ਨਹੀਂ ਵੇਖ ਸਕਦੇ ਜਿਨ੍ਹੀ ਦੂਰੀ ਤੱਕ ਉਨ੍ਹਾਂ ਨੂੰ ਵੇਖਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਤੋਂ ਅੱਗੇ ਦੀਆਂ ਗੱਡੀਆਂ ਉਨ੍ਹਾਂ ਦੇ ਦ੍ਰਿਸ਼ ਨੂੰ ਰੋਕਦੀਆਂ ਹਨ।

ਜੇ ਕੋਈ ਹੋਰ ਡ੍ਰਾਈਵਰ ਅਚਾਨਕ ਤੁਹਾਡੇ ਅੱਗੇ ਆਪਣੀ ਗੱਡੀ ਲੈ ਆਉਂਦਾ ਹੈ, ਤਾਂ ਤੁਸੀਂ ਗੈਸ ਤੋਂ ਆਪਣਾ ਪੈਰ ਹਟਾ ਲਓ। ਇਸ ਨਾਲ ਤੁਹਾਡੀ ਅਤੇ ਦੂਜੀ ਗੱਡੀ ਦੇ ਵਿੱਚਕਾਰ ਦੂਰੀ ਬਣ ਜਾਂਦੀ ਹੈ ਅਤੇ ਤੁਹਾਨੂੰ ਜੋਰ ਨਾਲ ਬ੍ਰੇਕ ਲਗਾਉਣ ਜਾਂ ਦੂਜੀ ਲੇਨ ਵੱਲ ਗੱਡੀ ਮੋੜਣ ਦੀ ਲੋੜ ਨਹੀਂ ਹੁੰਦੀ ਹੈ। ਟੇਲਗੇਟਿੰਗ ਤੋਂ ਬੱਚਣ ਲਈ, "3-ਸਕਿੰਟ ਦੇ ਨਿਯਮ" ਦੀ ਵਰਤੋਂ ਕਰੋ: ਜਦੋਂ ਤੁਹਾਡੇ ਤੋਂ ਅੱਗੇ ਦੀ ਗੱਡੀ ਇੱਕ ਖਾਸ ਪੁਆਇੰਟ ਤੇ ਪੁੱਜਦੀ ਹੈ ਜਿਵੇਂ ਕਿ ਇੱਕ ਸਾਈਨ, ਤਾਂ ਗਿਣਨਾ ਸ਼ੁਰੂ ਕਰੋ "ਇੱਕ ਹਜ਼ਾਰ ਇੱਕ, ਇੱਕ ਹਜ਼ਾਰ ਦੋ, ਇੱਕ ਹਜ਼ਾਰ ਤਿੰਨ।" ਇਨ੍ਹਾਂ ਨੰਬਰਾਂ ਨੂੰ ਗਿਣਨ ਵਿੱਚ ਲੱਗਭੱਗ 3 ਸਕਿੰਟਾਂ ਦਾ ਸਮਾਂ ਲੱਗਦਾ ਹੈ। ਜੇ ਤੁਸੀਂ ਗਿਣਤੀ ਪੂਰੀ ਹੋਣ ਤੋਂ ਪਹਿਲਾਂ ਉਸ ਥਾਂ ਤੇ ਪਹੁੰਚ ਜਾਂਦੇ ਹੋ ਤਾਂ ਇਸਦਾ ਮਤਲਬ ਹੈ ਕਿ ਤੁਸੀਂ ਉਸ ਗੱਡੀ ਦੇ ਬਹੁਤ ਨੇੜੇ ਹੋ।

ਹੇਠਲੇ ਹਲਾਤਾਂ ਵਿੱਚ ਤੁਹਾਨੂੰ ਵੱਧ ਫਾਸਲਾ ਰੱਖਣਾ ਚਾਹੀਦਾ ਹੈ ਜਦੋਂ:

- ਤੁਸੀਂ ਇੱਕ ਬਹੁਤ ਘੱਟ ਫਾਸਲਾ ਰੱਖ ਕੇ ਗੱਡੀ ਚਲਾਉਣ ਵਾਲੇ ਦੇ ਰਾਹੀਂ ਪਰੇਸ਼ਾਨ ਕੀਤੇ ਜਾ ਰਹੇ ਹੋ। ਆਪਣੇ ਅੱਗੇ ਜ਼ਿਆਦਾ ਥਾਂ ਰੱਖੋ ਅਤੇ ਇੱਕਦਮ ਬ੍ਰੇਕ ਨਾ ਮਾਰੋ। ਆਪਣੀ ਗੱਡੀ ਦੀ ਰਫਤਾਰ ਹੌਲੀ-ਹੌਲੀ ਘਟਾਓ ਜਾਂ ਪਿੱਛੇ ਆ ਰਹੀ ਗੱਡੀ ਦੀ ਟੱਕਰ ਤੋਂ ਬਚਣ ਲਈ ਕਿਸੇ ਹੋਰ ਲੇਨ ਵਿੱਚ ਮਿਲ ਜਾਓ!
- ਤਿਲਕਣ ਵਾਲੀਆਂ ਸੜਕਾਂ ਤੇ ਗੱਡੀ ਚਲਾਉਣ ਵੇਲੇ।
- ਗਿੱਲੀ ਜਾਂ ਬਰਫੀਲੀਆਂ ਸੜਕਾਂ ਤੇ, ਧਾਤੂ ਵਾਲੀਆਂ ਸਤਹਾਂ ਤੇ (ਜਿਵੇਂ ਕਿ, ਪੁਲਾਂ ਤੇ ਲੱਗੇ ਹੋਏ ਜੰਗਲੇ, ਰੇਲਵੇ ਲਾਈਨਾਂ ਆਦਿ) ਅਤੇ ਬਜਰੀ ਉੱਤੇ ਮੋਟਰਸਾਈਕਲ ਜਾਂ ਸਾਈਕਲ ਸਵਾਰਾਂ ਦੇ ਪਿੱਛੇ ਜਾਂਦੇ ਹੋਏ। ਮੋਟਰਸਾਈਕਲ ਅਤੇ ਸਾਈਕਲ ਸਵਾਰ ਇਨ੍ਹਾਂ ਸਤਹਾਂ ਤੇ ਜ਼ਿਆਦਾ ਅਸਾਨੀ ਨਾਲ ਡਿੱਗ ਸਕਦੇ ਹਨ।
- ਜਦੋਂ ਤੁਹਾਡੇ ਪਿੱਛੇ ਵਾਲਾ ਡ੍ਰਾਈਵਰ ਤੁਹਾਡੇ ਤੋਂ ਅੱਗੇ ਲੰਘਣਾ ਚਾਹੁੰਦਾ ਹੈ। ਆਪਣੀ ਗੱਡੀ ਦੇ ਅੱਗੇ ਜਿਆਦਾ ਥਾਂ ਰੱਖੋ ਤਾਂ ਕਿ ਉਸ ਡ੍ਰਾਈਵਰ ਕੋਲ ਆਪਣੀ ਗੱਡੀ ਤੁਹਾਡੇ ਅੱਗੇ ਲਿਜਾਉਣ ਲਈ ਥਾਂ ਹੋਵੇ।
- ਜਦੋਂ ਟ੍ਰੇਲਰ ਨੂੰ ਟੋਅ ਕਰਕੇ ਜਾਂ ਭਾਰੀ ਸਮਾਨ ਲੈ ਕੇ ਜਾ ਰਹੇ ਹੋਵੋ। ਵਾਧੂ ਭਾਰ ਰੁਕਣ ਨੂੰ ਜਿਆਦਾ ਮੁਸ਼ਕਲ ਬਣਾ ਦਿੰਦਾ ਹੈ।
- ਜਦੋਂ ਵੱਡੀਆਂ ਗੱਡੀਆਂ ਦੇ ਪਿੱਛੇ ਚੱਲ ਰਹੇ ਹੋਵੋ ਜਿਨ੍ਹਾਂ ਦੇ ਕਾਰਨ ਤੁਹਾਨੂੰ ਅੱਗੇ ਦਾ ਦ੍ਰਿਸ਼ ਨਜ਼ਰ ਨਾ ਆ ਰਿਹਾ ਹੋਵੇ। ਵਾਧੂ ਥਾਂ ਹੋਣ ਨਾਲ ਤੁਸੀਂ ਉਸ ਗੱਡੀ ਦੇ ਆਲੇ-ਦੁਆਲੇ ਤੋਂ ਅੱਗੇ ਵੇਖ ਸਕੋਗੇ।
- ਜਦੋਂ ਤੁਸੀਂ ਰੇਲਵੇ ਕ੍ਰਾਸਿੰਗ ਤੇ ਕਿਸੇ ਬੱਸ, ਸਕੂਲ ਬੱਸ ਜਾਂ ਇੱਕ ਪਲਾਕਾਰਡ ਲੱਗੀ ਗੱਡੀ ਨੂੰ ਵੇਖਦੇ ਹੋ। ਇਨ੍ਹਾਂ ਸਾਰੀਆਂ ਗੱਡੀਆਂ ਲਈ ਰੇਲਵੇ ਕ੍ਰਾਸਿੰਗ ਤੇ ਰੁਕਣਾ ਜ਼ਰੂਰੀ ਹੈ।
- ਫ੍ਰੀਵੇ ਤੇ ਚਲਦੇ ਟ੍ਰੈਫਿਕ ਵਿੱਚ ਰਲਣ ਵੇਲੇ।

ਇਹ ਜਾਣੋ ਕਿ ਤੁਹਾਡੀ ਸਾਈਡਾਂ ਤੇ ਕੀ ਹੈ

ਜਦੋਂ ਵੀ ਤੁਸੀਂ ਕਿਸੇ ਅਜਿਹੀ ਥਾਂ ਤੇ ਪਹੁੰਚਦੇ ਹੋ ਜਿੱਥੇ ਲੋਕ ਤੁਹਾਡੇ ਰਸਤੇ ਵਿੱਚੋਂ ਲੰਘ ਸਕਦੇ ਹਨ ਜਾਂ ਦਾਖਲ ਹੋ ਸਕਦੇ ਹਨ ਜਾਂ ਟ੍ਰੈਫਿਕ ਦੀ ਇੱਕ ਲਾਈਨ ਦੂਜੀ ਲਾਈਨ ਵਿੱਚ ਮਿਲ ਰਹੀ ਹੋਵੇ, ਤੁਹਾਨੂੰ ਆਪਣੀ ਗੱਡੀ ਦੇ ਖੱਬੇ ਅਤੇ ਸੱਜੇ ਪਾਸਿਆਂ ਵੱਲ ਇਹ ਯਕੀਨੀ ਬਣਾਉਣ ਲਈ ਵੇਖਣਾ ਚਾਹੀਦਾ ਹੈ ਕਿ ਕੋਈ ਆ ਤਾਂ ਨਹੀਂ ਰਿਹਾ ਹੈ। ਚੌਰਾਹਿਆਂ, ਕ੍ਰਾਸਵਾੱਕਾਂ ਅਤੇ ਰੇਲਵੇ ਕ੍ਰਾਸਿੰਗਾਂ ਤੇ ਹਮੇਸ਼ਾ ਆਪਣੇ ਗੱਡੀ ਦੇ ਦੋਵੇਂ ਪਾੱਸੇ ਵੇਖੋ।

ਚੌਰਾਹਿਆਂ ਤੇ:

- ਜੇ ਦੂਜੇ ਪਾੱਸੇ ਦੇ ਟ੍ਰੈਫਿਕ ਲਈ ਲਾਲ ਟ੍ਰੈਫਿਕ ਸਿਗਨਲ ਲਾਈਟ ਹੈ ਜਾਂ ਰੁਕੋ ਦਾ ਚਿੰਨ੍ਹ ਹੈ ਤਾਂ ਵੀ ਦੋਵੇਂ ਪਾਸਿਆਂ ਵੱਲ ਵੇਖੋ।
  - — ਪਹਿਲਾਂ ਖੱਬੇ ਪਾੱਸੇ ਵੱਲ ਵੇਖੋ ਕਿਉਂਕਿ ਸੱਜੇ ਪਾੱਸੇ ਤੋਂ ਆਉਣ ਵਾਲੇ ਵਾਹਨਾਂ ਦੇ ਮੁਕਾਬਲੇ ਖੱਬੇ ਪਾੱਸੇ ਤੋਂ ਆਉਣ ਵਾਲੇ ਵਾਹਨ ਤੁਹਾਡੇ ਜਿਆਦਾ ਨੇੜੇ ਹੁੰਦੇ ਹਨ।
  - — ਸੱਜੇ ਪਾੱਸੇ ਵੱਲ ਵੇਖੋ।
  - — ਖੱਬੇ ਪਾੱਸੇ ਇੱਕ ਵਾਰੀ ਫੇਰ ਵੇਖੋ ਕਿਉਂਕਿ ਹੋ ਸਕਦਾ ਹੈ ਕਿ ਤੁਸੀਂ ਪਹਿਲੀ ਵਾਰੀ ਕਿਸੇ ਪੈਦਲ ਚਲਣ ਵਾਲੇ, ਸਾਈਕਲ ਸਵਾਰ, ਜਾਂ ਵਾਹਨ ਨੂੰ ਨਾ ਵੇਖਿਆ ਹੋਵੇ।
- ਟ੍ਰੈਫਿਕ ਸਿਗਨਲ ਲਾਈਟਾਂ ਦਾ ਵਿਸਾਹ ਨਾ ਕਰੋ। ਕਈ ਡ੍ਰਾਈਵਰ ਟ੍ਰੈਫਿਕ ਸਿਗਨਲ ਲਾਈਟਾਂ ਦੀ ਪਾਲਣਾ ਨਹੀਂ ਕਰਦੇ ਹਨ। ਇਸ ਕਰਕੇ ਚੌਰਾਹੇ ਵਿੱਚ ਦਾਖਲ ਹੋਣ ਤੋਂ ਪਹਿਲਾਂ ਖੱਬੇ, ਸੱਜੇ ਅਤੇ ਸਾਮ੍ਹਣੇ ਤੋਂ ਆਉਂਦੇ ਹੋਏ ਟ੍ਰੈਫਿਕ ਨੂੰ ਵੇਖੋ।

ਆਪਣੀ ਗੱਡੀ ਦੇ ਦੋਵੇਂ ਪਾੱਸੇ ਖਾਲੀ ਥਾਂ ਬਣਾ ਕੇ ਰੱਖਣ ਲਈ:

- ਦੂਜੇ ਡ੍ਰਾਈਵਰ ਦੇ ਬਲਾਇੰਡ ਸਪਾੱਟ (ਨਜ਼ਰ ਨਾ ਆਉਣ ਵਾਲੇ ਖੇਤਰ) ਵਿੱਚ ਨਾ ਰਹੋ। ਹੋ ਸਕਦਾ ਹੈ ਕਿ ਦੂਜਾ ਡ੍ਰਾਈਵਰ ਤੁਹਾਡੀ ਗੱਡੀ ਨੂੰ ਨਾ ਵੇਖ ਸਕੇ ਅਤੇ ਉਹ ਲੇਨ ਬਦਲ ਸਕਦਾ ਹੈ ਅਤੇ ਤੁਹਾਨੂੰ ਟੱਕਰ ਮਾਰ ਸਕਦਾ ਹੈ।
- ਕਈ ਲੇਨਾਂ ਵਾਲੀਆਂ ਸੜਕਾਂ ਤੇ ਦੂਜੀਆਂ ਗੱਡੀਆਂ ਦੇ ਨਾਲ-ਨਾਲ ਚਲਾਉਣ ਤੋਂ ਬਚੋ, ਭਾਵੇਂ ਸਾਮ੍ਹਣੇ ਵਾਲੇ ਪਾੱਸੇ ਕੋਈ ਟ੍ਰੈਫਿਕ ਹੋਵੇ ਜਾਂ ਨਾ ਹੋਵੇ। ਦੂਜਾ ਡ੍ਰਾਈਵਰ ਤੁਹਾਡੀ ਲੇਨ ਵਿੱਚ ਆ ਸਕਦਾ ਹੈ ਜਾਂ ਬਿਨ੍ਹਾਂ ਵੇਖੇ ਲੇਨ ਬਦਲ ਸਕਦਾ ਹੈ ਅਤੇ ਤੁਹਾਡੀ ਗੱਡੀ ਨੂੰ ਟੱਕਰ ਮਾਰ ਸਕਦਾ ਹੈ। ਦੂਜੀ ਗੱਡੀ ਦੇ ਅੱਗੇ ਜਾਂ ਪਿੱਛੇ ਚਲਾਓ।
- ਜੇ ਹੋ ਸਕੇ ਅਤੇ ਸੁਰੱਖਿਅਤ ਹੋਏ, ਤਾਂ ਫ੍ਰੀਵੇ ਵਿੱਚ ਦਾਖਲ ਹੋਣ ਵਾਲੀਆਂ ਗੱਡੀਆਂ ਲਈ ਜਗ੍ਹਾ ਬਣਾਓ ਭਾਵੇਂ ਲੰਘਣ ਦਾ ਪਹਿਲਾ ਹੱਕ ਤੁਹਾਡਾ ਹੈ।
- ਫ੍ਰੀਵੇ ਤੋਂ ਬਾਹਰ ਨਿਕਲਣ ਦੇ ਰਸਤਿਆਂ ਤੇ, ਦੂਜੀਆਂ ਗੱਡੀਆਂ ਦੇ ਨਾਲ-ਨਾਲ ਆਪਣੀ ਗੱਡੀ ਨਾ ਚਲਾਓ। ਕੋਈ ਵੀ ਡ੍ਰਾਈਵਰ ਅਚਾਨਕ ਬਾਹਰ ਨਿਕਲਣ ਦਾ ਫੈਸਲਾ ਕਰ ਸਕਦਾ ਹੈ ਜਾਂ ਵਾਪਸ ਮੋੜ ਕੇ ਸਿੱਧਾ ਫ੍ਰੀਵੇ ਤੇ ਜਾ ਸਕਦਾ ਹੈ।
- ਆਪਣੀ ਗੱਡੀ ਅਤੇ ਪਾਰਕ ਕੀਤੀਆਂ ਹੋਈਆਂ ਗੱਡੀਆਂ ਦੇ ਵਿੱਚ ਦੂਰੀ ਬਣਾ ਕੇ ਰੱਖੋ। ਕੋਈ ਇਨ੍ਹਾਂ ਚੋਂ ਬਾਹਰ ਨਿਕਲ ਕੇ ਆ ਸਕਦਾ ਹੈ, ਕਿਸੇ ਗੱਡੀ ਦਾ ਦਰਵਾਜਾ ਖੁਲ੍ਹ ਸਕਦਾ ਹੈ, ਜਾਂ ਕੋਈ ਗੱਡੀ ਇਕਦਮ ਬਾਹਰ ਆ ਸਕਦੀ ਹੈ।
- ਮੋਟਰਸਾਈਕਲ ਸਵਾਰਾਂ ਜਾਂ ਸਾਈਕਲ ਸਵਾਰਾਂ ਦੇ ਕੋਲੋਂ ਗੱਡੀ ਚਲਾਉਂਦੇ ਵੇਲੇ ਸਾਵਧਾਨ ਰਹੋ। ਆਪਣੀ ਗੱਡੀ ਅਤੇ ਮੋਟਰਸਾਈਕਲ ਸਵਾਰਾਂ ਜਾਂ ਸਾਈਕਲ ਸਵਾਰਾਂ ਦੇ ਵਿੱਚ ਕਾਫੀ ਥਾਂ ਰੱਖੋ।

ਇਹ ਜਾਣੋ ਕਿ ਤੁਹਾਡੇ ਪਿੱਛੇ ਕੀ ਹੈ

ਹੇਠਲੇ ਕੰਮਾਂ ਤੋਂ ਪਹਿਲਾਂ ਇਹ ਵੇਖਣਾ ਬਹੁਤ ਜ਼ਰੂਰੀ ਹੈ ਕਿ ਤੁਹਾਡੇ ਪਿੱਛੇ ਕੀ ਹੈ:

- ਲੇਨਾਂ ਬਦਲਣਾ। ਆਪਣੇ ਮੋਢੇ ਦੇ ਉੱਤੇ ਵੇਖ ਕੇ ਇਹ ਯਕੀਨੀ ਬਣਾਓ ਕਿ ਜਿਸ ਲੇਨ ਵਿੱਚ ਤੁਸੀਂ ਦਾਖਲ ਹੋਣਾ ਚਾਹੁੰਦੇ ਹੋ ਤੁਸੀਂ ਉਸ ਲੇਨ ਦੀਆਂ ਗੱਡੀਆਂ ਦੇ ਰਸਤੇ ਵਿੱਚ ਤਾਂ ਨਹੀਂ ਆ ਰਹੇ ਹੋ।
- ਆਪਣੀ ਗੱਡੀ ਦੀ ਰਫਤਾਰ ਘਟਾਓ। ਆਪਣੇ ਸ਼ੀਸ਼ਿਆਂ ਵਿੱਚ ਛੇਤੀ ਨਾਲ ਨਜ਼ਰ ਮਾਰੋ। ਨਾਲ ਹੀ, ਜਦੋਂ ਤੁਸੀਂ ਕਿਸੇ ਸਾਈਡ ਵਾਲੀ ਸੜਕ ਜਾਂ ਡ੍ਰਾਈਵ-ਵੇ ਵਿੱਚ ਦਾਖਲ ਹੋਣ ਲਈ ਤਿਆਰ ਹੋ ਰਹੇ ਹੋਵੋ ਅਤੇ ਜਦੋਂ ਗੱਡੀ ਨੂੰ ਕਿਸੇ ਪਾਰਕਿੰਗ ਵਾਲੀ ਥਾਂ ਤੇ ਖੜੇ ਕਰਨ ਲਈ ਰੁੱਕ ਰਹੇ ਹੋ ਤਾਂ ਵੀ ਪਹਿਲਾਂ ਆਪਣੇ ਸ਼ੀਸ਼ਿਆਂ ਵਿੱਚ ਨਜ਼ਰ ਮਾਰੋ।
- ਕਿਸੇ ਲੰਬੀ ਜਾਂ ਤਿੱਖੀ ਢਲਾਣ ਵਾਲੀ ਪਹਾੜੀ ਤੋਂ ਥੱਲੇ ਵੱਲ ਗੱਡੀ ਚਲਾਉਣ ਵੇਲੇ। ਵੱਡੀਆਂ ਗੱਡੀਆਂ ਦਾ ਧਿਆਨ ਰੱਖੋ ਕਿਉਂਕਿ ਉਹ ਰਫਤਾਰ ਬੜੀ ਤੇਜ਼ੀ ਨਾਲ ਵਧਾ ਸਕਦੇ ਹਨ।
- ਗੱਡੀ ਪਿੱਛੇ ਕਰਨ ਵੇਲੇ। ਗੱਡੀ ਪਿੱਛੇ ਕਰਨਾ ਹਮੇਸ਼ਾ ਖਤਰਨਾਕ ਹੁੰਦਾ ਹੈ ਕਿਉਂਕਿ ਆਪਣੀ ਗੱਡੀ ਦੇ ਪਿਛਲੇ ਪਾਸੇ ਵੇਖਣਾ ਮੁਸ਼ਕਲ ਹੁੰਦਾ ਹੈ। ਜਦੋਂ ਤੁਸੀਂ ਕਿਸੇ ਪਾਰਕਿੰਗ ਵਾਲੀ ਥਾਂ ਤੋਂ ਗੱਡੀ ਬਾਹਰ ਕੱਢ ਰਹੇ ਹੋ ਤਾਂ:
  - ਗੱਡੀ ਵਿੱਚ ਬੈਠਣ ਤੋਂ ਪਹਿਲਾਂ ਗੱਡੀ ਦੇ ਅੱਗੇ ਅਤੇ ਪਿੱਛੇ ਦੀ ਜਾਂਚ ਕਰੋ।
  - ਜਾਣੋ ਕਿ ਤੁਹਾਡੇ ਬੱਚੇ ਕਿੱਥੇ ਹਨ। ਗੱਡੀ ਨੂੰ ਹਿਲਾਉਣ ਤੋਂ ਪਹਿਲਾਂ ਇਹ ਯਕੀਨੀ ਬਣਾਓ ਕਿ ਉਹ ਤੁਹਾਡੀ ਗੱਡੀ ਤੋਂ ਦੂਰ ਹੋਣ ਅਤੇ ਤੁਹਾਡੇ ਬਿਲਕੁਲ ਸਾਮ੍ਹਣੇ ਹਨ।
  - ਜੇ ਦੂਜੇ ਬੱਚੇ ਨੇੜੇ ਹਨ, ਤਾਂ ਇਹ ਯਕੀਨੀ ਬਣਾਓ ਕਿ ਗੱਡੀ ਪਿੱਛੇ ਕਰਨ ਵੇਲੇ ਤੁਸੀਂ ਉਨ੍ਹਾਂ ਨੂੰ ਵੇਖ ਸਕਦੇ ਹੋ।
  - ਸਿਰਫ ਆਪਣੇ ਸ਼ੀਸ਼ਿਆਂ ਤੇ ਅਤੇ ਇੱਕ ਪਾਸੇ ਵਾਲੀ ਖਿੜਕੀ ਤੋਂ ਬਾਹਰ ਵੇਖਣ ਤੇ ਹੀ ਨਿਰਭਰ ਨਾ ਰਹੋ।
  - ਗੱਡੀ ਪਿੱਛੇ ਕਰਨਾ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਸੱਜੇ ਅਤੇ ਖੱਬੇ ਮੋਢੇ ਦੇ ਉੱਤੋਂ ਪਿੱਛੇ ਮੁੜ ਕੇ ਵੇਖੋ। ਸੁਰੱਖਿਆ ਦੇ ਪੱਧਰ ਦੇ ਤੌਰ ਤੇ, ਗੱਡੀ ਪਿੱਛੇ ਕਰਨ ਵੇਲੇ ਫੇਰ ਆਪਣੇ ਖੱਬੇ ਅਤੇ ਸੱਜੇ ਮੋਢੇ ਦੇ ਉੱਤੋਂ ਪਿੱਛੇ ਵੇਖੋ।
  - ਟੱਕਰਾਂ ਤੋਂ ਬਚਣ ਲਈ ਗੱਡੀ ਨੂੰ ਹੌਲੀ-ਹੌਲੀ ਪਿੱਛੇ ਕਰੋ।

ਆਪਣੇ ਪਿੱਛੇ ਆ ਰਹੇ ਟ੍ਰੈਫਿਕ ਤੇ ਅਕਸਰ ਨਜ਼ਰ ਮਾਰਦੇ ਰਹੋ ਤਾਂ ਕਿ ਤੁਹਾਨੂੰ ਪਤਾ ਰਹੇ ਕਿ ਤੁਹਾਡੇ ਪਿੱਛੇ ਕੋਈ ਟੇਲਗੇਟਿੰਗ (ਕੋਈ ਦੂਜਾ ਡ੍ਰਾਈਵਰ ਤੁਹਾਡੇ ਬਹੁਤ ਨੇੜੇ ਗੱਡੀ ਤਾਂ ਨਹੀਂ ਚਲਾ ਰਿਹਾ ਹੈ) ਤਾਂ ਨਹੀਂ ਕਰ ਰਿਹਾ ਹੈ। ਜੇ ਕੋਈ ਟੇਲਗੇਟਿੰਗ ਕਰ ਰਿਹਾ ਹੈ, ਤਾਂ ਸਾਵਧਾਨ ਰਹੋ! ਰੁਕਣ ਤੋਂ ਪਹਿਲਾਂ ਹੌਲੀ ਬ੍ਰੇਕ ਲਗਾਓ। ਪਿੱਛੇ ਲੱਗੇ ਹੋਏ ਡ੍ਰਾਈਵਰ ਨੂੰ ਚੇਤਾਵਨੀ ਦੇਣ ਲਈ ਕਈ ਵਾਰ ਹਲਕੀ ਜਿਹੀ ਬ੍ਰੇਕ ਲਗਾਓ ਤਾਂ ਕਿ ਉਸਨੂੰ ਪਤਾ ਹੋਵੇ ਕਿ ਤੁਸੀਂ ਗੱਡੀ ਦੀ ਰਫਤਾਰ ਘੱਟਾ ਰਹੇ ਹੋ। ਜਿੰਨੀ ਛੇਤੀ ਤੋਂ ਛੇਤੀ ਹੋ ਸਕੇ ਆਪਣੇ ਪਿੱਛੇ ਲੱਗੇ ਹੋਏ ਡ੍ਰਾਈਵਰ ਤੋਂ "ਛੁਟਕਾਰਾ" ਪਾਓ। ਲੇਨ ਬਦਲ ਕੇ ਅਤੇ ਪਿੱਛੇ ਲੱਗੇ ਹੋਏ ਡ੍ਰਾਈਵਰ ਨੂੰ ਅੱਗੇ ਨਿਕਲ ਜਾਣ ਦੇ ਕੇ ਜਾਂ ਤੁਹਾਡੇ ਅਤੇ ਤੁਹਾਡੇ ਅੱਗੇ ਦੀ ਕਾਰ ਦੇ ਵਿੱਚਕਾਰ ਕਾਫੀ ਫਾਸਲਾ ਬਣਾਉਣ ਲਈ ਗੱਡੀ ਨੂੰ ਹੋਲਾ ਕਰ ਲਓ। ਜੇ ਇਸ ਨਾਲ ਵੀ ਗੱਲ ਨਾ ਬਣੇ, ਤਾਂ ਜਦੋਂ ਵੀ ਸੁਰੱਖਿਅਤ ਹੋਵੇ ਸੜਕ ਤੋਂ ਬਾਹਰ ਨਿਕਲ ਜਾਓ ਅਤੇ ਪਿੱਛੇ ਲੱਗੇ ਹੋਏ ਡ੍ਰਾਈਵਰ ਨੂੰ ਅੱਗੇ ਲੰਘ ਜਾਣ ਦਿਓ।

ਤੁਸੀਂ ਗੱਡੀ ਕਿੰਨੀ ਚੰਗੀ ਤਰ੍ਹਾਂ ਰੋਕ ਸਕਦੇ ਹੋ?

ਜੇ ਤੁਹਾਡੇ ਰਸਤੇ ਵਿੱਚ ਕੁਝ ਹੈ, ਤਾਂ ਰੁਕਣ ਲਈ ਜ਼ਰੂਰੀ ਹੈ ਕਿ ਤੁਸੀਂ ਉਸ ਚੀਜ਼ ਨੂੰ ਵੇਲੇ ਸਿਰ ਦੇਖ ਲਓ। ਇਹ ਮੰਨਦੇ ਹੋਏ ਕਿ ਤੁਹਾਡੀ ਗੱਡੀ ਦੇ ਟਾਇਰ, ਬ੍ਰੇਕਾਂ ਚੰਗੀਆਂ ਹਨ ਅਤੇ ਸੜਕ ਸੁੱਕੀ ਹੈ:

- 55 ਮੀਲ ਪ੍ਰਤੀ ਘੰਟੇ ਦੀ ਰਫਤਾਰ ਤੇ, ਕਾਰਵਾਈ ਕਰਨ ਅਤੇ ਗੱਡੀ ਨੂੰ ਪੂਰੀ ਤਰ੍ਹਾਂ ਰੋਕਣ ਲਈ ਤੱਕਰੀਬਨ 400 ਫੁੱਟ ਦੂਰੀ ਦੀ ਲੋੜ ਹੁੰਦੀ ਹੈ।
- 35 ਮੀਲ ਪ੍ਰਤੀ ਘੰਟੇ ਦੀ ਰਫਤਾਰ ਤੇ, ਕਾਰਵਾਈ ਕਰਨ ਅਤੇ ਗੱਡੀ ਨੂੰ ਪੂਰੀ ਤਰ੍ਹਾਂ ਰੋਕਣ ਲਈ ਤੱਕਰੀਬਨ 210 ਫੁੱਟ ਦੂਰੀ ਦੀ ਲੋੜ ਹੁੰਦੀ ਹੈ।

ਆਪਣੀ ਡ੍ਰਾਈਵਿੰਗ ਸਪੀਡ ਨੂੰ ਮੌਸਮ ਅਤੇ ਸੜਕ ਦੀ ਹਾਲਤ ਦੇ ਮੁਤਾਬਕ ਠੀਕ ਕਰੋ (ਪੰਨਾ 37 'ਤੇ ਦਿੱਤੇ ਗਏ "ਗਤੀ ਸੀਮਾਵਾਂ" ਭਾਗ ਵਿੱਚ "ਮੂਲ ਗਤੀ ਸੰਬੰਧੀ ਕਨੂੰਨ" ਵੇਖੋ)। ਜੇ ਦਿਨ ਵੇਲੇ ਵੇਖਣ ਵਿੱਚ ਮੁਸ਼ਕਲ ਹੋ ਰਹੀ ਹੋਵੇ ਜਾਂ ਜੇ ਤੁਸੀਂ ਆਪਣੇ ਅੱਗੇ ਘੱਟੋ-ਘੱਟ 1,000 ਫੁੱਟ ਦੀ ਦੂਰੀ ਤੱਕ ਸਾਫ ਨਹੀਂ ਵੇਖ ਪਾ ਰਹੇ ਹੋ, ਤਾਂ ਦਿਨ ਵੇਲੇ ਵੀ ਆਪਣੀ ਗੱਡੀ ਦੀ ਲਾਈਟਾਂ ਜਗਾ ਕੇ ਰੱਖੋ।

ਲੇਨ ਕੰਟ੍ਰੋਲ

ਲਾਈਨਾਂ ਦੇ ਰੰਗ

ਪੱਕੀ ਪੀਲੀ ਲਾਈਨਾਂ ਦੁਤਰਫੇ ਟ੍ਰੈਫਿਕ ਵਾਲੀ ਸੜਕ ਦਾ ਮੱਧ ਦਰਸਾਉਂਦੀਆਂ ਹਨ।

ਟੁੱਟੀਆਂ ਹੋਈਆਂ ਪੀਲੀਆਂ ਲਾਈਨਾਂ ਇਹ ਦਰਸਾਉਂਦੀਆਂ ਹਨ ਕਿ ਜੇ ਟੁੱਟੀ ਹੋਈ ਲਾਈਨ ਤੁਹਾਡੀ ਡ੍ਰਾਈਵਿੰਗ ਲੇਨ ਦੇ ਨਾਲ ਹੈ, ਤਾਂ ਤੁਸੀਂ ਅੱਗੇ ਲੰਘ ਸਕਦੇ ਹੋ।

ਦੋ ਪੱਕੀਆਂ ਪੀਲੀਆਂ ਲਾਈਨਾਂ ਇਹ ਦਰਸਾਉਂਦੀਆਂ ਹਨ ਕਿ ਅੱਗੇ ਲੰਘਣਾ ਮੰਨ੍ਹਾ ਹੈ। ਇਨ੍ਹਾਂ ਲਾਈਨਾਂ ਦੇ ਖੱਬੇ ਪਾਸੇ ਵੱਲ ਗੱਡੀ ਸਿਰਫ਼ ਤਾਂ ਹੀ ਚਲਾਓ ਜੇ ਤੁਸੀਂ:

- ਇੱਕ ਕਾਰਪੂਲ ਲੇਨ/ਜ਼ਿਆਦਾ ਸਵਾਰੀਆਂ ਵਾਲੀ ਗੱਡੀ ਵਿੱਚ ਹੋਵੋ ਜਿਸਦਾ ਨਿਰਧਾਰਤ ਅੰਦਰ ਆਉਣ ਦਾ ਰਸਤਾ ਖੱਬੇ ਪਾਸੇ ਹੋਵੇ।

ਲੇਨ ਤੇ ਲਗੇ ਨਿਸ਼ਾਨਾਂ ਦੇ ਉਦਾਹਰਨ:



(1) ਪੱਕੀ ਪੀਲੀ ਲਾਈਨ: ਜੇ ਪੱਕੀ ਪੀਲੀ ਲਾਈਨ ਤੁਹਾਡੇ ਪਾੱਸੇ ਵੱਲ ਹੈ, ਤਾਂ ਅੱਗੇ ਲੰਘਣਾ ਮੰਨ੍ਹਾ ਹੈ।
(2) ਦੋ ਪੱਕੀਆਂ ਲਾਈਨਾਂ ਅੱਗੇ ਲੰਘਣਾ ਮੰਨ੍ਹਾ ਹੈ।
(3) ਟੁੱਟੀ ਹੋਈ ਪੀਲੀਆਂ ਲਾਈਨ: ਜੇ ਸੁਰੱਖਿਅਤ ਹੋਵੇ, ਤਾਂ ਅੱਗੇ ਲੰਘਿਆ ਜਾ ਸਕਦਾ ਹੈ।

- ਸੜਕ ਦਾ ਤੁਹਾਡੇ ਵਾਲਾ ਪਾੱਸਾ ਬੰਦ ਜਾਂ ਰੋਕਿਆ ਗਿਆ ਹੋਣ ਕਰਕੇ ਤੁਹਾਨੂੰ ਕਿਸੇ ਨਿਰਮਾਣ ਦੇ ਜਾਂ ਹੋਰ ਚਿੰਨ੍ਹ ਦੇ ਨਾਲ ਸੜਕ ਦੇ ਦੂਜੇ ਪਾੱਸੇ ਗੱਡੀ ਚਲਾਉਣ ਦੀ ਹਿਦਾਇਤ ਦਿੱਤੀ ਗਈ ਹੋਵੇ।
- ਤੁਸੀਂ ਦੋ ਪੱਕੀਆਂ ਪੀਲੀਆਂ ਲਾਈਨਾਂ ਦੇ ਇੱਕ ਸਿੰਗਲ ਸੈਟ ਤੋਂ ਆਰ-ਪਾਰ ਕਿਸੇ ਡ੍ਰਾਈਵ-ਵੇ ਜਾਂ ਨਿੱਜੀ ਸੜਕ ਵਿੱਚ ਦਾਖਲ ਹੋਣ ਜਾਂ ਬਾਹਰ ਨਿਕਲਣ, ਜਾਂ ਯੂ-ਟਰਨ ਲੈਣ ਲਈ ਕਰ ਰਹੇ ਹੋ।

ਪੱਕੀਆਂ ਪੀਲੀਆਂ ਡੱਬਲ ਲਾਈਨਾਂ ਦੇ ਦੋ ਸੈਟ ਜਿਨ੍ਹਾਂ ਦੇ ਵਿੱਚ 2 ਫੁੱਟ ਜਾਂ ਉਸ ਤੋਂ ਵਧ ਦੂਰੀ ਹੋਵੇ, ਇੱਕ ਫਾਟਕ ਦੀ ਤਰ੍ਹਾਂ ਮੰਨੇ ਜਾਂਦੇ ਹਨ। ਨਿਰਧਾਰਤ ਥਾਵਾਂ ਤੋਂ ਇਲਾਵਾ ਇਸ ਫਾਟਕ ਦੇ ਉੱਤੋਂ ਗੱਡੀ ਚਲਾਉਣਾ ਜਾਂ ਇਸ ਦੇ ਉੱਤੋਂ ਖੱਬੇ ਮੁੜਣਾ ਜਾਂ ਯੂ-ਟਰਨ ਲੈਣਾ ਮੰਨ੍ਹਾ ਹੈ (ਚਿੱਤਰ ਵੇਖੋ)।



ਪੱਕੀਆਂ ਚਿੱਟੀਆਂ ਲਾਈਨਾਂ ਇੱਕੋ ਦਿਸ਼ਾ ਵਿੱਚ ਜਾਣ ਵਾਲੀਆਂ ਟ੍ਰੈਫਿਕ ਲੇਨਾਂ ਦਰਸਾਉਂਦੀਆਂ ਹਨ, ਜਿਵੇਂ ਕਿ ਇੱਕ-ਤਰਫਾ ਟ੍ਰੈਫਿਕ ਵਾਲੀਆਂ ਸੜਕਾਂ।

ਟੁੱਟੀਆਂ ਹੋਈਆਂ ਚਿੱਟੀਆਂ ਲਾਈਨਾਂ ਇੱਕੋ ਦਿਸ਼ਾ ਵਿੱਚ ਜਾ ਰਹੀ ਦੋ ਜਾਂ ਵਧ ਲੇਨਾਂ ਵਾਲੀਆਂ ਸੜਕਾਂ ਤੇ ਟ੍ਰੈਫਿਕ ਲੇਨਾਂ ਨੂੰ ਵੱਖਰਾ ਕਰਦੀਆਂ ਹਨ।

ਦੁਹਰੀ ਚਿੱਟੀਆਂ ਲਾਈਨਾਂ ਉਹ ਦੋ ਪੱਕੀਆਂ ਚਿੱਟੀਆਂ ਲਾਈਨਾਂ ਹਨ ਜੋ ਇੱਕ ਨੇਮੀ ਵਰਤੋਂ ਅਤੇ ਇੱਕ ਪਸੰਦੀਦਾ ਵਰਤੋਂ ਵਾਲੀ ਲੇਨ ਦੇ ਵਿਚਲੇ ਬੈਰਿਅਰ ਨੂੰ ਦਰਸਾਉਂਦੀਆਂ ਹਨ, ਜਿਵੇਂ ਕਿ ਇੱਕ ਕਾਰਪੂਲ/ਜ਼ਿਆਦਾ ਸਵਾਰੀਆਂ ਵਾਲੀ ਗੱਡੀ ਲਈ ਲੇਨ। ਜਦੋਂ ਇਨ੍ਹਾਂ ਲੇਨਾਂ ਵਿੱਚ ਹੋਵੋਂ ਤਾਂ ਕਦੀ ਵੀ ਲੇਨਾਂ ਨਾ ਬਦਲੋ; ਤਾਂ ਤੱਕ ਇੰਤਜਾਰ ਕਰੋ ਜਦੋਂ ਤੀਕ ਕਿ ਇੱਕ ਟੁੱਟੀ ਹੋਈ ਚਿੱਟੀ ਲਾਈਨ ਨਜ਼ਰ ਨਾ ਆਏ। ਤੁਸੀ ਇਹ ਸਮਾਨੰਤਰ ਲਾਈਨਾਂ ਫ੍ਰੀਵੇ ਤੇ ਜਾਂ ਉਸਦੇ ਕੋਲ ਰੈਂਪ ਤੇ ਜਾਂ ਉਸ ਤੋਂ ਉਤਰਨ ਵੇਲੇ ਵੀ ਵੇਖ ਸਕਦੇ ਹੋ।

ਲੇਨ ਦੀ ਚੋਣ ਕਰਨਾ

ਨੰਬਰ ਲੱਗੀਆਂ ਹੋਈਆਂ ਟ੍ਰੈਫਿਕ ਲੇਨਾਂ ਦਾ ਉਦਾਹਰਨ:



ਟ੍ਰੈਫਿਕ ਲੇਨਾਂ ਦੀ ਪਛਾਣ ਅਕਸਰ ਨੰਬਰਾਂ ਨਾਲ ਕੀਤੀ ਜਾਂਦੀ ਹੈ। ਖੱਬੀ ਜਾਂ "ਤੇਜ਼ ਰਫਤਾਰ ਵਾਲੀ" ਲੇਨ ਨੂੰ "ਨੰਬਰ 1 ਲੇਨ" ਕਿਹਾ ਜਾਂਦਾ ਹੈ। "ਨੰਬਰ 1 ਲੇਨ" ਦੇ ਸੱਜੇ ਪਾਸੇ ਵਾਲੀ ਲੇਨ ਨੂੰ "ਨੰਬਰ 2 ਲੇਨ" ਕਹਿੰਦੇ ਹਨ, ਉਸ ਤੋਂ ਬਾਅਦ "ਨੰਬਰ 3", ਲੇਨ ਆਦਿ। ਉਸ ਲੇਨ ਵਿੱਚ ਗੱਡੀ ਚਲਾਓ ਜਿਸ ਵਿੱਚ ਟ੍ਰੈਫਿਕ ਦਾ ਪ੍ਰਵਾਹ ਸਭ ਦਾ ਚੰਗਾ ਹੋਵੇ। ਜੇ ਤੁਸੀਂ ਤਿੰਨ ਲੇਨਾਂ ਵਿੱਚੋ ਚੁਣ ਸਕਦੇ ਹੋ, ਤਾਂ ਸਭ ਤੋਂ ਵੱਧ ਬਿਨ੍ਹਾਂ ਰੁਕਾਵਟ ਵਾਲੇ ਪ੍ਰਵਾਹ ਲਈ ਵਿਚਕਾਰਲੀ ਲੇਨ ਚੁਣੋ। ਜਿਆਦਾ ਤੇਜ਼ ਚਲਾਉਣ, ਅੱਗੇ ਲੰਘਣ ਜਾਂ ਖੱਬੇ ਮੁੜਣ ਲਈ ਖੱਬੀ ਲੇਨ ਦੀ ਵਰਤੋਂ ਕਰੋ। ਜਦੋਂ ਤੁਸੀਂ ਗੱਡੀ ਹੌਲੀ ਚਲਾਉਣ, ਟ੍ਰੈਫਿਕ ਚੋਂ ਸੱਜੇ ਪਾਸੇ ਤੋਂ ਪ੍ਰਵੇਸ਼ ਕਰਨ ਜਾਂ ਬਾਹਰ ਨਿਕਲਣ, ਸੱਜੇ ਪਾਸੇ ਮੁੜਣ, ਗੱਡੀ ਪਾਰਕ ਕਰਨ, ਸੜਕ ਤੋਂ ਪਰੇ ਜਾਣ ਦੀ ਚੋਣ ਕਰਦੇ ਹੋ, ਤਾਂ ਸੱਜੀ ਲੇਨ ਦੀ ਵਰਤੋਂ ਕਰੋ। ਜੇ ਤੁਹਾਡੀ ਦਿਸ਼ਾ ਵਿੱਚ ਸਿਰਫ ਦੋ ਲੇਨਾਂ ਹਨ, ਤਾਂ ਸਭ ਤੋ ਜਿਆਦਾ ਬਿਨ੍ਹਾਂ ਰੁਕਾਵਟ ਵਾਲੀ ਡ੍ਰਾਇਵਿੰਗ ਲਈ ਸੱਜੀ ਲੇਨ ਚੁਣੋ। ਗੱਡੀ ਨੂੰ ਪੂਰਾ ਸਮਾਂ ਇੱਕ ਲੇਨ ਤੋਂ ਦੂਜੀ ਲੇਨ ਵਿੱਚ ਘੁਮਾਉਂਦੇ ਨਾ ਰਹੋ। ਜਿੱਥੋਂ ਤੱਕ ਸੰਭਵ ਹੋਵੇ ਇੱਕੋ ਲੇਨ ਵਿੱਚ ਰਹੋ। ਜਦੋਂ ਤੁਸੀਂ ਇੱਕ ਚੌਰਾਹੇ ਵਿੱਚੋਂ ਲੰਘਣਾ ਸ਼ੁਰੂ ਕਰੋ, ਤਾਂ ਚਲਦੇ ਰਹੋ। ਜੇ ਤੁਸੀਂ ਮੁੜਣਾ ਸ਼ੁਰੂ ਕਰ ਦਿੱਤਾ ਹੈ, ਤਾਂ ਮੋੜ ਪੂਰਾ ਕਰੋ। ਅਖੀਰਲੇ ਮਿੰਟ ਵਿੱਚ ਤਬਦੀਲੀਆਂ ਕਰਨਾ ਟੱਕਰਾਂ ਦਾ ਕਾਰਨ ਬਣ ਸਕਦੀਆਂ ਹਨ। ਜੇ ਤੁਹਾਡਾ ਮੋੜ ਪਿੱਛੇ ਰਹਿ ਗਿਆ ਹੈ, ਤਾਂ ਉਦੋਂ ਤੱਕ ਚਲਦੇ ਰਹੋ ਜਦੋਂ ਤੀਕ ਕਿ ਤੁਸੀਂ ਸੁਰੱਖਿਅਤ ਅਤੇ ਕਨੂੰਨੀ ਤਰੀਕੇ ਨਾਲ ਵਾਪਸ ਆਉਣ ਲਈ ਮੁੜ ਨਹੀਂ ਸਕਦੇ ਹੋ।

ਲੇਨਾਂ ਬਦਲਣਾ

ਲੇਨਾਂ ਬਦਲਣ ਵਿੱਚ ਸ਼ਾਮਲ ਹੈ:

- ਇੱਕ ਲੇਨ ਵਿੱਚੋਂ ਦੂਜੀ ਲੇਨ ਵਿੱਚ ਜਾਣਾ।
- ਰੈਂਪ ਤੋਂ ਫ੍ਰੀਵੇ ਤੇ ਪ੍ਰਵੇਸ਼ ਕਰਨਾ।
- ਸੜਕ ਦੇ ਕਿਨਾਰੇ ਇੱਕ ਪਟੜੀ ਜਾਂ ਕਿਨਾਰੇ ਤੋਂ ਸੜਕ ਤੇ ਪ੍ਰਵੇਸ਼ ਕਰਨਾ।

ਲੇਨ ਬਦਲਣ ਤੋਂ ਪਹਿਲਾਂ, ਸਿਗਨਲ ਦਿਓ, ਆਪਣੀ ਗੱਡੀ ਦੇ ਸਾਰੇ ਸ਼ੀਸ਼ਿਆਂ ਵਿੱਚ ਵੇਖੋ, ਅਤੇ:

- ਤੁਹਾਡੇ ਪਿੱਛੇ ਅਤੇ ਤੁਹਾਡੇ ਨਾਲ ਚੱਲ ਰਹੇ ਟ੍ਰੈਫਿਕ ਨੂੰ ਵੇਖੋ।
- ਆਪਣੇ ਖੱਬੇ ਜਾਂ ਸੱਜੇ ਮੋਢੇ ਦੇ ਉੱਤੋਂ ਨਜ਼ਰ ਮਾਰ ਕੇ ਉਸ ਦਿਸ਼ਾ ਵਿੱਚ ਦੇਖੋ ਜਿੱਥੇ ਤੁਸੀਂ ਮੂਵ ਹੋਣਾ ਚਾਹੁੰਦੇ ਹੋ, ਤਾਂਕਿ ਪੱਕਾ ਕਰੋ ਕਿ ਤੁਹਾਡੀ ਲੋੜੀਂਦੀ ਲੇਨ ਖਾਲੀ ਹੈ।
- ਆਪਣੇ ਨਾ ਦਿੱਸਣ ਵਾਲੇ ਖੇਤਰ (ਬਲਾਇੰਡ ਸਪੌਟ) ਤੇ ਵੇਖੋ ਕਿ ਉੱਥੇ ਕੋਈ ਗੱਡੀ, ਮੋਟਰਸਾਈਕਲ ਸਵਾਰ ਅਤੇ ਸਾਈਕਲ ਸਵਾਰ ਤਾਂ ਨਹੀਂ ਹੈ।
- ਇਹ ਪੱਕਾ ਕਰੋ ਕਿ ਅਗਲੀ ਲੇਨ ਵਿੱਚ ਤੁਹਾਡੀ ਗੱਡੀ ਲਈ ਕਾਫੀ ਥਾਂ ਖਾਲੀ ਹੈ।

ਗੱਡੀ ਅੱਗੇ ਕੱਢਣ ਲਈ ਲੇਨਾਂ (ਪਾਸਿੰਗ ਲੇਨਾਂ)

ਆਪਣੀ ਗੱਡੀ ਅੱਗੇ ਕੱਢਣ ਤੋਂ ਪਹਿਲਾਂ, ਆਪਣੇ ਅੱਗੇ ਦੀ ਸੜਕ ਦੇ ਅਜਿਹੇ ਹਾਲਾਤਾਂ ਅਤੇ ਟ੍ਰੈਫਿਕ ਨੂੰ ਧਿਆਨ ਨਾਲ ਵੇਖੋ ਜਿਸਦੇ ਕਾਰਨ ਦੂਜੀਆਂ ਗੱਡੀਆਂ ਤੁਹਾਡੀ ਲੇਨ ਵਿੱਚ ਆ ਸਕਦੀਆਂ ਹਨ। ਦੂਜੀਆਂ ਗੱਡੀਆਂ ਤੋਂ ਅੱਗੇ ਲੰਘਣ ਲਈ ਸੜਕ ਦੇ ਪੱਕੇ ਜਾਂ ਵਰਤੇ ਜਾਣ ਵਾਲੇ ਮੁੱਖ ਭਾਗ ਤੋਂ ਬਾਹਰ ਨਾ ਜਾਓ ਅਤੇ ਨਾ ਹੀ ਅੱਗੇ ਵਧਣ ਲਈ ਪਟੜੀ ਦੀ ਵਰਤੋਂ ਕਰੋ। ਸੜਕ ਦੇ ਵਰਤੇ ਜਾਣ ਵਾਲੇ ਮੁੱਖ ਭਾਗ ਦੇ ਕਿਨਾਰੇ ਤੇ ਇੱਕ ਚਿੱਟੀ ਲਾਈਨ ਬਣੀ ਹੋ ਸਕਦੀ ਹੈ। ਚੌਰਾਹੇ, ਰੇਲਵੇ ਕ੍ਰਾਸਿੰਗਾਂ ਜਾਂ ਸ਼ੌਪਿੰਗ ਸੈਂਟਰ ਵਿੱਚ ਦਾਖਲ ਹੋਣ ਵਾਲੀਆਂ ਥਾਂਵਾਂ ਤੇ ਦੂਜੀਆਂ ਗੱਡੀਆਂ ਤੋਂ ਅੱਗੇ ਲੰਘਣਾ ਖਤਰਨਾਕ ਹੈ।

ਟ੍ਰੈਫਿਕ ਦੇ ਖੱਬੇ ਪਾਸੇ ਵਲੋਂ ਅੱਗੇ ਲੰਘੋ। ਸੱਜੇ ਪਾਸੇ ਵਲੋਂ ਤੁਸੀਂ ਸਿਰਫ ਤਾਂ ਹੀ ਅੱਗੇ ਲੰਘ ਸਕਦੇ ਹੋ ਜੇ:

- ਇੱਕ ਖੁੱਲ੍ਹੇ ਹਾਈਵੇ ਤੇ ਤੁਹਾਡੀ ਦਿਸ਼ਾ ਵਿੱਚ ਸਫਰ ਕਰਨ ਲਈ ਦੋ ਜਾਂ ਉਸ ਤੋਂ ਵਧ ਲੇਨਾਂ ਦੇ ਸਾਫ ਨਿਸ਼ਾਨ ਬਣੇ ਹੋਣ।
- ਤੁਹਾਡੇ ਅੱਗੇ ਵਾਲਾ ਡ੍ਰਾਈਵਰ ਖੱਬੇ ਪਾਸੇ ਮੁੜ ਰਿਹਾ ਹੈ ਅਤੇ ਤੁਸੀਂ ਅੱਗੇ ਲੰਘਣ ਲਈ ਪੱਕੇ ਰਾਹ ਤੋਂ ਬਾਹਰ ਨਹੀਂ ਜਾ ਰਹੇ ਹੋ। ਜੇ ਡ੍ਰਾਈਵਰ ਖੱਬੇ ਪਾਸੇ ਮੁੜਣ ਦਾ ਇਸ਼ਾਰਾ ਕਰ ਰਿਹਾ ਹੈ ਤਾਂ ਕਦੇ ਵੀ ਖੱਬੇ ਪਾਸੇ ਵਲੋਂ ਅੱਗੇ ਨਾ ਲੰਘੋ।

ਕਾਰਪੂਲ/ਜ਼ਿਆਦਾ ਸਵਾਰੀਆਂ ਵਾਲੀਆਂ ਗੱਡੀਆਂ ਲਈ ਲੇਨਾਂ

ਇੱਕ ਜ਼ਿੱਆਦਾ ਸਵਾਰੀਆਂ ਵਾਲੀਆਂ ਗੱਡੀਆਂ ਲਈ ਲੇਨ ਫ੍ਰੀਵੇ ਤੇ ਬਣੀ ਇੱਕ ਖਾਸ ਲੇਨ ਹੁੰਦੀ ਹੈ ਜਿਹੜੀ ਸਿਰਫ ਕਾਰਪੂਲਾਂ, ਬੱਸਾਂ, ਮੋਟਰਸਾਈਕਲਾਂ, ਜਾਂ ਸੱਟਿਕਰ ਲੱਗੀਆਂ ਘੱਟ ਪਰਦੂਸ਼ਣ ਵਾਲਿਆਂ ਗੱਡੀਆਂ ਦੀ ਵਰਤੋਂ ਲਈ ਹੁੰਦੀ ਹੈ। ਤੁਸੀਂ ਇੱਕ ਕਾਰਪੂਲ/ਜ਼ਿਆਦਾ ਸਵਾਰੀਆਂ ਵਾਲੀਆਂ ਗੱਡੀਆਂ ਵਾਲੀ ਲੇਨ ਜਾਂ ਰੈਂਪ ਦੀ ਵਰਤੋਂ ਕਰ ਸਕਦੇ ਹੋ ਜੇ ਤੁਹਾਡੀ ਗੱਡੀ ਵਿੱਚ ਘੱਟੋ-ਘੱਟ ਉਨ੍ਹੇ ਲੋਕ ਹਨ ਜਿੰਨੇ ਕਾਰਪੂਲ ਲੇਨ ਲਈ ਲਿੱਖੇ ਗਏ ਹਨ, ਜਾਂ, ਜਦੋਂ ਤੁਸੀਂ ਘੱਟ ਪਰਦੂਸ਼ਣ ਵਾਲੀ ਅਜਿਹੀ ਗੱਡੀ ਚਲਾ ਰਹੇ ਹੋ ਜਿਸ ਉੱਤੇ DMV ਰਾਹੀਂ ਜਾਰੀ ਕੀਤਾ ਇੱਕ ਖਾਸ ਡੀਕੈਲ (ਸਟਿੱਕਰ) ਲਗਿਆ ਹੋਵੇ। ਜੇ ਤੁਸੀਂ ਇੱਕ ਘੱਟ ਪਰਦੂਸ਼ਣ ਵਾਲੀ ਗੱਡੀ ਅਤੇ/ਜਾਂ ਹਾਈਬ੍ਰਿਡ ਗੱਡੀ ਚਲਾ ਰਹੇ ਹੋ ਤਾਂ ਤੁਹਾਨੂੰ ਜ਼ਿਆਦਾ ਸਵਾਰੀਆਂ ਵਾਲੀਆਂ ਗੱਡੀਆਂ ਵਾਲੀਆਂ ਟੋਲ ਲੇਨਾਂ ਲਈ ਦਿੱਤੇ ਜਾਣ ਵਾਲੇ ਸਾਰੇ ਟੋਲ ਸ਼ੁਲਕਾਂ ਤੋਂ ਛੂਟ ਮਿਲ ਸਕਦੀ ਹੈ। ਜੇ ਸੜਕ ਤੇ ਹੋਰ ਦੂਜੇ ਚਿੰਨ ਨਾ ਲਗੇ ਹੋਣ ਤਾਂ ਮੋਟਰਸਾਈਕਲ ਸਵਾਰ ਖਾਸ ਕਾਰਪੂਲ/ਜ਼ਿਆਦਾ ਸਵਾਰੀਆਂ ਵਾਲੀਆਂ ਗੱਡੀਆਂ ਵਾਲੀ ਲੇਨ ਦੀ ਵਰਤੋਂ ਕਰ ਸਕਦੇ ਹਨ। ਰੈਂਪ ਤੇ ਜਾਂ ਫ੍ਰੀਵੇ ਦੇ ਨਾਲ-ਨਾਲ ਅਜਿਹੇ ਚਿੰਨ੍ਹ ਲੱਗੇ ਹੁੰਦੇ ਹਨ ਜਿਹੜੇ ਤੁਹਾਨੂੰ ਦੱਸਦੇ ਹਨ ਕਿ ਕਾਰਪੂਲ/ਜ਼ਿਆਦਾ ਸਵਾਰੀਆਂ ਵਾਲੀਆਂ ਗੱਡੀਆਂ ਵਾਲੀ ਲੇਨ(ਨਾਂ) ਲਈ ਘੱਟੋ-ਘੱਟ ਕਿੰਨੇ ਲੋਕ ਇੱਕ ਗੱਡੀ ਵਿੱਚ ਹੋਣੇ ਜ਼ਰੂਰੀ ਹਨ। ਇਨ੍ਹਾਂ ਚਿੰਨ੍ਹਾਂ ਵਿੱਚ ਹਫਤੇ ਦੇ ਉਹ ਦਿਨ ਅਤੇ ਉਹ ਘੰਟੇ ਵੀ ਲਿੱਖੇ ਹੁੰਦੇ ਹਨ ਜਦੋਂ ਕਾਰਪੂਲ/ਜ਼ਿਆਦਾ ਸਵਾਰੀਆਂ ਵਾਲੀਆਂ ਗੱਡੀਆਂ ਲਈ ਲੋੜਾਂ ਲਾਗੂ ਹੁੰਦੀਆਂ ਹਨ। ਇਸ ਲੇਨ ਦੀ ਸੜਕ ਉੱਤੇ ਹੀਰੇ (ਡਾਇਮੰਡ) ਚਿੰਨ੍ਹ ਬਣਿਆ ਹੁੰਦਾ ਹੈ ਅਤੇ ਸ਼ਬਦ "ਕਾਰਪੂਲ ਲੇਨ" ਲਿਖਿਆ ਹੁੰਦਾ ਹੈ। ਇਨ੍ਹਾਂ ਲੇਨਾਂ ਨੂੰ ਜ਼ਿਆਦਾ ਸਵਾਰੀਆਂ ਵਾਲੀਆਂ ਗੱਡੀਆਂ ਵਾਲੀਆਂ ਲੇਨਾਂ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ। ਕਿਸੇ ਕਾਰਪੂਲ/ਜ਼ਿਆਦਾ ਸਵਾਰੀਆਂ ਵਾਲੀਆਂ ਗੱਡੀਆਂ ਵਾਲੀ ਲੇਨ ਵਿੱਚ ਦਾਖਲ ਹੋਣ ਅਤੇ ਉਸ ਵਿੱਚੋਂ ਬਾਹਰ ਨਿਕਲਣ ਲਈ ਤੈਅ ਕੀਤੀ ਹੋਈਆਂ ਖਾਸ ਥਾਵਾਂ ਤੋਂ ਇਲਾਵਾ ਕਿਧਰੇ ਹੋਰ ਪੱਕੀ ਡੱਬਲ ਲਾਈਨਾਂ ਨੂੰ ਪਾਰ ਕਰਕੇ ਕਾਰਪੂਲ/ਜ਼ਿਆਦਾ ਸਵਾਰੀਆਂ ਵਾਲੀਆਂ ਗੱਡੀਆਂ ਵਾਲੀ ਲੇਨ ਵਿੱਚ ਨਾ ਤਾਂ ਦਾਖਲ ਹੋਵੋ ਅੱਤੇ ਨਾ ਹੀ ਬਾਹਰ ਜਾਓ।

ਖੱਬੇ ਮੋੜ ਲਈ ਵਿੱਚ ਵਾਲੀਆਂ ਲੇਨਾਂ



ਖੱਬੇ ਮੋੜ ਲਈ ਵਿਚਕਾਰਲੀ ਲੇਨ ਦੋ-ਤਰਫਾ ਸੜਕ ਦੇ ਵਿੱਚਕਾਰ ਬਣੀ ਹੁੰਦੀ ਹੈ ਜਿਸਦੀ ਨਿਸ਼ਾਨੀ ਦੋਵੇਂ ਪਾਸੇ ਪੇਂਟ ਕੀਤੀਆਂ ਹੋਈਆਂ ਦੋ ਲਾਈਨਾਂ ਹੁੰਦੀਆਂ ਹਨ। ਅੰਦਰਲੀ ਲਾਈਨ ਟੁੱਟੀ ਹੋਈ ਲਾਈਨ ਹੁੰਦੀ ਹੈ ਅਤੇ ਬਾਹਰਲੀ ਲਾਈਨ ਇੱਕ ਪੱਕੀ ਲਾਈਨ ਹੁੰਦੀ ਹੈ। ਜੇ ਇੱਕ ਸੜਕ ਤੇ ਖੱਬੇ ਪਾਸੇ ਮੁੜਣ ਲਈ ਵਿਚਕਾਰਲੀ ਲੇਨ ਹੈ ਤਾਂ ਤੁਹਾਡਾ ਉਸਦੀ ਵਰਤੋਂ ਖੱਬੇ ਪਾਸੇ ਮੁੜਣ ਦੀ ਤਿਆਰੀ ਲਈ ਜਾਂ ਮੁੜਣ ਲਈ, ਜਾਂ ਇੱਕ ਇਜਾਜ਼ਤੀ ਯੂ-ਟਰਨ ਲੈਣ ਦੀ ਤਿਆਰੀ ਕਰਨ ਲਈ ਕਰਨਾ ਜ਼ਰੂਰੀ ਹੈ (CVC §21460.5 (c))। ਖੱਬੇ ਮੋੜ ਲਈ ਵਿਚੱਕਾਰਲੀ ਲੇਨ ਵਿੱਚ ਤੁਸੀਂ ਸਿਰਫ 200 ਫੁੱਟ ਤੱਕ ਹੀ ਸਫਰ ਕਰ ਸਕਦੇ ਹੋ। ਇਹ ਇੱਕ ਆਮ ਟ੍ਰੈਫਿਕ ਲੇਨ ਜਾਂ ਅੱਗੇ ਲੰਘਣ ਵਾਲੀ ਲੇਨ ਨਹੀਂ ਹੈ। ਇਸ ਲੇਨ ਤੋਂ ਖੱਬੇ ਮੁੜਣ ਲਈ, ਸਿਗਨਲ ਦਿਓ, ਆਪਣੇ ਆਲੇ-ਦੁਆਲੇ ਵੇਖੋ ਅਤੇ ਆਪਣੀ ਗੱਡੀ ਪੂਰੀ ਤਰ੍ਹਾਂ ਇਸ ਖੱਬੇ ਮੋੜ ਵਾਲੀ ਵਿਚਕਾਰਲੀ ਲੇਨ ਦੇ ਅੰਦਰ ਲੈ ਆਓ। ਆਪਣੀ ਗੱਡੀ ਨੂੰ ਇੰਝ ਨਾ ਰੋਕੋ ਕਿ ਉਸ ਦੇ ਪਿਛਲੇ ਹਿੱਸੇ ਕਾਰਨ ਟ੍ਰੈਫਿਕ ਰੁਕ ਜਾਵੇ। ਇਹ ਪੱਕਾ ਕਰ ਲਓ ਕਿ ਦੋਵਾਂ ਦਿਸ਼ਾਵਾਂ ਵਿੱਚ ਲੇਨ ਖਾਲੀ ਹੈ ਅਤੇ ਤਾਂ ਹੀ ਮੁੜੋ ਜਦੋਂ ਅਜਿਹਾ ਕਰਨਾ ਸੁਰੱਖਿਅਤ ਹੋਵੇ। ਉਸੇ ਲੇਨ ਵਿੱਚ ਤੁਹਾਡੇ ਵੱਲ ਆਉਣ ਵਾਲੀਆਂ ਗੱਡੀਆਂ ਜਿਹੜੀਆਂ ਖੱਬੇ ਮੁੜਣਾ ਸ਼ੁਰੂ ਕਰ ਰਹੀਆਂ ਹਨ, ਉਨ੍ਹਾਂ ਲਈ ਧਿਆਨ ਰੱਖੋ। ਜਦੋਂ ਇੱਕ ਪਾਸੇ ਵਾਲੀ ਸੜਕ ਜਾਂ ਡ੍ਰਾਈਵ-ਵੇ ਵਿੱਚੋਂ ਨਿਕਲ ਰਹੇ ਹੋ, ਤਾਂ ਖੱਬੇ ਪਾਸੇ ਦਾ ਸਿਗਨਲ ਦਿਓ ਅਤੇ ਉਦੋਂ ਤੱਕ ਉਡੀਕ ਕਰੋ ਜਦੋਂ ਤੀਕ ਕਿ ਮੁੜਣਾ ਸੁਰੱਖਿਅਤ ਨਾ ਹੋਵੇ। ਫੇਰ ਤੁਸੀਂ ਖੱਬੇ ਮੁੜਣ ਵਾਲੀ ਵਿਚਕਾਰਲੀ ਲੇਨ ਵਿੱਚ ਜਾ ਸਕਦੇ ਹੋ। ਟ੍ਰੈਫਿਕ ਦੇ ਅੰਦਰ ਤਾਂ ਹੀ ਦਾਖਲ ਹੋਵੋ ਜਦੋਂ ਕਿ ਸੁਰੱਖਿਅਤ ਹੋਵੇ।

ਬਾਹਰ ਨਿਕਲਣ ਵਾਲੇ (ਟਰਨਆਉਟ) ਇਲਾਕੇ ਅਤੇ ਲੇਨਾਂ

ਕਈ ਵਾਰੀ ਦੋ ਲੇਨਾਂ ਵਾਲੀਆਂ ਸੜਕਾਂ ਤੇ ਖਾਸ "ਬਾਹਰ ਨਿਕਲਣ ਵਾਲੇ (ਟਰਨਆਉਟ)" ਇਲਾਕਿਆਂ ਦੇ ਨਿਸ਼ਾਨ ਬਣੇ ਹੁੰਦੇ ਹਨ। ਤੁਹਾਡੇ ਪਿੱਛੇ ਆਉਣ ਵਾਲੀਆਂ ਕਾਰਾਂ ਨੂੰ ਅੱਗੇ ਲੰਘਣ ਦੇਣ ਲਈ ਤੁਸੀਂ ਆਪਣੀ ਗੱਡੀ ਨੂੰ ਇਨ੍ਹਾਂ ਖੇਤਰਾਂ ਵਿੱਚ ਲੈ ਜਾਓ। ਕੁਝ ਦੋ ਲੇਨਾਂ ਵਾਲੀਆਂ ਸੜਕਾਂ ਤੇ ਅੱਗੇ ਲੰਘਣ ਵਾਲੀਆਂ ਲੇਨਾਂ (ਪਾਸਿੰਗ ਲੇਨਾਂ) ਹੁੰਦੀਆਂ ਹਨ। ਜੇ ਤੁਸੀਂ ਦੋ ਲੇਨਾਂ ਵਾਲੇ ਹਾਈਵੇ ਜਾਂ ਸੜਕ ਤੇ, ਜਾਂ ਅਜਿਹੀ ਸੜਕ ਤੇ ਗੱਡੀ ਹੌਲੀ ਚਲਾ ਰਹੇ ਹੋ ਜਿੱਥੇ ਅੱਗੇ ਲੰਘਣਾ ਸੁਰੱਖਿਅਤ ਨਹੀਂ ਹੈ, ਅਤੇ 5 ਜਾਂ ਵਧ ਗੱਡੀਆਂ ਤੁਹਾਡੇ ਪਿੱਛੇ ਆ ਰਹੀਆਂ ਹਨ ਤਾਂ ਪਿੱਛੇ ਆਉਣ ਵਾਲੀਆਂ ਗੱਡੀਆਂ ਨੂੰ ਰਸਤਾ ਦੇਣ ਲਈ ਤੁਹਾਡਾ ਇਨ੍ਹਾਂ ਟਰਨਆਉਟ ਖੇਤਰਾਂ ਜਾਂ ਲੇਨਾਂ ਵਿੱਚ ਚੱਲੇ ਜਾਣਾ ਜ਼ਰੂਰੀ ਹੈ।

ਲੇਨ ਖਤਮ ਹੋਣ ਦੇ ਨਿਸ਼ਾਨ

ਜਿਹੜੀਆਂ ਫ੍ਰੀਵੇ ਲੇਨਾਂ, ਅਤੇ ਨਾਲ ਹੀ ਸ਼ਹਿਰ ਦੀਆਂ ਕੁਝ ਸੜਕਾਂ ਦੀਆਂ ਲੇਨਾਂ ਖਤਮ ਹੋ ਰਹੀਆਂ ਹੁੰਦੀਆਂ ਹਨ, ਉਨ੍ਹਾਂ ਤੇ ਆਮ ਤੌਰ ਤੇ ਸੜਕ ਦੇ ਉੱਤੇ ਵੱਡੀਆਂ ਟੁੱਟੀਆਂ ਹੋਈਆਂ ਲਾਈਨਾਂ ਪੇਂਟ ਕੀਤੀਆਂ ਹੁੰਦੀਆਂ ਹਨ। ਜੇ ਤੁਸੀਂ ਇਸ ਤਰ੍ਹਾਂ ਦੀਆਂ ਲਾਈਨਾਂ ਵਾਲੀ ਲੇਨ ਵਿੱਚ ਗੱਡੀ ਚਲਾ ਰਹੇ ਹੋ, ਤਾਂ ਫ੍ਰੀਵੇ ਵਿੱਚੋਂ ਬਾਹਰ ਨਿਕਲਣ ਲਈ ਜਾਂ ਲੇਨ ਦੇ ਖਤਮ ਹੋਣ ਲਈ ਤਿਆਰ ਹੋ ਜਾਓ। ਅਜਿਹੇ ਚਿੰਨ੍ਹ ਵੱਲ ਧਿਆਨ ਰੱਖੋ ਜੋ ਤੁਹਾਨੂੰ ਬਾਹਰ ਨਿਕਲਣ ਲਈ ਜਾਂ ਲੇਨਾਂ ਦੇ ਮਿਲਣ ਆਦਿ ਬਾਰੇ ਦੱਸਦਾ ਹੈ।

ਯੀਲਡ ਲਾਈਨਜ਼



ਯੀਲਡ ਲਾਈਨਜ਼, ਜਿਨ੍ਹਾਂ ਨੂੰ "ਸ਼ਾਰਕ ਦੇ ਦੰਦ" ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ, ਨੇੜੇ ਆ ਰਹੀਆਂ ਗੱਡੀਆਂ ਵੱਲ ਇਸ਼ਾਰਾ ਕਰਦੀ ਟ੍ਰੈਫਿਕ ਦੀ ਲੇਨ ਦੇ ਆਰ-ਪਾਰ ਠੋਸ ਚਿੱਟੇ ਤਿਕੋਣ ਦੇ ਇੱਕ ਲਾਈਨ ਦੀ ਬਣੀ ਹੁੰਦੀ ਹੈ। ਇਹ ਲਾਈਨ ਉਸ ਬਿੰਦੂ ਨੂੰ ਦਰਸਾਉਂਦੀ ਹੈ ਜਿੱਥੇ ਗੱਡੀ ਦਾ ਠਹਿਰਣਾ/ਰੁਕਣਾ ਜ਼ਰੂਰੀ ਹੈ।

ਸਾਈਕਲ ਸਵਾਰਾਂ ਲਈ ਲੇਨਾਂ

ਇੱਕ ਸਾਈਕਲ ਲੇਨ ਸਾਈਕਲ ਸਵਾਰਾਂ ਲਈ ਇੱਕ ਨਾਮਜ਼ਦ ਟ੍ਰੈਫਿਕ ਲੇਨ ਹੁੰਦੀ ਹੈ ਜੋ ਕਿ ਫੁੱਟਪਾਥ ਦੇ ਨਿਸ਼ਾਨ ਅਤੇ ਸੰਕੇਤ ਦੁਆਰਾ ਪਰਭਾਸ਼ਿਤ ਹੁੰਦੀ ਹੈ। ਦਿੱਖ ਨੂੰ ਵਧਾਉਣ ਲਈ ਕਈ ਵਾਰ ਸਾਈਕਲ ਲੇਨਾਂ ਨੂੰ ਚਮਕੀਲੇ ਹਰੇ ਰੰਗ ਨਾਲ ਪੇਂਟ ਕੀਤਾ ਗਿਆ ਹੁੰਦਾ ਹੈ। ਸਾਈਕਲ ਲੇਨਾਂ ਦੇ ਕਈ ਵਰਗ ਅਤੇ ਕਿਸਮਾਂ ਹੁੰਦੀਆਂ ਹਨ, ਜਿਸ ਵਿੱਚ ਸ਼ਾਮਲ ਹਨ:

- ਬਾਈਕ ਲੇਨ
  - — ਵਾਹਨ ਟ੍ਰੈਫਿਕ ਦੇ ਨਾਲ ਲੱਗਦੀਆਂ ਗਲੀਆਂ ਦੇ ਨਾਲ ਸਥਾਪਤ, ਆਮ ਤੌਰ 'ਤੇ ਇਸਨੂੰ ਇੱਕ ਸਿੰਗਲ ਗੂੜ੍ਹੀ ਚਿੱਟੀ ਲਾਈਨ ਨਾਲ ਚਿੰਨ੍ਹਿਤ ਕੀਤਾ ਜਾਂਦਾ ਹੈ, ਜੋ ਕਿਸੇ ਲਾਂਘੇ ਦੇ ਕੋਲ ਡੈਸ਼ਦਾਰ ਲਾਈਨ ਵਿੱਚ ਬਦਲਦੀ ਹੋਵੇ।
- ਬਫ਼ਰਡ ਬਾਈਕ ਲੇਨ
  - — ਇਹ ਫੀਤਾ ਜਾਂ ਤਿਰਛੇ ਨਿਸ਼ਾਨਾਂ ਦੀ ਵਰਤੋਂ ਕਰਕੇ, ਵਾਹਨ ਟ੍ਰੈਫਿਕ ਦੇ ਨਾਲ-ਨਾਲ ਗਲੀ ਵਿੱਚ ਕੀਤੀ ਪਾਰਕਿੰਗ ਦੇ ਨਾਲ ਲੱਗਣ ਤੋਂ ਬਹੁਤ ਜ਼ਿਆਦਾ ਦੂਰੀ ਮੁਹੱਈਆ ਕਰਦੀ ਹੈ।

- ਬਾਈਕ ਰੂਟ
  - — ਵਾਹਨ ਟ੍ਰੈਫਿਕ ਦੇ ਨਾਲ ਸਾਂਝੀਆਂ ਕੀਤੀਆਂ ਗਲੀਆਂ 'ਤੇ ਸਾਈਕਲ ਸਵਾਰਾਂ ਲਈ ਇੱਕ ਨਿਯਤ ਕੀਤਾ ਤਰਜੀਹੀ ਰੂਟ, ਜੋ ਬਾਈਕ ਰੂਟ ਦੇ ਚਿੰਨ੍ਹ ਅਤੇ/ਜਾਂ ਸਾਂਝੇ ਕੀਤੇ ਸੜਕ ਨਿਸ਼ਾਨ ਲਗਾ ਕੇ ਸਥਾਪਤ ਕੀਤਾ ਗਿਆ ਹੈ।
- ਬਾਈਸਾਈਕਲ ਬੁਲੇਵਾਰਡ
  - — ਵਾਹਨ ਟ੍ਰੈਫਿਕ ਦੇ ਨਾਲ ਸਾਂਝੀਆਂ ਕੀਤੀਆਂ ਗਲੀਆਂ 'ਤੇ ਸਾਈਕਲ ਸਵਾਰਾਂ ਲਈ ਇੱਕ ਨਿਯਤ ਕੀਤਾ ਤਰਜੀਹੀ ਰੂਟ, ਜੋ ਸਾਈਕਲ ਯਾਤਰਾ ਨੂੰ ਤਰਜੀਹ ਦੇਣ ਲਈ ਬਣਾਇਆ ਗਿਆ ਹੈ।
- ਵੱਖ-ਵੱਖ ਕੀਤੇ ਗਏ ਬਾਈਕ-ਵੇ
  - — ਇਸਨੂੰ ਸਾਈਕਲ ਟ੍ਰੈਕ ਜਾਂ ਸੁਰੱਖਿਅਤ ਬਾਈਕ ਲੇਨ ਵੀ ਕਿਹਾ ਜਾਂਦਾ ਹੈ, ਇਹ ਸਾਈਕਲ ਸਵਾਰਾਂ ਦੀ ਖਾਸ ਵਰਤੋਂ ਲਈ ਬਣਾਇਆ ਗਿਆ ਹੈ ਅਤੇ ਭੌਤਿਕ ਰੂਪ ਨਾਲ ਵਾਹਨ ਟ੍ਰੈਫਿਕ ਤੋਂ ਵੱਖ ਕੀਤਾ ਗਿਆ ਹੈ। ਵੱਖਰਾ ਕਰਨ ਵਿੱਚ ਲਚਕੀਲੀਆਂ ਪੋਸਟਾਂ, ਗ੍ਰੇਡ ਅਲਹਿਦਗੀ, ਲਚਕਦਾਰ ਬੈਰੀਅਰ, ਜਾਂ ਗਲੀ ਵਿੱਚ ਪਾਰਕਿੰਗ ਸ਼ਾਮਲ ਹੋ ਸਕਦੀ ਹੈ।
- ਸਾਂਝੀ ਸੜਕ ਸਾਈਕਲ ਨਿਸ਼ਾਨ (ਸ਼ੈਰੋਜ਼)
  - — ਟ੍ਰੈਫਿਕ ਨੂੰ ਸੂਚਿਤ ਕਰਦੀਆਂ ਹਨ ਕਿ ਸਾਈਕਲ ਸਵਾਰਾਂ ਨੂੰ ਇਸ ਯਾਤਰਾ ਲੇਨ ਵਿੱਚ ਸਫ਼ਰ ਕਰਨ ਦੀ ਇਜਾਜ਼ਤ ਹੈ। ਜਦੋਂ ਸਹੀ ਤਰੀਕੇ ਨਾਲ ਵਰਤੇ ਜਾਣ, ਤਾਂ ਸ਼ੈਰੋਜ਼ ਸਾਈਕਲ ਚਲਾਉਣ ਵਾਲਿਆਂ ਨੂੰ ਇੱਕ ਸੁਰੱਖਿਅਤ ਲੇਨ ਵਾਲੀ ਪੋਜੀਸ਼ਨ ਬਣਾਈ ਰੱਖਣ ਵਿੱਚ ਮਦਦ ਕਰ ਸਕਦੇ ਹਨ।

ਕਿਸੇ ਸਾਈਕਲ ਲੇਨ ਵਿੱਚ ਚਲਾਉਣਾ ਗੈਰਕਨੂੰਨੀ ਹੈ ਜਦੋਂ ਤੀਕ ਕਿ ਪਾਰਕਿੰਗ ਕਰਨ (ਜਿੱਥੇ ਇਜਾਜ਼ਤ ਹੋਵੇ), ਸੜਕ ਤੇ ਪ੍ਰਵੇਸ਼ ਜਾਂ ਸੜਕ ਤੋਂ ਬਾਹਰ ਨਿਕਲ ਰਹੇ ਹੋ, ਜਾ ਮੁੜ ਰਹੇ (ਚੌਰਾਹੇ ਤੋਂ 200 ਫੁੱਟ ਚੌਰਾਹੇ ਦੇ ਅੰਦਰ-ਅੰਦਰ) ਹੋ। ਮੋਟਰੀਕ੍ਰਤ ਸਾਈਕਲ ਦੇ ਡ੍ਰਾਈਵਰਾਂ ਨੂੰ ਸਾਈਕਲ ਸਵਾਰਾਂ ਤੋਂ ਬਚਣ ਲਏ ਸਾਵਧਾਨੀ ਵਰਤਣੀ ਚਾਹੀਦੀ ਹੈ ਅਤੇ ਬਾਇਕ ਲੇਨ ਵਿਚ ਅਜਿਹੀ ਰਫਤਾਰ ਦੀ ਵਰਤੋਂ ਕਰਨੀ ਚਾਹੀਦੀ ਹੈ ਜੋ ਉਚਿਤ ਹੋਵੇ ਅਤੇ ਸਾਈਕਲ ਸਵਾਰਾਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਨਾ ਪਾਉਂਦਾ ਹੋਵੇ।

ਮੋੜ

ਖੱਬੇ ਮੋੜ–ਖੱਬੇ ਮੁੜਣ ਲਈ, ਗੱਡੀ ਨੂੰ ਵੰਡਣ ਵਾਲੀ ਵਿਚਕਾਰਲੀ ਲਾਈਨ ਦੇ ਨੇੜੇ ਜਾਂ ਖੱਬੇ ਮੁੜਣ ਵਾਲੀ ਲੇਨ ਵਿੱਚ ਲੈ ਜਾਓ। ਮੋੜ ਤੋਂ ਤੱਕਰੀਬਨ 100 ਫੁੱਟ ਪਹਿਲਾਂ ਸਿਗਨਲ ਦੇਣਾ ਸ਼ੁਰੂ ਕਰ ਦਿਓ। ਆਪਣੇ ਖੱਬੇ ਮੋਢੇ ਉੱਤੋਂ ਪਿੱਛੇ ਵੇਖੋ ਅਤੇ ਗੱਡੀ ਦੀ ਰਫਤਾਰ ਘਟਾਓ। ਸੀਮਾ ਲਾਈਨ ਦੇ ਪਿੱਛੇ ਰੁਕੋ। ਖੱਬੇ ਵੇਖੋ, ਫੇਰ ਸੱਜੇ ਵੇਖੋ, ਫੇਰ ਦੁਬਾਰਾ ਖੱਬੇ ਵੇਖੋ ਅਤੇ ਜਦੋਂ ਸੁਰੱਖਿਅਤ ਹੋਵੇ ਤਾਂ ਮੋੜ ਕੱਟ ਲਓ। ਜਦੋਂ ਤੁਸੀਂ ਖੱਬੇ ਪਾਸੇ ਵੱਲ ਮੁੜਦੇ ਹੋ, ਬਹੁਤ ਛੇਤੀ ਨਾ ਮੁੜੋ ਅਤੇ ਤੁਹਾਡੇ ਸਾਮ੍ਹਣੇ ਤੋਂ ਆ ਰਹੀ ਗੱਡੀ ਦੀ ਲੇਨ ਦੇ "ਕਿਨਾਰੇ ਨੂੰ ਨਾ ਕੱਟੋ।"

ਖੱਬੇ ਮੁੜਣ ਦਾ ਇੱਕ ਉਦਾਹਰਨ:

ਜ਼ਰੂਰੀ: ਆਪਣੀ ਗੱਡੀ ਦੇ ਪਹੀਆਂ ਨੂੰ ਅੱਗੇ ਵੱਲ ਉਦੋਂ ਤੱਕ ਸਿੱਧਾ ਰੱਖੋ ਜਦੋਂ ਤੀਕ ਕਿ ਮੁੜਣਾ ਸ਼ੁਰੂ ਕਰਨਾ ਸੁਰੱਖਿਅਤ ਨਾ ਹੋਵੇ। ਜੇ ਤੁਹਾਡੀ ਗੱਡੀ ਦੇ ਪਹੀਏ ਖੱਬੇ ਪਾਸੇ ਵੱਲ ਮੁੜੇ ਹੁੰਦੇ ਹਨ ਅਤੇ ਕੋਈ ਗੱਡੀ ਪਿੱਛੋਂ ਆ ਕੇ ਟੱਕਰ ਮਾਰਦੀ ਹੈ, ਤਾਂ ਤੁਹਾਨੂੰ ਆਉਣ ਵਾਲੇ ਟ੍ਰੈਫਿਕ ਦੇ ਸਾਮ੍ਹਣੇ ਧੱਕਿਆ ਜਾ ਸਕਦਾ ਹੈ। ਲਾਲ ਬੱਤੀ ਦੇ ਹੁੰਦਿਆਂ ਹੋਇਆਂ ਵੀ ਇੱਕ ਖੱਬਾ ਮੋੜ ਸਿਰਫ ਇੱਕ-ਤਰਫਾ ਸੜਕ ਤੋਂ ਇੱਕ ਤਰਫਾ ਸੜਕ ਤੇ ਹੀ ਲਿੱਤਾ ਜਾ ਸਕਦਾ ਹੈ। ਨਿਸ਼ਾਨ ਲਗੀ ਹੋਈ ਸੀਮਾ ਰੇਖਾ ਤੇ ਸਿਗਨਲ ਦਿਓ ਅਤੇ ਲਾਲ ਟ੍ਰੈਫਿਕ ਲਾਈਟ ਲਈ ਰੁਕੋ। ਜੇ ਉਥੇ ਕੋਈ ਸੀਮਾ ਰੇਖਾ ਨਹੀਂ ਹੈ ਤਾਂ ਕ੍ਰਾਸਵਾਕ (ਪਾਰ-ਪੱਟੜੀ) ਵਿੱਚ ਦਾਖਲ ਹੋਣ ਤੋਂ ਪਹਿਲਾਂ ਰੁਕੋ। ਜੇ ਉਥੇ ਕੋਈ ਕ੍ਰਾਸਵਾਕ (ਪਾਰ-ਪੱਟੜੀ) ਨਹੀਂ ਹੈ ਤਾਂ ਚੌਰਾਹੇ ਵਿੱਚ ਦਾਖਲ ਹੋਣ ਤੋਂ ਪਹਿਲਾਂ ਰੁਕੋ।

ਜੇ ਖੱਬੇ ਮੁੜਣ ਦੀ ਮਨਾਹੀ ਦਾ ਕੋਈ ਚਿੰਨ੍ਹ ਨਾ ਲੱਗਿਆ ਹੋਵੇ ਤਾਂ ਤੁਸੀਂ ਖੱਬੇ ਚਲਣ ਵਾਲੀ ਇੱਕ-ਤਰਫਾ ਸੜਕ ਤੇ ਖੱਬਾ ਮੋੜ ਲੈ ਸਕਦੇ ਹੋ। ਆਪਣੀ ਹਰੀ ਬੱਤੀ ਤੇ ਚੱਲਣ ਵਾਲੇ ਪੈਦਲ ਚੱਲਣ ਵਾਲੇ ਲੋਕਾਂ, ਸਾਈਕਲ ਸਵਾਰਾਂ ਅਤੇ ਦੂਜੇ ਵਾਹਨਾ ਨੂੰ ਪਹਿਲਾਂ ਲੰਘਣ ਦਿਓ।

ਸੱਜੇ ਮੋੜ- ਸੱਜੇ ਮੁੜਣ ਲਈ ਗੱਡੀ ਨੂੰ ਸੜਕ ਦੇ ਸੱਜੇ ਕਿਨਾਰੇ ਦੇ ਕੋਲ ਲੈ ਆਓ। ਜੇ ਉੱਥੇ ਇੱਕ ਬਾਈਕ ਲੇਨ ਹੈ, ਤਾਂ ਗੱਡੀ ਨੂੰ ਬਾਈਕ ਲੇਨ ਵਿੱਚ ਲੈ ਆਓ ਪਰ 200 ਫੁੱਟ ਤੱਕ ਦੀ ਦੂਰੀ ਤੋਂ ਪਹਿਲਾਂ ਨਹੀਂ। ਤੁਹਾਡੀ ਗੱਡੀ ਅਤੇ ਸੜਕ ਦੇ ਕਿਨਾਰੇ ਦੇ ਵਿੱਚਕਾਰ ਆ ਸਕਣ ਵਾਲੇ ਸਾਈਕਲ ਸਵਾਰਾਂ ਅਤੇ ਮੋਟਰਸਾਈਕਲ ਸਵਾਰਾਂ ਦਾ ਧਿਆਨ ਰੱਖੋ। ਮੋੜ ਤੋਂ ਤੱਕਰੀਬਨ 100 ਫੁੱਟ ਪਹਿਲਾਂ ਸਿਗਨਲ ਦੇਣਾ ਸ਼ੁਰੂ ਕਰ ਦਿਓ। ਆਪਣੇ ਸੱਜੇ ਮੋਢੇ ਉੱਤੋਂ ਪਿੱਛੇ ਵੇਖੋ ਅਤੇ ਗੱਡੀ ਦੀ ਰਫਤਾਰ ਘਟਾਓ। ਸੀਮਾ ਲਾਈਨ ਦੇ ਪਿੱਛੇ ਰੁਕੋ। ਦੋਵੇਂ ਪਾਸੇ ਵੱਲ ਵੇਖੋ ਅਤੇ ਜਦੋਂ ਸੁਰੱਖਿਅਤ ਹੋਵੇ ਤੁਸੀਂ ਮੋੜ ਕੱਟ ਲਓ। ਦੂਜੀ ਲਾਈਨ ਵਿੱਚ ਦਾਖਲ ਹੁੰਦਾ ਹੋਇਆ ਜਿਆਦਾ ਚੌੜਾ ਮੋੜ ਨਾ ਕੱਟੋ। ਆਪਣੇ ਮੋੜ ਨੂੰ ਸੱਜੀ ਲੇਨ ਵਿੱਚ ਹੀ ਪੂਰਾ ਕਰੋ।

ਸੱਜੇ ਮੋੜ ਦਾ ਇੱਕ ਉਦਾਹਰਨ:





200 ਫੁੱਟ ਇੱਕ ਅਮਰੀਕਨ ਫੁਟਬਾਲ ਫੀਲਡ ਦੀ ਲੰਬਾਈ ਦੇ ਅੱਧੇ ਤੋਂ ਵੱਧ ਹੁੰਦਾ ਹੈ।

ਜਨਤਕ ਆਵਾਜਾਈ ਬੱਸਾਂ ਲਈ ਲੇਨ ਜਨਤਕ ਆਵਾਜਾਈ ਬੱਸਾਂ ਲਈ ਖਾਸ ਤੌਰ ਤੇ ਨਾਮਿਤ ਖੇਤਰਾਂ ਵਿੱਚ ਕਿਸੇ ਗੱਡੀ ਨੂੰ ਚਲਾਉਣਾ, ਰੋਕਣਾ, ਪਾਰਕ ਕਰਨਾ ਜਾਂ ਛੱਡ ਜਾਣਾ ਗੈਰਕਨੂੰਨੀ ਹੈ ਜਦੋਂ ਤੀਕ ਕਿ ਕਿਸੇ ਗੱਡੀ ਨੂੰ ਇੱਕ ਮੋੜ ਕੱਟਣ ਲਈ ਲੇਨ ਨੂੰ ਪਾਰ ਕਰਨਾ ਜ਼ਰੂਰੀ ਨਾ ਹੋਵੇ। ਉਨ੍ਹਾਂ ਲੇਨਾਂ ਤੇ "ਸਿਰਫ਼ ਬੱਸ" ਦੀ ਵਰਤੋਂ ਲਈ ਨੂੰ ਦਰਸਾਉਣ ਵਾਲੇ ਸੰਕੇਤ ਲੱਗੇ ਹੋਣਗੇ।

ਲਾਲ ਟ੍ਰੈਫਿਕ ਸਿਗਨਲ ਲਾਈਟ ਦੇ ਹੁੰਦਿਆ ਹੋਇਆ ਇੱਕ ਸੱਜਾ ਮੋੜ ਕੱਟਣਾ–ਸਿਗਨਲ ਦਿਓ ਅਤੇ ਸੀਮਾ ਲਾਈਨ ਜਾਂ ਕੋਨੇ ਤੇ ਲਾਲ ਟ੍ਰੈਫਿਕ ਸਿਗਨਲ ਲਾਈਟ ਲਈ ਰੁਕੋ। ਜੇ ਉਥੇ ਕੋਈ ਸੀਮਾ ਰੇਖਾ ਨਹੀਂ ਹੈ ਤਾਂ ਕ੍ਰਾਸਵਾਕ (ਪਾਰ-ਪੱਟੜੀ) ਵਿੱਚ ਦਾਖਲ ਹੋਣ ਤੋਂ ਪਹਿਲਾਂ ਰੁਕੋ। ਜੇ ਉਥੇ ਕੋਈ ਕ੍ਰਾਸਵਾਕ (ਪਾਰ-ਪੱਟੜੀ) ਨਹੀਂ ਹੈ ਤਾਂ ਚੌਰਾਹੇ ਵਿੱਚ ਦਾਖਲ ਹੋਣ ਤੋਂ ਪਹਿਲਾਂ ਰੁਕੋ। ਜੇ ਮੁੜਣ ਦੀ ਮਨਾਹੀ ਦਾ ਕੋਈ ਚਿੰਨ੍ਹ ਨਾ ਲੱਗਿਆ ਹੋਵੇ ਤਾਂ ਤੁਸੀਂ ਸੱਜੇ ਮੁੜ ਸਕਦੇ ਹੋ। ਆਪਣੀ ਹਰੀ ਟ੍ਰੈਫਿਕ ਸਿਗਨਲ ਲਾਈਟ ਹੋਣ ਤੇ ਚਲ ਰਹੇ ਪੈਦਲ ਚੱਲਣ ਵਾਲੇ ਲੋਕਾਂ, ਸਾਈਕਲ ਸਵਾਰਾਂ, ਜਾਂ ਦੂਜੀਆਂ ਗੱਡੀਆਂ ਲਈ ਰੁੱਕੋ।



ਕਿਸੇ ਸਮਰਪਤਿ ਲੇਨ ਤੋਂ ਕਿਸੇ ਸੜਕ ਤੇ ਸੱਜੇ ਪਾਸੇ ਵੱਲ ਮੁੜ੍ਹਨਾ– ਤੁਸੀਂ ਬਿਨਾਂ ਰੁੱਕੇ ਸੱਜੇ ਪਾਸੇ ਵੱਲ ਨੂੰ ਮੁੜ ਸਕਦੇ ਹੋ ਜੇ ਜਿਸ ਸੜਕ ਤੇ ਤੁਸੀਂ ਮੁੜ ਰਹੇ ਹੋ ਉਸ ਤੇ ਸੱਜੇ ਪਾਸੇ ਮੁੜਨ ਵਾਲਿਆਂ ਲਈ ਇੱਕ ਨਾ ਰੱਲਣ ਵਾਲੀ ਇੱਕ ਲੇਨ ਹੈ, ਅਤੇ ਉਥੇ ਸੱਜੇ ਪਾਸੇ ਨਾ ਮੁੜਨ ਲਈ ਕੋਈ ਚਿੰਨ੍ਹ ਨਹੀਂ ਲਗਿਆ ਹੋਇਆ ਹੈ। ਤੁਸੀਂ ਬਿਨਾਂ ਰੁਕੇ ਅੱਗੇ ਵੱਧ ਸਕਦੇ ਹੋ, ਭਾਵੇਂ ਉੱਥੇ ਚੌਰਾਹੇ ਵਿੱਚ ਸਿੱਧੇ ਵੜਣ ਵਾਲੀਆਂ ਗੱਡੀਆਂ ਲਈ ਇੱਕ ਲਾਲ ਟ੍ਰੈਫਿਕ ਸਿਗਨਲ ਲਾਈਟ ਹੋਵੇ। ਜੇ ਉੱਥੇ ਸੱਜੇ ਪਾਸੇ ਮੁੜਨ ਵਾਲੀ ਲੇਨ ਦੇ ਸੱਜੀ ਪਟਰੀ (ਕਰਬ) ਤੇ ਇੱਕ ਟ੍ਰੈਫਿਕ ਸਿਗਨਲ ਲਾਈਟ ਜਾਂ ਸੰਕੇਤ ਹੋਵੇ, ਤਾਂ ਤੁਹਾਡਾ ਉਸ ਟ੍ਰੈਫਿਕ ਸਿਗਨਲ ਲਾਈਟ ਜਾਂ ਸੰਕੇਤ ਦੇ ਨਿਰਦੇਸ਼ਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ। ਕ੍ਰਾਸਵਾੱਕ ਵਿੱਚ ਚੱਲ ਰਹੇ ਪੈਦਲ ਯਾਤਰੀਆਂ ਲਈ ਹਮੇਸ਼ਾ ਰੁਕੋ।

ਲਾਲ ਤੀਰ ਦੇ ਹੁੰਦਿਆਂ ਹੋਇਆਂ ਕੋਈ ਮੋੜ ਨਹੀਂ- ਜੇ ਲਾਲ ਤੀਰ ਵਾਲੀ ਬੱਤੀ ਜੱਗ ਰਹੀ ਹੈ ਤਾਂ ਤਸੀਂ ਖੱਬੇ ਜਾਂ ਸੱਜੇ ਨਹੀਂ ਮੁੜ ਸਕਦੇ ਹੋ।

ਖੱਬੇ ਅਤੇ ਸੱਜੇ ਮੁੜਣ ਦੇ ਉਦਾਹਰਨ

ਚਿੱਤਰ ਵਿੱਚ ਕਾਰਾਂ ਤੇ ਲਿੱਖੇ ਗਏ ਨੰਬਰ ਇਨ੍ਹਾਂ ਪੰਨਿਆਂ ਤੇ ਦਿੱਤੇ ਵਾਕਾਂ ਦੇ ਨੰਬਰ ਦਰਸਾਉਂਦੇ ਹਨ।

ਹਮੇਸ਼ਾ ਆਪਣੀ ਗੱਡੀ ਦੇ ਮੁੜਣ ਵਾਲੇ ਸਿਗਨਲਾਂ ਦੀ ਵਰਤੋਂ ਕਰੋ।



1. ਇੱਕ ਦੁਤਰਫਾ ਸੜਕ ਤੋਂ ਖੱਬੇ ਮੁੜਣਾ। ਸੜਕ ਦੇ ਮੱਧ ਤੋਂ ਸਭ ਤੋਂ ਨੇੜਲੀ ਖੱਬੀ ਲੇਨ ਵਿੱਚ ਮੁੜਣਾ ਸ਼ੁਰੂ ਕਰੋ। ਜੇ ਸੁਰੱਖਿਅਤ ਹੋਵੇ ਤਾਂ ਮੁੜਣਾ ਚੋਰਾਹੇ ਦੀ ਕਿਸੇ ਇੱਕ ਲੇਨ ਵਿੱਚ ਪੂਰਾ ਕਰੋ (ਤੀਰਾਂ ਰਾਹੀਂ ਵਿਖਾਇਆ ਗਿਆ ਹੈ)। ਜੇ ਖੱਬੇ ਮੋੜ ਲਈ ਕੋਈ ਵਿਚਕਾਰਲੀ ਲੇਨ ਮੌਜੂਦ ਹੈ ਤਾਂ ਉਸ ਦੀ ਵਰਤੋਂ ਕਰੋ। ਜੇ ਚਿੰਨ੍ਹ ਜਾਂ ਤੀਰ ਰਾਹੀਂ ਇਜਾਜ਼ਤ ਦਿੱਤੀ ਗਈ ਹੈ, ਤਾਂ ਦੂਜੀ ਲੇਨ ਵਿੱਚੋਂ ਖੱਬੇ ਮੁੜਿਆ ਜਾ ਸਕਦਾ ਹੈ।
2. ਸੱਜੇ ਮੁੜਣਾ। ਸੜਕ ਦੇ ਸੱਜੇ ਪਾੱਸੇ ਵਾਲੇ ਕਿਨਾਰੇ (ਕਰਬ) ਦੀ ਸਭ ਤੋਂ ਨੇੜਲੀ ਲੇਨ ਤੋਂ ਮੁੜਣਾ ਸ਼ੁਰੂ ਅਤੇ ਖਤਮ ਕਰੋ। ਮੋੜ ਲੈਣ ਵੇਲੇ ਲਹਰਾਉਂਦਿਆਂ ਹੋਇਆਂ ਟ੍ਰੈਫਿਕ ਦੀ ਕਿਸੇ ਦੂਜੀ ਲੇਨ ਵਿੱਚ ਨਾ ਜਾਓ। ਆਪਣੀ ਗੱਡੀ ਅਤੇ ਸੜਕ ਦੇ ਕਿਨਾਰੇ (ਕਰਬ) ਵਿੱਚਕਾਰ ਆਉਣ ਵਾਲੇ ਪੈਦਲ ਚੱਲਣ ਵਾਲੇ ਲੋਕਾਂ, ਮੋਟਰਸਾਈਕਲ ਸਵਾਰਾਂ ਅਤੇ ਸਾਈਕਲ ਚਲਾਉਣ ਵਾਲਿਆਂ ਦਾ ਧਿਆਨ ਰੱਖੋ। ਕਈ ਵਾਰ, ਚਿੰਨ੍ਹ ਜਾਂ ਸੜਕ ਤੇ ਬਣੇ ਹੋਏ ਨਿਸ਼ਾਨ ਤੁਹਾਨੂੰ ਦੂਜੀ ਲੇਨ ਵਿੱਚੋਂ ਵੀ ਸੱਜੇ ਮੁੜਣ ਦੀ ਆਗਿਆ ਦੇਣਗੇ ਜਿਵੇਂ ਕਿ ਚਿੱਤਰ ਰਾਹੀਂ ਵਿਖਾਇਆ ਗਿਆ ਹੈ।



3. ਦੁਤਰਫਾ ਟ੍ਰੈਫਿਕ ਵਾਲੀ ਸੜਕ ਤੋਂ ਇੱਕ-ਤਰਫਾ ਵਾਲੀ ਸੜਕ ਤੇ ਖੱਬੇ ਮੁੜਣਾ। ਸੜਕ ਦੇ ਮੱਧ ਤੋਂ ਸਭ ਤੋਂ ਨੇੜਲੀ ਲੇਨ ਵਿੱਚੋ ਮੁੜਣਾ ਸ਼ੁਰੂ ਕਰੋ। ਜਿਵੇਂ ਕਿ ਤੀਰਾਂ ਰਾਹੀਂ ਦਰਸਾਇਆ ਗਿਆ ਹੈ, ਜਿਹੜੀ ਵੀ ਲੇਨ ਸੁਰੱਖਿਅਤ ਤੌਰ ਤੇ ਖੁੱਲ੍ਹੀ ਹੋਵੇ ਉਸ ਵਿੱਚ ਮੁੜ ਜਾਓ।
4. ਇੱਕ-ਤਰਫਾ ਵਾਲੀ ਸੜਕ ਤੋਂ ਦੁਤਰਫਾ ਟ੍ਰੈਫਿਕ ਵਾਲੀ ਸੜਕ ਤੇ ਖੱਬੇ ਮੁੜਣਾ। ਸਭ ਤੋਂ ਖੱਬੀ ਲੇਨ ਤੋਂ ਮੁੜਣਾ ਸ਼ੁਰੂ ਕਰੋ। ਜਿਵੇਂ ਕਿ ਤੀਰਾਂ ਰਾਹੀਂ ਦਰਸਾਇਆ ਗਿਆ ਹੈ, ਸੁਰੱਖਿਅਤ ਤੌਰ ਤੇ ਖੁੱਲ੍ਹੀ ਹੋਈ ਕਿਸੇ ਵੀ ਲੇਨ ਵਿੱਚ ਮੁੜ ਜਾਓ।

5. ਇੱਕ-ਤਰਫਾ ਸੜਕ ਤੋਂ ਇੱਕ-ਤਰਫਾ ਸੜਕ ਤੇ ਖੱਬੇ ਮੁੜਣਾ। ਸਭ ਤੋਂ ਖੱਬੀ ਲੇਨ ਤੋਂ ਮੁੜਣਾ ਸ਼ੁਰੂ ਕਰੋ। ਆਪਣੀ ਗੱਡੀ ਅਤੇ ਸੜਕ ਦੇ ਕਿਨਾਰੇ (ਕਰਬ) ਵਿੱਚਕਾਰ ਆਉਣ ਵਾਲੇ ਪੈਦਲ ਚੱਲਣ ਵਾਲੇ ਲੋਕਾਂ, ਮੋਟਰਸਾਈਕਲ ਸਵਾਰਾਂ ਅਤੇ ਸਾਈਕਲ ਚਲਾਉਣ ਵਾਲਿਆਂ ਦਾ ਧਿਆਨ ਰੱਖੋ ਕਿਉਂਕਿ ਉਹ ਖੱਬੇ ਮੁੜਣ ਲਈ ਖੱਬੀ ਲੇਨਾਂ ਦੀ ਵਰਤੋਂ ਕਨੂੰਨੀ ਤੌਰ ਤੇ ਕਰ ਸਕਦੇ ਹਨ। ਜਿਵੇਂ ਕਿ ਤੀਰਾਂ ਰਾਹੀਂ ਦਰਸਾਇਆ ਗਿਆ ਹੈ, ਜਿਹੜੀ ਵੀ ਲੇਨ ਸੁਰੱਖਿਅਤ ਤੌਰ ਤੇ ਖੁੱਲ੍ਹੀ ਹੋਵੇ ਉਸ ਵਿੱਚ ਮੁੜ ਜਾਓ।

6. ਇੱਕ-ਤਰਫਾ ਸੜਕ ਤੋਂ ਇੱਕ-ਤਰਫਾ ਸੜਕ ਤੇ ਸੱਜੇ ਮੁੜਣਾ। ਸਭ ਤੋਂ ਸੱਜੀ ਲੇਨ ਤੋਂ ਮੁੜਣਾ ਸ਼ੁਰੂ ਕਰੋ। ਜੇ ਸੁਰੱਖਿਅਤ ਹੋਵੇ, ਤਾਂ ਤੁਸੀਂ ਕਿਸੇ ਵੀ ਲੇਨ ਵਿੱਚ ਮੁੜ ਸਕਦੇ ਹੋ। ਕਈ ਵਾਰ, ਚਿੰਨ੍ਹ ਜਾਂ ਸੜਕ ਤੇ ਬਣੇ ਹੋਏ ਨਿਸ਼ਾਨ ਤੁਹਾਨੂੰ ਦੂਜੀ ਲੇਨ ਵਿੱਚੋਂ ਵੀ ਸੱਜੇ ਮੁੜਣ ਦੀ ਆਗਿਆ ਦੇਣਗੇ ਜਿਵੇਂ ਕਿ ਚਿੱਤਰ ਰਾਹੀਂ ਵਿਖਾਇਆ ਗਿਆ ਹੈ।



7. "ਟੀ" ਵਾਲੇ ਚੌਰਾਹੇ ਤੋਂ ਇੱਕ-ਤਰਫਾ ਸੜਕ ਤੋਂ ਦੋ-ਤਰਫਾ ਸੜਕ ਤੇ ਮੁੜਣਾ। ਸਿੱਧਾ ਜਾਣ ਵਾਲੇ ਟ੍ਰੈਫਿਕ ਨੂੰ ਪਹਿਲਾਂ ਲੰਘਣ ਦਾ ਅਧਿਕਾਰ ਹੈ। ਤੁਸੀਂ ਵਿਚਕਾਰਲੀ ਲੇਨ ਤੋਂ ਸੱਜੇ ਜਾਂ ਖੱਬੇ ਮੁੜ ਸਕਦੇ ਹੋ। ਤੁਹਾਡੇ ਮੋੜ ਦੇ ਅੰਦਰ ਆਉਣ ਵਾਲੇ ਵਾਹਨਾਂ, ਮੋਟਰਸਾਈਕਲ ਸਵਾਰਾਂ ਅਤੇ ਸਾਈਕਲ ਸਵਾਰਾਂ ਦਾ ਧਿਆਨ ਰੱਖੋ।



ਕਨੂੰਨੀ ਯੂ-ਟਰਨਸ (U-Turns)

ਯੂ-ਟਰਨ ਉਹ ਮੋੜ ਹੈ ਜਦੋਂ ਤੁਸੀਂ ਗੱਡੀ ਨੂੰ ਮੋੜ ਕੇ ਸੜਕ ਤੇ ਉਸੀ ਦਿਸ਼ਾ ਵਿੱਚ ਵਾਪਸ ਜਾਂਦੇ ਹੋ ਜਿਧਰੋਂ ਤੁਸੀਂ ਆਏ ਸੀ। ਯੂ-ਟਰਨ ਲੈਣ ਲਈ, ਸਿਗਨਲ ਦਿਓ ਅਤੇ ਸੱਭ ਤੋਂ ਖੱਬੀ ਲੇਨ ਜਾਂ ਵਿਚਕਾਰਲੀ ਖੱਬੀ ਲੇਨ ਦੀ ਵਰਤੋਂ ਕਰੋ। ਹੇਠਲੀਆਂ ਥਾਂਵਾਂ ਅਤੇ ਸਥਿਤੀਆਂ ਵਿੱਚ ਤੁਸੀਂ ਨਿਯਮਾਂ ਮੁਤਾਬਕ ਯੂ-ਟਰਨ ਲੈ ਸਕਦੇ ਹੋ:

- ਦੋਹਰੀ ਪੀਲੀ ਲਾਈਨ ਨੂੰ ਪਾਰ ਕਰਕੇ ਜਦੋਂ ਅਜਿਹਾ ਕਰਨਾ ਸੁਰੱਖਿਅਤ ਅਤੇ ਕਨੂੰਨੀ ਹੋਵੇ।
- ਇੱਕ ਰਿਹਾਇਸ਼ੀ ਇਲਾਕੇ ਵਿੱਚ:
  - ਜੇ ਤੁਹਾਡੇ ਵੱਲ ਆਉਣ ਵਾਲੀ ਕੋਈ ਵੀ ਗੱਡੀ 200 ਫੁੱਟ ਦੇ ਅੰਦਰ ਨਹੀਂ ਹੈ।
  - ਜਦੋਂ ਵੀ ਕੋਈ ਟ੍ਰੈਫਿਕ ਚਿੰਨ੍ਹ, ਲਾਈਟ ਜਾਂ ਸਿਗਨਲ ਤੁਹਾਡੇ ਵੱਲ ਆਉਣ ਵਾਲੀਆਂ ਗੱਡੀਆਂ ਤੋਂ ਤੁਹਾਨੂੰ ਬਚਾਉਂਦਾ ਹੈ।
- ਜੇ ਕਿਸੇ ਚੌਰਾਹੇ ਤੇ ਜਿੱਥੇ ਇੱਕ ਹਰੀ ਟ੍ਰੈਫਿਕ ਸਿਗਨਲ ਲਾਈਟ ਜਾਂ ਹਰਾ ਤੀਰ ਜੱਗ ਰਿਹਾ ਹੋਵੇ ਜਦੋਂ ਤੀਕ ਕਿ ਉੱਥੇ "ਯੂ-ਟਰਨ ਕਰਨਾ ਮੰਨਾ ਹੈ" (No U-turn) ਚਿੰਨ੍ਹ ਨਹੀਂ ਲਗਿਆ ਹੋਇਆ ਹੈ।
- ਇੱਕ ਵੰਡੇ ਹੋਏ ਹਾਈਵੇ ਤੇ, ਸਿਰਫ ਜਦੋਂ ਜਦੋਂ ਵਿਚਕਾਰਲੇ ਡਿਵਾਈਡਰ ਵਿੱਚ ਮੁੜਣ ਲਈ ਰਸਤਾ ਦਿੱਤਾ ਗਿਆ ਹੋਵੇ।

ਨੋਟਸ

ਨੋਟਸ

ਗੈਰਕਨੂੰਨੀ ਯੂ-ਟਰਨਸ (U-TURNS)

ਹੇਠਲੀਆਂ ਥਾਵਾਂ ਜਾਂ ਹਲਾਤਾਂ ਵਿੱਚ ਕਦੇ ਵੀ ਯੂ-ਟਰਨ ਨਾ ਲਓ:

- ਇੱਕ ਰੇਲਵੇ ਕਰਾਸਿੰਗ ਤੇ ਅਤੇ ਉੱਤੇ।
- ਕਿਸੇ ਵੰਡੇ ਹੋਏ ਹਾਈਵੇ ਤੇ ਵੰਡਣ ਵਾਲੇ ਕਿਸੇ ਹਿੱਸੇ, ਪਟੜੀ, ਜ਼ਮੀਨ ਦੇ ਟੁਕੜੇ ਜਾਂ ਦੁਹਰੀ ਪੀਲੀ ਲਾਈਨਾਂ ਦੇ ਦੋ ਸੈੱਟਾਂ ਨੂੰ ਪਾਰ ਕਰਕੇ।
- ਜਿੱਥੇ ਤੁਸੀਂ ਇੱਕ ਮੋੜ, ਪਹਾੜੀ, ਮੀਂਹ, ਧੁੰਧ ਜਾਂ ਕਿਸੇ ਹੋਰ ਕਾਰਨ ਕਰਕੇ ਦੋਵੇਂ ਦਿਸ਼ਾਵਾਂ ਵਿੱਚ 200 ਫੁੱਟ ਦੀ ਦੂਰੀ ਤੱਕ ਸਾਫ ਨਹੀਂ ਵੇਖ ਸਕਦੇ ਹੋ।
- ਜਿੱਥੇ ਇੱਕ "ਯੂ-ਟਰਨ ਕਰਨਾ ਮੰਨਾ ਹੈ" (No U-turn) ਚਿੰਨ੍ਹ ਲਗਿਆ ਹੋਇਆ ਹੈ।
- ਜਦੋਂ ਦੂਜੀਆਂ ਗੱਡੀਆਂ ਤੁਹਾਨੂੰ ਟੱਕਰ ਮਾਰ ਸਕਦੀਆਂ ਹੋਣ।
- ਇੱਕ-ਤਰਫਾ ਸੜਕ ਤੇ।
- ਫਾਇਰ ਸਟੇਸ਼ਨ ਦੇ ਸਾਮ੍ਹਣੇ ਤੋਂ। ਮੋੜ ਲੈਣ ਲਈ ਕਦੇ ਵੀ ਫਾਇਰ ਸਟੇਸ਼ਨ ਦੇ ਡ੍ਰਾਈਵ-ਵੇ ਦੀ ਵਰਤੋਂ ਕਦੀ ਨਾ ਕਰੋ।
- ਕਾਰੋਬਾਰੀ ਜਿਲ੍ਹਿਆਂ ਵਿੱਚ। ਜਿਨ੍ਹਾਂ ਇਲਾਕਿਆਂ ਵਿੱਚ ਚਰਚ, ਅਪਾਰਟਮੇਂਟ, ਇੱਕੋ ਬਿਲਡਿੰਗ ਵਿੱਚ ਅਨੇਕ ਰਿਹਾਇਸ਼ੀ ਘਰ, ਅਤੇ ਜਨਤਕ ਇਮਾਰਤਾਂ (ਸਕੂਲ ਤੋਂ ਇਲਾਵਾ) ਹੋਣ, ਉਨ੍ਹਾਂ ਨੂੰ ਵੀ ਕਾਰੋਬਾਰੀ ਜਿਲ੍ਹੇ ਹੀ ਮੰਨਿਆਂ ਜਾਂਦਾ ਹੈ। ਸਿਰਫ਼ ਚੌਰਾਹਿਆਂ ਤੇ ਜਾਂ ਉਨ੍ਹਾਂ ਥਾਂਵਾਂ ਤੋਂ ਮੁੜੋ ਜਿੱਥੇ ਮੁੜਣ ਲਈ ਰਸਤਾ ਬਣਿਆ ਹੋਵੇ, ਜਦੋਂ ਤੀਕ ਕਿ ਇਸ ਨੂੰ ਰੋਕਦਾ ਕੋਈ ਸੰਕੇਤ ਨਾ ਲਗਿਆ ਹੋਵੇ।

ਪਾਰਕਿੰਗ

ਪਹਾੜੀ ਤੇ ਪਾਰਕਿੰਗ (ਗੱਡੀ ਖੜ੍ਹੀ ਕਰਨਾ)

ਜਦੋਂ ਤੁਸੀਂ ਹੇਠਾਂ ਲਿੱਖਿਆਂ ਥਾਵਾਂ ਤੇ ਗੱਡੀ ਖੜ੍ਹੀ ਕਰੋ:



1. ਪਹਾੜੀ ਤੋਂ ਹੇਠਾਂ ਵੱਲ: ਆਪਣੀ ਗੱਡੀ ਦੇ ਪਹੀਏ ਪਟਰੀ ਵੱਲ ਮੋੜੋ।
2. ਪਹਾੜੀ ਤੇ ਉੱਤੇ ਵੱਲ: ਆਪਣੀ ਗੱਡੀ ਦੇ ਪਹੀਏ ਪਟਰੀ ਤੋਂ ਦੂਰ ਵੱਲ ਮੋੜੋ।
3. ਕੋਈ ਪਟਰੀ ਨਹੀ ਹੈ: ਆਪਣੀ ਗੱਡੀ ਦੇ ਪਹੀਏ ਸੜਕ ਦੇ ਕਿਨਾਰੇ ਵੱਲ ਮੋੜੋ।

- ਜੇ ਤੁਸੀਂ ਢਲਾਨ ਵਾਲੇ ਡ੍ਰਾਈਵੇ ਤੇ ਗੱਡੀ ਖੜੀ ਕਰਦੇ ਹੋ, ਤਾਂ ਪਹੀਇਆਂ ਨੂੰ ਮੋੜ ਦਿਓ ਤਾਂ ਜੇਕਰ ਬ੍ਰੇਕਾਂ ਫੇਲ੍ਹ ਹੋ ਜਾਣ ਤਾਂ ਕਾਰ ਰਿੜ੍ਹ ਕੇ ਸੜਕ ਤੇ ਨਾ ਚਲੀ ਜਾਵੇ।
- ਜੇ ਗੱਡੀ ਦਾ ਮੂੰਹ ਉਤਰਾਈ ਵੱਲ ਹੈ, ਤਾਂ ਆਪਣੀ ਗੱਡੀ ਦੇ ਅਗਲੇ ਪਹੀਇਆਂ ਨੂੰ ਪਟੜੀ ਜਾਂ ਸੜਕ ਦੇ ਕਿਨਾਰੇ (ਕਰਬ) ਵੱਲ ਮੋੜੋ। ਪਾਰਕਿੰਗ ਬ੍ਰੇਕਾਂ ਲਗਾ ਦਿਓ।
- ਜੇ ਗੱਡੀ ਦਾ ਮੂੰਹ ਚੜ੍ਹਾਈ ਵੱਲ ਹੈ, ਤਾਂ ਆਪਣੀ ਗੱਡੀ ਦੇ ਅਗਲੇ ਪਹੀਇਆਂ ਨੂੰ ਪਟੜੀ ਦੇ ਕਿਨਾਰੇ (ਕਰਬ) ਤੋਂ ਬਾਹਰ ਵੱਲ ਮੋੜ ਦਿਓ ਅਤੇ ਆਪਣੀ ਗੱਡੀ ਨੂੰ ਕੁਝ ਇੰਚ ਪਿੱਛੇ ਰਿੜ੍ਹਣ ਦਿਓ। ਪਹੀਆ ਹਲਕਾ ਜਿਹਾ ਪਟੜੀ ਦੇ ਕਿਨਾਰੇ(ਕਰਬ) ਨਾਲ ਲਗਣਾ ਚਾਹੀਦਾ ਹੈ। ਪਾਰਕਿੰਗ ਬ੍ਰੇਕਾਂ ਲਗਾ ਦਿਓ।
- ਜੇ ਗੱਡੀ ਦਾ ਮੂੰਹ ਚੜ੍ਹਾਈ ਵੱਲ ਜਾਂ ਉਤਰਾਈ ਵੱਲ ਹੈ ਅਤੇ ਉੱਥੇ ਕੋਈ ਪਟੜੀ ਦਾ ਕਿਨਾਰਾ (ਕਰਬ) ਨਹੀਂ ਹੈ, ਤਾਂ ਪਹੀਇਆਂ ਨੂੰ ਇੰਜ ਮੋੜੋ ਕਿ ਜੇ ਬ੍ਰੇਕਾਂ ਫੇਲ੍ਹ ਹੋ ਜਾਣ ਤਾਂ ਗੱਡੀ ਰਿੜ੍ਹ ਕੇ ਸੜਕ ਦੇ ਮੱਧ ਤੋਂ ਬਾਹਰ ਵੱਲ ਜਾਵੇ।

ਹਮੇਸ਼ਾ ਪਾਰਕਿੰਗ ਬ੍ਰੇਕਾਂ ਨੂੰ ਲਗਾ ਕੇ ਰੱਖੋ ਅਤੇ ਗੱਡੀ ਨੂੰ ਗਿਅਰ ਵਿੱਚ ਜਾਂ "ਪਾਰਕ" ਦੀ ਸਥਿਤੀ ਵਿੱਚ ਛੱਡੋ।

ਕਰਬ ਦੇ ਨਾਲ ਮਿਲਾਕੇ ਗੱਡੀ ਖੜ੍ਹੀ ਕਰਨਾ (ਪੈਰਲਲ ਪਾਰਕਿੰਗ)

ਇੱਕ ਡ੍ਰਾਈਵਿੰਗ ਤਕਨੀਕ ਹੈ ਜੋ ਤੁਹਾਨੂੰ ਸੜਕ ਤੇ ਪਾਰਕ ਕੀਤੀਆਂ ਹੋਈਆਂ ਗੱਡੀਆਂ ਦੇ ਨਾਲ ਲਾਈਨ ਵਿੱਚ ਗੱਡੀ ਖੜ੍ਹੀ ਕਰਨ ਦਿੰਦੀ ਹੈ। ਹੇਠਾਂ ਦਿੱਤੇ ਤੁਹਾਨੂੰ ਵੇਰਵਾ ਦਿੰਦੇ ਹਨ ਕਿ ਪਟਰੀ ਦੇ ਨਾਲ ਮਿਲਾਕੇ ਸੁੱਰਖਿਅਤ ਤੋਰ ਤੇ ਗੱਡੀ ਕਿਵੇਂ ਖੜ੍ਹੀ ਕਰੋ।

1. ਇੱਕ ਥਾਂ ਲੱਭੋ। ਆਪਣੀ ਗੱਡੀ ਤੋਂ ਤਕਰੀਬਨ 3 ਫੁੱਟ ਲੰਮੀ ਥਾਂ ਲੱਭੋ। ਜਦੋਂ ਤੁਸੀ ਇਹ ਥਾਂ ਲੱਭ ਲਓ, ਤਾਂ ਪਾਰਕ ਕਰਨ ਦੇ ਆਪਣੇ ਇਰਾਦੇ ਦਾ ਸਿਗਨਲ ਦਿਓ।
2. ਆਪਣੀ ਗੱਡੀ ਨੂੰ ਉਸ ਥਾਂ ਦੇ ਕੋਲ ਜਾਂ ਅੱਗੇ ਵਾਲੀ ਗੱਡੀ ਦੇ ਕੋਲ ਲਿਆ ਕੇ ਖੜ੍ਹਾ ਕਰੋ, ਜਿੱਥੇ ਤੁਸੀਂ ਖੜ੍ਹੀ ਕਰਨਾ ਚਾਹੁੰਦੇ ਹੋ। ਉਸ ਥਾਂ ਜਾਂ ਅੱਗੇ ਵਾਲੀ ਗੱਡੀ ਦੇ ਵਿੱਚਕਾਰ ਲਗਭੱਗ 2 ਫੁੱਟ ਦੀ ਦੂਰੀ ਰੱਖੋ ਅਤੇ ਤਾਂ ਰੁਕ ਜਾਓ ਜਦੋਂ ਕਿ ਤੁਹਾਡੀ ਗੱਡੀ ਦਾ ਪਿਛਲਾ ਬੰਪਰ ਉਸ ਥਾਂ ਦੇ ਨਾਲ ਇੱਕ ਲਾਈਨ ਵਿੱਚ ਆ ਗਏ ਹੋਣ। ਆਉਣ ਵਾਲੀਆਂ ਗੱਡੀਆਂ ਲਈ ਆਪਣੀ ਗੱਡੀ ਦੇ ਪਿੱਛੇ ਵਾਲੇ ਸ਼ੀਸ਼ੇ ਵਿੱਚ ਅਤੇ ਆਪਣੇ ਮੋਢੇ ਦੇ ਉੱਤੇ ਵੇਖੋ। ਆਪਣਾ ਪੈਰ ਬ੍ਰੇਕ ਤੇ ਰੱਖੋ ਅਤੇ ਕਾਰ ਨੂੰ ਰਿਵਰਸ ਵਿੱਚ ਪਾਓ। ਮੁੜਣ ਦਾ ਸਿਗਨਲ ਚਾਲੂ ਰੱਖੋ।
3. ਆਪਣਾ ਪੈਰ ਬ੍ਰੇਕ ਤੋਂ ਹਟਾ ਲਓ। ਗੱਡੀ ਪਿੱਛੇ ਲਿਆਉਣ ਤੋਂ ਪਹਿਲਾਂ ਕਿਸੇ ਖਤਰੇ ਨੂੰ ਵੇਖਣ ਲਈ ਆਪਣੇ ਸ਼ੀਸ਼ੀਆਂ ਵਿੱਚ ਅਤੇ ਮੋਢਿਆਂ ਦੇ ਉੱਤੇ ਪਿੱਛੇ ਵੱਲ ਵੇਖੋ। ਪਿੱਛੇ ਵੱਲ ਲੱਗਭੱਗ 45 ਡਿਗਰੀ ਦੇ ਕੋਣ ਤੇ ਜਾਣਾ ਸ਼ੁਰੂ ਕਰੋ।

1 ਕਦਮ
ਆਪਣੀ ਗੱਡੀ ਨੂੰ ਪਾਰਕ ਕਰਨ ਵਾਲੀ ਥਾਂ ਦੇ ਅੱਗੇ ਨਾਲ ਖੜ੍ਹੀ ਗੱਡੀ ਦੇ ਬਰਾਬਰ ਲਿਆਓ।



2 ਕਦਮ
ਆਪਣੀ ਗੱਡੀ ਨੂੰ ਇੱਕ S ਦੇ ਆਕਾਰ ਵਿੱਚ ਚਲਾ ਕੇ ਉਸ ਥਾਂ ਤੇ ਪਿੱਛੇ ਲਿਆਓ।



3 ਕਦਮ
ਜਦੋਂ ਕਾਰ ਪਟਰੀ ਦੇ ਬਰਾਬਰ ਆ ਜਾਵੇ ਤਾਂ ਉਸਨੂੰ ਅੱਗੇ ਕਰਕੇ ਉਸ ਥਾਂ ਦੇ ਵਿੱਚਕਾਰ ਖੜ੍ਹੀ ਕਰ ਦਿਓ।



4. ਗੱਡੀ ਨੂੰ ਸਿਧਾ ਕਰੋ। ਸਟੀਯਰਿੰਗ ਵ੍ਹੀਲ ਨੂੰ ਪਟਰੀ ਤੋਂ ਦੂਰ ਲੈਣਾ ਜਾਣਾ ਸ਼ੁਰੂ ਕਰੋ ਜਦੋਂ ਕਿ ਤੁਹਾਡੀ ਗੱਡੀ ਦਾ ਪਿਛਲਾ ਪਹੀਆ ਪਟਰੀ ਤੋਂ 18 ਇੰਚ ਦੇ ਵਿੱਚਕਾਰ ਹੋਵੇ। ਹੋ ਸਕਦਾ ਹੈ ਕਿ ਪਾਰਕ ਕਰਨ ਤੋਂ ਪਹਿਲਾਂ ਤੁਹਾਨੂੰ ਆਪਣੀ ਗੱਡੀ ਨੂੰ ਅੱਗੇ ਜਾਂ ਪਿੱਛੇ ਕਰਕੇ ਸਿਧਾ ਕਰ ਕੇ ਸਹੀ ਥਾਂ ਤੇ ਲਾਉਣਾ ਪਵੇ। ਤੁਹਾਡੀ ਗੱਡੀ ਹੁਣ ਸੜਕ ਦੇ ਨਾਲ ਲਗੀ ਹੋਣੀ ਚਾਹੀਦੀ ਹੈ ਅਤੇ ਪਟਰੀ ਤੋਂ 18 ਇੰਚ ਤੋਂ ਜ਼ਿਆਦਾ ਬਾਹਰ ਨਹੀਂ ਹੋਣੀ ਚਾਹੀਦੀ।

ਸੜਕ ਦੇ ਰੰਗਦਾਰ ਕਿਨਾਰਿਆਂ (ਕਰਬ) ਕੋਲ ਗੱਡੀ ਖੜ੍ਹੀ ਕਰਨਾ

ਸੜਕ ਦੇ ਰੰਗਦਾਰ ਕਿਨਾਰਿਆਂ (ਕਰਬ) ਲਈ ਖਾਸ ਪਾਰਕਿੰਗ ਨਿਯਮ ਹੇਠਲੇ ਹਨ:

ਚਿੱਟਾ–ਸਿਰਫ ਉਨੀ ਹੀ ਦੇਰ ਲਈ ਰੁਕਿਆ ਜਾ ਸਕਦਾ ਹੈ ਜਿਸ ਵਿੱਚ ਯਾਤਰੀਆਂ ਜਾਂ ਡਾਕ ਨੂੰ ਚੜ੍ਹਾਇਆ ਜਾਂ ਉਤਾਰਿਆ ਜਾ ਸਕੇ।



ਹਰਾ–ਸੀਮਿਤ ਸਮੇਂ ਲਈ ਗੱਡੀ ਖੜ੍ਹੀ ਕਰੋ। ਹਰੇ ਖੇਤਰ ਦੇ ਨੇੜੇ ਸਮੇਂ ਸੀਮਾ ਲਈ ਜਾਂ ਪਟੜੀ ਦੇ ਕਿਨਾਰੇ (ਕਰਬ) ਉੱਤੇ ਪੇਂਟ ਕੀਤੇ ਹੋਏ ਸਮੇਂ ਦੇ ਲਈ ਵੇਖੋ।

ਪੀਲਾ–ਸਵਾਰੀਆਂ ਜਾਂ ਸਮਾਨ ਨੂੰ ਚੜ੍ਹਾਉਣ ਜਾਂ ਉਤਾਰਣ ਲਈ ਲੱਗਣ ਵਿੱਚ ਦੱਸੇ ਗਏ ਸਮੇਂ ਤੋਂ ਵਧ ਨਾ ਰੁਕੋ। ਆਮ ਤੌਰ ਤੇ ਗੈਰ ਵਪਾਰਕ ਗੱਡੀਆਂ ਦੇ ਡ੍ਰਾਈਵਰਾਂ ਦਾ ਆਪਣੀ ਗੱਡੀ ਦੇ ਨੇੜੇ ਰਹਿਣਾ ਜ਼ਰੂਰੀ ਹੁੰਦਾ ਹੈ।

ਲਾਲ–ਕੋਈ ਰੋਕਣਾ, ਖੜ੍ਹਨਾ, ਜਾਂ ਪਾਰਕਿੰਗ ਨਹੀਂ (ਬੱਸਾਂ ਲਈ ਦਰਸਾਈਆਂ ਇਕ ਲਾਲ ਜ਼ੋਨ ਤੇ ਬਸਾਂ ਰੋਕ ਸਕਦੀਆਂ ਹਨ)।

ਨੀਲਾ–ਸਿਰਫ ਕਿਸੇ ਅਪਾਹਜ ਵਿਅਕਤੀ ਲਈ ਜਾਂ ਇੱਕ ਅਪਾਹਜ ਵਿਅਕਤੀ ਦੇ ਡ੍ਰਾਈਵਰ ਲਈ ਪਾਰਕਿੰਗ ਕਰਨ ਦੀ ਆਗਿਆ ਹੈ ਜੋ ਅਪਾਹਜ ਵਿਅਕਤੀ ਜਾਂ ਅਪਾਹਜ ਵੈਟਰਨ ਲਈ ਇੱਕ ਪਲਾਕਾਰਡ ਜਾਂ ਖਾਸ ਲਾਈਸੈਂਸ ਪਲੇਟ ਨੂੰ ਦਰਸਾਉਂਦਾ ਹੈ। ਅਪਾਹਜ ਵਿਅਕਤੀਆਂ ਲਈ ਪਾਰਕਿੰਗ ਦੀ ਥਾਂ ਦੇ ਨਾਲ ਇੱਕ ਤਿਰਛੀ ਲਕੀਰਾਂ ਵਾਲਾ ਪੇਂਟ ਕੀਤਾ ਹੋਇਆ ਖੇਤਰ ਹੁੰਦਾ ਹੈ ਜੋ ਕਿ ਪਾਰਕਿੰਗ ਮੰਨ੍ਹਾ ਖੇਤਰ ਹੁੰਦਾ ਹੈ। ਅਪਾਹਜ ਵੈਟਰਨ ਲਈ ਇੱਕ ਪਲਾਕਾਰਡ ਜਾਂ ਖਾਸ ਲਾਈਸੈਂਸ ਪਲੇਟਾਂ ਲਈ ਜਾਣਕਾਰੀ ਲਈ ਜਾਂ ਅਰਜ਼ੀ ਲਈ **www.dmv.ca.gov** 'ਤੇ ਜਾਓ ਜਾਂ 1-800-777-0133 'ਤੇ ਕਾਲ ਕਰੋ।

ਤਿਰਛੀਆਂ ਲਕੀਰਾਂ (ਆੜੀ-ਟੇੜੀ ਲਾਈਨਾਂ) ਵਾਲੇ ਪੇਂਟ ਕੀਤੇ ਹੋਏ ਖੇਤਰ ਦਾ ਉਦਾਹਰਨ:

ਧਿਆਨ ਦਿਓ: ਪਲਾਕਾਰਡ ਦੀ ਦੁਰਵਰਤੋਂ ਦੇ ਨਤੀਜੇ ਵਜੋਂ ਖਾਸ ਪਾਰਕਿੰਗ ਸੁਵਿਧਾਵਾਂ ਖਤਮ ਕਰ ਦਿੱਤੀਆਂ ਜਾਂਦੀਆਂ ਹਨ। ਨਾਲ ਹੀ, ਇਹ ਇੱਕ ਅਪਰਾਧ ਹੈ ਅਤੇ ਜਿਸਦੀ ਸਜ਼ਾ $1,000 ਤੱਕ ਦਾ ਜ਼ੁਰਮਾਨਾ, ਕਾਉਂਟੀ ਜੇਲ੍ਹ ਵਿੱਚ 6 ਮਹੀਨੇ ਤੱਕ ਦੀ ਕੈਦ ਦੀ ਸਜ਼ਾ ਜਾਂ ਦੋਵੇਂ ਹੋ ਸਕਦੇ ਹਨ।

ਪਲਾਕਾਰਡ/ਪਲੇਟ ਦੀ ਦੁਰਵਰਤੋਂ ਦੇ ਕੁਝ ਉਦਾਹਰਨ:

- ਪਲਾਕਾਰਡ/ਪਲੇਟ ਦੇ ਗੁੰਮ/ਚੋਰੀ ਹੋਣ ਦੀ ਸੂਚਨਾ ਦੇਣ ਤੋਂ ਬਾਅਦ ਬਿਨ੍ਹਾਂ ਇਹ ਰਿਪੋਰਟ ਕੀਤੇ ਉਸਦੀ ਵਰਤੋਂ ਕਰਨਾ ਕਿ ਉਹ ਪਲਾਕਾਰਡ/ਪਲੇਟ ਮਿਲ ਗਈ ਹੈ।
- ਆਪਣਾ ਪਲਾਕਾਰਡ/ਪਲੇਟ ਦੋਸਤਾਂ ਜਾਂ ਪਰਿਵਾਰ ਦੇ ਸਦੱਸਾਂ (ਭਾਵੇਂ ਉਹ ਅਪਾਹਜ ਹਨ ਜਾਂ ਨਹੀਂ) ਨੂੰ ਵਰਤੋਂ ਲਈ ਦੇਣਾ।
- ਦੋਸਤਾਂ ਜਾਂ ਪਰਿਵਾਰਕ ਸਦੱਸਾਂ ਦੇ ਨਾਲ ਪਲਾਕਾਰਡ ਬਦਲਣਾ।

- ਪਲਾਕਾਰਡ/ਪਲੇਟ ਦੀ ਵਰਤੋਂ ਉਸ ਵੇਲੇ ਕਰਨਾ ਜਦੋਂ ਉਹ ਵਿਅਕਤੀ ਜਿਸਨੂੰ ਇਹ ਜਾਰੀ ਕੀਤੀ ਗਈ ਸੀ ਉਸ ਗੱਡੀ ਵਿੱਚ ਤੁਹਾਡੇ ਨਾਲ ਮੌਜੂਦ ਨਹੀਂ ਹੈ (ਅਪਾਹਜ ਬੱਚਾ, ਪਰਿਵਾਰਕ ਸਦੱਸ, ਮੁਲਾਜ਼ਮ, ਵਗੈਰਾ)।
- ਕਿਸੇ ਮਰੇ ਹੋਏ ਵਿਅਕਤੀ ਦੇ ਪਲਾਕਾਰਡ/ਪਲੇਟ ਦੀ ਵਰਤੋਂ ਕਰਨਾ।

  ਧਿਆਨ ਦਿਓ: ਅਪਾਹਜ ਵਿਅਕਤੀ ਲਈ ਦਿੱਤੀਆਂ ਗਈਆਂ ਲਾਈਸੈਂਸ ਪਲੇਟਾਂ/ਪਲਾਕਾਰਡ ਉਸ ਅਪਾਹਜ ਵਿਅਕਤੀ ਦੀ ਮੌਤ ਤੋਂ ਬਾਅਦ DMV ਫੀਲਡ ਦਫ਼ਤਰ ਜਾਂ ਹੇਠਾਂ ਦਿੱਤੇ ਪਤੇ ਤੇ ਵਾਪਸ ਕੀਤਾ ਜਾਣਾ ਜ਼ਰੂਰੀ ਹੈ:

  DMV
  PO Box 942869, MS D238
  Sacramento, CA 94269-0001

ਗੈਰਕਨੂੰਨੀ ਪਾਰਕਿੰਗ

ਹੇਠਾਂ ਲਿੱਖੀਆਂ ਥਾਵਾਂ ਤੇ ਆਪਣੀ ਗੱਡੀ ਕਦੇ ਖੜ੍ਹੀ ਨਾ ਕਰੋ ਜਾਂ ਛੱਡੋ:

- ਜਿੱਥੇ ਇੱਕ "ਪਾਰਕਿੰਗ ਕਰਨਾ ਮੰਨਾ ਹੈ" (No Parking) ਚਿੰਨ੍ਹ ਲਗਿਆ ਹੋਇਆ ਹੈ।
- ਨਿਸ਼ਾਨ ਬਣੇ ਹੋਣ ਜਾਂ ਬਿਨ੍ਹਾਂ ਨਿਸ਼ਾਨ ਵਾਲੇ ਇੱਕ ਕ੍ਰਾਸਵਾਕ, ਸਾਈਡਵਾਕ, ਅੰਸ਼ਿਕ ਤੌਰ ਤੇ ਇੱਕ ਸਾਈਡਵਾਕ ਨੂੰ ਰੋਕਣਾ ਜਾਂ ਕਿਸੀ ਡ੍ਰਾਈਵ-ਵੇ ਦੇ ਸਾਮ੍ਹਣੇ।
- ਅਪਾਹਜ ਲੋਕਾਂ ਲਈ ਸੜਕ ਦੇ ਕਿਨਾਰੇ ਬਣੇ ਢਲਾਣ (ਸਾਈਡਵਾਕ ਰੈਂਪ) ਤੋਂ 3 ਫੁੱਟ ਦੀ ਦੂਰੀ ਦੇ ਅੰਦਰ-ਅੰਦਰ ਜਾਂ ਕਿਸੇ ਸੜਕ ਦੇ ਕਿਨਾਰੇ (ਕਰਬ) ਦੇ ਸਾਮ੍ਹਣੇ ਜਿੱਥੋਂ ਵ੍ਹੀਲਚੇਅਰ ਦੇ ਪਟੜੀ ਦੇ ਉੱਤੇ ਚੜ੍ਹਣ ਦੀ ਥਾਂ ਹੋਵੇ।
- ਅਪਾਹਜ ਲੋਕਾਂ ਲਈ ਬਣੀ ਪਾਰਕਿੰਗ ਦੀ ਥਾਂ ਵਿੱਚ, ਜਦੋਂ ਤੀਕ ਕਿ ਤੁਸੀਂ ਆਪ ਅਪਾਹਜ ਨਾ ਹੋਵੋ ਅਤੇ ਤੁਹਾਡੀ ਗੱਡੀ ਤੇ ਪਲਾਕਾਰਡ ਜਾਂ ਅਪਾਹਜ ਵਿਅਕਤੀ ਹੋਣ ਦੀਆਂ ਲਾਈਸੈਂਸ ਪਲੇਟਾਂ ਨਾ ਲਗੀਆਂ ਹੋਈਆਂ ਹੋਣ।
- ਅਪਾਹਜ ਲੋਕਾਂ ਲਈ ਪਾਰਕਿੰਗ ਦੀ ਥਾਂ ਦੇ ਨਾਲ ਵਾਲੀ ਥਾਂ ਤੇ ਜਿਸ ਵਿੱਚ ਤਿਰਛੀ ਲਕੀਰਾਂ ਪੇਂਟ ਕੀਤੀਆਂ ਗਈਆਂ ਹੋਣ (CVC §22507.8(c)(2))।
- ਜ਼ੀਰੋ ਨਿਕਾਸ ਵਾਲੀਆਂ ਗੱਡੀਆਂ ਦੇ ਪਾਰਕਿੰਗ ਜਾਂ ਚਾਰਜਿੰਗ ਲਈ ਨਿਰਧਾਰਤ ਸਥਾਨ ਜਿੰਨਾਂ ਤੇ ਇੱਕ ਸ਼ਨਾਖਤ ਕਰਨ ਵਾਲਾ ਡੀਕੈਲ ਲਗਿਆ ਹੁੰਦਾ ਹੈ, ਜਦੋਂ ਤੱਕ ਕਿ ਤੁਸੀਂ ਜ਼ੀਰੋ ਐਮੀਸ਼ਨ ਵਾਲੀ ਗੱਡੀ ਨਾ ਚਲਾ ਰਹੇ ਹੋ ਜੋ ਤੁਸੀਂ ਸਪੇਸ ਵਿੱਚ ਚਾਰਜ ਕਰੋਗੇ।
- ਕਿਸੇ ਸੁਰੰਗ ਵਿੱਚ ਜਾਂ ਪੁਲ ਦੇ ਉੱਤੇ, ਸਿਵਾਏ ਉਨ੍ਹਾਂ ਥਾਵਾਂ ਦੇ ਜਿੱਥੇ ਇਸ ਦੀ ਆਗਿਆ ਦੇ ਚਿੰਨ੍ਹ ਲੱਗੇ ਹੋਣ।
- ਅੱਗ ਬੁਝਾਉਣ ਲਈ ਪਾਣੀ ਦੇ ਵੱਡੇ ਨਲਕੇ ਜਾਂ ਫਾਇਰ ਸਟੇਸ਼ਨ ਦੇ ਡ੍ਰਾਈਵ-ਵੇ ਤੋਂ 15 ਫੁੱਟ ਦੂਰੀ ਦੇ ਅੰਦਰ-ਅੰਦਰ।
- ਰੇਲਰੋਡ ਟ੍ਰੈਕ ਤੇ ਜਾਂ ਉਸ ਤੋਂ 7½ ਫੁੱਟ ਦੀ ਦੂਰੀ ਦੇ ਅੰਦਰ-ਅੰਦਰ।
- ਇੱਕ ਸੁਰੱਖਿਆ ਖੇਤਰ ਅਤੇ ਪਟੜੀ ਦੇ ਕਿਨਾਰੇ (ਕਰਬ) ਦੇ ਵਿੱਚਕਾਰ।
- "ਦੋਹਰੀ ਪਾਰਕ ਕੀਤੀ ਹੋਈ "(ਸੜਕ ਤੇ ਗੱਡੀ ਖੜ੍ਹੀ ਕਰਨਾ ਜਦੋਂ ਸੜਕ ਦੇ ਕਿਨਾਰੇ ਪਾਰਕਿੰਗ ਦੀਆਂ ਸਾਰੀਆਂ ਕਨੂੰਨੀ ਥਾਵਾਂ ਭਰੀਆਂ ਹੋਣ)।
- ਸੜਕ ਦੇ ਗਲਤ ਪਾੱਸੇ ਵੱਲ।
- ਇੱਕ ਲਾਲ ਕਰਬ ਤੇ।
- ਫ੍ਰੀਵੇ ਦੇ ਉੱਤੇ, ਸਿਵਾਏ ਕਿ:
  - ਕਿਸੇ ਐਮਰਜੈਂਸੀ ਵੇਲੇ।
  - ਜਦੋਂ ਰੁਕਣਾ ਇੱਕ ਅਮਨ ਦੀ ਰੱਖਿਆ ਕਰਨ ਵਾਲੇ ਅਧਿਕਾਰੀ ਜਾਂ ਯੰਤਰ ਦੀ ਮੰਗ ਹੋਵੇ।
  - ਜਿੱਥੇ ਰੁਕਣ ਦੀ ਖਾਸ ਤੌਰ ਤੇ ਇਜਾਜ਼ਤ ਦਿੱਤੀ ਗਈ ਹੋਵੇ।

ਧਿਆਨ ਦਿਓ: ਜੇ ਤੁਹਾਡੇ ਲਈ ਕਿਸੇ ਫ੍ਰੀਵੇ ਤੇ ਰੁਕਣਾ ਜ਼ਰੂਰੀ ਹੋ ਜਾਂਦਾ ਹੈ, ਤਾਂ ਗੱਡੀ ਨੂੰ ਪੱਕੇ ਰਾਹ ਤੋਂ ਪੂਰੀ ਤਰ੍ਹਾਂ ਹਟਾ ਕੇ ਪਾਰਕ ਕਰੋ ਅਤੇ ਜਦੋਂ ਤੀਕ ਕੋਈ ਮਦਦ ਨਹੀਂ ਆਉਂਦੀ ਗੱਡੀ ਦੇ ਅੰਦਰ ਹੀ ਬੈਠੇ ਰਹੋ ਅਤੇ ਉਸਦੇ ਦਰਵਾਜੇ ਲਾੱਕ ਕਰ ਦਿਓ। ਦੂਜੀਆਂ ਗੱਡੀਆਂ ਦੇ ਅਰਾਮ ਨਾਲ ਲੰਘਣ ਲਈ ਕਾਫੀ ਖਾਲੀ ਥਾਂ ਛੱਡੋ। ਤੁਹਾਡੀ ਗੱਡੀ ਹਰ ਦਿਸ਼ਾ ਵਿੱਚੋ ਘੱਟੋ-ਘੱਟ 200 ਫੁੱਟ ਦੀ ਦੂਰੀ ਤੋਂ ਨਜ਼ਰ ਆਉਣੀ ਚਾਹੀਦੀ ਹੈ। ਜੇ ਕੋਈ ਗੱਡੀ (ਜੇ ਖਰਾਬ ਹੋ ਗਈ ਹੈ ਤਾਂ ਵੀ) ਫ੍ਰੀਵੇ ਤੇ 4 ਘੰਟੇ ਤੋਂ ਵਧ ਸਮੇਂ ਤੱਕ ਖੜ੍ਹੀ ਰਹਿੰਦੀ ਹੈ, ਪਾਰਕ ਕੀਤੀ ਜਾਂਦੀ ਹੈ ਜਾਂ ਇਕੱਲੀ ਛੱਡੀ ਜਾਂਦੀ ਹੈ ਤਾਂ ਉਸਨੂੰ ਹਟਾਇਆ ਜਾ ਸਕਦਾ ਹੈ (CVC §22651(f))।

ਪਾਰਕਿੰਗ ਦੇ ਖਾਸ ਨਿਯਮ

- ਜਦੋਂ ਤੁਸੀਂ ਆਪਣੀ ਗੱਡੀ ਪੱਧਰੀ ਸੜਕ ਦੇ ਕਿਨਾਰੇ (ਕਰਬ) ਦੇ ਨਾਲ ਖੜ੍ਹੀ ਕਰਦੇ ਹੋ, ਤਾਂ ਗੱਡੀ ਦੇ ਅਗਲੇ ਅਤੇ ਪਿਛਲੇ ਪਹੀਏ ਸਮਾਨਾਂਤਰ ਹੋਣੇ ਚਾਹੀਦੇ ਹਨ ਅਤੇ ਕਰਬ ਤੋਂ 18 ਇੰਚ ਦੇ ਵਿੱਚ-ਵਿੱਚ ਹੋਣੇ ਚਾਹੀਦੇ ਹਨ। ਜੇ ਕਰਬ ਨਹੀਂ ਹੈ ਤਾਂ ਗੱਡੀ ਨੂੰ ਸੜਕ ਦੇ ਸਮਾਨੰਤਰ ਖੜ੍ਹੀ ਕਰੋ।
- ਆਪਣੀ ਗੱਡੀ ਦੇ ਇੰਜਨ ਜਾਂ ਬਿਜਲੀ ਵਾਲੀ ਮੋਟਰ ਨੂੰ ਚਲਦਿਆਂ ਛੱਡ ਕੇ ਕਦੀ ਵੀ ਬਾਹਰ ਨਾ ਨਿਕਲੋ; ਇੰਜਨ ਜਾਂ ਬਿਜਲੀ ਵਾਲੀ ਮੋਟਰ ਨੂੰ ਬੰਦ ਕਰੋ ਅਤੇ ਪਾਰਕਿੰਗ ਬ੍ਰੇਕ ਲਗਾਓ।
- ਜਦੋਂ ਤੁਸੀ ਆਪਣੇ ਗੱਡੀ ਤੋਂ ਬਾਹਰ ਨਿਕਲਣ ਲਈ ਤਿਆਰ ਹੋਵੋ ਤਾਂ ਅੱਗੇ ਨਿਕਲਣ ਵਾਲੀਆਂ ਗੱਡੀਆਂ, ਸਾਈਕਲਾਂ ਸਵਾਰਾਂ, ਅਤੇ ਮੋਟਰਸਾਈਕਲਾਂ ਲਈ ਧਿਆਨ ਰੱਖੋ। ਡ੍ਰਾਈਵਰ ਦੇ ਪਾੱਸੇ ਵਾਲੇ ਦਰਵਾਜੇ ਨੂੰ ਤਾਂ ਤੱਕ ਨਾ ਖੋਲ੍ਹੋ ਜਦੋਂ ਤੀਕ ਅਜਿਹਾ ਕਰਨਾ ਸੁਰੱਖਿਅਤ ਨਾ ਹੋਵੇ ਅਤੇ ਤੁਸੀਂ ਟ੍ਰੈਫਿਕ ਦੇ ਰਸਤੇ ਵਿੱਚ ਰੁਕਾਵਟ ਨਾ ਪਾ ਰਹੇ ਹੋਵੋ। ਦਰਵਾਜਾ ਸਿਰਫ਼ ਉਨੀ ਦੇਰ ਹੀ ਖੁੱਲ੍ਹਾ ਰੱਖੋ ਜਿੰਨੀ ਦੇਰ ਜ਼ਰੂਰੀ ਹੋਵੇ।
- ਪਲਾਕਾਰਡ ਵਾਲੇ ਜਾਂ ਖਾਸ ਪਲੇਟਾਂ ਵਾਲੇ ਅਪਾਹਜ ਵਿਅਕਤੀ ਕਿਸੇ ਵੀ ਪਾਰਕਿੰਗ ਵਿੱਚ ਗੱਡੀ ਖੜ੍ਹੀ ਕਰ ਸਕਦੇ ਹਨ ਜੋ ਕਿ ਸਥਾਨਕ ਵਿਵਸਥਾ ਦੇ ਅਨੁਸਾਰ ਸਾਈਨ ਦੁਆਰਾ ਇਜਾਜ਼ਤ ਦਿੱਤੇ ਗਏ ਪਾਰਕਿੰਗ ਦੇ ਸਮੇਂ ਦੇ ਆਧਾਰ 'ਤੇ ਸੀਮਤ ਹਨ।
- CVC §22511 ਦੇ ਅਨੁਸਾਰ, ਆਰਡੀਨੈਂਸ ਜਾਂ ਰੈਜ਼ੋਲੂਸ਼ਨ ਦੁਆਰਾ ਸਥਾਨਕ ਅਥਾਰਿਟੀ, ਇਲੈਕਟ੍ਰਿਕ ਚਾਰਜਿੰਗ ਦੇ ਉਦੇਸ਼ਾਂ ਨਾਲ ਜੁੜੇ ਇਕ ਵਾਹਨ ਨੂੰ ਚਾਰਜ ਲਗਾਉਣ ਅਤੇ ਪਾਰਕ ਕਰਨ ਦੇ ਵਿਸ਼ੇਸ਼ ਉਦੇਸ਼ ਲਈ ਜਨਤਕ ਸੜਕਾਂ ਤੇ ਸਟਾਲ ਜਾਂ ਸਪੇਸ ਨੂੰ ਤੈਅ ਕਰ ਸਕਦੀ ਹੈ।

ਗੱਡੀ ਸੁਰੱਖਿਅਤ ਚਲਾਉਣ ਲਈ ਰਵਾਇਤਾਂ

ਸਿਗਨਲ ਦੇਣਾ

ਹਮੇਸ਼ਾ, ਜਦੋਂ ਖੱਬੇ ਜਾਂ ਸੱਜੇ ਮੁੜਦੇ ਹੋ, ਲੇਨ ਬਦਲਦੇ ਹੋ, ਗੱਡੀ ਹੌਲੀ ਕਰ ਰਹੇ ਹੋ ਜਾਂ ਰੋਕ ਰਹੇ ਹੋ, ਸਿਗਨਲ ਦਿਓ। ਸਿਗਨਲ ਦੇਣ ਨਾਲ ਹੋਰ ਡ੍ਰਾਇਵਰਾਂ, ਮੋਟਰਸਾਈਕਲ ਚਾਲਕਾਂ, ਸਾਈਕਲ ਸਵਾਰਾਂ, ਅਤੇ ਪੈਦਲ ਯਾਤਰੀਆਂ ਨੂੰ ਤੁਹਾਡੇ ਇਰਾਦਿਆਂ ਨੂੰ ਜਾਣਦੇ ਹੋਣ।

ਸਿਗਨਲ ਹੱਥਾਂ ਅਤੇ ਬਾਹਾਂ ਦੀ ਪੋਜ਼ੀਸ਼ਨ ਰਾਹੀਂ ਜਾਂ ਗੱਡੀ ਦੀਆਂ ਸਿਗਨਲ ਲਾਈਟਾਂ ਦੀ ਵਰਤੋਂ ਕਰਕੇ ਦਿੱਤੇ ਜਾ ਸਕਦੇ ਹਨ। ਜੇ ਸੂਰਜ ਦੀ ਤੇਜ਼ ਰੋਸ਼ਨੀ ਕਾਰਨ ਸਿਗਨਲ ਲਾਈਟਾਂ ਦੇ ਨਜ਼ਰ ਆਉਣ ਵਿੱਚ ਮੁਸ਼ਕਲ ਹੁੰਦੀ ਹੋਵੇ, ਤਾਂ ਹੱਥ ਅਤੇ ਬਾਂਹ ਵਾਲੇ ਸਿਗਨਲਾਂ ਦੀ ਵਰਤੋਂ ਵੀ ਕਰੋ।



ਮੋਟਰਸਾਈਕਲ ਸਵਾਰ ਆਪਣੇ ਆਪ ਨੂੰ ਜਿਆਦਾ ਚੰਗੀ ਤਰ੍ਹਾਂ ਵਿਖਾਉਣ ਲਈ ਅਕਸਰ ਹੱਥਾਂ ਨਾਲ ਇਸ਼ਾਰੇ ਦੀ ਵਰਤੋਂ ਕਰਦੇ ਹਨ। ਸੱਜੇ ਮੁੜਣ ਵੇਲੇ ਸਾਈਕਲ ਸਵਾਰ ਆਪਣੀ ਸੱਜੀ ਬਾਂਹ ਸਿੱਧੀ ਕਰਕੇ ਸੱਜੇ ਮੁੜਣ ਦਾ ਸਿਗਨਲ ਦੇ ਸਕਦੇ ਹਨ।

ਸਿਗਨਲ:

- ਮੋੜ ਤੇ ਪਹੁੰਚਣ ਤੋਂ ਪਹਿਲਾਂ ਅਖੀਰਲੇ 100 ਫੁੱਟ ਦੇ ਦੌਰਾਨ (ਖੱਬਾ ਜਾਂ ਸੱਜਾਂ ਮੋੜ)।
- ਹਰ ਵਾਰੀ ਲੇਨ ਬਦਲਣ ਤੋਂ ਪਹਿਲਾਂ। ਲੇਨਾ ਬਦਲਣ ਤੋਂ ਪਹਿਲਾਂ ਆਪਣੇ ਸ਼ੀਸ਼ਿਆਂ, ਆਪਣੇ ਮੋਢੇ ਦੇ ਉੱਤੋਂ ਪਿੱਛੇ ਮੁੜ ਕੇ, ਅਤੇ ਆਪਣੇ ਬਲਾਇੰਡ ਸਪੌਟ ਦੀ ਜਾਂਚ ਕਰੋ।
- ਇੱਕ ਫ੍ਰੀਵੇ ਤੇ ਲੇਨ ਬਦਲਣ ਤੋਂ ਘੱਟੋ-ਘੱਟ 5 ਸਕਿੰਟ ਪਹਿਲਾਂ।
- ਸੜਕ ਦੇ ਕਿਨਾਰੇ (ਕਰਬ) ਕੋਲ ਗੱਡੀ ਰੋਕਣ ਵੇਲੇ ਅਤੇ ਉੱਥੋਂ ਬਾਹਰ ਨਿਕਲਣ ਵੇਲੇ।
- ਜਦੋਂ ਤੁਸੀਂ ਦਿਸ਼ਾ ਬਦਲੋ।
- ਉਦੋਂ ਵੀ ਜਦੋਂ ਤੁਹਾਨੂੰ ਦੂਜੀਆਂ ਗੱਡੀਆਂ ਨਜ਼ਰ ਨਾ ਆਉਣ। ਤੁਹਾਨੂੰ ਨਜ਼ਰ ਨਾ ਆਉਣ ਵਾਲੀ ਕੋਈ ਗੱਡੀ ਅਚਾਨਕ ਆ ਕੇ ਤੁਹਾਨੂੰ ਟੱਕਰ ਮਾਰ ਸਕਦੀ ਹੈ।
- ਜਦੋਂ ਤੁਸੀਂ ਕਿਸੇ ਚੌਰਾਹੇ ਨੂੰ ਪਾਰ ਕਰਨ ਦੀ ਯੋਜਨਾ ਬਣਾ ਰਹੇ ਹੋ। ਜਦੋਂ ਤੁਸੀਂ ਚੌਰਾਹੇ ਵਿੱਚ ਹੋ ਤਾਂ ਸਿਗਨਲ ਦੇਣਾ ਸ਼ੁਰੂ ਕਰੋ। ਜੇ ਤੁਸੀਂ ਬਹੁਤ ਛੇਤੀ ਸਿਗਨਲ ਦੇਣਾ ਸ਼ੁਰੂ ਕਰ ਦਿੰਦੇ ਹੋ, ਤਾਂ ਦੂਜਾ ਡ੍ਰਾਈਵਰ ਇਹ ਸੋਚ ਸਕਦਾ ਹੈ ਕਿ ਤੁਸੀਂ ਚੌਰਾਹੇ ਤੇ ਮੁੜਣ ਜਾ ਰਹੇ ਹੋ ਅਤੇ ਉਹ ਤੁਹਾਡੀ ਗੱਡੀ ਦੇ ਅੱਗੇ ਨਿਕਲ ਕੇ ਆ ਸਕਦਾ/ਦੀ ਹੈ। ਮੋੜ ਲੈਣ ਦੇ ਬਾਅਦ ਆਪਣੇ ਸਿਗਨਲ ਨੂੰ ਬੰਦ ਕਰਨਾ ਨਾ ਭੁੱਲੋ।

ਸਟੀਯਰਿੰਗ

ਸਟੀਅਰਿੰਗ ਕੰਟਰੋਲ ਅਤੇ ਹੱਥ ਦੀ ਪੋਜੀਸ਼ਨਾਂ ਹਰੇਕ ਗੱਡੀ ਵਿੱਚ ਵੱਖ-ਵੱਖ ਹੁੰਦੀਆਂ ਹਨ ਜੋ ਕਿ ਗੱਡੀ ਦੇ ਆਕਾਰ, ਉਮਰ, ਗਤੀ, ਅਤੇ ਜਵਾਬਦੇਹੀ ਦੀ ਤਾਕਤ ਤੇ ਅਧਾਰਤ ਹੁੰਦੀਆਂ ਹਨ। ਜਦੋਂਕਿ ਹੱਥ ਦੀ ਪੋਜੀਸ਼ਨ ਜਾਂ ਘੁੰਮਾਉਣ ਦਾ ਕੋਈ ਵੀ ਸਹੀ ਤਰੀਕਾ ਨਹੀਂ ਹੈ, ਨੈਸ਼ਨਲ ਹਾਈਵੇ ਟਰੈਫਿਕ ਸੇਫਟੀ ਪ੍ਰਸ਼ਾਸਨ (*National Highway Traffic Safety Administration*, NHTSA) ਨੇ ਕੁਝ ਬੁਨਿਆਦੀ ਦਿਸ਼ਾ-ਨਿਰਦੇਸ਼ ਪ੍ਰਦਾਨ ਕੀਤੇ ਹਨ।

ਹੱਥਾਂ ਦੀ ਪੋਜੀਸ਼ਨ

ਸਟੀਅਰਿੰਗ ਵ੍ਹੀਲ ਨੂੰ ਇੱਕ ਘੜੀ ਵਾਂਗ ਵੇਖੋ ਅਤੇ ਆਪਣੇ ਹੱਥਾਂ ਨੂੰ 9 ਅਤੇ 3 ਵੱਜਣ ਵਾਲੀ ਥਾਂ ਵਿੱਚ ਜਾਂ 8 ਅਤੇ 4 ਵੱਜਣ ਵਾਲੀ ਥਾਂ ਤੋਂ ਥੋੜਾ ਜਿਹਾ ਥੱਲੇ ਰੱਖ ਕੇ ਵੇਖੋ। ਏਅਰ ਬੈਗ ਦੇ ਖੁੱਲ੍ਹਣ ਤੇ ਚਿਹਰੇ, ਬਾਂਹਾਂ ਅਤੇ ਹੱਥਾਂ ਤੇ ਲੱਗਣ ਵਾਲੀਆਂ ਸੱਟਾਂ ਨੂੰ ਘਟਾਉਣ ਲਈ, ਤੁਹਾਡਾ ਹਮੇਸ਼ਾ ਸਟੀਅਰਿੰਗ ਵ੍ਹੀਲ ਦੇ ਬਾਹਰਲੇ ਹਿੱਸੇ ਨੂੰ ਅਤੇ ਆਪਣੇ ਹੱਥਾਂ ਦੇ ਜੋੜ (ਗੂਟ) ਵ੍ਹੀਲ ਦੇ ਬਾਹਰਲੇ ਪਾਸੇ ਵੱਲ ਅਤੇ ਤੁਹਾਡੇ ਅੰਗੂਠੇ ਵ੍ਹੀਲ ਦੇ ਨਾਲ ਲੱਗੇ ਹੋਣੇ ਚਾਹੀਦੇ ਹਨ।

ਗੱਡੀ ਨੂੰ ਕੰਟ੍ਰੋਲ ਕਰਨਾ

ਜਦੋਂ ਕਿ ਗੱਡੀ ਨੂੰ ਸੁਰੱਖਿਅਤ ਤਰੀਕੇ ਨਾਲ ਘੁੰਮਾਉਣ ਦਾ ਕੋਈ ਵੀ ਸਹੀ ਤਰੀਕਾ ਨਹੀਂ ਹੈ, ਨੈਸ਼ਨਲ ਹਾਈਵੇਅ ਟਰੈਫਿਕ ਸੇਫਟੀ ਪ੍ਰਸ਼ਾਸਨ (NHTSA) ਨੇ ਕੁਝ ਸਟੀਅਰਿੰਗ ਤਰੀਕਿਆਂ ਬਾਰੇ ਸੁਝਾਓ ਦਿੱਤਾ ਹੈ:

- ਹੈਂਡ-ਟੂ-ਹੈਂਡ ਸਟੀਅਰਿੰਗ– ਇਸ ਸਟੀਅਰਿੰਗ ਤਰੀਕੇ ਨੂੰ "ਪੁਸ਼/ਪੁਲ" ਸਟੀਅਰਿੰਗ ਕਿਹਾ ਜਾ ਸਕਦਾ ਹੈ। ਇਸ ਸਟੀਅਰਿੰਗ ਤਰੀਕੇ ਦੀ ਵਰਤੋਂ ਵੇਲੇ, ਤੁਹਾਡੇ ਹੱਥ ਸਟੀਅਰਿੰਗ ਵ੍ਹੀਲ ਦੇ ਉੱਤਲੇ ਪਾਸੇ ਵੱਲ ਨਹੀਂ ਹੋਣੇ ਚਾਹੀਦੇ, ਅਤੇ ਇਸਲਈ ਏਅਰ ਬੈਗ ਦੇ ਖੁੱਲ੍ਹਣ ਤੇ ਚਿਹਰੇ, ਬਾਂਹਾਂ ਅਤੇ ਹੱਥਾਂ ਨੂੰ ਘੱਟ ਸੱਟਾਂ

ਲੱਗਣ ਦੀ ਸੰਭਾਵਨਾ ਹੁੰਦੀ ਹੈ। ਜਦੋਂ ਇਸ ਤਰੀਕੇ ਦੀ ਵਰਤੋਂ ਕਰ ਰਹੇ ਹੋ ਤਾਂ ਆਪਣੇ ਹੱਥਾਂ ਨੂੰ 9 ਅਤੇ 3 ਵੱਜਣ ਵਾਲੀ ਥਾਂ ਤੇ ਜਾਂ ਉਸ ਤੋਂ ਥੋੜਾ ਜਿਹਾ ਥੱਲੇ 8 ਅਤੇ 4 ਵੱਜਣ ਵਾਲੀ ਥਾਂ ਤੇ ਰੱਖੋ। ਜਿਸ ਦਿਸ਼ਾ ਵਿੱਚ ਤੁਸੀਂ ਮੁੜ ਰਹੇ ਹੋ, ਉਸ ਤੇ ਅਧਾਰ ਤੇ ਇੱਕ ਹੱਥ ਵ੍ਹੀਲ ਨੂੰ ਉੱਤੇ ਵੱਲ ਅਤੇ ਦੂਜਾ ਹੱਥ ਥੱਲੇ ਵੱਲ ਖਿੱਚੇਗਾ।

- ਹੈਂਡ-ਓਵਰ-ਹੈਂਡ ਸਟੀਅਰਿੰਗ– ਇਸ ਸਟੀਅਰਿੰਗ ਤਰੀਕੇ ਦੀ ਵਰਤੋਂ ਘੱਟ ਰਫਤਾਰ ਤੇ ਮੁੜਣ ਵੇਲੇ, ਪਾਰਕਿੰਗ ਕਰਨ ਵੇਲੇ, ਜਾਂ ਫਿਸਲਣ ਤੋਂ ਰੋਕਣ ਵੇਲੇ ਕੀਤੀ ਜਾ ਸਕਦੀ ਹੈ। ਜਦੋਂ ਇਸ ਤਰੀਕੇ ਦੀ ਵਰਤੋਂ ਕਰ ਰਹੇ ਹੋ ਤਾਂ ਆਪਣੇ ਹੱਥਾਂ ਨੂੰ 9 ਅਤੇ 3 ਵੱਜਣ ਵਾਲੀ ਥਾਂ ਤੇ ਜਾਂ ਉਸ ਤੋਂ ਥੋੜਾ ਜਿਹਾ ਥੱਲੇ 8 ਅਤੇ 4 ਵੱਜਣ ਵਾਲੀ ਥਾਂ ਤੇ ਰੱਖੋ। ਜਿਸ ਦਿਸ਼ਾ ਵਿੱਚ ਤੁਸੀਂ ਮੁੜ ਰਹੇ ਹੋ, ਉਸ ਤੇ ਅਧਾਰ ਤੇ ਇੱਕ ਹੱਥ ਵ੍ਹੀਲ ਨੂੰ ਉੱਤੇ ਵੱਲ ਖਿੱਚੇਗਾ ਅਤੇ ਦੂਜਾ ਹੱਥ ਛੱਡ ਦੇਵੇਗਾ, ਦੂਜੀ ਬਾਂਹ ਦੇ ਉੱਤੇ ਤੋਂ ਨਿਕਲ ਕੇ, ਵ੍ਹੀਲ ਨੂੰ ਪਕੜੋ, ਅਤੇ ਵ੍ਹੀਲ ਨੂੰ ਘੁਮਾਓ।
- ਇਕ ਹੱਥ ਨਾਲ ਸਟੀਅਰਿੰਗ ਕਰਨਾ–NHTSA ਇੱਕ ਹੱਥ ਨਾਲ ਸਟੀਅਰਿੰਗ ਕਰਨ ਦੀ ਸਿਫਾਰਿਸ਼ ਸਿਰਫ਼ ਗੱਡੀ ਪਿੱਛੇ ਕਰਨ ਵੇਲੇ ਜਾਂ ਸਿਰਫ ਉਸ ਵੇਲੇ ਜਦੋਂ ਗੱਡੀ ਦੇ ਉਨ੍ਹਾਂ ਕੰਟ੍ਰੋਲਾਂ ਦੀ ਵਰਤੋਂ ਕਰ ਰਹੇ ਹੋ ਜਿੰਨਾਂ ਲਈ ਸਟੀਅਰਿੰਗ ਵ੍ਹੀਲ ਤੋਂ ਹੱਥ ਹਟਾਉਣ ਦੀ ਲੋੜ ਹੁੰਦੀ ਹੈ। ਘੜੀ ਦੇ 12 ਵਜੇ ਵਾਲੀ ਹੱਥ ਦੀ ਪੋਜੀਸ਼ਨ ਦੀ ਸਿਫਾਰਿਸ਼ ਸਿਰਫ਼ ਪਿੱਛੇ ਮੁੜ ਕੇ ਗੱਡੀ ਪਿੱਛੇ ਲੈ ਜਾਉਣ ਵੇਲੇ ਕੀਤੀ ਜਾਂਦੀ ਹੈ, ਕਿਉਂਕਿ ਡ੍ਰਾਈਵਰ ਦਾ ਗੱਡੀ ਦੇ ਰਸਤੇ ਨੂੰ ਵੇਖਣ ਲਈ ਆਪਣੀ ਸੀਟ ਤੋਂ ਪਿੱਛੇ ਵੱਲ ਮੁੜਣਾ ਜ਼ਰੂਰੀ ਹੈ। ਸਟੀਅਰਿੰਗ ਤੇ ਹੱਥਾਂ ਨੂੰ 9 ਅਤੇ 3 ਵੱਜਣ ਵਾਲੀ ਥਾਂ ਤੇ ਜਾਂ ਉਸ ਤੋਂ ਥੋੜਾ ਜਿਹਾ ਥੱਲੇ 8 ਅਤੇ 4 ਵੱਜਣ ਵਾਲੀ ਥਾਂ ਤੇ ਰੱਖਣਾ ਗੱਡੀ ਨੂੰ ਸੰਤੁਲਿਤ ਕਰਨ ਲਈ ਬਹੁਤ ਜ਼ਰੂਰੀ ਹੈ।

ਹੌਰਨ, ਹੈਡਲਾਈਟਾਂ ਅਤੇ ਐਮਰਜੈਂਸੀ ਸਿਗਨਲ

ਆਪਣੀ ਗੱਡੀ ਦੇ ਹੌਰਨ ਦੀ ਵਰਤੋਂ ਕਰੋ

- ਸਿਰਫ ਲੋੜ ਪੈਣ ਤੇ, ਟੱਕਰਾਂ ਤੋਂ ਬਚਣ ਲਈ।
- ਦੂਜੇ ਡ੍ਰਾਈਵਰਾਂ ਨਾਲ "ਅੱਖਾਂ ਰਾਹੀਂ ਸੰਪਰਕ" ਬਣਾਉਣ ਦੀ ਕੋਸ਼ਿਸ਼ ਕਰਨ ਲਈ। ਤੁਸੀਂ ਆਪਣੀ ਗੱਡੀ ਦੇ ਹੌਰਨ ਨੂੰ ਹੋਲਾ ਜਿਹਾ ਦੱਬਾ ਕੇ ਅਜਿਹੇ ਡ੍ਰਾਈਵਰ ਨੂੰ ਸਾਵਧਾਨ ਕਰੋ ਜੋ ਕਿ ਅਚਾਨਕ ਤੁਹਾਡੇ ਅੱਗੇ ਆ ਸਕਦਾ ਹੈ ਅਤੇ ਟੱਕਰ ਦਾ ਕਾਰਨ ਬਣ ਸਕਦਾ ਹੈ।
- ਤੰਗ ਪਹਾੜੀ ਰਸਤਿਆਂ ਤੇ, ਜਿੱਥੇ ਤੁਸੀਂ ਆਪਣੇ ਵਾਹਨ ਤੋਂ ਘੱਟੋ-ਘੱਟ 200 ਫੁਟ ਅੱਗੇ ਤੱਕ ਨਹੀਂ ਵੇਖ ਸਕਦੇ ਹੋ।

ਆਪਣੀ ਗੱਡੀ ਦੇ ਹੌਰਨ ਦੀ ਵਰਤੋਂ ਨਾ ਕਰੋ

- ਜੇ ਕੋਈ ਡ੍ਰਾਈਵਰ ਜਾਂ ਸਾਈਕਲ ਸਵਾਰ ਹੌਲੀ ਚੱਲ ਰਿਹਾ ਹੈ ਅਤੇ ਤੁਸੀ ਚਾਹੁੰਦੇ ਹੋ ਕਿ ਉਹ ਤੇਜ਼ ਚਲਾਏ ਜਾਂ ਤੁਹਾਡੇ ਰਸਤੇ ਚੋਂ ਹੱਟ ਜਾਵੇ। ਹੋ ਸਕਦਾ ਹੈ ਕਿ ਉਹ ਡ੍ਰਾਈਵਰ ਜਾਂ ਸਾਈਕਲ ਸਵਾਰ ਸੁਰੱਖਿਅਤ ਤਰੀਕੇ ਨਾਲ ਤੇਜ਼ ਨਾ ਜਾ ਸਕੇ ਕਿਉਂਕਿ ਉਹ ਬੀਮਾਰ ਹੈ, ਗੁਆਚ ਗਿਆ ਹੈ, ਨਸ਼ੇ ਦੀ ਹਾਲਤ ਵਿੱਚ ਹੈ ਜਾਂ ਉਸਦੀ ਗੱਡੀ ਵਿੱਚ ਕੋਈ ਖਰਾਬੀ ਆ ਗਈ ਹੈ।
- ਦੂਜੇ ਡ੍ਰਾਈਵਰਾਂ ਨੂੰ ਸੂਚੇਤ ਕਰਨ ਲਈ ਕਿ ਉਨ੍ਹਾਂ ਨੇ ਗਲਤੀ ਕੀਤੀ ਹੈ। ਤੁਹਾਡਾ ਹੌਰਨ ਵਜਾਉਣਾ ਉਨ੍ਹਾਂ ਤੋਂ ਹੋਰ ਗਲਤੀਆਂ ਕਰਵਾ ਸਕਦਾ ਹੈ ਜਾਂ ਉਨ੍ਹਾਂ ਨੂੰ ਗੁੱਸਾ ਦਿਵਾ ਸਕਦਾ ਹੈ ਅਤੇ ਉਹ ਜਵਾਬੀ ਕਾਰਵਾਈ ਕਰ ਸਕਦੇ ਹਨ।
- ਕਿਉਂਕਿ ਤੁਸੀਂ ਗੁੱਸੇ ਵਿੱਚ ਜਾਂ ਨਰਾਜ਼ ਹੋ ਸਕਦੇ ਹੋ।
- ਪੈਦਲ ਚੱਲਣ ਵਾਲਿਆਂ, ਸਾਈਕਲ ਸਵਾਰਾਂ ਜਾਂ ਮੋਟਰਸਾਈਕਲ ਸਵਾਰਾਂ ਤੇ ਜਦੋਂ ਤੀਕ ਟੱਕਰ ਤੋਂ ਬੱਚਣ ਲਈ ਜ਼ਰੂਰੀ ਨਾ ਹੋਵੇ ਹੌਰਨ ਨਾ ਵਜਾਓ। ਯਾਦ ਰੱਖੋ ਕਿ ਤੁਹਾਡੇ ਹੌਰਨ ਦੀ ਆਵਾਜ਼ ਗੱਡੀ ਦੇ ਬਾਹਰ ਕਾਫੀ ਉੱਚੀ ਸੁਣਾਈ ਦਿੰਦੀ ਹੈ।

  ਧਿਆਨ ਦਿਓ: ਆਪਣੀ ਗੱਡੀ ਦਾ ਹੌਰਨ ਵਜਾਉਣਾ ਦੂਜੇ ਡ੍ਰਾਈਵਰਾਂ ਨੂੰ ਡਰਾ ਸਕਦਾ ਹੈ। ਹੌਰਨ ਵਜਾਉਣ ਦੀ ਬਜਾਇ ਹੌਲੇ ਕਰ ਲੈਣਾ ਜਾਂ ਰੁਕ ਜਾਣਾ ਵਧੇਰਾ ਸੁਰੱਖਿਅਤ ਹੈ।

ਆਪਣੀ ਗੱਡੀ ਦੀਆਂ ਅਗਲੀਆਂ ਲਾਈਟਾਂ (ਹੈਡਲਾਈਟਾਂ) ਦੀ ਵਰਤੋਂ ਕਰੋ

- ਜਦੋਂ ਮੌਸਮ ਦੇ ਹਾਲਾਤ ਅਜਿਹੇ ਹੋਣ ਕਿ ਤੁਹਾਨੂੰ ਆਪਣੀ ਗੱਡੀ ਦੇ ਵਿੰਡਸ਼ੀਲਡ ਦੇ ਵਾਈਪਰ ਦੀ ਵਰਤੋਂ ਕਰਨ ਦੀ ਲੋੜ ਹੈ, ਤੁਹਾਨੂੰ ਲੋਅ ਬੀਮ ਹੈਡਲਾਈਟਾਂ ਨੂੰ ਜਗਾਉਣ ਦੀ ਲੋੜ ਹੈ।
- ਕੋਈ ਵੀ ਅਜਿਹਾ ਵੇਲਾ (ਬੱਦਲ, ਬਾਰਸ਼, ਬਰਫ, ਧੁੰਦ, ਧੂੰਆਂ, ਧੂੰਧ, ਵਗੈਰਾ) ਜੋ ਤੁਹਾਨੂੰ ਦੂਜੀ ਗੱਡੀਆਂ ਨੂੰ ਵੇਖਣਾ ਮੁਸ਼ਕਲ ਬਣਾ ਦਿੰਦਾ ਹੈ।
- ਛੋਟੀਆਂ ਦਿਹਾਤੀ ਜਾਂ ਪਹਾੜੀ ਸੜਕਾਂ ਤੇ, ਧੁੱਪ ਵਾਲੇ ਦਿਨਾਂ ਵਿੱਚ ਵੀ।
- ਅੰਧੇਰੇ ਵਿੱਚ ਅਤੇ ਜਦੋਂ ਦਿੱਸਣ ਦੀ ਸਮਰਥਾ 1,000 ਫੁੱਟ ਦੀ ਦੂਰੀ ਤੋਂ ਕਿਸੇ ਵਿਅਕਤੀ ਜਾਂ ਗੱਡੀ ਦੀ ਸਾਫ਼ ਤੌਰ ਤੇ ਪਛਾਣ ਨਾ ਕਰਨ ਦੇਵੇ।
- ਜਦੋਂ ਗੱਡੀ ਨੂੰ ਸੂਰਜ ਡੁੱਬਣ ਦੇ 30 ਮਿੰਟਾਂ ਬਾਅਦ ਤੋਂ ਸੂਰਜ ਚੜਣ ਦੇ 30 ਮਿੰਟਾਂ ਪਹਿਲੇ ਤੱਕ ਚਲਾਇਆ ਜਾਂਦਾ ਹੈ।
- ਜਦੋਂ ਕੋਈ ਨਿਯਾਮਕ (ਸਫ਼ੇਦ) ਸੰਕੇਤ ਲਗਿਆ ਹੋਇਆ ਹੈ ਤਾਂ ਹੈਡਲਾਈਟਾਂ ਦਾ ਚਾਲੂ ਹੋਣਾ ਜ਼ਰੂਰੀ ਹੈ।
- ਆਪਣੀ ਗੱਡੀ ਨੂੰ ਡ੍ਰਾਈਵਿੰਗ ਕਰਨ ਵੇਲੇ ਦੂਜੀਆਂ ਲਈ ਚੰਗੀ ਤਰਾਂ ਦਿਸਣ ਲਾਇਕ ਬਣਾਉਣ ਲਈ -ਭਾਵੇਂ ਸਾਫ਼-ਸੁਥਰਾ ਦਿਨ ਹੋਵੇ ਅਤੇ ਖਾਸ ਤੌਰ ਤੇ ਜਦੋਂ ਸੂਰਜ ਡੁੱਬਿਆ ਹੋਇਆ ਹੋਵੇ।

ਐਮਰਜੈਂਸੀ ਸਿਗਨਲਾਂ ਦੀ ਵਰਤੋਂ ਕਰੋ

ਜੇ ਤੁਸੀਂ ਵੇਖੋ ਕਿ ਅੱਗੇ ਕੋਈ ਟੱਕਰ ਹੋਈ ਹੈ, ਤਾਂ ਆਪਣੇ ਪਿੱਛੇ ਵਾਲੇ ਡ੍ਰਾਈਵਰਾਂ ਨੂੰ ਸਾਵਧਾਨ ਕਰਨ ਲਈ ਆਪਣੇ ਐਮਰਜੈਂਸੀ ਲਾਈਟਾਂ (ਫਲੈਸ਼ਰ) ਨੂੰ ਚਾਲੂ ਕਰ ਦਿਓ ਜਾਂ ਆਪਣੇ ਬ੍ਰੇਕ ਵਾਲੇ ਪੈਡਲ ਤੇ 3 ਜਾਂ 4 ਵਾਰੀ ਛੇਤੀ-ਛੇਤੀ ਹਲਕਾ ਪੈਰ ਮਾਰੋ। ਰਫਤਾਰ ਘੱਟ ਕਰਨ ਵੇਲੇ ਜਾਂ ਰੋਕਣ ਵੇਲੇ ਤੁਸੀਂ ਹੱਥਾਂ ਦੇ ਇਸ਼ਾਰੇ ਦੀ ਵਰਤੋਂ ਵੀ ਕਰ ਸਕਦੇ ਹੋ।

ਜਦੋਂ ਤੀਕ ਸੁਰੱਖਿਆ ਲਈ ਜਾਂ ਕਨੂੰਨ ਦੀ ਪਾਲਣਾ ਲਈ ਜ਼ਰੂਰੀ ਨਾ ਹੋਵੇ, ਸੜਕ ਤੇ ਕਦੇ ਨਾ ਰੁਕੋ। ਜੇ ਤੁਹਾਨੂੰ ਰੁਕਣ ਦੀ ਲੋੜ ਪਵੇ ਤਾਂ ਆਪਣੇ ਪਿੱਛੇ ਆਉਣ ਵਾਲੀਆਂ ਗੱਡੀਆਂ ਨੂੰ ਚੇਤਾਵਨੀ ਦੇਣ ਲਈ ਪਹਿਲਾਂ ਤੋਂ ਹੀ ਬ੍ਰੇਕ ਲਗਾਉਣਾ ਸ਼ੁਰੂ ਕਰ ਦਿਓ। ਜੇ ਤੁਹਾਡੀ ਗੱਡੀ ਸੜਕ ਤੇ ਖਰਾਬ ਹੋ ਜਾਵੇ, ਤਾਂ ਇਹ ਯਕੀਨੀ ਬਣਾਓ ਕਿ ਦੂਜੇ ਡ੍ਰਾਈਵਰ ਇਸਨੂੰ ਵੇਖ ਸਕਦੇ ਹਨ। ਜੇ ਤੁਹਾਡੀ ਗੱਡੀ ਖ਼ਰਾਬ ਹੋ ਗਈ ਹੈ ਅਤੇ ਤੁਹਾਨੂੰ ਰੁਕਣ ਦੀ ਲੋੜ ਹੈ ਤਾਂ, ਇਨ੍ਹਾਂ ਨਿਯਮਾਂ ਦੀ ਪਾਲਣਾ ਕਰੋ:

- ਜੇ ਮੁਮਕਿਨ ਹੋਵੇ, ਤਾਂ ਗੱਡੀ ਨੂੰ ਸਾਰੇ ਟ੍ਰੈਫਿਕ ਤੋਂ ਇੱਕ ਪਾੱਸੇ, ਸੜਕ ਤੋਂ ਪਰ੍ਹੇ ਰੋਕੋ।
- ਜੇ ਸੜਕ ਤੋਂ ਪੂਰੀ ਤਰ੍ਹਾਂ ਪਰ੍ਹੇ ਜਾਣਾ ਮੁਮਕਿਨ ਨਾ ਹੋਵੇ, ਤਾਂ ਅਜਿਹੀ ਥਾਂ ਤੇ ਰੁਕੋ ਜਿੱਥੋਂ ਲੋਕ ਤੁਹਾਨੂੰ ਅਤੇ ਤੁਹਾਡੀ ਗੱਡੀ ਨੂੰ ਪਿੱਛੋਂ ਵੇਖ ਸਕਣ। ਕਿਸੇ ਪਹਾੜੀ ਦੇ ਉੱਤੇ ਚੜ੍ਹਨ ਦੇ ਫੌਰਨ ਬਾਅਦ ਜਾਂ ਕੋਈ ਮੋੜ ਲੈਂਦੇ ਹੀ ਗੱਡੀ ਨੂੰ ਨਾ ਰੋਕੋ।
- ਜੇ ਤੁਸੀਂ ਚੱਲ ਨਹੀਂ ਰਹੇ ਹੋ ਤਾਂ ਐਮਰਜੈਂਸੀ ਲਾਈਟਾਂ (ਫਲੈਸ਼ਰ) ਚਾਲੂ ਕਰ ਦਿਓ। ਜੇ ਤੁਹਾਡੀ ਗੱਡੀ ਵਿੱਚ ਐਮਰਜੈਂਸੀ ਲਾਈਟਾਂ (ਫਲੈਸ਼ਰ) ਨਹੀਂ ਹਨ, ਤਾਂ ਉਨ੍ਹਾਂ ਦੀ ਬਜਾਇ ਮੁੜਣ ਲਈ ਦਿੱਤੇ ਜਾਣ ਵਾਲੇ ਸਿਗਨਲਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।
- ਜੇ ਸੁਰੱਖਿਅਤ ਹੋਵੇ, ਤਾਂ ਐਮਰਜੈਂਸੀ ਦਾ ਇਸ਼ਾਰਾ ਕਰਨ ਲਈ ਗੱਡੀ ਦਾ ਹੁੱਡ ਉੱਤੇ ਚੁੱਕ ਦਿਓ।
- ਦੂਜੇ ਡ੍ਰਾਈਵਰਾਂ ਨੂੰ ਕਾਫੀ ਚੇਤਾਵਨੀ ਦਿਓ। ਗੱਡੀ ਦੇ 200 ਤੋਂ 300 ਫੁੱਟ ਪਿੱਛੇ ਐਮਰਜੈਂਸੀ ਫਲੈਅਰ ਜਾਂ ਤਿੱਕੋਣ ਰੱਖ ਦਿਓ। ਇਸ ਨਾਲ ਜੇ ਲੋੜ ਹੋਵੇ ਤਾਂ ਦੂਜੇ ਡ੍ਰਾਈਵਰਾਂ ਨੂੰ ਲੇਨ ਬਦਲਣ ਲਈ ਸਮਾਂ ਮਿਲ ਸਕਦਾ ਹੈ। ਫਲੇਅਰਾਂ ਦੀ ਵਰਤੋਂ ਕਰਨ ਵੇਲੇ ਬਹੁਤ ਹੁਸ਼ਿਆਰ ਰਹੋ। ਉਨ੍ਹਾਂ ਨਾਲ ਅੱਗ ਲੱਗ ਸਕਦੀ ਹੈ, ਖਾਸ ਤੌਰ ਤੇ ਜੇ ਉਨ੍ਹਾਂ ਦੀ ਵਰਤੋਂ ਛੇਤੀ ਅੱਗ ਫੜਨ ਵਾਲੇ ਤਰਲ ਪਦਾਰਥਾਂ ਦੇ ਨੇੜੇ ਕੀਤੀ ਜਾਂਦੀ ਹੈ।
- ਜੇ ਤੁਹਾਡੇ ਕੋਲ ਐਮਰਜੈਂਸੀ ਲਾਈਟਾਂ (ਫਲੈਅਰ) ਨਹੀਂ ਹਨ, ਤਾਂ ਉੱਤੇ ਦੱਸੇ ਗਏ ਨਿਯਮਾਂ ਦੀ ਪਾਲਣਾ ਕਰੋ ਅਤੇ ਆਪਣੀ ਗੱਡੀ ਵਿੱਚ ਉਦੋਂ ਤੱਕ ਬੈਠੇ ਰਹੋ ਜੱਦ ਤੱਕ ਕਿ ਮਦਦ ਨਾ ਪਹੁੰਚੇ। ਆਪਣੀ ਸੁਰੱਖਿਆ ਦੇ ਬਾਰੇ ਬਹੁਤ ਸਾਵਧਾਨ ਰਹੋ ਅਤੇ ਸੜਕ ਤੋਂ ਪਰ੍ਹੇ ਰਹੋ।

ਟੈਕਸਟ ਮੈਸੇਜ ਕਰਨਾ ਅਤੇ ਸੈੱਲ ਫ਼ੋਨ

ਇੱਕ ਮੋਟਰ ਗੱਡੀ ਚਲਾਉਣ ਵੇਲੇ ਸੈੱਲ ਫ਼ੋਨ ਜਾਂ ਕਿਸੇ ਬਿਜਲਈ ਵਾਇਰਲੈਸ ਸੰਚਾਰ ਉਪਕਰਨ ਦੀ ਵਰਤੋਂ ਕਰਦੇ ਹੋਏ ਟੈਕਸਟ ਮੈਸੇਜ, ਇੰਸਟੈਂਟ ਮੈਸੇਜ ਅਤੇ ਈ-ਮੇਲਾਂ ਲਿੱਖਣਾ, ਭੇਜਣਾ ਜਾਂ ਪੜ੍ਹਣਾ ਗੈਰਕਨੂੰਨੀ ਹੈ, ਜਦੋਂ ਤੀਕ ਕਿ ਤੁਸੀਂ 18 ਸਾਲ ਦੇ ਜਾਂ ਉਸ ਤੋਂ ਉਤੇ ਨਾ ਹੋਵੋ ਅਤੇ ਗੱਡੀ ਚਲਾਉਣ ਵੇਲੇ ਕਿਸੇ ਅਜਿਹੇ ਸੈੱਲ ਫ਼ੋਨ ਜਾਂ ਕਿਸੇ ਇਲੈਕਟ੍ਰਾਨਿਕ ਵਾਇਰਲੈਸ ਸੰਚਾਰ ਉਪਕਰਨ ਨੂੰ ਟੈਕਸਟ ਆਧਾਰਿਤ ਸੰਚਾਰਾਂ ਨੂੰ ਬੋਲਣ, ਭੇਜਣ ਜਾਂ ਸੁਨਣ ਲਈ ਵਾਇਸ ਆਪਰੇਟਿਡ ਅਤੇ ਹੈਂਡਸ ਫ੍ਰੀ ਕਾਰਵਾਈ ਲਈ ਤਿਆਰ ਅਤੇ ਸੰਰਚਿਤ ਨਾ ਕੀਤਾ ਗਿਆ ਹੋਵੇ। ਹਾਲਾਂਕਿ ਹੱਥ ਖਾਲੀ ਰੱਖਣ ਵਾਲੇ ਉਪਕਰਣਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਹੈ (ਨਾਬਾਲਗਾਂ ਤੋਂ ਇਲਾਵਾ), ਪਰ ਡ੍ਰਾਈਵਰਾਂ ਨੂੰ ਸੁਰੱਖਿਅਤ ਡ੍ਰਾਈਵਿੰਗ ਪ੍ਰੈਕਟਿਸ ਤੇ ਧਿਆਨ ਕੇਂਦ੍ਰਿਤ ਕਰਨ ਲਈ ਧਿਆਨ ਭੰਗ ਕਰਨ ਵਾਲੀਆਂ ਚੀਜ਼ਾਂ ਨੂੰ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ।

- ਸਿਰਫ ਐਮਰਜੈਂਸੀ ਵੇਲੇ ਮਦਦ ਲਈ ਕਾਲ ਕਰੋ।
- ਜੇ ਤੁਹਾਡਾ ਮੋਬਾਈਲ ਫੋਨ ਵੱਜਦਾ ਹੈ ਤਾਂ ਉਸਦਾ ਜਵਾਬ ਨਾ ਦਿਓ। ਜੇ ਤੁਹਾਡੇ ਫੋਨ ਵਿਚ ਇਹ ਸੁਵਿਧਾ ਹੈ ਤਾਂ ਕਾਲ ਨੂੰ ਵੌਇਸ-ਮੇਲ ਤੇ ਜਾਣ ਦਿਓ।
- ਜੇ ਤੁਹਾਡਾ ਫੋਨ ਕਰਨਾ ਜ਼ਰੂਰੀ ਹੈ ਤਾਂ ਕਾਲ ਕਰਨ ਤੋਂ ਪਹਿਲਾਂ ਸੁਰੱਖਿਅਤ ਤਰੀਕੇ ਨਾਲ ਸੜਕ ਤੋਂ ਉਤਰ ਜਾਓ।
- ਟੇਲੀਫੋਨ ਤੇ ਗੱਲ-ਬਾਤ ਨੂੰ ਛੋਟਾ ਹੀ ਰੱਖੋ, ਜਾਂ ਜੇ ਸੰਭਵ ਹੋਵੇ ਤਾਂ ਕਿਸੇ ਯਾਤਰੀ ਨੂੰ ਕਾਲ ਕਰਨ ਦਿਓ।
- ਜੇ ਤੁਸੀਂ ਬਿਜਲਈ ਵਾਇਰਲੈਸ ਸੰਚਾਰ ਉਪਕਰਨ ਦੀ ਵਰਤੋਂ ਕਰਦੇ ਹੋ:
  - ਇਸਨੂੰ ਗੱਡੀ ਦੀ ਵਿੰਡਸ਼ੀਲਡ, ਡੈਸ਼ਬੋਰਡ, ਜਾਂ ਗੱਡੀ ਦੇ ਕੰਸੋਲ 'ਤੇ ਮਾਊਂਟ ਕੀਤਾ ਜਾਣਾ ਜ਼ਰੂਰੀ ਹੈ।
  - ਇਸਦਾ ਸੜਕ ਦੇ ਤੁਹਾਡੇ ਦ੍ਰਿਸ਼ ਨੂੰ ਰੋਕਣਾ ਨਹੀਂ ਚਾਹੀਦਾ।
- ਮਾਊਂਟ ਕੀਤੇ ਗਏ ਇਲੈਕਟ੍ਰਾਨਿਕ ਉਪਕਰਨ ਤੇ ਸਿਰਫ਼ ਇੱਕ ਸਿੰਗਲ ਸਵਾਈਪ ਜਾਂ ਟਚ ਦੀ ਵਰਤੋਂ ਕਰੋ।

ਆਪਣੇ ਸੈੱਲ ਫੋਨ ਦੀ ਵਰਤੋਂ ਨਾ ਕਰੋ:

- ਖਤਰਨਾਕ ਹਾਲਾਤਾਂ ਵੇਲੇ।
- ਧਿਆਨ ਵੰਡਣ ਵਾਲੀ ਗੱਲਬਾਤ ਵਿੱਚ ਹਿੱਸਾ ਲੈਣ ਲਈ।

ਧਿਆਨ ਦਿਓ: ਨਾਬਾਲਿਗ ਵਿਅਕਤੀ ਕੁਝ ਐਮਰਜੈਂਸੀ ਸਥਿਤੀਆਂ ਨੂੰ ਛੱਡ ਕੇ ਇੱਕ ਸੈੱਲ ਫੋਨ ਜਾਂ ਬਿਜਲਈ ਵਾਇਰਲੈਸ ਸੰਚਾਰ ਉਪਕਰਨ ਦੀ ਵਰਤੋਂ ਨਹੀਂ ਕਰ ਸਕਦੇ (ਵਧੇਰੀ ਜਾਣਕਾਰੀ ਲਈ ਪੰਨਾ 16 ‘ਤੇ "ਨਾਬਾਲਿਗ ਅਤੇ ਸੈੱਲ ਫੋਨ" ਭਾਗ ਵੇਖੋ)।

ਹਥਾਂ ਨੂੰ ਮੋਬਾਇਲ ਉਪਕਰਨਾ ਤੋਂ ਦੂਰ ਰੱਖੋ

ਡਰਾਇਵਰ ਦੇ ਮੋਬਾਈਲ ਜੰਤਰ ਨੂੰ ਵਿੰਡਸ਼ੀਲਡ, ਡੈਸ਼ਬੋਰਡ, ਜਾਂ ਗੱਡੀ ਦੇ ਕੰਸੋਲ 'ਤੇ ਮਾਊਂਟ ਕੀਤਾ ਜਾਣਾ ਜ਼ਰੂਰੀ ਹੈ।

ਇਹ ਡਰਾਇਵਰ ਦੇ ਸੜਕ ਦੇ ਦ੍ਰਿਸ਼ ਨੂੰ ਰੋਕ ਨਹੀਂ ਸਕਦਾ।

ਡਰਾਇਵਰ ਮਾਊਂਟ ਕੀਤੇ ਗਏ ਉਪਕਰਣ ਤੇ ਸਿਰਫ਼ ਇੱਕ ਸਿੰਗਲ ਸਵਾਈਪ ਜਾਂ ਟਚ ਦੀ ਵਰਤੋਂ ਕਰ ਸਕਦਾ ਹੈ।

ਨਾਬਾਲਗ ਲਈ ਗੱਡੀ ਚਲਾਉਣ ਵੇਲੇ ਹੈਂਡਸ-ਫ੍ਰੀ ਉਪਕਰਣ ਦੀ ਵਰਤੋਂ ਕਰਨਾ ਕਨੂੰਨ ਦੇ ਵਿਰੁੱਧ ਹੈ।

STATE OF CALIFORNIA
DMV
DRIVING CHANGE...
DEPARTMENT OF MOTOR VEHICLES

ਗੱਡੀ ਦੀ ਸਥਿਤੀ

ਗੱਡੀਆਂ ਦੇ ਵਿੱਚਕਾਰ ਦੂਰੀਆਂ

ਮੰਨ ਲਓ ਕਿ ਤੁਸੀਂ ਇੱਕ ਦੋ-ਲੇਨ ਵਾਲੀ ਸੜਕ ਤੇ ਹੋ ਜਿੱਥੇ ਸਾਮ੍ਹਣੇ ਤੋਂ ਇੱਕ ਗੱਡੀ ਆ ਰਹੀ ਹੈ ਅਤੇ ਸੱਜੇ ਪਾਸੇ ਵੱਲ ਤੁਹਾਡੇ ਤੋਂ ਅੱਗੇ ਇੱਕ ਸਾਈਕਲ ਸਵਾਰ ਹੈ। ਆਪਣੀ ਗੱਡੀ ਨੂੰ ਦੂਜੀ ਗੱਡੀ ਅਤੇ ਸਾਈਕਲ ਸਵਾਰ ਦੇ ਵਿੱਚਕਾਰ ਚਲਾਉਣ ਦੀ ਬਜਾਇ, ਇੱਕ ਸਮੇਂ ਤੇ ਇੱਕ ਖਤਰੇ ਦਾ ਮੁਕਾਬਲਾ ਕਰੋ। ਪਹਿਲਾਂ, ਗੱਡੀ ਦੀ ਰਫਤਾਰ ਘਟਾਓ ਅਤੇ ਸਾਮ੍ਹਣੇ ਤੋਂ ਆਉਣ ਵਾਲੀ ਗੱਡੀ ਨੂੰ ਲੰਘ ਜਾਣ ਦਿਓ। ਉਸ ਤੋਂ ਬਾਅਦ, ਜਦੋਂ ਅਜਿਹਾ ਕਰਨਾ ਸੁਰੱਖਿਅਤ ਹੋਵੇ, ਤਾਂ ਸਾਈਕਲ ਸਵਾਰ ਤੋਂ ਅੱਗੇ ਲੰਘਣ ਲਈ ਕਾਫੀ ਥਾਂ (ਘੱਟੋ-ਘੱਟ 3 ਫੁੱਟ) ਛੱਡਣ ਲਈ ਗੱਡੀ ਨੂੰ ਖੱਬੇ ਪਾਸੇ ਕਰ ਲਓ।

ਉਹ ਵਿਅਕਤੀ ਜੋ ਡ੍ਰਾਈਵਰਾਂ ਲਈ ਖਤਰਾ ਪੈਦਾ ਕਰਦੇ ਹਨ

ਜਿਹੜੇ ਡ੍ਰਾਈਵਰ ਖਤਰਨਾਕ ਹੋ ਸਕਦੇ ਹਨ ਉਨ੍ਹਾਂ ਤੇ ਆਪਣੇ ਵਿੱਚਕਾਰ ਦਾ ਫਾਸਲਾ ਵਧਾ ਲਓ ਅਤੇ ਉਨ੍ਹਾਂ ਤੇ ਆਪਣੇ ਵਿੱਚਕਾਰ ਜ਼ਿਆਦਾ ਦੂਰੀ ਰੱਖੋ। ਜਿਨ੍ਹਾਂ ਲੋਕਾਂ ਕੋਲੋਂ ਖਤਰਾ ਹੋ ਸਕਦਾ ਹੈ ਉਹ ਹਨ:

- ਉਹ ਡ੍ਰਾਈਵਰ ਜਿਹੜੇ ਤੁਹਾਨੂੰ ਵੇਖ ਨਹੀਂ ਸਕਦੇ ਕਿਉਂਕਿ ਉਨ੍ਹਾਂ ਦਾ ਦ੍ਰਿਸ਼ ਇਮਾਰਤਾਂ, ਦਰਖਤਾਂ ਜਾਂ ਦੂਜੀਆਂ ਕਾਰਾਂ ਦੇ ਕਾਰਨ ਰੁਕਿਆ ਹੁੰਦਾ ਹੈ।
- ਉਹ ਡ੍ਰਾਈਵਰ ਜੋ ਡ੍ਰਾਈਵ-ਵੇ ਜਾਂ ਪਾਰਕਿੰਗ ਵਾਲੀਆਂ ਥਾਵਾਂ ਤੋਂ ਗੱਡੀਆਂ ਪਿੱਛੇ ਕੱਢ ਰਹੇ ਹਨ।
- ਉਹ ਡ੍ਰਾਈਵਰ ਜੋ ਤੁਹਾਡੇ ਤੋਂ ਅੱਗੇ ਉਦੋਂ ਲੰਘ ਰਹੇ ਹਨ ਜਦੋਂ ਕਿ ਉੱਥੇ ਕੋਈ ਮੋੜ ਜਾਂ ਸਾਮ੍ਹਣੇ ਤੋਂ ਆਉਣ ਵਾਲੀ ਕੋਈ ਗੱਡੀ(ਆਂ) ਹੈ(ਹਨ)।
- ਉਹ ਡ੍ਰਾਈਵਰ, ਜਿਨ੍ਹਾਂ ਨੂੰ ਕਿਸੇ ਗੱਡੀ, ਪੈਦਲ ਚੱਲਣ ਵਾਲੇ ਵਿਅਕਤੀ, ਸਾਈਕਲ ਸਵਾਰ, ਕਿਸੇ ਰੁਕਾਵਟ ਤੋਂ ਬਚਣ ਲਈ ਜਾਂ ਅੱਗੇ ਘੱਟ ਹੋ ਰਹੀਆਂ ਲੇਨਾਂ ਦੇ ਕਰਕੇ ਮਜਬੂਰੀ ਵਿੱਚ ਤੁਹਾਡੀ ਲੇਨ ਵਿੱਚ ਦਾਖਲ ਹੋਣਾ ਪੈਂਦਾ ਹੈ।
- ਆਪਣੇ ਚਿਹਰਿਆਂ ਦੇ ਅੱਗੇ ਛਤਰੀ ਲੱਗਾ ਕੇ ਜਾਂ ਹੈਟ ਅੱਖਾਂ ਅੱਗੇ ਥੱਲੇ ਕਰ ਕੇ ਚੱਲ ਰਹੇ ਪੈਦਲ ਵਿਅਕਤੀ।
- ਲੋਕ ਜਿਨ੍ਹਾਂ ਦਾ ਧਿਆਨ ਕਿਸੇ ਹੋਰ ਚੀਜ਼ ਵਿੱਚ ਹੋਵੇ, ਜਿਵੇਂ ਕਿ:
  - ਡਿਲੀਵਰੀ ਕਰਨ ਲਈ ਆਏ ਵਿਅਕਤੀ
  - ਨਿਰਮਾਣ ਦੇ ਕੰਮ ਤੇ ਲੱਗੇ ਹੋਏ ਕਰਮਚਾਰੀ।
  - ਧਿਆਨ ਭੰਗ ਹੋਏ ਪੈਦਲ ਯਾਤਰੀਆਂ, ਜਿਵੇਂ ਕਿ ਜੋ ਆਪਣੇ ਇਲੈਕਟ੍ਰਾਨਿਕ ਵਾਇਰਲੈਸ ਸੰਚਾਰ ਉਪਕਰਨ 'ਤੇ ਗੱਲਬਾਤ ਕਰਨਾ ਜਾਂ ਟੈਕਸਟ ਭੇਜਣਾ।
  - ਬੱਚੇ, ਜਿਹੜੇ ਬਿਨ੍ਹਾਂ ਵੇਖੇ ਦੌੜਦੇ ਹੋਏ ਅਕਸਰ ਸੜਕ ਤੇ ਪਹੁੰਚ ਜਾਂਦੇ ਹਨ।
  - ਆਪਣੇ ਇਲੈਕਟ੍ਰਾਨਿਕ ਵਾਇਰਲੈਸ ਸੰਚਾਰ ਉਪਕਰਨ 'ਤੇ ਗੱਲਬਾਤ ਜਾਂ ਟੈਕਸਟ ਕਰਨ ਵਾਲੇ ਡ੍ਰਾਈਵਰ ਜਾਂ ਯਾਤਰੀਆਂ ਨਾਲ ਗੱਲ ਕਰਨ ਵਾਲੇ ਡ੍ਰਾਈਵਰ।
  - ਗੱਡੀ ਚਲਾਉਣ ਵੇਲੇ ਬੱਚਿਆਂ ਦੀ ਦੇਖਭਾਲ ਕਰਨ ਵਾਲੇ, ਖਾਣ ਵਾਲੇ ਜਾਂ ਨਕਸ਼ੇ ਵੇਖਣ ਵਾਲੇ ਡ੍ਰਾਈਵਰ।
- ਪਰੇਸ਼ਾਨ ਲੋਕ, ਜਿਵੇਂ ਕਿ:
  - ਸੈਲਾਨੀ (ਘੁੰਮਣ-ਫਿਰਨ ਆਏ ਲੋਕ), ਅਕਸਰ ਗੁੰਝਲਦਾਰ ਚੌਰਾਹਿਆਂ ਤੇ।
  - ਕੋਈ ਮਕਾਨ ਨੰਬਰ ਲੱਭਣ ਵਾਲੇ ਡ੍ਰਾਈਵਰ ਜਾਂ ਉਹ ਡ੍ਰਾਈਵਰ ਜਿਹੜੇ ਬਿਨ੍ਹਾਂ ਕਿਸੇ ਸਪੱਸ਼ਟ ਕਾਰਨ ਦੇ ਗੱਡੀ ਹੌਲੀ ਕਰ ਦਿੰਦੇ ਹਨ।

ਫਾਸਲੇ ਨੂੰ ਵੰਡਣਾ

ਕਈ ਵਾਰ ਇੱਕੋ ਵੇਲੇ ਸੜਕ ਦੇ ਦੋਵੇਂ ਪਾੱਸੇ ਖਤਰੇ ਹੋਣਗੇ। ਉਦਾਹਰਨ ਲਈ, ਸੱਜੇ ਪਾੱਸੇ ਪਾਰਕ ਕੀਤੀਆਂ ਹੋਈਆਂ ਕਾਰਾਂ ਹੋਣਗੀਆਂ ਅਤੇ ਖੱਬੇ ਪਾੱਸੇ ਸਾਮ੍ਹਣੇ ਤੋਂ ਆਉਣ ਵਾਲੀਆਂ ਕਾਰਾਂ। ਅਜਿਹੇ ਹਾਲਾਤ ਵਿੱਚ, "ਫਾਸਲੇ ਨੂੰ ਵੰਡਣਾ" ਸੱਭ ਤੋਂ ਚੰਗਾ ਰਹਿੰਦਾ ਹੈ। ਸਾਮ੍ਹਣੇ ਤੋਂ ਆਉਣ ਵਾਲੀਆਂ ਗੱਡੀਆਂ ਅਤੇ ਪਾਰਕ ਕੀਤੀਆਂ ਗੱਡੀਆਂ ਦੇ ਵਿੱਚਕਾਰ ਚਲਾਉਣ ਦਾ ਇੱਕ ਮੱਧ ਤਰੀਕਾ ਅਪਣਾਓ।

ਜੇ ਇੱਕ ਖਤਰਾਂ ਦੂਜੇ ਨਾਲੋਂ ਵੱਡਾ ਹੈ, ਤਾਂ ਸੱਭ ਤੋਂ ਜਿਆਦਾ ਵੱਡੇ ਖਤਰੇ ਨੂੰ ਵਧੇਰੀ ਥਾਂ ਦਿਓ। ਮੰਨ ਲਓ ਤੁਹਾਡੇ ਖੱਬੇ ਪਾੱਸੇ ਤੋਂ ਸਾਮ੍ਹਣੇ ਤੋਂ ਕਾਰਾਂ ਆ ਰਹੀਆਂ ਹਨ ਅਤੇ ਸੱਜੇ ਪਾੱਸੇ ਵੱਲ ਇੱਕ ਬੱਚਾ ਸਾਈਕਲ ਤੇ ਹੈ। ਬੱਚੇ ਦੇ ਅਚਾਨਕ ਸਾਮ੍ਹਣੇ ਆਣ ਦੀ ਵਧੇਰੀ ਸੰਭਾਵਨਾ ਹੈ। ਇਸ ਲਈ ਜਦੋਂ ਤੀਕ ਕਿ ਤੁਸੀਂ ਬੱਚੇ ਦੇ ਕੋਲੋਂ ਦੀ ਲੰਘ ਨਾ ਜਾਓ ਉਦੋਂ ਤੱਕ ਗੱਡੀ ਹੌਲੀ ਕਰ ਲਓ ਅਤੇ ਆਪਣੀ ਲੇਨ ਵਿੱਚ ਜਿੰਨਾ ਜਿਆਦਾ ਮੁਮਕਿਨ ਹੋ ਸਕੇ ਖੱਬੇ ਪਾੱਸੇ ਵੱਲ ਹੋ ਜਾਓ।

ਟ੍ਰੈਫਿਕ ਵਿੱਚ ਰੱਲਣ ਲਈ ਥਾਂ

ਫ੍ਰੀਵੇ ਵਿੱਚ ਟ੍ਰੈਫਿਕ ਦੀ ਰਫਤਾਰ ਜਾਂ ਉਸਦੇ ਨਜ਼ਦੀਕ ਦੀ ਰਫਤਾਰ ਨਾਲ ਦਾਖਲ ਹੋਵੋ। ਜਦੋਂ ਤੀਕ ਬਹੁਤ ਹੀ ਜਿਆਦਾ ਜ਼ਰੂਰੀ ਨਾ ਹੋਵੇ, ਫ੍ਰੀਵੇ ਦੇ ਟ੍ਰੈਫਿਕ ਵਿੱਚ ਰੱਲਣ ਤੋਂ ਪਹਿਲਾਂ ਨਾ ਰੁਕੋ। ਲੰਘਣ ਦਾ ਅਧਿਕਾਰ ਪਹਿਲਾਂ ਫ੍ਰੀਵੇ ਟ੍ਰੈਫਿਕ ਦਾ ਹੈ। ਜਦੋਂ ਇਹ ਸੁਰੱਖਿਅਤ ਹੋਵੇ, "3 ਸਕਿੰਟਾਂ ਦੇ ਨਿਯਮ" ਦੀ ਪਾਲਣਾ ਕਰੋ (ਪੰਨਾ 43 ਤੇ ਦਿੱਤੇ ਗਏ "ਇੱਕ ਟੇਲਗੇਟਰ ਨਾ ਬਣੋ" ਅਨੁਭਾਗ ਨੂੰ ਵੇਖੋ)।

- ਅਜਿਹੇ ਵਕਫੇ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਨਾ ਕਰੋ ਜੋ ਬਹੁਤ ਛੋਟਾ ਹੈ।
- ਆਪਣੇ ਆਲੇ-ਦੁਆਲੇ ਦੀਆਂ ਗੱਡੀਆਂ ਤੇ ਨਜ਼ਰ ਰੱਖੋ। ਆਪਣੇ ਸ਼ੀਸ਼ਿਆਂ ਅਤੇ ਮੁੜਣ ਵਾਲੇ ਸਿਗਨਲਾਂ ਦੀ ਵਰਤੋਂ ਕਰੋ। ਲੇਨ ਬਦਲਣ ਤੋਂ ਪਹਿਲਾਂ ਛੇਤੀ ਨਾਲ ਸਿਰ ਮੋੜ ਕੇ ਆਪਣੇ ਮੋਢਿਆਂ ਦੇ ਉੱਤੋਂ ਵੇਖੋ। ਆਪਣੀ ਗੱਡੀ ਅਤੇ ਤੁਹਾਡੇ ਅੱਗੇ ਵਾਲੀ ਗੱਡੀ ਦੇ ਵਿੱਚਕਾਰ 3 ਸਕਿੰਟ ਦੀ ਥਾਂ ਰੱਖੋ। ਇਹ ਯਕੀਨੀ ਬਣਾਓ ਕਿ ਜੇ ਤੁਹਾਨੂੰ ਲੋੜ ਪਏ ਤਾਂ ਤੁਸੀਂ ਸੁਰੱਖਿਅਤ ਤੌਰ ਤੇ ਰੁਕ ਸਕੋ।
- ਜੇ ਤੁਹਾਨੂੰ ਫ੍ਰੀਵੇ ਦੀਆਂ ਕਈ ਲੇਨਾਂ ਪਾਰ ਕਰਨ ਦੀ ਲੋੜ ਹੈ, ਤਾਂ ਇਨ੍ਹਾਂ ਨੂੰ ਇੱਕ-ਇੱਕ ਕਰਕੇ ਪਾਰ ਕਰੋ। ਜੇ ਤੁਸੀਂ ਸਾਰੀਆਂ ਲੇਨਾਂ ਦੇ ਖਾਲੀ ਹੋਣ ਦਾ ਇੰਤਜ਼ਾਰ ਕਰੋਗੇ, ਤਾਂ ਤੁਸੀਂ ਟ੍ਰੈਫਿਕ ਦੀ ਦੇਰੀ ਜਾਂ ਟੱਕਰ ਦਾ ਕਾਰਨ ਬਣ ਸਕਦੇ ਹੋ।

ਪਾਰ ਕਰਨ ਜਾਂ ਦਾਖਲ ਹੋਣ ਲਈ ਥਾਂ

ਜਦੋਂ ਵੀ ਤੁਸੀਂ ਪੂਰੀ ਰੁਕੀ ਹੋਈ ਸਥਿਤੀ ਤੋਂ ਸ਼ਹਿਰ ਜਾਂ ਹਾਈਵੇ ਦੇ ਟ੍ਰੈਫਿਕ ਵਿੱਚ ਦਾਖਲ ਹੁੰਦੇ ਹੋ, ਤਾਂ ਤੁਹਾਨੂੰ ਬਾਕੀ ਗੱਡੀਆਂ ਵਰਗੀ ਰਫਤਾਰ ਬਣਾਉਣ ਲਈ ਕਾਫੀ ਵੱਡੇ ਵਕਫੇ ਦੀ ਲੋੜ ਹੁੰਦੀ ਹੈ। ਤੁਹਾਨੂੰ ਪਹਿਲਾਂ ਹੀ ਸੜਕ ਤੇ ਟ੍ਰੈਫਿਕ ਦੇ ਨਾਲ ਜਗ੍ਹਾ ਨੂੰ ਸਾਂਝਾ ਕਰਨਾ ਚਾਹੀਦਾ ਹੈ। ਇਹ ਜਾਣਨਾ ਮਹੱਤਵਪੂਰਨ ਹੈ ਕਿ ਤੁਸੀਂ ਰਲਵੇਂ, ਪਾਰ ਕਰਨਾ, ਦਾਖਲ ਕਰੋ ਅਤੇ ਟ੍ਰੈਫਿਕ ਤੋਂ ਬਾਹਰ ਆਉਣ ਲਈ ਕਿੰਨੀ ਥਾਂ ਦੀ ਲੋੜ ਹੈ। ਤੁਹਾਨੂੰ ਤੱਕਰੀਬਨ ਇੰਨੇ ਵਕਫੇ ਦੀ ਲੋੜ ਹੈ:

- ਸ਼ਹਿਰ ਦੀਆਂ ਸੜਕਾਂ ਤੇ ਅੱਧਾ ਬਲਾਕ।
- ਹਾਈਵੇ ਤੇ ਇੱਕ ਪੂਰਾ ਬਲਾਕ।

ਜੇ ਤੁਸੀਂ ਲੇਨਾਂ ਪਾਰ ਕਰ ਰਹੇ ਹੋ ਜਾਂ ਮੁੜ ਰਹੇ ਹੋ, ਤਾਂ ਇਹ ਯਕੀਨੀ ਬਣਾਓ ਕਿ ਤੁਹਾਡੇ ਰਸਤੇ ਵਿੱਚ ਅੱਗੇ ਜਾਂ ਸਾਈਡਾਂ ਤੋਂ ਕੋਈ ਗੱਡੀਆਂ ਜਾਂ ਲੋਕ ਤੁਹਾਡਾ ਰਸਤਾ ਨਹੀਂ ਰੋਕ ਰਹੇ ਹਨ। ਜਦੋਂ ਟ੍ਰੈਫਿਕ ਸਿੱਧਾ ਤੁਹਾਡੇ ਵੱਲ ਆ ਰਿਹਾ ਹੈ ਤਾਂ ਤੁਸੀਂ ਚੌਰਾਹੇ ਤੇ ਵਿੱਚਕਾਰ ਫੱਸਣਾ ਨਹੀਂ ਚਾਹੋਗੇ।

ਭਾਵੇਂ ਤੁਹਾਡੇ ਲਈ ਹਰੀ ਟ੍ਰੈਫਿਕ ਸਿਗਨਲ ਲਾਈਟ ਹੈ, ਤਾਂ ਵੀ ਜੇ ਗੱਡੀ ਤੁਹਾਡਾ ਰਸਤਾ ਰੋਕ ਰਹੀਆਂ ਹੋਣ ਤਾਂ ਤੁਸੀਂ ਚੌਰਾਹੇ ਨੂੰ ਪਾਰ ਕਰਨਾ ਸ਼ੁਰੂ ਨਾ ਕਰੋ।

ਜਦੋਂ ਖੱਬੇ ਮੁੜ ਰਹੇ ਹੋਵੋ, ਤਾਂ ਮੁੜਣਾ ਸਿਰਫ ਇਸ ਕਰਕੇ ਸ਼ੁਰੂ ਨਾ ਕਰੋ ਕਿ ਤੁਹਾਡੇ ਵੱਲ ਆਉਣ ਵਾਲੀ ਗੱਡੀ ਦੇ ਸੱਜੇ ਪਾਸੇ ਵੱਲ ਮੁੜਣ ਦਾ ਸਿਗਨਲ ਚਾਲੂ ਹੈ। ਹੋ ਸਕਦਾ ਹੈ ਕਿ ਡ੍ਰਾਈਵਰ ਦੀ ਯੋਜਨਾ ਤੁਹਾਡੇ ਤੋਂ ਅੱਗੇ ਜਾ ਕੇ ਮੁੜਣ ਦੀ ਹੋਵੇ ਜਾਂ ਇਹ ਵੀ ਹੋ ਸਕਦਾ ਹੈ ਕਿ ਕਿਸੇ ਪਹਿਲੇ ਮੋੜ ਤੋਂ ਇਹ ਸਿਗਨਲ ਚਾਲੂ ਰਹਿ ਗਿਆ ਹੋਵੇ। ਇਹ ਗੱਲ ਮੋਟਰਸਾਈਕਲਾਂ ਲਈ ਖਾਸ ਤੌਰ ਤੇ ਲਾਗੂ ਹੁੰਦੀ ਹੈ। ਅਕਸਰ ਉਨ੍ਹਾਂ ਦੀਆਂ ਸਿਗਨਲ ਲਾਈਟਾਂ ਆਪਣੇ ਆਪ ਬੰਦ ਨਹੀਂ ਹੁੰਦੀਆਂ। ਤੁਸੀਂ ਉਦੋਂ ਤੱਕ ਇੰਤਜ਼ਾਰ ਕਰੋ ਜਦੋਂ ਤੀਕ ਦੂਜਾ ਡ੍ਰਾਈਵਰ ਅਸਲ ਵਿੱਚ ਮੁੜਣਾ ਸ਼ੁਰੂ ਨਾ ਕਰ ਦੇਵੇ।

ਬਾਹਰ ਨਿਕਲਣ ਲਈ ਥਾਂ

ਜਦੋਂ ਤੁਸੀਂ ਫ੍ਰੀਵੇ ਤੋਂ ਬਾਹਰ ਨਿਕਲਣ ਦੀ ਯੋਜਨਾ ਬਣਾ ਰਹੇ ਹੋ, ਤਾਂ ਆਪਣੇ ਆਪ ਨੂੰ ਇਸ ਲਈ ਕਾਫੀ ਸਮਾਂ ਦਿਓ। ਤੁਹਾਨੂੰ ਆਪਣੇ ਫ੍ਰੀਵੇ ਐਕਜ਼ਿਟ ਦਾ ਨਾਂ ਜਾਂ ਨੰਬਰ ਪਤਾ ਹੋਣਾ ਚਾਹੀਦਾ ਹੈ ਅਤੇ ਨਾਲ ਹੀ ਉਸ ਤੋਂ ਪਹਿਲਾਂ ਆਉਣ ਵਾਲੇ ਇੱਕ ਐਕਜ਼ਿਟ ਦਾ ਨਾਂ ਅਤੇ ਨੰਬਰ ਵੀ ਪਤਾ ਹੋਣਾ ਚਾਹੀਦਾ ਹੈ। ਸੁਰੱਖਿਅਤ ਢੰਗ ਨਾਲ ਬਾਹਰ ਨਿਕਲਣ ਲਈ:

- ਸਿਗਨਲ ਦਿਓ, ਪਿੱਛੇ ਮੁੜ ਕੇ ਆਪਣੇ ਮੋਢਿਆਂ ਦੇ ਉੱਤੋਂ ਵੇਖੋ, ਲੇਨਾਂ ਇੱਕ-ਇੱਕ ਕਰਕੇ ਉਦੋਂ ਤੱਕ ਬਦਲੋ ਜਦੋਂ ਤੀਕ ਤੁਸੀਂ ਫ੍ਰੀਵੇ ਵਿੱਚੋਂ ਬਾਹਰ ਨਿਕਲਣ ਲਈ ਸਹੀ ਲੇਨ ਵਿੱਚ ਨਹੀਂ ਪਹੁੰਚ ਜਾਂਦੇ ਹੋ।
- ਐਕਜ਼ਿਟ ਤੇ ਪਹੁੰਚਣ ਤੋਂ ਤੱਕਰੀਬਨ 5 ਸਕਿੰਟਾਂ ਪਹਿਲਾਂ ਆਪਣੇ ਬਾਹਰ ਨਿਕਲਣ ਦੇ ਇਰਾਦੇ ਦਾ ਸਿਗਨਲ ਦਿਓ।
- ਇਹ ਯਕੀਨੀ ਬਣਾਓ ਕਿ ਤੁਸੀਂ ਟ੍ਰੈਫਿਕ ਲੇਨ ਤੋਂ ਬਾਹਰ ਨਿਕਲਣ ਲਈ ਵਾਜਬ ਰਫਤਾਰ ਤੇ ਚੱਲ ਰਹੇ ਹੋ - ਨਾ ਬਹੁਤ ਤੇਜ਼ (ਤਾਂ ਜੋ ਗੱਡੀ ਕਾਬੂ ਵਿੱਚ ਰਹੇ) ਅਤੇ ਨਾ ਹੀ ਬਹੁਤ ਹੌਲੀ (ਤਾਂ ਜੋ ਟ੍ਰੈਫਿਕ ਬਿਨ੍ਹਾਂ ਰੁਕਾਵਟ ਚਲਦਾ ਰਹੇ)।

ਦੂਜੇ ਟ੍ਰੈਫਿਕ ਤੋਂ ਅੱਗੇ ਲੰਘਣਾ

ਅੱਗੇ ਲੰਘਣ ਲਈ ਥਾਂ ਅਤੇ ਰਫਤਾਰ

ਆਪਣੀ ਗੱਡੀ ਅੱਗੇ ਕੱਢਣ ਤੋਂ ਪਹਿਲਾਂ, ਆਪਣੇ ਅੱਗੇ ਦੀ ਸੜਕ ਦੇ ਅਜਿਹੇ ਹਾਲਾਤਾਂ ਅਤੇ ਟ੍ਰੈਫਿਕ ਨੂੰ ਧਿਆਨ ਨਾਲ ਵੇਖੋ ਜਿਸਦੇ ਕਾਰਨ ਦੂਜੀਆਂ ਗੱਡੀਆਂ ਤੁਹਾਡੀ ਲੇਨ ਵਿੱਚ ਆ ਸਕਦੀਆਂ ਹਨ। ਸਿਰਫ ਤਾਂ ਹੀ ਅੱਗੇ ਲੰਘੋ ਜਦੋਂ ਅਜਿਹਾ ਕਰਨਾ ਜ਼ਰੂਰੀ ਹੋਵੇ। ਤੁਹਾਡੇ ਲਈ ਇਸ ਗੱਲ ਦਾ ਅੰਦਾਜ਼ਾ ਲਗਾਉਣਾ ਬਹੁਤ ਜ਼ਰੂਰੀ ਹੈ ਕਿ ਜਦੋਂ ਵੀ ਤੁਸੀਂ ਹੇਠਲੀਆਂ ਥਾਵਾਂ ਕੋਲ ਪਹੁੰਚੋਗੇ ਤੁਹਾਡੇ ਕੋਲ ਅੱਗੇ ਲੰਘਣ ਲਈ ਜ਼ਰੂਰੀ ਥਾਂ ਹੋਵੇਗੀ:

- ਸਾਮ੍ਹਣੇ ਤੋਂ ਆ ਰਹੀ ਇੱਕ ਗੱਡੀ।
- ਇੱਕ ਪਹਾੜੀ ਜਾਂ ਮੋੜ।
- ਇੱਕ ਚੌਰਾਹਾ।
- ਸੜਕ ਤੇ ਕੋਈ ਰੁਕਾਵਟ।
- ਇੱਕ ਸਾਈਕਲ ਸਵਾਰ।

ਅੱਗੇ ਨਾ ਲੰਘੋ:

- ਜੇ ਤੁਸੀਂ ਕਿਸੇ ਪਹਾੜੀ ਜਾਂ ਮੋੜ ਤੱਕ ਪਹੁੰਚ ਰਹੇ ਹੋ ਅਤੇ ਤੁਸੀਂ ਵੇਖ ਨਹੀਂ ਸਕਦੇ ਕਿ ਸਾਮ੍ਹਣੇ ਤੋਂ ਕੋਈ ਹੋਰ ਟ੍ਰੈਫਿਕ ਤਾਂ ਨਹੀਂ ਆ ਰਿਹਾ ਹੈ।
- ਕਿਸੇ ਚੌਰਾਹੇ, ਬ੍ਰਿਜ, ਟਨਲ, ਰੇਲਰੋਡ ਕ੍ਰਾਸਿੰਗ, ਜਾਂ ਉਹ ਖੇਤਰ ਜੋ ਸ਼ੰਕਾ ਦਾ ਕਾਰਨ ਬਣ ਸਕਦੇ ਹਨ, ਉਨ੍ਹਾਂ ਦੇ 100 ਫੁੱਟ ਤੋਂ ਅੰਦਰ-ਅੰਦਰ।

ਅੱਗੇ ਕਿਸ ਤਰ੍ਹਾਂ ਲੰਘੋ:

ਦੂਜੀਆਂ ਗੱਡੀਆਂ ਤੋਂ ਅੱਗੇ ਲੰਘਣ ਲਈ ਸੜਕ ਦੇ ਪੱਕੇ ਜਾਂ ਵਰਤੇ ਜਾਣ ਵਾਲੇ ਮੁੱਖ ਭਾਗ ਤੋਂ ਬਾਹਰ ਨਾ ਜਾਓ ਅਤੇ ਨਾ ਹੀ ਅੱਗੇ ਵਧਣ ਲਈ ਪਟੜੀ ਦੀ ਵਰਤੋਂ ਕਰੋ। ਸੜਕ ਦੇ ਵਰਤੇ ਜਾਣ ਵਾਲੇ ਮੁੱਖ ਭਾਗ ਦੇ ਕਿਨਾਰੇ ਤੇ ਇੱਕ ਚਿੱਟੀ ਲਾਈਨ ਬਣੀ ਹੋ ਸਕਦੀ ਹੈ। ਚੌਰਾਹਿਆਂ, ਰੇਲਵੇ ਕ੍ਰਾਸਿੰਗਾਂ ਜਾਂ ਡ੍ਰਾਈਵ-ਵੇ ਵਿੱਚ ਦਾਖਲ ਹੋਣ ਵਾਲੀਆਂ ਥਾਂਵਾਂ ਤੇ ਦੂਜੀਆਂ ਗੱਡੀਆਂ ਤੋਂ ਅੱਗੇ ਲੰਘਣਾ ਖਤਰਨਾਕ ਹੈ।

ਟ੍ਰੈਫਿਕ ਦੇ ਖੱਬੇ ਪਾਸੇ ਵਲੋਂ ਅੱਗੇ ਲੰਘੋ। ਸੱਜੇ ਪਾਸੇ ਵਲੋਂ ਤੁਸੀਂ ਸਿਰਫ ਤਾਂ ਹੀ ਅੱਗੇ ਲੰਘ ਸਕਦੇ ਹੋ ਜੇ:

- ਇੱਕ ਖੁੱਲ੍ਹੇ ਹਾਈਵੇ ਤੇ ਤੁਹਾਡੀ ਦਿਸ਼ਾ ਵਿੱਚ ਸਫਰ ਕਰਨ ਲਈ 2 ਜਾਂ ਉਸ ਤੋਂ ਵਧ ਲੇਨਾਂ ਦੇ ਸਾਫ ਨਿਸ਼ਾਨ ਬਣੇ ਹੋਣ।
- ਤੁਹਾਡੇ ਅੱਗੇ ਵਾਲਾ ਡ੍ਰਾਈਵਰ ਖੱਬੇ ਪਾਸੇ ਮੁੜ ਰਿਹਾ ਹੈ ਅਤੇ ਤੁਸੀਂ ਅੱਗੇ ਲੰਘਣ ਲਈ ਪੱਕੇ ਰਾਹ ਤੋਂ ਬਾਹਰ ਨਹੀਂ ਜਾ ਰਹੇ ਹੋ। ਜੇ ਡ੍ਰਾਈਵਰ ਖੱਬੇ ਪਾਸੇ ਮੁੜਣ ਦਾ ਇਸ਼ਾਰਾ ਕਰ ਰਿਹਾ ਹੈ ਤਾਂ ਕਦੇ ਵੀ ਖੱਬੇ ਪਾਸੇ ਵਲੋਂ ਅੱਗੇ ਨਾ ਲੰਘੋ।
- ਇੱਕ-ਤਰਫਾ ਸੜਕ ਤੇ।

ਅੱਗੇ ਨਿਕਲਣ ਤੋਂ ਪਹਿਲਾਂ ਹਮੇਸ਼ਾ ਸਿਗਨਲ ਦਿਓ। ਤੁਸੀਂ ਆਪਣੀ ਗੱਡੀ ਦੇ ਹੌਰਨ ਨੂੰ ਹੋਲਾ ਜਿਹਾ ਦੱਬਾ ਕੇ, ਜਾਂ ਕੁਝ ਪੱਲ ਲਈ ਆਪਣੀ ਲਾਈਟਾਂ ਨੂੰ ਫਲੈਸ਼ ਕਰਕੇ ਦੂਜੇ ਡ੍ਰਾਈਵਰ ਨੂੰ ਆਪਣੇ ਅੱਗੇ ਲੰਘਣ ਦੇ ਇਰਾਦੇ ਬਾਰੇ ਜਾਣੂ ਕਰ ਸਕਦੇ ਹੋ। ਲੰਘਣ ਲਈ ਗੱਡੀ ਨੂੰ ਅੱਗੇ ਉਦੋਂ ਤੱਕ ਨਾ ਕੱਢੋ ਜਦੋਂ ਤੀਕ ਇਹ ਯਕੀਨੀ ਨਾ ਕਰ ਲਓ ਕਿ ਤੁਹਾਡੀ ਲੇਨ ਵਿੱਚ ਤੁਹਾਡੀ ਵਾਪਸੀ ਲਈ ਕਾਫੀ ਥਾਂ ਹੈ।

ਦੋ ਲੇਨਾਂ ਵਾਲੀ ਸੜਕਾਂ ਤੇ ਦੂਜੀਆਂ ਗੱਡੀਆਂ, ਸਾਈਕਲਾਂ ਅਤੇ ਮੋਟਰਸਾਈਕਲਾਂ ਸਮੇਤ, ਤੋਂ ਅੱਗੇ ਲੰਘ ਕੇ ਜਾਣ ਤੋਂ ਬਚੋ। ਹਰ ਵਾਰੀ, ਜਦੋਂ ਤੁਸੀਂ ਅੱਗੇ ਲੰਘਦੇ ਹੋ, ਤੁਸੀਂ ਇੱਕ ਟੱਕਰ ਹੋਣ ਦੇ ਖਤਰੇ ਨੂੰ ਵਧਾਉਂਦੇ ਹੋ। ਜਦੋਂ ਤੁਸੀਂ ਕਿਸੇ ਸਾਈਕਲ ਸਵਾਰ ਦੇ ਕੋਲੋਂ ਨਿਕਲਦੇ ਹੋ, ਤਾਂ ਗੱਡੀ ਦੀ ਰਫਤਾਰ ਘਟਾ ਦਿਓ ਅਤੇ ਉਨ੍ਹਾਂ ਤੋਂ ਅੱਗੇ ਤਾਂ ਹੀ ਲੰਘੋ ਜਦੋਂ ਅਜਿਹਾ ਕਰਨਾ ਸੁਰੱਖਿਅਤ ਹੋਵੇ, ਜਿੱਥੇ ਸੰਭਵ ਹੋਵੇ, ਆਪਣੀ ਗੱਡੀ ਅਤੇ ਸਾਈਕਲ ਸਵਾਰ ਦੇ ਵਿੱਚ ਘੱਟੋ-ਘੱਟ 3 ਫੁੱਟ ਦੀ ਦੂਰੀ ਬਣਾਏ ਰੱਖੋ। ਸਾਈਕਲ ਸਵਾਰ ਦਾ ਰਸਤਾ ਤੰਗ ਕਰਕੇ ਉਸਨੂੰ ਸੜਕ ਤੋਂ ਥੱਲੇ ਨਾ ਉਤਾਰੋ।

ਅੱਗੇ ਲੰਘਣ ਤੋਂ ਬਾਅਦ ਇੱਕ ਲੇਨ ਵਿੱਚ ਵਾਪਸ ਆਉਣਾ

ਜਿਸ ਲੇਨ ਵਿੱਚ ਤੁਸੀਂ ਗੱਡੀ ਚਲਾ ਰਹੇ ਹੋ ਉਸ ਵਿੱਚ ਵਾਪਸ ਆਉਣ ਤੋਂ ਪਹਿਲਾਂ ਇਹ ਯਕੀਨੀ ਬਣਾਓ ਕਿ ਤੁਸੀਂ ਉਸ ਗੱਡੀ ਦੇ ਖਤਰਨਾਕ ਢੰਗ ਨਾਲ ਨਜ਼ਦੀਕ ਨਾ ਹੋਵੋ ਜਿਸ ਤੋਂ ਅੱਗੇ ਤੁਸੀਂ ਹੁਣੇ ਲੰਘੇ ਹੋ। ਅਜਿਹਾ ਕਰਨ ਦਾ ਇੱਕ ਤਰੀਕਾ ਹੈ ਕਿ ਆਪਣੇ ਪਿੱਛੇ ਦਾ ਦ੍ਰਿਸ਼ ਵਿਖਾਉਣ ਵਾਲੇ ਸ਼ੀਸ਼ੇ ਵਿੱਚ ਉਸ ਗੱਡੀ ਨੂੰ ਵੇਖੋ। ਜਦੋਂ ਤੁਸੀਂ ਇਸ ਸ਼ੀਸ਼ੇ ਵਿੱਚ ਉਸ ਦੀਆਂ ਦੋਵੇਂ ਹੈਡਲਾਈਟਾਂ ਵੇਖ ਸਕਦੇ ਹੋ ਤਾਂ ਇਸ ਦਾ ਮਤਲਬ ਹੈ ਕਿ ਆਪਣੀ ਲੇਨ ਵਿੱਚ ਵਾਪਸ ਜਾਉਣ ਲਈ ਤੁਹਾਡੇ ਕੋਲ ਕਾਫੀ ਥਾਂ ਹੈ। ਇਹ ਨਾ ਸੋਚੋ ਕਿ ਬਹੁਤ ਸਾਰੀਆਂ ਗੱਡੀਆਂ ਤੋਂ ਇੱਕੋ ਵਾਰੀ ਅੱਗੇ ਲੰਘਣ ਲਈ ਤੁਹਾਡੇ ਕੋਲ ਕਾਫੀ ਸਮਾਂ ਹੈ ਜਾਂ ਕਿ ਦੂਜੇ ਡ੍ਰਾਈਵਰ ਤੁਹਾਡੇ ਲਈ ਥਾਂ ਖਾਲੀ ਕਰਣਗੇ।

ਅੱਗੇ ਲੰਘਣਾ

ਜੇ ਕੋਈ ਗੱਡੀ ਤੁਹਾਡੇ ਤੋਂ ਅੱਗੇ ਲੰਘ ਰਹੀ ਹੈ, ਜਾਂ ਉਸ ਨੇ ਅੱਗੇ ਲੰਘਣ ਦੇ ਆਪਣੇ ਇਰਾਦੇ ਦਾ ਸਿਗਨਲ ਦਿੱਤਾ ਹੈ, ਤਾਂ ਤੁਹਾਡੀ ਸਪੀਡ ਨਹੀਂ ਵਧਾਉਣੀ ਚਾਹੀਦੀ ਅਤੇ ਉਸ ਗੱਡੀ ਨੂੰ ਅੱਗੇ ਲੰਘ ਲੈਣ ਦੇਣ ਲਈ ਆਪਣੀ ਲੇਨ ਦੀ ਪੋਜੀਸ਼ਨ ਬਣਾਈ ਰੱਖਣੀ ਚਾਹੀਦੀ ਹੈ। ਅੱਗੇ ਲੰਘ ਜਾਣ ਲਈ ਗੱਡੀ ਦੀ ਸਪੀਡ ਨਾ ਵਧਾਓ ਜਾਂ ਹੋਰ ਤੇਜ਼ ਜਾਣ ਦੀ ਕੋਸ਼ਿਸ਼ ਨਾ ਕਰੋ।

ਵੱਡੇ ਟਰੱਕ (ਵੱਡੇ ਰਿਗਜ਼) ਅਤੇ ਮਨੋਰੰਜਨ ਗੱਡੀਆਂ (RVs)

ਵੱਡੇ ਟਰੱਕ ਜਾਂ RV ਨਾਲ ਟੱਕਰ ਦੀ ਸੰਭਾਵਨਾ ਨੂੰ ਘੱਟ ਕਰਨ ਲਈ, ਤੁਹਾਨੂੰ ਵੱਡੇ ਟਰੱਕ ਦੀਆਂ ਭੌਤਕ ਯੋਗਤਾਵਾਂ ਅਤੇ ਇਸਦੇ ਚੱਲਣ ਦੇ ਤਰੀਕਿਆਂ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ।

ਬ੍ਰੇਕਾਂ ਲਗਾਉਣਾ

ਵੱਡੇ ਟਰੱਕ ਨੂੰ ਉਸੇ ਰਫਤਾਰ ਤੇ ਚੱਲ ਰਹੀ ਯਾਤਰੀ ਗੱਡੀਆਂ ਦੇ ਮੁਕਾਬਲੇ, ਰੋਕਣ ਵਿੱਚ ਜ਼ਿਆਦਾ ਸਮਾਂ ਲੱਗਦਾ ਹੈ। 55 ਮੀਲ ਪ੍ਰਤੀ ਘੰਟੇ ਦੀ ਰਫਤਾਰ ਤੇ ਚੱਲ ਰਹੀ ਆਮ ਸਵਾਰੀ ਗੱਡੀ ਨੂੰ ਰੋਕਣ ਲਈ 400 ਫੁੱਟ ਦੀ ਦੂਰੀ ਦੀ ਲੋੜ ਹੁੰਦੀ ਹੈ। ਪਰ, ਉਸੇ ਰਫਤਾਰ ਤੇ ਚੱਲ ਰਹੇ ਵੱਡੇ ਟਰੱਕ ਨੂੰ ਰੁਕਣ ਲਈ 800 ਫੁੱਟ ਦੀ ਲੋੜ ਪੈ ਸਕਦੀ ਹੈ। ਕਿਸੇ ਵੱਡੇ ਟਰੱਕ ਦੇ ਅੱਗੇ ਆ ਕੇ ਅਚਾਨਕ ਰਫਤਾਰ ਨਾ ਘਟਾਓ ਜਾਂ ਗੱਡੀ ਰੋਕ ਨਾ ਦਿਓ। ਟ੍ਰੱਕ ਡ੍ਰਾਈਵਰ ਤੁਹਾਡੇ ਨਾਲ ਟੱਕਰ ਤੋਂ ਬਚਣ ਲਈ ਬਹੁਤ ਤੇਜ਼ੀ ਨਾਲ ਆਪਣੀ ਗੱਡੀ ਨੂੰ ਰੋਕ ਨਹੀਂ ਪਾਏਗਾ।

ਟਰੱਕ ਵਾਲਿਆਂ ਦੇ ਬਲਾਇੰਡ ਖੇਤਰ— "ਨੋ ਜ਼ੋਨ"

ਸਵਾਰੀ ਗੱਡੀਆਂ ਦੇ ਡ੍ਰਾਈਵਰ ਗਲਤ ਢੰਗ ਨਾਲ ਇਹ ਮੰਨਦੇ ਹਨ ਕਿ ਟਰੱਕ ਡ੍ਰਾਈਵਰ ਸੜਕ ਨੂੰ ਜਿਆਦਾ ਚੰਗੀ ਤਰ੍ਹਾਂ ਵੇਖ ਸਕਦਾ ਹੈ ਕਿਉਂਕਿ ਉਹ ਜਿਆਦਾ ਉੱਚਾ ਬੈਠਾ ਹੋਇਆ ਹੈ। ਹਾਲਾਂਕਿ ਟਰੱਕ ਡ੍ਰਾਈਵਰ ਅੱਗੇ ਦੇ ਦ੍ਰਿਸ਼ ਨੂੰ ਜਿਆਦਾ ਚੰਗੀ ਤਰ੍ਹਾਂ ਵੇਖ ਸਕਦਾ ਹੈ ਅਤੇ ਉਸਦੇ ਸ਼ੀਸ਼ੇ ਜਿਆਦਾ ਵੱਡੇ ਹੁੰਦੇ ਹਨ, ਪਰ ਉਨ੍ਹਾਂ ਦੇ ਵੱਡੇ ਬਲਾਇੰਡ ਖੇਤਰ ਜਾਂ "ਨੋ ਜ਼ੋਨ" ਵੀ ਹੁੰਦੇ ਹਨ ਅਤੇ ਤੁਹਾਡੀ ਗੱਡੀ ਟਰੱਕ ਡ੍ਰਾਈਵਰ ਦੀ ਨਿਗਾਹ ਤੋਂ ਗਾਇਬ ਹੋ ਸਕਦੀ ਹੈ।



ਸ਼ੇਡ ਕੀਤੇ ਹੋਏ ਹਿੱਸੇ ਡ੍ਰਾਈਵਰ ਨੂੰ ਨਾ ਦਿੱਸਣ ਵਾਲੀਆਂ ਥਾਵਾਂ ਹਨ।

ਜੇ ਤੁਸੀਂ ਇਨ੍ਹਾਂ ਨਾ ਦਿੱਸਣ ਵਾਲੀਆਂ ਥਾਵਾਂ ਵਿੱਚ ਮੌਜੂਦ ਰਹੋਗੇ ਤਾਂ ਖਤਰਨਾਕ ਹਾਲਾਤ ਵਿੱਚ ਤੁਸੀਂ ਟਰੱਕ ਡ੍ਰਾਈਵਰ ਦੀ ਬਚਾਅ ਕਰਨ ਦੀ ਯੋਗਤਾ ਨੂੰ ਖਤਮ ਕਰ ਦਿਓਗੇ। ਆਮ ਤੌਰ ਤੇ ਜੇ ਤੁਸੀਂ ਟਰੱਕ ਡ੍ਰਾਈਵਰ ਨੂੰ ਉਸਦੇ ਪਾੱਸੇ ਵਾਲੇ ਸ਼ੀਸ਼ੇ ਵਿੱਚ ਨਹੀਂ ਵੇਖ ਸਕਦੇ ਤਾਂ ਉਹ ਵੀ ਤੁਹਾਨੂੰ ਨਹੀਂ ਵੇਖ ਸਕਦੇ ਹਨ।

ਮੋੜਣਾ

ਜਦੋਂ ਵੀ ਕੋਈ ਗੱਡੀ ਮੋੜ ਕੱਟਦੀ ਹੈ, ਉਸਦੇ ਪਿੱਛਲੇ ਪਹੀਏ, ਅਗਲੇ ਪਹੀਇਆਂ ਦੇ ਮੁਕਾਬਲੇ, ਛੋਟਾ ਰਸਤਾ ਤੈਅ ਕਰਦੇ ਹਨ। ਜਿੰਨੀ ਜਿਆਦਾ ਲੰਮੀ ਗੱਡੀ ਹੋਵੇਗੀ ਉਨਾਂ ਹੀ ਵੱਧ ਇਹ ਫਰਕ ਹੋਵੇਗਾ। ਇਹੀ ਕਾਰਨ ਹੈ ਕਿ ਵੱਡੇ ਟਰੱਕਾਂ ਦੇ ਡ੍ਰਾਈਵਰਾਂ ਨੂੰ ਸੱਜੇ ਮੁੜਣ ਲਈ ਜਿਆਦਾ ਵੱਡਾ ਮੋੜ ਕੱਟਣਾ ਪੈਂਦਾ ਹੈ। ਜੇ ਤੁਸੀਂ ਕਿਸੇ ਵੱਡੇ ਟਰੱਕ ਦੇ ਪਿੱਛੇ ਚੱਲ ਰਹੇ ਹੋ, ਤਾਂ ਆਪਣੀ ਗੱਡੀ ਅੱਗੇ ਕੱਢਣਾ ਸ਼ੁਰੂ ਕਰਨ ਤੋਂ ਪਹਿਲਾਂ ਉਸਦੇ ਮੁੜਣ ਦੇ ਸਿਗਨਲਾਂ ਨੂੰ ਵੇਖੋ। ਜੇ ਟਰੱਕ ਖੱਬੇ ਮੁੜਦਾ ਹੋਇਆ ਦਿੱਸਦਾ ਹੈ, ਤਾਂ ਸਿਗਨਲਾਂ ਲਈ ਫੇਰ ਵੇਖੋ; ਹੋ ਸਕਦਾ ਹੈ ਕਿ ਡ੍ਰਾਈਵਰ ਅਸਲ ਵਿੱਚ ਸੱਜੇ ਮੁੜ ਰਿਹਾ ਹੋਵੇ ਪਰ ਵੱਡਾ ਮੋੜ ਲੈਣ ਲਈ ਪਹਿਲਾਂ ਥੋੜਾ ਖੱਬੇ ਵੱਲ ਨੂੰ ਹੁੰਦਾ ਹੋਇਆਂ ਸੱਜੇ ਨੂੰ ਹੁੰਦੇ ਹਨ।

ਤੁਹਾਡਾ ਦ੍ਰਿਸ਼

ਸੱਜੇ ਮੁੜਣ ਤੋਂ ਪਹਿਲਾਂ,
ਸਾਈਕਲ ਵਾਲਿਆਂ ਨੂੰ ਵੇਖਣ ਲਈ
ਆਪਣੇ ਸੱਜੇ ਮੋਢੇ ਦੇ ਉੱਤੇ ਤੋਂ ਵੇਖੋ।

ਉਹਨਾਂ ਦਾ ਦ੍ਰਿਸ਼

ਗੱਡੀ ਚਲਾਉਣ ਵਾਲੇ ਦੇ ਨਾ ਦੇਖੀਆਂ ਜਾ
ਸਕਣ ਵਾਲੀਆਂ ਥਾਵਾਂ (ਬਲਾਇੰਡ ਸਪਾੱਟ)
ਟ੍ਰੈਫਿਕ ਦੇ ਖ਼ਤਰਿਆਂ ਦਾ ਅਨੁਮਾਨ ਲਗਾਓ।

OTS
TRAFFIC SAFETY

ਆਪਣਾ ਨਜ਼ਰਿਆ ਬਦਲੋ

ਬਚਾਅ ਕਰਨ ਦੀ ਯੋਗਤਾ

ਟਰੱਕਾਂ ਵਿੱਚ ਦਿਸ਼ਾ ਬਦਲਣ ਦੀ ਉਨੀ ਸਮਰੱਥਾ ਨਹੀਂ ਹੁੰਦੀ ਜਿੰਨੀ ਸਵਾਰੀ ਗੱਡੀਆਂ ਵਿੱਚ ਹੁੰਦੀ ਹੈ। ਵੱਡੇ ਟਰੱਕਾਂ ਨੂੰ ਰੁਕਣ ਅਤੇ ਚੱਲਣ ਲਈ ਜ਼ਿਆਦਾ ਫਾਸਲੇ ਦੀ ਲੋੜ ਹੁੰਦੀ ਹੈ। ਉਨ੍ਹਾਂ ਨੂੰ ਮੁੜਣ ਲਈ ਜ਼ਿਆਦਾ ਥਾਂ ਦੀ ਲੋੜ ਹੁੰਦੀ ਹੈ ਅਤੇ ਉਨ੍ਹਾਂ ਦਾ ਭਾਰ ਜ਼ਿਆਦਾ ਹੁੰਦਾ ਹੈ। ਜਦੋਂ ਕੋਈ ਸੰਕੇਤ ਨਾ ਲਗੇ ਹੋਣ ਤਾਂ ਇਨ੍ਹਾਂ ਗੱਡੀਆਂ ਨੂੰ ਸੱਜੀ ਟ੍ਰੈਫਿਕ ਲੇਨ ਵਿੱਚ ਜਾਂ ਜਿੰਨਾਂ ਸੰਭਵ ਹੋ ਸਕੇ ਸੜਕ ਦੇ ਸੱਜੇ ਕਿਨਾਰੇ ਤੇ ਚੱਲਣਾ ਚਾਹੀਦਾ ਹੈ।

ਇੱਕ ਵੰਡੇ ਹੋਏ ਹਾਈਵੇ ਜਿਸ ਤੇ ਇੱਕ ਦਿਸ਼ਾ ਵਿੱਚ 4 ਜਾਂ ਵੱਧ ਟ੍ਰੈਫਿਕ ਲੇਨਾਂ ਹੋਣ, ਇਹ ਗੱਡੀਆਂ ਸੱਜੀ ਲੇਨ ਦੇ ਬਿਲਕੁੱਲ ਨਾਲ ਦੀ ਖੱਬੀ ਲੇਨ ਵਿੱਚ ਵੀ ਚੱਲ ਸਕਦੀਆਂ ਹਨ।

ਜਦੋਂ ਤੁਸੀਂ ਵੱਡੇ ਟਰੱਕਾਂ ਦੇ ਨੇੜੇ ਹੋਵੋ ਤਾਂ ਹੇਠਲੀਆਂ ਗਲਤੀਆਂ ਕਰਨ ਤੋਂ ਬਚੋ:

- ਐਕਜ਼ਿਟ ਲੈਣ ਲਈ ਜਾਂ ਇੱਕ ਮੋੜ ਕੱਟਣ ਲਈ ਟ੍ਰੈਫਿਕ ਵਿੱਚ ਜਾਂ ਹਾਈਵੇ ਤੇ ਟਰੱਕ ਦਾ ਰਸਤਾ ਕੱਟਣਾ। ਟਰੱਕ ਦੇ ਸਾਮ੍ਹਣੇ ਖਾਲੀ ਥਾਂ ਤੇ ਉਸਦਾ ਰਸਤਾ ਕੱਟਣਾ ਖਤਰਨਾਕ ਹੈ। ਰਫਤਾਰ ਘਟਾਓ ਅਤੇ ਮੁਰੰਮਤ ਵਾਲੇ ਖੇਤਰ ਵਿੱਚ ਦਾਖਲ ਹੋਣ ਲਈ ਆਪਣੀ ਵਾਰੀ ਦਾ ਇੰਤਜ਼ਾਰ ਕਰੋ। ਸੜਕ ਤੋਂ ਬਾਹਰ ਨਿਕਲਣ ਲਈ ਟਰੱਕ ਤੋਂ ਅੱਗੇ ਲੰਘਣ ਲਈ ਆਪਣੀ ਰਫਤਾਰ ਨਾ ਵਧਾਓ। ਗੱਡੀ ਨੂੰ ਹੌਲਾ ਕਰਨ ਲਈ ਕੁਝ ਪਲ ਲਗਾਓ ਅਤੇ ਟਰੱਕ ਦੇ ਪਿੱਛੇ ਤੋਂ ਬਾਹਰ ਨਿਕਲੋ।
- ਟਰੱਕ ਤੋਂ ਅੱਗੇ ਲੰਘਣ ਵੇਲੇ ਉਸਦੇ ਨਾਲ-ਨਾਲ ਚੱਲਣਾ। ਵੱਡੇ ਟਰੱਕਾਂ ਦੇ ਹਮੇਸ਼ਾ ਖੱਬੇ ਪਾਸੇ ਤੋਂ ਲੰਘੋ ਅਤੇ ਜਦੋਂ ਤੁਸੀਂ ਟਰੱਕ ਦੇ ਅਗੇ ਲੰਘ ਜਾਂਦੇ ਹੋ, ਤਾਂ ਉਨ੍ਹਾਂ ਤੋਂ ਅੱਗੇ ਲੰਘ ਜਾਓ। ਟਰੱਕ ਦੇ ਨਾਲ-ਨਾਲ ਨਾ ਚੱਲੋ। ਨਹੀਂ ਤਾਂ, ਜੇ ਅੱਗੇ ਸੜਕ ਤੇ ਕੋਈ ਰੁਕਾਵਟ ਆ ਜਾਂਦੀ ਹੈ, ਤਾਂ ਤੁਸੀਂ ਟਰੱਕ ਡ੍ਰਾਈਵਰ ਲਈ ਬਚਾਅ ਕਰਨਾ ਮੁਸ਼ਕਲ ਹੀ ਨਹੀਂ ਨਾਮੁਮਕਿਨ ਬਣਾ ਦਿਓਗੇ।
- ਬਹੁਤ ਨੇੜੇ ਚੱਲਣਾ ਜਾਂ ਬਹੁਤ ਘੱਟ ਫਾਸਲਾ ਰੱਖ ਕੇ ਚੱਲਣਾ। ਜੇ ਤੁਸੀਂ ਕਿਸੇ ਟਰੱਕ ਦੇ ਪਿੱਛੇ-ਪਿੱਛੇ ਇੰਨਾਂ ਨੇੜੇ ਚਲਦੇ ਹੋ ਕਿ ਤੁਸੀਂ ਟਰੱਕ ਡ੍ਰਾਈਵਰ ਦੇ ਸਾਈਡ ਵਾਲੇ ਸ਼ੀਸ਼ੇ ਨਹੀਂ ਵੇਖ ਸਕਦੇ ਹੋ, ਤਾਂ ਟਰੱਕ ਡ੍ਰਾਈਵਰ ਤੁਹਾਨੂੰ ਦੇਖ ਨਹੀਂ ਸਕਦਾ ਹੈ ਅਤੇ ਉਸ ਕੋਲ ਇਹ ਪਤਾ ਕਰਨ ਦਾ ਕੋਈ ਸਾਧਨ ਨਹੀਂ ਹੈ ਕਿ ਤੁਸੀਂ ਉੱਥੇ ਹੋ। ਟਰੱਕ ਜਾਂ ਕਿਸੇ ਹੋਰ ਗੱਡੀ ਤੋਂ ਬਹੁਤ ਘੱਟ ਫਾਸਲਾ ਰੱਖ ਕੇ ਚਲਾਉਣਾ ਖਤਰਨਾਕ ਹੈ ਕਿਉਂਕਿ ਜੇ ਤੁਹਾਡੇ ਅੱਗੇ ਵਾਲੀ ਗੱਡੀ ਅਚਾਨਕ ਰੁੱਕ ਜਾਵੇ ਤਾਂ ਤੁਸੀਂ ਆਪਣੀ ਸੁਰੱਖਿਅਤ ਦੂਰੀ ਨੂੰ ਘਟਾ ਦਿੰਦੇ ਹੋ।
- ਸਾਮ੍ਹਣੇ ਤੋਂ ਆਉਣ ਵਾਲੇ ਕਿਸੇ ਟ੍ਰੈਕਟਰ-ਟ੍ਰੇਲਰ ਦੇ ਆਕਾਰ ਅਤੇ ਰਫਤਾਰ ਨੂੰ ਘੱਟ ਸਮਝਣਾ। ਆਪਣੇ ਵੱਡੇ ਆਕਾਰ ਦੇ ਕਾਰਨ ਵੱਡਾ ਟ੍ਰੈਕਟਰ-ਟ੍ਰੇਲਰ ਬਹੁਤ ਵਾਰੀ ਘੱਟ ਰਫਤਾਰ ਤੇ ਚੱਲਦਾ ਜਾਪਦਾ ਹੈ। ਬਹੁਤ ਸਾਰੀਆਂ ਸਵਾਰੀ ਗੱਡੀਆਂ ਅਤੇ ਵੱਡੇ ਟਰੱਕਾਂ ਦੀਆਂ ਟੱਕਰਾਂ ਚੁਰਾਹਿਆਂ ਤੇ ਓਦੋਂ ਹੋਈਆਂ ਹਨ, ਜਦੋਂ ਸਵਾਰੀਆਂ ਵਾਲੀਆਂ ਗੱਡੀਆਂ ਦੇ ਡ੍ਰਾਈਵਰ ਇਹ ਸਮਝ ਨਹੀਂ ਪਾਂਦੇ ਕਿ ਟਰੱਕ ਕਿੰਨਾ ਨੇੜੇ ਸੀ ਅਤੇ ਕਿੰਨਾ ਤੇਜ਼ ਚੱਲ ਰਿਹਾ ਸੀ।

ਬੱਸਾਂ, ਸਟ੍ਰੀਟਕਾਰਾਂ ਅਤੇ ਟ੍ਰਾਲੀਆਂ

ਸੁਰੱਖਿਆ ਖੇਤਰ ਚੋਂ ਲੰਘ ਕੇ ਨਾ ਜਾਓ, ਇਹ ਉਹ ਖੇਤਰ ਹੈ ਜੋ ਪੈਦਲ ਚੱਲਣ ਵਾਲੇ ਲੋਕਾਂ ਲਈ ਸੁਰੱਖਿਅਤ ਰੱਖਿਆ ਗਿਆ ਹੈ ਅਤੇ ਸੜਕ ਤੇ ਉਠੇ ਹੋਏ ਬਟਨਾਂ ਜਾਂ ਮਾਰਕਰਾਂ ਦੇ ਨਿਸ਼ਾਨਾਂ ਨਾਲ ਦਰਸਾਇਆ ਗਿਆ ਹੈ। ਉਸ ਥਾਂ ਤੇ ਜਿੱਥੇ ਕੋਈ ਸੁਰੱਖਿਅਤ ਖੇਤਰ ਨਹੀਂ ਹੈ, ਜੇ ਲੋਕ ਸਟ੍ਰੀਟਕਾਰ ਜਾਂ ਟ੍ਰਾੱਲੀ ਵਿੱਚ ਚੜ੍ਹ ਜਾਂ ਉਤਰ ਰਹੇ ਹੋਣ, ਤਾਂ ਉਸ ਗੱਡੀ ਦੇ ਪਿੱਛੇ ਸਭ ਤੋਂ ਨਜ਼ਦੀਕੀ ਦਰਵਾਜ਼ੇ ਜਾਂ ਗੱਡੀ ਦੇ ਪਲੈਟਫਾਰਮ ਦੇ ਕੋਲ ਰੁਕ ਜਾਓ ਅਤੇ ਉਦੋਂ ਤੱਕ ਇੰਤਜ਼ਾਰ ਕਰੋ ਜਦੋਂ ਤੀਕ ਕਿ ਲੋਕ ਸੁਰੱਖਿਅਤ ਥਾਂ ਤੇ ਨਾ ਪੁੱਜ ਜਾਣ। ਜੇ ਕੋਈ ਬੱਸ, ਸਟ੍ਰੀਟਕਾਰ ਜਾਂ ਟ੍ਰਾਲੀ ਇੱਕ ਸੁਰੱਖਿਆ ਖੇਤਰ ਵਿੱਚ ਰੁਕੀ ਹੋਈ ਹੈ ਜਾਂ ਕਿਸੇ ਅਜਿਹੇ ਚੌਰਾਹੇ ਤੇ ਰੁਕੀ ਹੋਈ ਹੈ ਜਿੱਥੇ ਟ੍ਰੈਫਿਕ ਦਾ ਨਿਯੰਤ੍ਰਣ ਅਮਨ ਦੀ ਰੱਖਿਆ ਕਰਨ ਵਾਲੇ ਅਧਿਕਾਰੀ ਜਾਂ ਟ੍ਰੈਫਿਕ ਸਿਗਨਲ ਲਾਈਟ ਰਾਹੀਂ ਕੀਤਾ ਜਾ ਰਿਹਾ ਹੈ ਤਾਂ ਤੁਸੀਂ 10 ਮੀਲ ਪ੍ਰਤੀ ਘੰਟੇ ਦੀ ਰਫਤਾਰ ਤੋਂ ਅੱਗੇ ਲੰਘ ਸਕਦੇ ਹੋ।

ਕਿਸੇ ਹਲਕੀ ਰੇਲ (ਲਾਈਟ ਰੇਲ) ਵਾਹਨ ਜਾਂ ਸਟ੍ਰੀਟਕਾਰ ਤੋਂ ਖੱਬੇ ਪਾਸੇ ਵਲੋਂ ਅੱਗੇ ਨਾ ਲੰਘੋ, ਭਾਵੇਂ ਉਹ ਚਲ ਰਹੇ ਹੋਣ ਜਾਂ ਖੜੇ ਹੋਣ।

ਅਪਵਾਦ:

- ਜਦੋਂ ਤੁਸੀਂ ਇਕ-ਤਰਫਾ ਸੜਕ ਤੇ ਹੋਵੋ।
- ਜਦੋਂ ਰੇਲਵੇ ਲਾਈਨਾਂ ਸੱਜੇ ਕਿਨਾਰੇ ਦੇ ਇੰਨੇ ਨੇੜੇ ਹੋਣ ਕਿ ਤੁਹਾਡੇ ਲਈ ਸੱਜੇ ਪਾਸੇ ਵਲੋਂ ਲੰਘਣਾ ਮੁਮਕਨ ਨਾ ਹੋਵੇ।
- ਜਦੋਂ ਕੋਈ ਟ੍ਰੈਫਿਕ ਅਫਸਰ ਤੁਹਾਨੂੰ ਖੱਬੇ ਪਾਸੇ ਵਲੋਂ ਜਾਣ ਲਈ ਆਖੇ।

ਲਾਈਟ-ਰੇਲ ਵਾਹਨ

ਪਬਲਿਕ ਸੜਕਾਂ ਤੇ ਲਾਈਟ-ਰੇਲ ਵਾਹਨਾਂ ਦੇ ਵੀ ਉਹੀ ਹੱਕ ਅਤੇ ਜੁੰਮੇਵਾਰੀਆਂ ਹਨ ਜਿਹੜੀਆਂ ਦੂਜੀਆਂ ਗੱਡੀਆਂ ਦੀਆਂ ਹਨ। ਹਾਲਾਂਕਿ ਟ੍ਰੈਫਿਕ ਦੇ ਨਿਯਮ ਸਾਰਿਆਂ ਲਈ ਇੱਕੋ ਜਿਹੇ ਹਨ, ਪਰ ਲਾਈਟ-ਰੇਲ ਵਾਹਨਾਂ ਨੂੰ ਉਨ੍ਹਾਂ ਦੇ ਆਕਾਰ ਦੇ ਕਾਰਨ ਉਨ੍ਹਾਂ ਨਾਲ ਕੁਝ ਅਪਵਾਦਾਂ ਵਾਲੇ ਵਤੀਰੇ ਦੀ ਲੋੜ ਪੈਂਦੀ ਹੈ।

ਲਾਈਟ ਰੇਲ ਵਾਹਨਾਂ ਦੇ ਅੱਗੇ ਨਾ ਮੁੜੋ।

ਹੇਠਲਿਆਂ ਰਾਹੀਂ ਸੜਕ ਨੂੰ ਲਾਈਟ-ਰੇਲ ਵਾਹਨਾਂ ਨਾਲ ਸੁਰੱਖਿਅਤ ਢੰਗ ਨਾਲ ਸਾਂਝਾ ਕਰੋ:

- ਇਹ ਪਤਾ ਰੱਖ ਕੇ ਕਿ ਲਾਈਟ ਰੇਲ ਵਾਹਨ ਕਿੱਥੇ ਚਲਦੇ ਹਨ। ਇਮਾਰਤਾਂ, ਦਰਖਤਾਂ ਆਦਿ ਦੇ ਕਾਰਨ ਟ੍ਰਾੱਲੀ ਦੇ ਡ੍ਰਾਈਵਰ ਨੂੰ ਕਈ ਥਾਵਾਂ ਠੀਕ ਨਜ਼ਰ ਨਹੀਂ ਆਉਂਦੀਆਂ ਹਨ।
- ਤੁਹਾਡੇ ਵੱਲ ਆ ਰਹੇ ਇੱਕ ਲਾਈਟ ਰੇਲ ਵਾਹਨ ਦੇ ਅੱਗੇ ਕਦੇ ਵੀ ਨਾ ਮੁੜੋ।
- ਜੇ ਲਾਈਟ ਰੇਲ ਵਾਹਨਾਂ ਅਤੇ ਬਾਕੀ ਗੱਡੀਆਂ ਆਦਿ ਲਈ ਸੜਕ ਸਾਂਝੀ ਹੈ ਤਾਂ ਲਾਈਟ-ਰੇਲ ਵਾਹਨਾਂ ਤੋਂ ਸੁਰੱਖਿਅਤ ਦੂਰੀ ਕਾਇਮ ਰੱਖੋ।
- ਆਪਣੀ ਗੱਡੀ ਮੋੜ ਕੇ ਲਾਈਟ-ਰੇਲ ਗੱਡੀਆਂ ਦੀਆਂ ਲਾਈਨਾਂ ਪਾਰ ਕਰਨ ਤੋਂ ਪਹਿਲਾਂ ਇਹ ਵੇਖੋ ਕਿ ਕੋਈ ਲਾਈਟ-ਰੇਲ ਗੱਡੀ ਤੁਹਾਡੇ ਵੱਲ ਤਾਂ ਨਹੀਂ ਆ ਰਹੀ ਹੈ। ਆਪਣਾ ਮੋੜ ਤਾਂ ਹੀ ਪੂਰਾ ਕਰੋ ਜੇ ਟ੍ਰੈਫਿਕ ਸਿਗਨਲ ਲਾਈਟ ਵਿਖਾਉਂਦੀ ਹੈ ਕਿ ਤੁਸੀਂ ਅੱਗੇ ਵੱਧ ਸਕਦੇ ਹੋ।

ਸੁਰੱਖਿਆ ਖੇਤਰਾਂ ਨੂੰ ਚਿੱਟੀਆਂ ਬਿੰਦੂ ਰੇਖਾਵਾਂ ਰਾਹੀਂ ਵਿਖਾਇਆ ਗਿਆ ਹੈ।



ਧਿਆਨ ਦਿਓ: ਲਾਈਟ ਰੇਲ ਵਾਹਨ ਟ੍ਰੈਫਿਕ ਸਿਗਨਲ ਲਾਈਟਾਂ ਨੂੰ ਤਬਦੀਲ ਕਰ ਸਕਦੀਆਂ ਹਨ। ਅੱਗੇ ਉਦੋਂ ਤੱਕ ਨਾ ਲੰਘੋ ਜਦ ਤੱਕ ਕਿ ਟ੍ਰੈਫਿਕ ਸਿਗਨਲ ਲਾਈਟ ਸੰਕੇਤ ਨਾ ਦੇਵੇ ਕਿ ਤੁਸੀ ਅੱਗੇ ਲੰਘ ਸਕਦੇ ਹੋ।

ਐਮਰਜੈਂਸੀ ਗੱਡੀਆਂ

ਐਮਰਜੈਂਸੀ ਗੱਡੀਆਂ ਨੂੰ ਪਹਿਲਾਂ ਰਸਤਾ ਦਿਓ।

ਕਿਸੇ ਵੀ ਪੁਲਿਸ ਵਾਹਨ, ਅੱਗ ਬੁਝਾਉਣ ਵਾਲੇ ਇੰਜਨ, ਐਂਬੁਲੈਂਸ ਜਾਂ ਸਾਇਰਨ ਅਤੇ ਲਾਲ ਲਾਈਟਾਂ ਦੀ ਵਰਤੋਂ ਕਰਨ ਵਾਲੀ ਐਮਰਜੈਂਸੀ ਗੱਡੀ ਨੂੰ ਲੰਘਣ ਦਾ ਪਹਿਲਾ ਹੱਕ ਦੇਣਾ ਤੁਹਾਡੇ ਲਈ ਜ਼ਰੂਰੀ ਹੈ। ਆਪਣੀ ਗੱਡੀ ਨੂੰ ਸੱਜੇ ਪਾੱਸੇ ਲੈ ਜਾਕੇ ਰੁਕ ਜਾਓ ਅਤੇ ਜਦੋਂ ਤੀਕ ਐਮਰਜੈਂਸੀ ਵਾਹਨ ਲੰਘ ਨਾ ਜਾਏ(ਜਾਣ), ਉੱਥੇ ਰੁਕੇ ਰਹੋ। ਪਰ, ਕਿਸੇ ਚੌਰਾਹੇ ਦੇ ਵਿੱਚਕਾਰ ਕਦੀ ਨਾ ਰੁਕੋ। ਜੇ ਤੁਸੀਂ ਐਮਰਜੈਂਸੀ ਗੱਡੀ ਨੂੰ ਉਸ ਵੇਲੇ ਵੇਖਦੇ ਹੋ ਜਦੋਂ ਤੁਸੀਂ ਚੌਰਾਹੇ ਵਿੱਚ ਹੋ ਤਾਂ ਚੌਰਾਹਾ ਪਾਰ ਕਰਕੇ ਆਪਣੀ ਗੱਡੀ ਨੂੰ ਛੇਤੀ ਤੋਂ ਛੇਤੀ ਸੱਜੇ ਪਾੱਸੇ ਲੈ ਜਾਓ ਅਤੇ ਰੁਕ ਜਾਓ। ਐਮਰਜੈਂਸੀ ਗੱਡੀਆਂ ਬਹੁਤ ਵਾਰੀ ਆਪਣਾ ਰਸਤਾ ਕੱਢਣ ਲਈ ਸੜਕ ਦੇ ਗਲਤ ਪਾੱਸੇ ਵੱਲ ਵੀ ਚਲਦੀਆਂ ਹਨ। ਉਹ ਕਈ ਵਾਰੀ ਆਪਣੇ ਰੱਸਤੇ ਵਿੱਚ ਆਉਣ ਵਾਲੀਆਂ ਗੱਡੀਆਂ ਦੇ ਡ੍ਰਾਈਵਰਾਂ ਨਾਲ ਗੱਲ ਕਰਨ ਲਈ ਲਾਉਡ ਸਪੀਕਰ ਦੀ ਵਰਤੋਂ ਵੀ ਕਰਦੀਆਂ ਹਨ।

ਕਿਸੇ ਟ੍ਰੈਫਿਕ ਜਾਂ ਪੁਲਿਸ ਅਫਸਰ ਜਾਂ ਫਾਇਰ ਫਾਈਟਰ ਰਾਹੀਂ ਦਿੱਤੇ ਗਏ ਨਿਰਦੇਸ਼, ਹੁਕਮ ਜਾਂ ਇਸ਼ਾਰੇ ਦੀ ਪਾਲਣਾ ਕਰਨਾ ਤੁਹਾਡੇ ਲਈ ਜ਼ਰੂਰੀ ਹੈ, ਭਾਵੇਂ ਉਹ ਮੌਜੂਦਾ ਚਿੰਨ੍ਹਾਂ, ਸਿਗਨਲਾਂ ਜਾਂ ਕਨੂੰਨਾਂ ਦੇ ਖਿਲਾਫ਼ ਹੋਣ।

ਕਿਸੇ ਸਾਇਰਨ ਜਾਂ ਲਾਈਟਾਂ ਚਮਕਾਉਂਦੇ ਹੋਏ ਫਾਇਰ ਇੰਜਨ, ਪੁਲਿਸ ਵਾਹਨ, ਐਂਬੁਲੈਂਸ, ਜਾਂ ਹੋਰ ਐਮਰਜੈਂਸੀ ਗੱਡੀ (CVC §21706) ਦੇ ਪਿੱਛੇ 300 ਫੁੱਟ ਤੋਂ ਘੱਟ ਦੂਰੀ ਤੇ ਗੱਡੀ ਚਲਾਉਣਾ ਗੈਰਕਨੂੰਨੀ ਹੈ।

ਜੇ ਤੁਸੀਂ ਕਿਸੇ ਅੱਗ, ਦੁਰਘਟਨਾ, ਜਾਂ ਬਿਪਤਾ ਵਾਲੀ ਕਿਸੇ ਦੂਜੀ ਥਾਂ ਤੇ ਤਮਾਸ਼ਾ ਵੇਖਣ ਲਈ ਆਪਣੀ ਗੱਡੀ ਲੈ ਜਾਂਦੇ ਹੋ ਤਾਂ ਤੁਹਾਨੂੰ ਗਿਰਫਤਾਰ ਕੀਤਾ ਜਾ ਸਕਦਾ ਹੈ। ਤਮਾਸ਼ਬੀਨ ਲੋਕ ਪੁਲਿਸ, ਫਾਇਰ ਫਾਈਟਰ, ਐਂਬੂਲੈਂਸ ਦੇ ਕਰਮਚਾਰੀਆਂ ਜਾਂ ਦੂਜੇ ਬਚਾਉਣ ਵਾਲੇ ਜਾਂ ਬਿਪਤਾ ਨਾਲ ਜੁੜੇ ਲੋਕਾਂ ਦੇ ਕੰਮਾਂ ਵਿੱਚ ਰੁਕਾਵਟ ਪਾਂਦੇ ਹਨ।

ਹੌਲੀ ਚੱਲਣ ਵਾਲੀਆਂ ਗੱਡੀਆਂ



ਇਕ ਹੌਲੀ ਚੱਲਣ ਵਾਲੀ ਗੱਡੀ

ਕੁਝ ਗੱਡੀਆਂ ਟ੍ਰੈਫਿਕ ਦੀ ਰਫਤਾਰ ਦੇ ਨਾਲ ਚੱਲਣ ਲਈ ਨਹੀਂ ਬਣਾਈਆਂ ਜਾਂਦੀਆਂ ਹਨ। ਖੇਤੀ ਵਾਲੇ ਟ੍ਰੈਕਟਰ, ਜਾਨਵਰਾਂ ਰਾਹੀਂ ਖਿੱਚੇ ਜਾਣ ਵਾਲੇ ਗੱਡੇ ਅਤੇ ਸੜਕ ਦੀ ਮੁਰੰਮਤ ਕਰਨ ਵਾਲੀਆਂ ਗੱਡੀਆਂ ਆਮ ਤੌਰ ਤੇ 25 ਮੀਲ ਪ੍ਰਤੀ ਘੰਟੇ ਜਾਂ ਉਸ ਤੋਂ ਘੱਟ ਰਫਤਾਰ ਤੇ ਚਲਦੀਆਂ ਹਨ। ਹੌਲੀ ਚੱਲਣ ਵਾਲੀਆਂ ਗੱਡੀਆਂ ਦੇ ਪਿੱਛੇ ਨਾਰੰਗੀ/ਲਾਲ ਰੰਗ ਦਾ ਤਿੱਕੋਣ ਬਣਿਆ ਹੁੰਦਾ ਹੈ। ਇਹ ਹੇਠਾਂ ਦੀ ਤਸਵੀਰ ਵਿੱਚ ਵਿਖਾਏ ਗਏ ਸੰਕੇਤ ਵਾਂਗ ਹੁੰਦਾ ਹੈ। ਇਨ੍ਹਾਂ ਗੱਡੀਆਂ ਤੇ ਨਜ਼ਰ ਰੱਖੋ ਅਤੇ ਉਨ੍ਹਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਆਪਣੀ ਰਫਤਾਰ ਨੂੰ ਉਨ੍ਹਾਂ ਦੇ ਅਨੁਕੂਲ ਬਣਾ ਲਓ।

ਨਾਲ ਹੀ, ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਵੱਡੇ ਟਰੱਕਾਂ ਅਤੇ ਛੋਟੀਆਂ, ਘੱਟ ਪਾਵਰ ਵਾਲੀਆਂ ਕਾਰਾਂ ਦੀ ਰਫਤਾਰ ਲੰਬੀ ਜਾਂ ਤਿੱਖੀ ਚੜ੍ਹਾਈ ਤੇ ਘੱਟ ਹੋ ਜਾਂਦੀ ਹੈ ਅਤੇ ਟ੍ਰੈਫਿਕ ਵਿੱਚ ਦਾਖਲ ਹੋਣ ਵੇਲੇ ਉਨ੍ਹਾਂ ਨੂੰ ਰਫਤਾਰ ਪਕੜਣ ਵਿੱਚ ਜਿਆਦਾ ਸਮਾਂ ਲਗਦਾ ਹੈ।

ਮੋਟਰ-ਯੁਕਤ ਹੌਲੀ ਚੱਲਣ ਵਾਲੀਆਂ ਹੋਰ ਗੱਡੀਆਂ ਜਿਵੇਂ ਵ੍ਹੀਲਚੇਅਰ, ਸਕੂਟਰ, ਆਲੇ-ਦੁਆਲੇ ਚੱਲਣ ਵਾਲੇ ਬਿਜਲਈ ਗੱਡੀਆਂ ਅਤੇ ਗੌਲਫ਼ ਕਾਰਟਾਂ ਵੀ ਸੜਕ ਤੇ ਕਨੂੰਨੀ ਤੌਰ ਤੇ ਚੱਲ ਸਕਦੀਆਂ ਹਨ। ਆਪਣੀ ਰਫਤਾਰ ਨੂੰ ਉਨ੍ਹਾਂ ਦੀ ਸਮਾਈ ਕਰਨ ਲਈ ਅਨੁਕੂਲ ਬਣਾਓ।

ਉਹ ਗੱਡੀਆਂ ਜੋ ਬਾਕੀ ਦੇ ਟ੍ਰੈਫਿਕ ਦੇ ਮੁਕਾਬਲੇ ਹੌਲੀ ਚਲ ਰਹੀਆਂ ਹਨ ਅਤੇ ਇੱਕ ਦੋ ਲੇਨ ਵਾਲੇ ਹਾਈ-ਵੇ ਤੇ ਚਲ ਰਹੀਆਂ ਹਨ ਜਿੱਥੇ ਅੱਗੇ ਲੰਘਣਾ ਸੁਰੱਖਿਅਤ ਨਹੀਂ ਹੈ, ਅਤੇ ਉਨ੍ਹਾਂ ਦੇ ਪਿੱਛੇ 5 ਜਾਂ ਵੱਧ ਗਡੀਆਂ ਦੀ ਇੱਕ ਲਾਈਨ ਬਣ ਗਈ ਹੋਵੇ ਤਾਂ ਤੁਹਾਡਾ ਇੱਕ ਟਰਨਆਉਟ ਦੇ ਤੌਰ ਤੇ ਨਾਮਿਤ ਥਾਂ ਤੇ ਜਾਂ ਇੱਕ ਸੁਰੱਖਿਅਤ ਟਰਨਆਉਟ ਕਰਨ ਲਈ ਬਥੇਰੀ ਥਾਂ ਮੌਜੂਦ ਹੈ, ਸੜਕ ਤੋਂ ਬਾਹਰ ਹੋ ਜਾਣਾ ਜ਼ਰੂਰੀ ਹੈ।

ਆਲੇ-ਦੁਆਲੇ ਚੱਲਣ ਵਾਲੀਆਂ ਬਿਜਲਈ ਗੱਡੀਆਂ ਅਤੇ ਹਲਕੀ ਰਫਤਾਰ ਨਾਲ ਚਲਣ ਵਾਲਿਆਂ ਗੱਡੀਆਂ

ਜਦੋਂ ਤੁਸੀਂ ਇਹ ਸਾਈਨ ਜਾਂ ਨਿਸ਼ਾਨ ਵੇਖਦੇ ਹੋ: ਸਿਰਫ਼ ਆਲੇ-ਦੁਆਲੇ ਚੱਲਣ ਵਾਲੀਆਂ ਬਿਜਲਈ ਗੱਡੀਆਂ ਦੀ ਵਰਤੋਂ ਲਈ ਜਾਂ ਆਲੇ-ਦੁਆਲੇ ਚੱਲਣ ਵਾਲੀਆਂ ਬਿਜਲਈ ਗੱਡੀਆਂ ਦੇ ਰੂਟ, ਸੜਕ ਤੇ ਹੌਲੀ ਚਲਣ ਵਾਲੀਆਂ ਗੱਡੀਆਂ ਲਈ। ਆਲੇ-ਦੁਆਲੇ ਚੱਲਣ ਵਾਲੀਆਂ ਬਿਜਲਈ ਗੱਡੀਆਂ ਅਤੇ ਹਲਕੀ ਰਫਤਾਰ ਨਾਲ ਚਲਣ ਵਾਲੀਆਂ ਗੱਡੀਆਂ ਨੂੰ ਉਨ੍ਹਾਂ ਸੜਕਾਂ ਤੇ ਜਾਣ ਤੇ ਪਾਬੰਦੀ ਹੁੰਦੀ ਹੈ ਜਿੱਥੇ ਰਫਤਾਰ ਦੀ ਸੀਮਾ 35 ਮੀਲ ਪ੍ਰਤੀ ਘੰਟੇ ਤੋਂ ਵਧ ਹੈ (CVC §§385.5 ਅਤੇ 21260)। ਆਲੇ-ਦੁਆਲੇ ਚੱਲਣ ਵਾਲੀਆਂ ਬਿਜਲਈ ਗੱਡੀਆਂ ਅਤੇ ਹਲਕੀ ਰਫਤਾਰ ਨਾਲ ਚਲਣ ਵਾਲੀਆਂ ਗੱਡੀਆਂ ਵੱਧ ਤੋਂ ਵੱਧ 25 ਮੀਲ ਪ੍ਰਤੀ ਘੰਟੇ ਦੀ ਅਧਿਕਤਮ ਰਫਤਾਰ ਤੱਕ ਹੀ ਚਲ ਸਕਦੀਆਂ ਹਨ। ਰਜਿਸਟਰ ਹੋਈਆਂ ਆਲੇ-ਦੁਆਲੇ ਚੱਲਣ ਵਾਲੀਆਂ ਬਿਜਲਈ ਗੱਡੀਆਂ ਅਤੇ ਹਲਕੀ ਰਫਤਾਰ ਨਾਲ ਚਲਣ ਵਾਲੀਆਂ ਗੱਡੀਆਂ ਦੇ ਮਾਲਕਾਂ ਦਾ ਆਰਥਕ ਜ਼ੁੰਮੇਵਾਰੀ ਦੇ ਕਨੂੰਨਾਂ ਅਤੇ ਗੱਡੀ ਨੂੰ ਚਲਾਉਣ ਲਈ ਲੋੜੀਂਦੇ ਲਾਈਸੈਂਸ ਦੀ ਪਾਲਣਾ ਕਰਨਾ ਜ਼ਰੂਰੀ ਹੈ।

ਜਾਨਵਰਾਂ ਦੁਆਰਾ ਖਿੱਚੀਆਂ ਜਾਣ ਵਾਲੀਆਂ ਗੱਡੀਆਂ

ਘੋੜੇ ਦੁਆਰਾ ਖਿੱਚੀਆਂ ਜਾਣ ਵਾਲੀਆਂ ਗੱਡੀਆਂ ਅਤੇ ਘੋੜੇ ਅਤੇ ਦੂਜੇ ਜਾਨਵਰਾਂ ਦੇ ਸਵਾਰਾਂ ਨੂੰ ਸੜਕ ਤੇ ਤੁਹਾਡੇ ਨਾਲ ਚੱਲਣ ਦਾ ਹੱਕ ਹੈ। ਘੋੜਿਆਂ ਨੂੰ ਡਰਾਉਣਾ ਜਾਂ ਪਸ਼ੂਆਂ ਦੇ ਵਿੱਚ ਭਾਜੜ ਪਾਉਣਾ ਇੱਕ ਟ੍ਰੈਫਿਕ ਅਪਰਾਧ ਹੈ। ਜਾਨਵਰਾਂ ਤੇ ਸਵਾਰ ਜਾਂ ਜਾਨਵਰਾਂ ਨੂੰ ਲੈ ਜਾ ਰਹੇ ਲੋਕਾਂ ਨੂੰ ਵੇਖ ਕੇ ਰਫਤਾਰ ਘਟਾ ਲਓ, ਜਾਂ ਜੇ ਲੋੜ ਹੋਵੇ ਜਾਂ ਬੇਨਤੀ ਕੀਤੀ ਜਾਵੇ, ਤਾਂ ਗੱਡੀ ਰੋਕ ਦਿਓ।

ਮੋਟਰਸਾਈਕਲਾਂ

ਸੜਕ ਤੇ ਮੋਟਰਸਾਈਕਲ ਸਵਾਰਾਂ ਦੇ ਉਹੀ ਹੱਕ ਅਤੇ ਜ਼ੁੰਮੇਵਾਰੀਆਂ ਹਨ ਜੋ ਮੋਟਰ ਗੱਡੀ ਡ੍ਰਾਈਵਰਾਂ ਦੇ ਹੁੰਦੇ ਹਨ। ਹਾਲਾਂਕਿ ਸਾਰਿਆਂ ਨੂੰ ਇੱਕੋ ਜਿਹੇ ਨਿਯਮਾਂ ਦੀ ਪਾਲਣਾ ਕਰਨੀ ਹੁੰਦੀ ਹੈ ਪਰ ਮੋਟਰਸਾਈਕਲ ਸਵਾਰਾਂ ਦੇ ਸਾਮ੍ਹਣੇ ਹੋਰ ਵਧੇਰੇ ਖਤਰੇ ਹੁੰਦੇ ਹਨ ਕਿਉਂਕਿ ਮੋਟਰਸਾਈਕਲਾਂ ਨੂੰ ਕੁਝ ਅਪਵਾਦਾਂ ਵਾਲੇ ਵਤੀਰੇ ਦੀ ਲੋੜ ਪੈਂਦੀ ਹੈ ਅਤੇ ਉਹ ਮੁਸ਼ਕਿਲ ਨਾਲ ਨਜ਼ਰ ਆਉਂਦੇ ਹਨ। ਇਸ ਲਈ, ਬਹੁਤ ਸਾਰੇ ਮੋਟਰਸਾਈਕਲ ਸਵਾਰ ਆਪਣੀਆਂ ਲਾਈਟਾਂ ਨੂੰ ਸਾਰੇ ਟਾਈਮ, ਇੱਥੋਂ ਤੱਕ ਕਿ ਦਿਨ ਵੇਲੇ ਵੀ ਜਗਾ ਕੇ ਰੱਖਦੇ ਹਨ।

ਮੋਟਰਸਾਈਕਲ ਸਵਾਰ ਡ੍ਰਾਈਵਰਾਂ ਅਤੇ ਸੜਕ ਦੀ ਵਰਤੋਂ ਕਰਨ ਵਾਲੇ ਹੋਰ ਲੋਕਾਂ ਦੁਆਰਾ ਆਪਣੇ ਆਪ ਨੂੰ ਦੇਖੇ ਜਾਣ ਨੂੰ ਵਧਾਉਣ ਲਈ ਬਹੁਤੇਰੀਆਂ ਚੀਜ਼ਾਂ ਕਰ ਸਕਦੇ ਹਨ, ਜਿਸ ਵਿੱਚ ਸ਼ਾਮਲ ਹਨ:

- ਚਮਕੀਲੇ ਰੰਗ ਦੀ ਜੈਕਟ, ਵੈਸਟ, ਅਤੇ ਹੈਲਮੇਟ ਪਾਉਣਾ।
- ਹੈਲਮੇਟਾਂ ਅਤੇ ਕੱਪੜਿਆਂ ਤੇ ਚਮਕੀਲਾ ਪਦਾਰਥ ਲਗਾ ਕੇ ਪਾਉਣਾ।
- ਕਿਸੇ ਵੀ ਵੇਲੇ ਮੁੜਣ ਲਈ ਜਾਂ ਲੇਨ ਬਦਲਣ ਲਈ ਮੁੜਣ ਦੇ ਸਿਗਨਲ ਦੀ ਵਰਤੋਂ ਕਰਨਾ।
- ਹੌਲੀ ਹੋਣ ਤੋਂ ਪਹਿਲਾਂ ਬ੍ਰੇਕ ਦੀਆਂ ਲਾਈਟਾਂ ਨੂੰ ਫਲੈਸ਼ ਕਰਨਾ ਤਾਂਕਿ ਦੂਜੇ ਉਨ੍ਹਾਂ ਦੀ ਮੋਟਰਸਾਈਕਲ ਨੂੰ ਵੇਖ ਸਕਣ।
- ਦੂਜੀਆਂ ਗੱਡੀਆਂ ਦੇ ਬਲਾਇੰਦ ਸਪੌਟ ਵਿੱਚ ਆਉਣ ਤੋਂ ਬਚਣਾ ਅਤੇ ਜਦੋਂ ਲੇਨ ਵੰਡ ਰਹੀ ਹੋਵੇ, ਤਾਂ ਗੱਡੀਆਂ ਦੇ ਵਿਚਕਾਰ ਨਾ ਬਣੇ ਰਹਿਣਾ।
- ਦਿਨ ਵੇਲੇ ਦੇ ਦੌਰਾਨ ਹਾਈ ਬੀਮ ਹੈਡਲਾਈਟਾਂ ਦੀ ਵਰਤੋਂ ਕਰਨਾ।

ਲੰਘਣ ਦੇ ਅਧਿਕਾਰ ਦਾ ਸਤਿਕਾਰ ਕਰਨ ਲਈ ਅਤੇ ਮੋਟਰਸਾਈਕਲ ਸਵਾਰਾਂ ਨਾਲ ਸੁਰੱਖਿਅਤ ਢੰਗ ਨਾਲ ਸੜਕ ਸਾਂਝੀ ਕਰਨ ਲਈ ਤੁਸੀਂ ਹੇਠਲੇ ਕੰਮ ਕਰ ਸਕਦੇ ਹੋ:

- ਜਦੋਂ ਤੁਸੀਂ ਲੇਨਾਂ ਬਦਲਦੇ ਹੋ ਜਾਂ ਕਿਸੇ ਵੱਡੀ ਸੜਕ ਵਿੱਚ ਦਾਖਲ ਹੁੰਦੇ ਹੋ, ਤਾਂ ਨਜ਼ਰ ਮਾਰ ਕੇ ਵੇਖੋ ਕਿ ਉੱਥੇ ਕੋਈ ਮੋਟਰਸਾਈਕਲ ਤਾਂ ਨਹੀਂ ਹੈ। ਮੋਟਰਸਾਈਕਲਾਂ ਛੋਟੀਆਂ ਹੁੰਦੀਆਂ ਹਨ ਅਤੇ ਗੱਡੀ ਦੀਆਂ ਨਾ ਦਿੱਸਣ ਵਾਲੀਆਂ ਥਾਵਾਂ ਵਿੱਚ ਆਸਾਨੀ ਨਾਲ ਗੁੰਮ ਹੋ ਸਕਦੀਆਂ ਹਨ।
- ਉਨ੍ਹਾਂ ਦੇ ਪਿੱਛੇ 4 ਸਕਿੰਟਾਂ ਦੀ ਦੂਰੀ ਰੱਖੋ। ਤੁਹਾਨੂੰ ਇੰਨੀ ਦੂਰੀ ਦੀ ਲੋੜ ਹੈ ਤਾਂਕਿ ਜੇ ਮੋਟਰ ਸਾਈਕਲ ਸਵਾਰ ਅਚਾਨਕ ਬ੍ਰੇਕ ਲਗਾਵੇ ਜਾਂ ਮੋਟਰਸਾਈਕਲ ਤੋਂ ਡਿੱਗ ਪਏ ਤਾਂ ਤੁਸੀਂ ਉਸ ਨਾਲ ਟੱਕਰ ਹੋਣ ਤੋਂ ਬਚਾਅ ਕਰ ਸਕੋ।
- ਜਦੋਂ ਵੀ ਸੰਭਵ ਹੋਵੇ, ਮੋਟਰਸਾਈਕਲ ਨੂੰ ਲੇਨ ਦੀ ਪੂਰੀ ਚੌੜਾਈ ਦੀ ਵਰਤੋਂ ਕਰਨ ਦਿਓ। ਹਾਲਾਂਕਿ ਲੇਨਾਂ ਨੂੰ ਮੋਟਰਸਾਈਕਲਾਂ ਨਾਲ ਸਾਂਝੇ ਕਰਨਾ ਗੈਰਕਨੂੰਨੀ ਨਹੀਂ ਹੈ ਪਰ ਇਹ ਅਸੁਰੱਖਿਅਤ ਹੈ।
- ਮੋਟਰਸਾਈਕਲ ਤੋਂ ਉਸੇ ਲੇਨ ਵਿੱਚੋ ਅੱਗੇ ਨਿਕਲਣ ਦੀ ਕੋਸ਼ਿਸ਼ ਕਦੇ ਵੀ ਨਾ ਕਰੋ ਜਿਸ ਵਿੱਚ ਤੁਸੀਂ ਮੋਟਰਸਾਈਕਲ ਦੇ ਨਾਲ ਜਾ ਰਹੇ ਹੋ।
- ਜਦੋਂ ਵੀ ਸੰਭਵ ਹੋਵੇ, ਆਪਣੀ ਲੇਨ ਦੇ ਇੱਕ ਪਾਸੇ ਵੱਲ ਹੋ ਜਾਓ ਅਤੇ ਮੋਟਰਸਾਈਕਲ ਸਵਾਰ ਨੂੰ ਅੱਗੇ ਲੰਘਣ ਲਈ ਕਾਫ਼ੀ ਥਾਂ ਦਿਓ।
- ਜਦੋਂ ਵੀ ਤੁਸੀਂ ਗੱਡੀ ਮੋੜੋ ਤਾਂ, ਮੋਟਰਸਾਈਕਲ ਸਵਾਰਾਂ ਤੇ ਨਜ਼ਰ ਰੱਖੋ ਅਤੇ ਮੁੜਣ ਤੋਂ ਪਹਿਲਾਂ ਉਨ੍ਹਾਂ ਦੀ ਰਫਤਾਰ ਦਾ ਅੰਦਾਜਾ ਲਾਓ।
- ਚੱਲਦੇ ਟ੍ਰੈਫਿਕ ਦੇ ਵਿੱਚ ਦਰਵਾਜੇ ਨੂੰ ਖੋਲਣ ਤੋਂ ਪਹਿਲਾਂ ਜਾਂ ਸੱਜੇ ਮੁੜਣ ਤੋਂ ਪਹਿਲਾਂ ਮੋਟਰਸਾਈਕਲਾਂ ਨੂੰ ਧਿਆਨ ਨਾਲ ਵੇਖੋ।
- ਵੱਖ-ਵੱਖ ਸੜਕ ਦੀਆਂ ਸਥਿਤੀਆਂ, ਜਿਵੇਂ ਕਿ, ਟੋਏ, ਬਜਰੀ, ਗਿੱਲੀ ਜਾਂ ਤਿਲਕਵੀਂ ਸਤਹਾਂ, ਸੜਕ ਦੇ ਜੋੜ, ਰੇਲਵੇ ਕ੍ਰਾਸਿੰਗਾਂ ਅਤੇ ਛੋਟੀ ਨਾਲੀਆਂ ਵਾਲੀਆਂ ਸੜਕਾਂ ਦੇ ਕਾਰਨ ਮੋਟਰ ਸਾਈਕਲ ਸਵਾਰਾਂ ਨੂੰ ਅਚਾਨਕ ਰਫਤਾਰ ਜਾਂ ਦਿਸ਼ਾ ਬਦਲਣੀ ਪੈ ਸਕਦੀ ਹੈ। ਜੇ ਤੁਸੀਂ ਅਜਿਹੇ ਹਾਲਾਤਾਂ ਦੇ ਪ੍ਰਭਾਵ ਤੋਂ ਜਾਣੂ ਹੋ ਅਤੇ ਤੁਸੀਂ ਗੱਡੀ ਨੂੰ ਸਾਵਧਾਨੀ ਅਤੇ ਧਿਆਨ ਨਾਲ ਚਲਾਉਂਦੇ ਹੋ, ਤਾਂ ਤੁਸੀਂ ਮੋਟਰਸਾਈਕਲ ਸਵਾਰਾਂ ਨੂੰ ਲੱਗਣ ਵਾਲੀਆਂ ਸੱਟਾਂ ਅਤੇ ਉਨ੍ਹਾਂ ਦੀਆਂ ਮੌਤਾਂ ਨੂੰ ਘੱਟ ਕਰਨ ਵਿੱਚ ਮਦਦ ਕਰ ਸਕਦੇ ਹੋ। ਮੋਟਰਸਾਈਕਲ ਸੁਰੱਖਿਆ ਸਬੰਧੀ ਹੋਰ ਜਾਣਕਾਰੀ ਲਈ, ਕੈਲੀਫੋਰਨੀਆ ਮੋਟਰਸਾਈਕਲ ਚਲਾਉਣ ਵਾਲਿਆਂ ਲਈ ਸੁਰੱਖਿਆ ਪ੍ਰੋਗਰਾਮ (*California Motorcyclist Safety Program*) ਲਈ **www.chp.ca.gov/programs-services/programs/california-motorcyclist-safety** 'ਤੇ ਜਾਓ ਜਾਂ 1-877-RIDE-411 'ਤੇ ਕਾਲ ਕਰੋ।

ਸਾਈਕਲਾਂ

ਸਾਈਕਲ ਸਵਾਰਾਂ ਦੀਆਂ ਵੀ ਹੋਰ ਦੂਜੀਆਂ ਗੱਡੀਆਂ ਅਤੇ ਮੋਟਰਸਾਈਕਲ ਸਵਾਰਾਂ ਵਾਂਗ ਅਧਿਕਾਰ ਅਤੇ ਜੁੰਮੇਵਾਰੀਆਂ ਹਨ।

- ਟ੍ਰੈਫਿਕ ਦੇ ਸਾਰੇ ਸਿਗਨਲਾਂ ਅਤੇ ਸਿਗਨਲ ਲਾਈਟਾਂ ਦੀ ਪਾਲਣਾ ਕਰਨਾ।
- ਟ੍ਰੈਫਿਕ ਦੀ ਦਿਸ਼ਾ ਵਿੱਚ ਹੀ ਚੱਲਣਾ ਜ਼ਰੂਰੀ ਹੈ।
- ਲੇਨਾਂ ਬਦਲਣ ਜਾਂ ਮੁੜਣ ਵੇਲੇ ਸਿਗਨਲ ਦੇਣਾ।
- ਪੈਦਲ ਚਲਣ ਵਾਲਿਆਂ ਨੂੰ ਪਹਿਲਾਂ ਨਿਕਲਣ ਦਾ ਰਸਤਾ ਦੇਣਾ।
- (ਜੇ 18 ਸਾਲ ਦੀ ਉਮਰ ਤੋਂ ਘੱਟ ਹੋਵੋ) ਤਾਂ ਹੈਲਮੇਟ ਪਾਉਣਾ।
- ਜਦੋਂ ਸੁਰੱਖਿਅਤ ਹੋਵੇ ਤਾਂ ਤੇਜ਼ ਟ੍ਰੈਫਿਕ ਨੂੰ ਅੱਗੇ ਲੰਘਣ ਦੇਣਾ।
- ਦਿੱਸ ਬਣਾਏ ਰੱਖਣੀ (ਜਿਵੇਂ ਕਿ ਪਾਰਕ ਕੀਤੀਆਂ ਹੋਈਆਂ ਗੱਡੀਆਂ ਵਿੱਚਕਾਰ ਕਦੇ ਨਹੀਂ ਚਲਣਾ ਚਾਹੀਦਾ)।
- ਜਿੰਨ੍ਹਾਂ ਜ਼ਿਆਦਾ ਮੁਮਕਿਨ ਹੋ ਸਕੇ ਸੜਕ ਦੇ ਸੱਜੇ ਪਾੱਸੇ ਵੱਲ ਜਾਂ ਕਿਨਾਰੇ ਦੇ ਨਾਲ-ਨਾਲ ਹੀ ਸਵਾਰੀ ਕਰਨੀ।
- ਸਾਈਡਵਾਕ ਤੇ ਸਵਾਰੀ ਨਾ ਕਰਨਾ, ਜਦੋਂ ਤੀਕ ਕਿ ਜਿੱਥੇ ਤੁਸੀਂ ਚਲਾ ਰਹੇ ਹੋ ਉੱਥੋਂ ਦੀ ਸਿਟੀ ਨੇ ਇਜਾਜ਼ਤ ਨਾ ਦਿੱਤੀ ਹੋਵੇ।

- ਖੱਬੇ ਜਾਂ ਸੱਜੇ ਉਸੇ ਤਰ੍ਹਾਂ ਮੁੜਣਾ ਜਿਸ ਤਰ੍ਹਾਂ ਬਾਕੀ ਗੱਡੀਆਂ ਦੇ ਡ੍ਰਾਈਵਰ ਕਰਦੇ ਹਨ, ਮੁੜਣ ਵਾਲੀ ਉਸੇ ਲੇਨ ਦੀ ਵਰਤੋਂ ਕਰਕੇ। ਜੇ ਅੱਗੇ ਸਾਈਕਲ ਸਵਾਰ ਸਿੱਧਾ ਜਾ ਰਿਹਾ ਹੈ ਤਾਂ ਉਨ੍ਹਾਂ ਨੂੰ ਬਜਾਇ ਕਿ ਪਟਰੀ ਦੇ ਨੇੜੇ ਸਾਈਕਲ ਚਲਾ ਕੇ ਅਤੇ ਸੱਜੇ ਮੋੜ ਕੱਟ ਕੇ ਟ੍ਰੈਫਿਕ ਨੂੰ ਰੋਕਣ ਦੀ ਥਾਂ ਤੇ ਇੱਕ ਸਿਧੀ ਜਾਣ ਵਾਲੀ ਟ੍ਰੈਫਿਕ ਲੇਨ ਦੀ ਵਰਤੋਂ ਕਰਨੀ ਚਾਹੀਦੀ ਹੈ।

ਇੱਕ ਸਾਈਕਲ ਨੂੰ ਸੜਕ ਤੇ ਉਦੋਂ ਤੱਕ ਨਹੀਂ ਚਲਾਉਣਾ ਚਾਹੀਦਾ ਜਦੋਂ ਤੀਕ ਕਿ ਸਾਈਕਲ ਵਿੱਚ ਅਜਿਹੀ ਬ੍ਰੇਕ ਨਾ ਲਗੀ ਹੋਵੇ ਜੋ ਕਿ ਚਾਲਕ ਨੂੰ ਸੁੱਕੀ, ਸਪੌਟ, ਸਾਫ ਸੜਕ ਤੇ ਇੱਕ ਪਹੀਏ ਤੇ ਰੋਕਣ ਦੇ ਕਾਬਲ ਨਾ ਬਣਾਏ।

ਹਨੇਰੇ ਵੇਲੇ ਸਾਈਕਲ ਸਵਾਰ ਨੂੰ ਗੂੜ੍ਹੇ ਰੰਗ ਦੇ ਕਪੜੇ ਪਾਉਣ ਤੋਂ ਬਚਣਾ ਚਾਹੀਦਾ ਹੈ ਅਤੇ ਉਸ ਕੋਲ ਹੇਠਾਂ ਲਿੱਖਿਆਂ ਚੀਜਾਂ ਦਾ ਹੋਣਾ ਜ਼ਰੂਰੀ ਹੈ:

- ਇੱਕ ਸਾਮ੍ਹਣੇ ਲੱਗਿਆ ਚਿੱਟੀ ਰੋਸ਼ਨੀ ਛੱਡਣ ਵਾਲਾ ਬਲਬ ਜੋ ਕਿ 300 ਫੁੱਟ ਦੀ ਦੂਰੀ ਤੋਂ ਨਜ਼ਰ ਆਉਂਦਾ ਹੋਵੇ।
- ਬਿਲਟ ਇਨ ਰਿਫਲੈਕਟਰ ਵਾਲਾ ਪਿੱਛਲੇ ਪਾੱਸੇ ਲੱਗਿਆ ਹੋਇਆ ਇੱਕ ਲਾਲ ਰਿ ਫਲੈਕਟਰ ਜੋ ਕਿ 500 ਫੁੱਟ ਤੋਂ ਨਜ਼ਰ ਆਉਂਦਾ ਹੋਵੇ।
- ਹਰੇਕ ਪੈਡਲ ਉੱਤੇ ਲੱਗਣ ਵਾਲਾ ਚਿੱਟਾ ਜਾਂ ਪੀਲਾ ਰਿਫਲੈਕਟਰ ਜਾਂ ਸਾਈਕਲ ਸਵਾਰ ਦੇ ਬੂਟਾਂ ਤੇ ਜਾਂ ਅੱਡੀ ਤੇ ਲੱਗਿਆਂ ਹੋਇਆ ਰਿਫਲੈਕਟਰ ਜੋ 200 ਫੁੱਟ ਦੀ ਦੂਰੀ ਤੋਂ ਨਜ਼ਰ ਆਉਂਦਾ ਹੋਵੇ।
- ਅੱਗੇ ਦੇ ਪਹੀਏ ਤੇ ਇੱਕ ਚਿੱਟਾ ਜਾਂ ਪੀਲਾ ਰਿਫਲੈਕਟਰ, ਪਿੱਛੇ ਦੇ ਪਹੀਏ ਤੇ ਇੱਕ ਚਿੱਟਾ ਜਾਂ ਲਾਲ ਰਿਫਲੈਕਟਰ, ਜਾਂ ਰਿਫਲੈਕਟ ਕਰਨ ਵਾਲੇ ਟਾਇਰ।

ਸਾਈਕਲ ਸਵਾਰਾਂ ਲਈ ਮੋੜ:



ਖਾਸ ਲੇਨਾਂ ਵਾਲੇ ਚੌਰਾਹੇ:



ਸਾਈਕਲ ਸਵਾਰਾਂ ਨੂੰ ਸੜਕ ਤੇ ਚੱਲਣ ਦਾ ਹੱਕ ਹੈ ਅਤੇ ਉਹ ਕਰ ਸਕਦੇ ਹਨ:

- ਇਨ੍ਹਾਂ ਨੂੰ ਕਨੂੰਨੀ ਮਾਨਤਾ ਨਾਲ ਕੁਝ ਦਿਹਾਤੀ ਖੇਤਰਾਂ ਵਿੱਚ, ਜਿੱਥੇ ਕਿ ਕੋਈ ਹੋਰ ਰਸਤਾ ਨਹੀਂ ਹੈ, ਸੜਕ ਦੇ ਕੁਝ ਹਿੱਸਿਆ ਤੇ ਸਵਾਰੀ ਕਰਨ ਦੀ ਇਜ਼ਾਜ਼ਤ ਹੁੰਦੀ ਹੈ।
- ਪਾਰਕ ਕੀਤੇ ਜਾਂ ਹੌਲੀ ਚਲਦੀ ਹੋਈ ਗੱਡੀ, ਸਾਈਕਲ, ਜਾਨਵਰ, ਖਿਲਰੇ ਹੋਏ ਮਲਬੇ ਜਾਂ ਕਿਸੇ ਹੋਰ ਖਤਰਨਾਕ ਪਦਾਰਥ ਤੋਂ ਬਚਣ ਲਈ ਖੱਬੇ ਪਾੱਸੇ ਵੱਲ ਹੋ ਜਾਣਾ।
- ਇੱਕ ਤਰਫਾ ਸੜਕ ਤੇ ਖੱਬੇ ਪਾੱਸੇ ਦੇ ਨੇੜੇ ਜਾਂ ਕਿਨਾਰੇ ਵੱਲ ਚੱਲਣ ਦੀ ਚੋਣ ਕਰ ਸਕਦੇ ਹਨ।

ਯਾਤਰਾ ਲੇਨਾਂ ਵਿੱਚ ਸਾਈਕਲਾਂ

ਟ੍ਰੈਫਿਕ ਦੇ ਵਹਾਅ ਤੋਂ ਹੌਲੀ ਚਲ ਰਹੇ ਸਾਈਕਲ ਸਵਾਰਾਂ ਨੂੰ ਜਿੰਨਾਂ ਵੱਧ ਤੋਂ ਵੱਧ ਸੰਭਵ ਹੋ ਸਕੇ, ਸੜਕ ਦੀ ਸੱਜੀ ਪਟਰੀ ਜਾਂ ਸੜਕ ਦੇ ਕਿਨਾਰੇ ਸਵਾਰੀ ਕਰਨਾ ਚਾਹੀਦਾ ਹੈ, ਹੇਠਾਂ ਦਿੱਤੇ ਹਾਲਾਤਾਂ ਨੂੰ ਛੱਡ ਕੇ:

- ਉਸੇ ਦਿਸ਼ਾ ਵਿੱਚ ਚਲ ਰਹੀ ਇੱਕ ਗੱਡੀ ਜਾਂ ਇੱਕ ਹੋਰ ਸਾਈਕਲ ਤੋਂ ਅੱਗੇ ਲੰਘਣ ਵੇਲੇ।
- ਇੱਕ ਚੌਰਾਹੇ ਤੇ, ਇੱਕ ਨਿੱਜੀ ਸੜਕ ਤੇ, ਜਾਂ ਇੱਕ ਡ੍ਰਾਈਵ-ਵੇ ਵਿੱਚ ਖੱਬੇ ਪਾਸੇ ਮੁੜਣ ਲਈ ਤਿਆਰ ਹੁੰਦੇ ਵੇਲੇ।
- ਜਦੋਂ ਜ਼ਰੂਰੀ ਹੋਵੇ ਤਾਂ ਕਿਸੀ ਖਤਰੇ ਜਾਂ ਸੜਕ ਦੀ ਹਾਲਤ (ਜਿਵੇਂ ਕਿ, ਪੈਦਲ ਯਾਤਰੀ, ਜਾਨਵਰ, ਸਤਹ ਦੇ ਖ਼ਤਰੇ) ਤੋਂ ਬਚਣ ਲਈ।

- ਜਦੋਂ ਕੋਈ ਲੇਨ ਇੱਕ ਸਾਈਕਲ ਅਤੇ ਇੱਕ ਗੱਡੀ ਲਈ ਲੇਨ ਦੇ ਅੰਦਰ ਸੁਰੱਖਿਅਤ ਢੰਗ ਨਾਲ ਇੱਕ-ਦੂਜੇ ਦੇ ਨਾਲ-ਨਾਲ ਯਾਤਰਾ ਕਰਨ ਲਈ ਬਹੁਤ ਤੰਗ ਹੈ।
- ਜਦੋਂ ਇੱਕ ਸੱਜੇ ਪਾਸੇ ਦੇ ਮੋੜ ਕੋਲ ਪਹੁੰਚ ਰਹੇ ਹੋ।
- ਜੇ ਉਹ ਸੜਕ ਇੱਕ-ਤਰਫ਼ਾ ਸੜਕ ਹੈ ਜਿਸ ਤੇ ਦੋ ਜਾਂ ਵੱਧ ਲੇਨਾਂ ਹਨ। ਇਸ ਸਥਿਤੀ ਵਿੱਚ, ਕਿਸੇ ਸਾਈਕਲ ਸਵਾਰ ਨੂੰ ਜਿੰਨਾਂ ਵੱਧ ਤੋਂ ਵੱਧ ਸੰਭਵ ਹੋ ਸਕੇ, ਖੱਬੀ ਪਟਰੀ ਜਾਂ ਸੜਕ ਦੇ ਕਿਨਾਰੇ ਚਲਾਉਣਾ ਚਾਹੀਦਾ ਹੈ। ਡ੍ਰਾਈਵਰਾਂ ਨੂੰ ਕਿਸੇ ਵੀ ਹੋਲੇ ਚੱਲਣ ਵਾਲੀ ਗੱਡੀ ਜਾਂ ਸਾਈਕਲ ਦੇ ਪਿੱਛੇ ਇੱਕ ਸੁਰੱਖਿਅਤ ਦੂਰੀ ਬਣਾ ਕੇ ਚਲਣਾ ਚਾਹੀਦਾ ਹੈ ਅਤੇ ਜਦੋਂ ਇਹ ਸੁਰੱਖਿਅਤ ਹੋਵੇ, ਤਾਂ ਸਾਈਕਲ ਸਵਾਰਾਂ ਨੂੰ ਉਸ ਸਥਿਤੀ ਤੇ ਚਲਦੇ ਰਹਿਣਾ ਚਾਹੀਦਾ ਹੈ ਜਿਸ ਨਾਲ ਦੂਜੀ ਗੱਡੀ ਸੁਰੱਖਿਅਤ ਤਰੀਕੇ ਨਾਲ ਉਸ ਕੋਲੋਂ ਲੰਘ ਸਕਣ।

ਸਹੀ

ਗ਼ਲਤ

ਯਾਤਰਾ ਲੇਨ ਵਿੱਚ ਸਫ਼ਰ ਕਰ ਰਹੇ ਸਾਈਕਲ ਸਵਾਰ ਕੋਲੋਂ ਇੱਕ ਸੁਰੱਖਿਅਤ ਦੂਰੀ ਤੋਂ ਅੱਗੇ ਲੰਘਣ ਲਈ ਕਿਸੇ ਦੂਜੀ ਲੇਨ ਵਿੱਚ ਜਾਣ, ਸੁਰੱਖਿਅਤ ਤਰੀਕੇ ਨਾਲ ਅਤੇ ਤੇਜ਼ੀ ਨਾਲ ਅੱਗੇ ਨਿਕਲਣ, ਅਤੇ ਆਪਣੀ ਗੱਡੀ ਅਤੇ ਸਾਈਕਲ ਸਵਾਰ ਦੇ ਵਿੱਚ ਥਾਂ ਰੱਖਦੇ ਹੋਏ ਆਪਣੀ ਮੂਲ ਲੇਨ ਵਿੱਚ ਵਾਪਸ ਆਉਣ ਦੀ ਲੋੜ ਪੈ ਸਕਦੀ ਹੈ। ਜਦੋਂ ਤੁਸੀਂ ਸਾਈਕਲ ਸਵਾਰਤੋਂ ਅੱਗੇ ਲੰਘਣ ਲਈ ਲੇਨਾਂ ਨਾ ਬਦਲ ਸਕੋ, ਤਾਂ ਆਪਣੀ ਗੱਡੀ ਅਤੇ ਸਾਈਕਲ ਸਵਾਰ ਦੇ ਵਿੱਚ ਘੱਟੋ-ਘੱਟ 3 ਫੁੱਟ ਦੀ ਦੂਰੀ ਰੱਖੋ। ਜੇ ਤੁਸੀਂ 3 ਫੁੱਟ ਦੀ ਦੂਰੀ ਵਿੱਚ ਅੱਗੇ ਨਹੀਂ ਲੰਘ ਸਕਦੇ ਹੋ, ਤਾਂ ਸਾਈਕਲ ਸਵਾਰ ਨੂੰ ਖਤਰੇ ਵਿੱਚ ਪਾਏ ਬਿਨਾਂ ਇੱਕ ਸੁਰੱਖਿਅਤ ਸਪੀਡ ਤੇ ਅੱਗੇ ਨਿਕਲ ਜਾਓ।

ਇੱਥੇ ਕੁਝ ਜ਼ਰੂਰੀ ਗੱਲਾਂ ਦੱਸੀਆਂ ਗਈਆਂ ਹਨ ਜਿੰਨਾਂ ਨੂੰ ਡ੍ਰਾਈਵਰਾਂ ਅਤੇ ਸਾਈਕਲ ਸਵਾਰਾਂ ਨੂੰ ਯਾਦ ਰੱਖਣਾ ਜ਼ਰੂਰੀ ਹੈ। ਮੋਟਰ ਗੱਡੀਆਂ ਦੇ ਡ੍ਰਾਈਵਰਾਂ ਦਾ ਇਹ ਕਰਨਾ ਜ਼ਰੂਰੀ ਹੈ:

- ਸਾਈਕਲ ਸਵਾਰਾਂ ਨੂੰ ਚਲਦੇ ਹੋਏ ਟ੍ਰੈਫਿਕ ਵਿੱਚ ਖੜੀਆਂ ਹੋਈਆਂ ਗੱਡੀਆਂ ਦੇ ਦਰਵਾਜੇ ਨਾਲ ਟਕਰਾਉਣ ਤੋਂ ਬਚਾਉਣ ਲਈ ਕਾਫੀ ਥਾਂ ਦਿਓ।
- ਜਦੋਂ ਸੁਰੱਖਿਅਤ ਹੋਵੇ ਸਿਰਫ ਤਾਂ ਹੀ ਪਟੜੀ ਵੱਲ ਜਾਂ ਸਾਈਕਲ ਲੇਨ ਵਿੱਚ ਜਾਓ।
- ਜਦੋਂ ਮੋੜ ਤੇ ਮੁੜਣ ਲਈ ਤਿਆਰੀ ਕਰ ਰਹੇ ਹੋ ਤਾਂ ਸਾਈਕਲ ਸਵਾਰ ਦੇ ਪਿੱਛੇ ਸੁਰੱਖਿਅਤ ਤਰੀਕੇ ਨਾਲ ਲੇਨ ਵਿਚ ਰੱਲ ਜਾਓ।
- ਇੱਕ ਮੋੜ ਮੁੜਨ ਤੋਂ ਪਹਿਲਾਂ ਇੱਕ ਬਾਈਕ ਲੇਨ ਵਿੱਚ ਪ੍ਰਵੇਸ਼ ਕਰ ਜਾਓ, ਪਰ 200 ਫੁੱਟ ਤੋਂ ਪਹਿਲਾਂ ਨਹੀਂ।
- ਲੇਨਾਂ ਬਦਲਣ ਵੇਲੇ ਜਾਂ ਟ੍ਰੈਫਿਕ ਵਿੱਚ ਰੱਲਣ ਤੋਂ ਪਹਿਲਾਂ ਸਾਈਕਲ ਸਵਾਰਾਂ ਤੇ ਨਜ਼ਰ ਮਾਰੋ। ਸਾਈਕਲਾਂ ਛੋਟੀਆਂ ਹੁੰਦੀਆਂ ਹਨ ਅਤੇ ਕਿਸੇ ਵਾਹਨ ਦੇ ਬਲਾਇੰਡ ਸਪਾੱਟ ਵਿੱਚ ਲੁੱਕ ਸਕਦੀਆਂ ਹਨ।
- ਇੱਕ ਦੋ ਲੇਨਾਂ ਵਾਲੇ ਸੜਕ ਤੇ ਕਿਸੇ ਸਾਈਕਲ ਸਵਾਰ ਦੇ ਕੋਲ ਪਹੁੰਚਣ ਤੋਂ ਪਹਿਲਾਂ ਜਾਂ ਉਸ ਕੋਲੋਂ ਲੰਘਣ ਵੇਲੇ ਸਾਵਧਾਨੀ ਵਰਤੋਂ।

ਕੈਲੀਫੋਰਨੀਆ ਵਿੱਚ ਦੇਸ਼ ਵਿੱਚ ਸਭ ਤੋਂ ਵੱਧ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਦੀਆਂ ਮੌਤਾਂ ਹੁੰਦੀਆਂ ਹਨ। ਜਦੋਂ ਤੁਸੀਂ ਗੱਡੀ ਚਲਾਉਂਦੇ ਹੋ, ਆਪਣੇ ਆਲੇ-ਦੁਆਲੇ ਪੈਦਲ ਚੱਲਣ ਵਾਲੇ ਅਤੇ ਸਾਈਕਲ ਚਲਾਉਣ ਵਾਲੇ ਲੋਕਾਂ ਦਾ ਖਾਸ ਖਿਆਲ ਰੱਖੋ। ਅਜਿਹਾ ਕਰਨਾ ਮਨੁੱਖੀ ਕੰਮ ਹੈ।

- ਮੋੜ ਕੱਟਣ ਤੋਂ ਪਹਿਲਾਂ ਪੈਦਲ ਚੱਲਣ ਵਾਲੇ ਅਤੇ ਸਾਈਕਲ ਚਲਾਉਣ ਵਾਲੇ ਲੋਕਾਂ ਲਈ ਦੋ ਵਾਰੀ ਆਲੇ-ਦੁਆਲੇ ਵੇਖੋ। ਲਾਲ ਬੱਤੀ ਤੇ ਸੱਜੇ ਮੁੜਣ ਤੋਂ ਪਹਿਲਾਂ ਹਮੇਸ਼ਾ ਗੱਡੀ ਨੂੰ ਪੂਰੀ ਤਰ੍ਹਾਂ ਰੋਕੋ।
- ਕ੍ਰਾਸਵਾਕ ਵਿੱਚ ਆਏ ਹੋਏ ਲੋਕਾਂ ਲਈ ਰੁੱਕੋ। ਹਰੇਕ ਚੌਰਾਹਾ ਇੱਕ ਕ੍ਰਾਸਵਾਕ ਹੈ, ਭਾਵੇਂ ਉਸ ਤੇ ਨਿਸ਼ਾਨ ਨਾ ਲਗੇ ਹੋਣ।
- ਜੇ ਕੋਈ ਹੋਰ ਕਾਰ ਕਿਸੇ ਕ੍ਰਾਸਵਾਕ ਵਿੱਚ ਰੁੱਕੀ ਹੋਈ ਹੈ, ਤਾਂ ਤੁਹਾਨੂੰ ਵੀ ਰੁੱਕਣਾ ਚਾਹੀਦਾ ਹੈ। ਹੋ ਸਕਦਾ ਹੈ ਕੋਈ ਵਿਅਕਤੀ ਕ੍ਰਾਸਵਾਕ ਪਾਰ ਕਰ ਰਿਹਾ ਹੋਵੇ, ਜਿਸਨੂੰ ਤੁਸੀਂ ਨਾ ਦੇਖ ਸਕਦੇ ਹੋਵੋ।

SCAG INNOVATING FOR A BETTER TOMORROW

SAFE ROAD NIGHTS

SHARE THE ROAD CALIFORNIA PEDESTRIAN AND BICYCLIST ENFORCEMENT AND EDUCATION PROJECT

OTS CALIFORNIA OFFICE OF TRAFFIC SAFETY

#GoHumanSoCal /GoHumanSoCal

ਨੇਤਰਹੀਣ ਪੈਦਲ ਚੱਲਣ ਵਾਲੇ ਲੋਕ

ਗਾਈਡ ਕੁੱਤਿਆਂ ਜਾਂ ਚਿੱਟੀ ਸੋਟੀ, ਲਾਲ ਕਿਨਾਰੀ ਵਾਲੀ ਜਾਂ ਉਸ ਦੇ ਬਿਨ੍ਹਾਂ, ਦੀ ਵਰਤੋਂ ਕਰਨ ਵਾਲੇ ਪੈਦਲ ਚੱਲਣ ਵਾਲੇ ਲੋਕਾਂ ਨੂੰ ਹਮੇਸ਼ਾ ਲੰਘਣ ਦਾ ਅਧਿਕਾਰ ਪਹਿਲਾ ਦੇਣਾ ਜ਼ਰੂਰੀ ਹੈ। ਇਹ ਪੈਦਲ ਲੋਕ ਕੁਝ ਹੱਦ ਤੱਕ ਜਾਂ ਪੂਰੀ ਤਰ੍ਹਾਂ ਆਪਣੀ ਨਜ਼ਰ ਗੁਆ ਚੁਕੇ ਹਨ। ਜਦੋਂ ਇਹ ਪੈਦਲ ਚੱਲਣ ਵਾਲੇ ਤੁਹਾਡੇ ਨੇੜੇ ਹੋਣ ਅਤੇ ਜਦੋਂ ਤੁਸੀਂ ਮੋੜ ਮੁੜ ਰਹੇ ਹੋਵੋ ਜਾਂ ਗੱਡੀ ਪਿੱਛੇ ਕਰ ਰਹੇ ਹੋਵੋ ਤਾਂ ਇਨ੍ਹਾਂ ਦਾ ਬਹੁਤ ਧਿਆਨ ਰੱਖੋ, ਖਾਸ ਤੌਰ ਤੇ ਜਦੋਂ ਤੁਸੀਂ ਇੱਕ ਘੱਟ ਆਵਾਜ਼ ਵਾਲਾ ਹਾਈਬ੍ਰਿਡ ਗੱਡੀ ਚਲਾ ਰਹੇ ਹੋਵੋ।

ਨੇਤਰਹੀਣ ਪੈਦਲ ਚੱਲਣ ਵਾਲੇ ਵਿਅਕਤੀਆਂ ਦੀ ਮਦਦ ਲਈ ਕੁਝ ਸੁਝਾਓ ਹੇਠਾਂ ਦਿੱਤੇ ਗਏ ਹਨ:

- ਇੱਕ ਸਟੈਪ ਲਾਈਟ ਜਾਂ ਸੰਕੇਤ ਤੇ, ਆਪਣੀ ਗੱਡੀ ਪੈਦਲ ਲੰਘਣ ਦੇ ਰਸਤੇ ਤੋਂ 5 ਫੁੱਟ ਤੋਂ ਵਧ ਦੂਰੀ ਤੇ ਨਾ ਰੋਕੋ ਜੱਦ ਤੱਕ ਕਿ ਰੋਕਣ ਵਾਲੀ ਕੋਈ ਹੋਰ ਲਾਈਨ ਨਾ ਲੱਗੀ ਹੋਵੇ। ਨੇਤਰਹੀਣ ਪੈਦਲ ਚੱਲਣ ਵਾਲਾ ਵਿਅਕਤੀ ਤੁਹਾਡੇ ਇੰਜਨ ਦੀ ਆਵਾਜ਼ ਨੂੰ ਮਾਰਗ-ਦਰਸ਼ਨ ਦੇ ਤੌਰ ਤੇ ਵਰਤਦਾ ਹੈ, ਇਸ ਲਈ ਗੱਡੀ ਨੂੰ ਕ੍ਰਾਸਵਾਕ ਦੇ 5 ਫੁੱਟ ਦੇ ਅੰਦਰ-ਅੰਦਰ ਲਿਆ ਕੇ ਖੜੀ ਕਰੋ ਤਾਂ ਕਿ ਉਹ ਵਿਅਕਤੀ ਤੁਹਾਨੂੰ ਸੁਣ ਸਕੇ। ਹਾਈਬ੍ਰਿਡ ਜਾਂ ਬਿਜਲੀ ਨਾਲ ਚੱਲਣ ਵਾਲੀਆਂ ਗੱਡੀਆਂ ਦੇ ਡ੍ਰਾਈਵਰਾਂ ਦਾ ਇਸ ਗੱਲ ਦਾ ਖਾਸ ਧਿਆਨ ਰੱਖਣਾ ਲਾਜ਼ਮੀ ਹੈ ਕਿ ਇੰਜਨ ਜਾਂ ਬਿਜਲੀ ਨਾਲ ਚੱਲਣ ਵਾਲੀ ਮੋਟਰ ਦਾ ਸ਼ੋਰ ਨਾ ਹੋਣ ਕਾਰਨ ਨੇਤਰਹੀਣ ਵਿਅਕਤੀ ਇਹ ਸੋਚ ਸਕਦਾ ਹੈ ਕਿ ਆਸਪਾਸ ਕੋਈ ਗੱਡੀ ਨਹੀਂ ਹੈ। ਇਨ੍ਹਾਂ ਸੰਕੇਤਾਂ ਦੀ ਪਾਲਣਾ ਕਰੋ: ਜੇ ਇੱਕ ਨੇਤਰਹੀਨ ਵਿਅਕਤੀ ਆਪਣੀ ਸੋਟੀ ਅੰਦਰ ਕਰ ਲੈਂਦਾ ਹੈ ਅਤੇ ਕਦਮ ਪਿੱਛੇ ਵੱਲ ਪੁੱਟਦਾ ਹੈ ਤਾਂ ਆਮਤੋਰ ਤੇ ਇਸਦਾ ਮਤਲਬ ਹੁੰਦਾ ਹੈ ਕਿ ਉਹ ਹਾਲੇ ਚਲਣ ਲਈ ਤਿਆਰ ਨਹੀਂ ਹਨ ਅਤੇ ਤੁਹਾਨੂੰ ਚੱਲਣਾ ਚਾਹੀਦਾ ਹੈ।
- ਉਨ੍ਹਾਂ ਸਾਰੇ ਕ੍ਰਾਸਵਾਕਾਂ ਤੇ ਗੱਡੀ ਰੋਕੋ ਜਿੱਥੇ ਪੈਦਲ ਚੱਲਣ ਵਾਲੇ ਵਿਅਕਤੀ ਇੰਤਜ਼ਾਰ ਕਰ ਰਹੇ ਹੋਣ। ਪੈਦਲ ਚੱਲਣ ਵਾਲੇ ਵਿਅਕਤੀ ਦੇ ਸੜਕ ਪਾਰ ਕਰ ਲੈਣ ਦਾ ਇੰਤਜ਼ਾਰ ਕਰੋ।
- ਇੱਕ ਕ੍ਰਾਸਵਾਕ ਦੇ ਵਿੱਚਕਾਰ ਨਾ ਰੁਕੋ। ਇਸ ਨਾਲ ਨੇਤਰਹੀਣ ਵਿਅਕਤੀ ਨੂੰ ਮਜ਼ਬੂਰ ਹੋ ਕੇ ਤੁਹਾਡੀ ਗੱਡੀ ਦੇ ਪਿੱਛੇ ਦੀ ਲੰਘ ਕੇ ਅਤੇ ਕ੍ਰਾਸਵਾਕ ਤੋਂ ਬਾਹਰ ਟ੍ਰੈਫਿਕ ਦੇ ਵਿੱਚਕਾਰ ਜਾਣਾ ਪੈਂਦਾ ਹੈ।
- ਨੇਤਰਹੀਣ ਪੈਦਲ ਚੱਲਣ ਵਾਲੇ ਵਿਅਕਤੀ ਨੂੰ ਜੁਬਾਨੀ ਹਿਦਾਇਤਾਂ ਨਾ ਦਿਓ। ਨੇਤਰਹੀਣ ਵਿਅਕਤੀ ਸੜਕ ਪਾਰ ਕਰਨ ਦਾ ਫੈਸਲਾ ਕਰਨ ਤੋਂ ਪਹਿਲਾਂ ਟ੍ਰੈਫਿਕ ਦੀਆਂ ਸਾਰੀਆਂ ਆਵਾਜ਼ਾਂ ਨੂੰ ਸੁਣਦਾ ਹੈ।
- ਪਹਿਲਾਂ ਵੇਖੇ ਬਿਨ੍ਹਾਂ ਸੱਜੇ ਨਾ ਮੁੜੋ। ਮੁੜਨਾ ਸ਼ੁਰੂ ਕਰਨ ਤੋਂ ਪਹਿਲਾਂ ਪੈਦਲ ਚੱਲਣ ਵਾਲੇ ਵਿਅਕਤੀਆਂ, ਖਾਸ ਕਰਕੇ ਨੇਤਰਹੀਨ ਪੈਦਲ ਚੱਲਣ ਵਾਲੇ ਵਿਅਕਤੀ ਜਾਂ ਟ੍ਰੈਫਿਕ ਦਾ ਧਿਆਨ ਰੱਖੋ। ਉਹ ਨੇਤਰਹੀਨ ਪੈਦਲ ਚੱਲਣ ਵਾਲੇ ਵਿਅਕਤੀ, ਜਿਨ੍ਹਾਂ ਲਈ ਬੱਤੀ ਹਰੀ ਹੋ ਚੁੱਕੀ ਹੈ, ਇਹ ਆਸ ਨਹੀਂ ਕਰਦੇ ਕਿ ਉਨ੍ਹਾਂ ਦੇ ਸਾਮ੍ਹਣੇ ਦਾ ਡ੍ਰਾਈਵਰ ਸੱਜੇ ਪਾਸੇ ਵੱਲ ਮੁੜੇਗਾ। ਤੁਹਾਡਾ ਇਸ ਤਰ੍ਹਾਂ ਮੁੜਨਾ ਨੇਤਰਹੀਨ ਪੈਦਲ ਚੱਲਣ ਵਾਲੇ ਵਿਅਕਤੀ ਨੂੰ ਦਿਸ਼ਾਹੀਣ ਅਤੇ ਸੜ੍ਹਕ ਪਾਰ ਕਰਨ ਦੀ ਕੋਸ਼ਿਸ਼ ਕਰਨ ਵੇਲੇ ਉਸਨੂੰ ਕਿਸੇ ਹੋਰ ਸੱਜੇ ਮੁੜ ਰਹੀ ਗੱਡੀ ਰਾਹੀਂ ਟੱਕਰ ਲੱਗ ਸਕਦੀ ਹੈ।
- ਕਿਸੇ ਨੇਤਰਹੀਣ ਵਿਅਕਤੀ ਤੇ ਹੌਰਨ ਨਾ ਵਜਾਓ। ਨੇਤਰਹੀਣ ਵਿਅਕਤੀ ਨੂੰ ਪਤਾ ਨਹੀਂ ਹੋਵੇਗਾ ਕਿ ਤੁਸੀਂ ਕਿਸ ਤੇ ਹੌਰਨ ਵਜਾ ਰਹੇ ਹੋ ਅਤੇ ਉਹ ਇਸ ਸ਼ੋਰ ਦੇ ਕਾਰਨ ਡਰ ਸਕਦਾ ਹੈ।
- ਕਿਸੇ ਫੁੱਟਪਾਥ ਦਾ ਰਸਤਾ ਨਾ ਰੋਕੋ।

ਕੀ ਤੁਸੀਂ ਇੱਕ ਗੁੱਸੇ ਵਾਲੇ ਡ੍ਰਾਈਵਰ ਹੋ?

(ਢੁੱਕਵੇਂ ਬਕਸੇ ਤੇ ਨਿਸ਼ਾਨ ਲਗਾ ਲਾਓ)

ਕੀ ਤੁਸੀਂ	ਹਾਂ	ਨਹੀਂ
ਦੂਜੇ ਵਾਹਨਾਂ ਤੋਂ ਸਿਰਫ ਖੱਬੇ ਪਾਸੋਂ ਤੇ ਹੀ ਅੱਗੇ ਵਧਦੇ ਹੋ।	☐	☐
ਪਾਸਿੰਗ ਲੇਨਾਂ ਨੂੰ ਜਾਮ ਕਰਨ ਤੇ ਬਚਦੇ ਹੋ।	☐	☐
ਸਜੇ ਪਾਸੇ ਹੋ ਕੇ ਤੇਜ਼ ਰਫਤਾਰ ਵਾਲੇ ਟ੍ਰੈਫਿਕ ਨੂੰ ਅਗੇ ਲੰਘ ਜਾਣ ਦਿੰਦੇ ਹੋ।	☐	☐
ਜਿੰਨਾ ਜਿਆਦਾ ਮੁਮਕਿਨ ਹੋ ਸਕੇ, ਸਜੇ ਪਾਸੇ ਵੱਲ ਰਹਿੰਦੇ ਹੋ।	☐	☐
ਵਾਹਨਾਂ ਦੇ ਪਿੱਛੇ ਚਲਣ ਵੇਲੇ ਉਚਿਤ ਦੂਰੀ ਨੂੰ ਬਣਾਈ ਰੱਖਦੇ ਹੋ।	☐	☐
ਵਾਹਨਾਂ ਤੋ ਅੱਗੇ ਲੰਘਣ ਤੋਂ ਬਾਅਦ, ਅੱਗੇ ਆਉਣ ਲਈ ਸਹੀ ਦੂਰੀ ਬਣਾਈ ਰੱਖਦੇ ਹੋ।	☐	☐
ਬੱਦਲ, ਮੀਂਹ ਵਾਲੇ, ਘੱਟ ਰੋਸ਼ਨੀ ਦੇ ਹਾਲਤਾਂ ਵਿੱਚ ਅਗਲੀਆਂ ਬੱਤੀਆਂ ਵਰਤਦੇ ਹੋ।	☐	☐
ਪੈਦਲ ਚੱਲਣ ਵਾਲਿਆਂ ਲਈ ਰੁੱਕਦੇ ਹੋ।	☐	☐
ਰੂਕਣ ਦੇ ਚਿੰਨ੍ਹਾਂ ਤੇ ਪੂਰੀ ਤਰ੍ਹਾਂ ਰੁੱਕਦੇ ਹੋ, ਵਗੈਰਾ।	☐	☐
ਲਾਲ ਟ੍ਰੈਫਿਕ ਲਾਈਟਾਂ ਤੇ ਰੁੱਕਦੇ ਹੋ।	☐	☐
ਚੌਰਾਹਿਆਂ ਅਤੇ ਪੈਦਲ ਚਲਣ ਵਾਲਿਆਂ ਦੇ ਨੇੜੇ ਪਹੁੰਚ ਕੇ ਹੌਲੀ ਹੋ ਜਾਂਦੇ ਹੋ।	☐	☐
ਚਾਰੋ ਪਾਸੇ ਦੇ ਰੁੱਕਣ ਦੇ ਚਿੰਨ੍ਹਾਂ ਤੇ ਲੰਘਣ ਦੇ ਅਧਿਕਾਰ ਦੇ ਨਿਯਮ ਦੀ ਪਾਲਣਾ ਕਰਦੇ ਹੋ।	☐	☐
ਜਦੋਂ ਹਾਲਾਤ ਮੰਗ ਕਰਦੇ ਹਨ ਤਾਂ ਦੱਸੀ ਗਈ ਸੀਮਾ ਤੋਂ ਹੌਲੀ ਗਡੀ ਚਲਾਉਂਦੇ ਹੋ।	☐	☐
ਨਿਰਮਾਣ ਖੇਤਰਾਂ ਵਿੱਚ ਹੌਲੀ ਚਲਾਉਂਦੇ ਹੋ।	☐	☐
ਹਾਲਾਤ ਦੇ ਅਨੁਸਾਰ ਹੌਲੀ ਰਫ਼ਤਾਰ ਰੱਖਦੇ ਹੋ।	☐	☐
ਮੁੜਣ ਅਤੇ ਲੇਨ ਬਦਲਣ ਲਈ ਵਾਹਨ ਦੇ ਮੁੜਣ ਵਾਲੇ ਸਿਗਨਲਾਂ ਦੀ ਵਰਤੋਂ ਕਰਦੇ ਹੋ।	☐	☐
ਜਿੱਥੇ ਲੋੜ ਹੁੰਦੀ ਹੈ ਉੱਥੇ ਅਖਾਂ ਨਾਲ ਸੰਪਰਕ ਬਣਾਉਂਦੇ ਹੋ ਅਤੇ ਆਪਣੇ ਇਰਾਦੇ ਦਾ ਸਿਗਨਲ ਦਿੰਦੇ ਹੋ।	☐	☐
ਦੂਜਿਆਂ ਦੇ ਇਰਾਦਿਆਂ ਨੂੰ ਪਛਾਣਦੇ ਹੋ।	☐	☐
ਆਪਣੇ ਹੌਰਨ ਦੀ ਵਰਤੋ ਬਹੁਤ ਘੱਟ ਕਰਦੇ ਹੋ।	☐	☐

ਕੀ ਤੁਸੀਂ	ਹਾਂ	ਨਹੀਂ
ਹਾਈ ਬੀਮ ਹੈੱਡਲਾਈਟਾਂ ਦੀ ਵਰਤੋਂ ਕਰਨ ਤੋ ਬਚਦੇ ਹੋ।	☐	☐
ਐਮਰਜੈਂਸੀ ਗੱਡੀਆਂ ਲਈ ਰਸਤਾ ਛੱਡ ਦਿੰਦੇ ਹੋ ਅਤੇ ਸੱਜੇ ਪਾਸੇ ਵੱਲ ਹੋ ਜਾਂਦੇ ਹੋ।	☐	☐
ਹੈੱਡਲਾਈਟਾਂ ਦੇ ਚਮਕਾਰੇ ਮਾਰਨ ਤੋਂ ਪਰਹੇਜ ਕਰਦੇ ਹੋ।	☐	☐
ਹੌਲੀ ਅਤੇ ਸੋਚ-ਵਿਚਾਰ ਕੇ ਯੂ-ਟਰਨ ਕੱਟਦੇ ਹੋ।	☐	☐
ਸੜਕ ਤੇ ਹੋਏ ਹਾਦਸਿਆਂ ਦੇ ਨੇੜੇ ਸਹੀ ਰਫ਼ਤਾਰ ਬਣਾ ਕੇ ਰੱਖਦੇ ਹੋ।	☐	☐
ਅਨੁਚਿਤ ਇਸ਼ਾਰੇ ਕਰਨ ਤੋ ਬੱਚਦੇ ਹੋ।	☐	☐
ਦੂਜੇ ਡ੍ਰਾਈਵਰਾਂ ਨੂੰ ਚੁਣੌਤੀ ਦੇਣ ਤੋਂ ਬੱਚੋ।	☐	☐
ਗੁੱਸੇ ਵਾਲੇ ਡ੍ਰਾਈਵਰਾਂ ਦੇ ਰਸਤੇ ਵਿਚੋਂ ਹੱਟਣ ਦੀ ਕੋਸ਼ਿਸ਼ ਕਰਦੇ ਹੋ।	☐	☐
ਡ੍ਰਾਈਵਿੰਗ ਉਤੇ ਧਿਆਨ ਕੇਂਦਰਿਤ ਕਰਦੇ ਹੋ ਅਤੇ ਧਿਆਨ ਵੰਡਣ ਵਾਲੀਆਂ ਕਾਰਵਾਈਆਂ ਤੋ ਬੱਚਦੇ ਹੋ।	☐	☐

ਕੀ ਤੁਸੀਂ ਇਨ੍ਹਾਂ ਤੋ ਬੱਚਦੇ ਹੋ	ਹਾਂ	ਨਹੀਂ
ਸੁਸਤ ਮਹਿਸੁਸ ਕਰਣ ਵੇਲੇ ਗਡੀ ਚਲਾਉਣਾ।	☐	☐
ਸੱਜੇ ਪਾਸੇ ਮੁੜਣ ਵਾਲੀ ਲੇਨ ਨੂੰ ਰੋਕਣਾ।	☐	☐
ਇੱਕ ਤੋ ਜਿਆਦਾ ਪਾਰਕਿੰਗ ਥਾਵਾਂ ਘੇਰਨੀਆਂ।	☐	☐
ਅਪਾਹਜਾਂ ਲਈ ਨਿਰਧਾਰਤ ਕਿਸੇ ਥਾਂ ਤੇ ਪਾਰਕਿੰਗ ਕਰਨੀ।	☐	☐
ਤੁਹਾਡੇ ਨਾਲ ਪਾਰਕ ਕੀਤੀ ਹੋਈ ਗੱਡੀ ਤੇ ਆਪਣੀ ਗੱਡੀ ਦੇ ਦਰਵਾਜ਼ੇ ਨੂੰ ਟੱਕਰ ਲੱਗਣ ਦੇਣਾ।	☐	☐
ਗੱਡੀ ਚਲਾਉਂਦੀਆਂ ਹੋਇਆਂ ਮੋਬਾਇਲ ਫੋਨ ਦੀ ਵਰਤੋਂ ਕਰਨੀ	☐	☐
ਗੱਲ ਕਰਨ ਲਈ ਸੜਕ ਦੇ ਵਿੱਚ ਰੁੱਕ ਜਾਣਾ।	☐	☐
ਨਾਲ ਚਲਣ ਵਾਲਿਆਂ ਗੱਡੀਆਂ ਤੇ ਉੱਚਾ-ਉੱਚਾ ਸੰਗੀਤ ਵਜਾਉਣ ਤੋਂ ਬੱਚਦੇ ਹੋ।	☐	☐

ਆਪਣੇ ਆਪ ਨੂੰ ਨੰਬਰ ਦਿਓ:

"ਨਹੀਂ" ਵਾਲੇ ਜਵਾਬਾਂ ਦੀ ਗਿਣਤੀ ਕਰੋ

(1-3) ਸੁਰੱਖਿਅਤ ਡ੍ਰਾਈਵਰ
(4-7) ਚੰਗਾ ਡ੍ਰਾਈਵਰ
(8-11) ਘੱਟ ਗੁੱਸੇ ਵਾਲਾ ਡ੍ਰਾਈਵਰ
(12+) ਗੁੱਸੇ ਵਾਲਾ ਡ੍ਰਾਈਵਰ

ਸੜਕ ਤੇ ਕੰਮ ਕਰਨ ਵਾਲੇ ਕਰਮਚਾਰੀ ਅਤੇ ਕੰਮ ਵਾਲੇ ਖੇਤਰ ("ਕੋਨ ਜ਼ੋਨਸ") (CONE ZONES)

ਚਿੰਨ੍ਹ ਅਤੇ ਸੰਦੇਸ਼ ਵਾਲੇ ਬੋਰਡ ਤੁਹਾਨੂੰ ਅੱਗੇ ਕੰਮ ਕਰ ਰਹੇ ਕਰਮਚਾਰੀਆਂ, ਹੌਲੀ ਚੱਲਣ ਵਾਲੇ ਸਾਜ਼ੋ-ਸਾਮਾਨ ਅਤੇ ਬੰਦ ਲੇਨਾਂ ਬਾਰੇ ਚੇਤਾਵਨੀ ਦਿੰਦੇ ਹਨ। ਕੋਨ, ਡ੍ਰਮ ਜਾਂ ਹੋਰ ਬੈਰਿਅਰ ਤੁਹਾਨੂੰ ਕੰਮ ਦੇ ਖੇਤਰਾਂ ਵਿੱਚ ਖੁੱਲ੍ਹੀਆਂ ਲੇਨਾਂ ਦਾ ਰਸਤਾ ਦਰਸਾਉਂਦੇ ਹਨ। ਕੋਨਾਂ ਅਤੇ ਡ੍ਰਮਾਂ ਨੂੰ ਪਾਰ ਕੀਤੇ ਬਿਨ੍ਹਾਂ ਅਤੇ ਜਦੋਂ ਸੁਰੱਖਿਅਤ ਹੋਵੇ ਛੇਤੀ ਤੋਂ ਛੇਤੀ ਟ੍ਰੈਫਿਕ ਵਿੱਚ ਸ਼ਾਮਲ ਹੋ ਜਾਓ। ਆਪਣੀ ਗੱਡੀ ਦੀ ਰਫਤਾਰ ਘਟਾਓ ਅਤੇ ਹਾਈਵੇ ਦੇ ਸਾਜ਼ੋ-ਸਾਮਾਨ ਲਈ ਆਪਣੀ ਰਫਤਾਰ ਘੱਟ ਕਰਨ ਜਾਂ ਰੁਕਣ ਲਈ ਤਿਆਰ ਰਹੋ। ਕੰਮ ਦੇ ਖੇਤਰਾਂ ਵਿੱਚ ਜਿੱਥੇ ਕਿ ਲੇਨਾਂ ਤੰਗ ਹੁੰਦੀਆਂ ਹਨ ਜਾਂ ਜਿੱਥੇ ਪਟੜੀ ਬੰਦ ਹੁੰਦੀ ਹੈ, ਮੌਜੂਦ ਸਾਈਕਲਾਂ ਅਤੇ "ਸੜਕ ਸਾਂਝੀ ਕਰੋ" (share the road) ਚਿੰਨ੍ਹਾਂ ਵੱਲ ਧਿਆਨ ਦਿਓ। ਕੰਮ ਦੇ ਖੇਤਰਾਂ ਵਿੱਚ ਗਤੀ ਸੀਮਾ ਅਤੇ ਘਟਾਈ ਗਈ ਗਤੀ ਸੀਮਾ ਚੇਤਾਵਨੀ ਸੰਕੇਤਾਂ ਤੇ ਧਿਆਨ ਦਿਓ।

ਆਪਣੀ ਅਤੇ ਆਪਣੀਆਂ ਯਾਤਰੂ ਸਵਾਰੀਆਂ ਦੀ ਸੁਰੱਖਿਆ ਲਈ ਕੰਮ ਵਾਲੀ ਜ਼ੋਨ ਵਿੱਚੋਂ ਧਿਆਨ ਨਾਲ ਨਿਕਲੋ, ਰਫਤਾਰ ਘਟਾਉ, ਗੱਡੀਆਂ ਦੇ ਵਿੱਚਕਾਰ ਜ਼ਿਆਦਾ ਦੂਰੀ ਬਣਾਏ ਰੱਖੋ, ਟ੍ਰੈਫਿਕ ਵਿੱਚ ਛੇਤੀ ਰੱਲੋ, ਅਚਾਨਕ ਗੱਡੀ ਹੌਲੀ ਕਰਨ ਜਾਂ ਰੁਕਣ ਦੀ ਸੰਭਾਵਨਾ ਲਈ ਤਿਆਰ ਰਹੋ, ਅੰਤਮ ਘੜੀ ਵਿੱਚ ਲੇਨਾਂ ਬਦਲਣ ਵਾਲੇ ਡ੍ਰਾਈਵਰਾਂ ਦਾ ਧਿਆਨ ਰੱਖੋ ਅਤੇ ਕਿਸੇ ਕੋਨ ਜ਼ੋਨ ਵਿਚੋਂ ਡ੍ਰਾਈਵਿੰਗ ਕਰਨ ਵੇਲੇ ਧਿਆਨ ਭਟਕਾਉਣ ਵਾਲੀਆਂ ਚੀਜਾਂ ਤੋਂ ਬੱਚੋ। ਧਿਆਨ ਭਟਕਾਉਣ ਵਾਲੀਆਂ ਚੀਜਾਂ ਵਿੱਚ ਆਪਣੇ ਹੈਡਸ-ਫ੍ਰੀ ਸੈੱਲ ਫੋਨ, ਟੈਕਸਟ ਮੈਸੇਜ਼ ਪੜ੍ਹਣਾ/ਭੇਜਣਾ, ਅਤੇ/ਜਾਂ ਆਪਣੇ GPS ਦੀ ਅਤੇ ਮਨੋਰੰਜਨ ਸਿਸਟਮਾਂ ਦੀ ਵਰਤੋਂ ਕਰਨਾ ਸ਼ਾਮਲ ਹਨ। ਕਿਸੇ ਕੰਮ ਦੀ ਜ਼ੋਨ ਵਿੱਚ ਟ੍ਰੈਫਿਕ ਦੀ ਉਲੰਘਣਾਵਾਂ ਕਾਰਨ $1,000 ਤੱਕ ਜਾਂ ਜ਼ਿਆਦਾ ਦੇ ਜ਼ੁਰਮਾਨੇ ਹੋ ਸਕਦੇ ਹਨ। ਕਿਸੇ ਹਾਈਵੇ ਤੇ ਕੰਮ ਕਰਨ ਵਾਲੇ ਕਰਮਚਾਰੀ ਤੇ ਹਮਲਾ ਕਰਨ ਵਾਲੇ ਨੂੰ $2,000 ਤੱਕ ਜ਼ੁਰਮਾਨਾ ਅਤੇ 1 ਸਾਲ ਤੱਕ ਦੀ ਜੇਲ ਦੀ ਸਜ਼ਾ ਹੋ ਸਕਦੀ ਹੈ।

ਸੜਕ ਤੇ ਚੱਲ ਰਹੇ ਕੰਮ ਨੂੰ ਵੇਖਣ ਲਈ ਰੁਕੋ ਜਾਂ ਹੌਲੇ ਨਾ ਹੋ ਜਾਓ। ਕਰਮਚਾਰੀਆਂ (ਫਲੈਗਰਸ) ਰਾਹੀਂ ਦਿੱਤੇ ਗਏ ਖਾਸ ਸੰਕੇਤਾਂ ਅਤੇ ਹਿਦਾਇਤਾਂ ਦੀ ਪਾਲਣਾ ਕਰੋ।

ਦੁਗਣੇ ਜੁਰਮਾਨੇ ਵਾਲੇ ਖੇਤਰ

ਵਧੇਰੀਆਂ ਟੱਕਰਾਂ ਕਾਰਨ ਹੋਣ ਵਾਲੀਆਂ ਸੱਟਾਂ ਅਤੇ ਮੌਤਾਂ ਦੇ ਕਾਰਨ ਕੁਝ ਖਾਸ ਸੜਕਾਂ ਨੂੰ "ਵਾਧੂ ਸੁਰੱਖਿਆ- ਦੁਗਣੇ ਜ਼ੁਰਮਾਨੇ ਵਾਲੇ ਖੇਤਰ" ਮਨੋਨੀਤ ਕੀਤਾ ਗਿਆ ਹੈ। ਇਨ੍ਹਾਂ ਖੇਤਰਾਂ ਵਿੱਚ ਅਤੇ ਨਾਲ ਹੀ ਹਾਈਵੇ ਦੇ ਉਨ੍ਹਾਂ ਖੇਤਰਾਂ ਵਿੱਚ ਜਿੱਥੇ ਸੜਕ ਦੀ ਉਸਾਰੀ ਜਾਂ ਮੁਰੰਮਤ ਜ਼ੋਨਾਂ ਵਿੱਚ ਜਿੱਥੇ ਕਰਮਚਾਰੀ ਮੌਜੂਦ ਹੋਣ, ਉਲੰਘਣਾ ਲਈ ਜ਼ੁਰਮਾਨੇ ਦੀ ਰਕਮ ਦੁਗਣੀ ਹੈ (CVC §42010)।

ਪਰ੍ਹੇ ਹਟੋ ਅਤੇ ਗੱਡੀ ਹੌਲੀ ਕਰੋ

ਡ੍ਰਾਈਵਰਾਂ ਲਈ ਦੂਜੀ ਲੇਨ ਵਿੱਚ ਚਲੇ ਜਾਣਾ, ਜੇ ਅਜਿਹਾ ਕਰਨਾ ਸੁਰੱਖਿਅਤ ਹੋਵੇ, ਜਾਂ ਗੱਡੀ ਹੌਲੀ ਕਰ ਲੈਣਾ ਜ਼ਰੂਰੀ ਹੈ ਜਦੋਂ ਕਿ ਉਹ ਇੱਕ ਅਜਿਹੀ ਰੁੱਕੀ ਹੋਈ ਐਮਰਜੈਂਸੀ ਗੱਡੀ ਜਾਂ ਟੋਅ ਟੱਰਕ ਵੱਲ ਵੱਧ ਰਹੇ ਹੋਣ, ਜੋ ਕਿ ਪੀਲੀਆਂ ਚੇਤਾਵਨੀ ਵਾਲੀਆਂ ਟ੍ਰੈਫਿਕ ਸਿਗਨਲ ਲਾਈਟਾਂ ਜਗਾ-ਬੁਝਾ ਰਹੀ ਹੋਵੇ ਜਾਂ ਇੱਕ ਡਿਪਾਟਰਮੇਂਟ ਆਫ ਟ੍ਰਾਂਸਪੋਰਟੇਸ਼ਨ (*Department of Transportation*, Caltrans) ਗੱਡੀ ਜੋ ਕਿ ਐਮਰਜੈਂਸੀ ਵਾਲੀਆਂ ਫਲੈਸ਼ਿੰਗ ਜਾਂ ਅੰਬਰ ਚੇਤਾਵਨੀ ਲਾਈਟਾਂ ਜਗਾ-ਬੁਝਾ ਰਹੀ ਹੋਵੇ ਜਦੋਂ ਕਿ ਉਹ ਕਿਸੇ ਸਟੇਟ ਹਾਈਵੇ ਜਾਂ ਫ੍ਰੀਵੇ ਦੇ ਇੱਕ ਪਾਸੇ ਵੱਲ ਰੁੱਕੀ ਹੋਈ ਹੋਵੇ। ਇਹ ਕਨੂੰਨ ਫੱਸੇ ਹੋਏ ਜਾਂ ਘਾਇਲ ਮੋਟਰ ਸਵਾਰਾਂ ਜਾਂ ਸੜਕ ਤੇ ਕੰਮ ਕਰਨ ਵਾਲੇ ਕਰਮ-ਚਾਰੀਆਂ ਦੀ ਮਦਦ ਕਰਨ ਵਾਲੇ ਅਮਨ ਦੀ ਰੱਖਿਆ ਕਰਨ ਵਾਲੇ ਅਧਿਕਾਰੀਆਂ, ਟੋਅ ਟਰੱਕਾਂ ਦੇ ਡ੍ਰਾਈਵਰਾਂ, ਡਾਕਟਰੀ ਸਹਾਇਤਾ ਕਰਨ ਵਾਲੇ ਲੋਕਾਂ, ਕੈਲਟ੍ਰਾਂਸ (Caltrans) ਦੇ ਕਰਮਚਾਰੀਆਂ ਅਤੇ ਐਮਰਜੈਂਸੀ ਨਾਲ ਜੁੜੇ ਦੂਜੇ ਲੋਕਾਂ ਦੀਆਂ ਮੌਤਾਂ ਨੂੰ ਘੱਟ ਕਰਨ ਲਈ ਬਣਾਇਆ ਗਿਆ ਹੈ।

ਖਤਰਨਾਕ ਭਾਰ ਨਾਲ ਲੱਦੀਆਂ ਹੋਇਆਂ ਗੱਡੀਆਂ

ਇੱਕ ਟਰੱਕ ਤੇ ਹੀਰੇ ਦੇ ਆਕਾਰ ਦੇ ਇੱਕ ਚਿੰਨ੍ਹ ਦਾ ਅਰਥ ਹੈ ਕਿ ਉਸ ਟਰੱਕ ਤੇ ਲੱਦਿਆ ਹੋਇਆ ਭਾਰ ਖਤਰਨਾਕ ਹੈ (ਗੈਸ, ਫਿਸਫੋਟਕ, ਵਗੈਰਾ)। ਜਿਨ੍ਹਾਂ ਗੱਡੀਆਂ ਤੇ ਇਹੋ ਜਿਹੇ ਚਿੰਨ੍ਹ ਬਣੇ ਹੁੰਦੇ ਹਨ ਉਨ੍ਹਾਂ ਲਈ ਰੇਲਵੇ ਲਾਈਨਾਂ ਨੂੰ ਪਾਰ ਕਰਨ ਤੋਂ ਪਹਿਲਾਂ ਰੁਕਣਾ ਜ਼ਰੂਰੀ ਹੈ।

ਖਤਰਨਾਕ ਭਾਰ ਵਾਲੇ ਪਲਾਕਾਰਡ

ਡ੍ਰਾਈਵਿੰਗ ਲਈ ਜ਼ਰੂਰੀ ਸੁਝਾਓ

ਤੁਹਾਡੀਆਂ ਡ੍ਰਾਈਵਿੰਗ ਆਦਤਾਂ ਵਿੱਚ ਛੋਟੇ-ਮੋਟੇ ਬਦਲਾਵ ਭਾਰੀ ਟਰੈਫਿਕ ਭੀੜ ਨੂੰ ਰਾਹਤ ਪ੍ਰਦਾਨ ਕਰਨ ਵਿੱਚ ਮਦਦ ਕਰ ਸਕਦੇ ਹਨ।

ਗੱਡੀ ਚਲਾਉਣ ਦੇ ਦੌਰਾਨ ਇਨ੍ਹਾਂ ਕੰਮਾਂ ਨੂੰ ਕਰਨ ਤੋਂ ਪਰਹੇਜ ਕਰੋ:

- ਬਹੁਤ ਘੱਟ ਫਾਸਲਾ ਰੱਖਣਾ–ਬਹੁਤ ਨੇੜੇ ਚੱਲਣਾ ਜਾਂ ਬਹੁਤ ਘੱਟ ਫਾਸਲਾ ਰੱਖ ਕੇ ਚੱਲਣਾ।
- ਬਿਨ੍ਹਾਂ ਕਿਸੇ ਲੋੜ ਦੇ ਲੇਨਾਂ ਬਦਲਣਾ–ਪੂਰਾ ਸਮਾਂ ਫ੍ਰੀਵੇ ਦੀ ਇੱਕ ਲੇਨ ਵਿੱਚੋਂ ਦੂਜੀ ਲੇਨ ਵਿੱਚ ਜਾਣਾ।
- ਬੇਧਿਆਨੀ–ਚੀਜ਼ਾਂ ਖਾਣਾ, ਸੱਜਣਾ-ਸੰਵਰਨਾ, ਮੋਬਾਈਲ ਫੋਨ ਤੇ ਗੱਲਾਂ ਕਰਨਾ, ਫੋਨ ਤੇ ਟੈਕਸਟ ਭੇਜਣਾ, ਅਖਬਾਰ ਪੜ੍ਹਨਾ, ਆਦਿ।
- ਇੱਕ ਬਿਨ੍ਹਾਂ ਮੁਰੰਮਤ ਦੀ ਜਾਂ ਖਰਾਬ ਗੱਡੀ ਨੂੰ ਚਲਾਉਣਾ ਜਾਂ ਗੱਡੀ ਵਿੱਚ ਗੈਸ ਜਾਂ ਬੈਟਰੀ ਚਾਰਜ ਦਾ ਮੁਕਣਾ।

ਗੁੱਸੇ ਵਾਲੇ ਡ੍ਰਾਈਵਰਾਂ ਅਤੇ ਸੜਕ ਤੇ ਗੁੱਸੇ ਨਾਲ ਨਿਪਟਣਾ

ਭੜਕਾਊ ਡ੍ਰਾਈਵਿੰਗ ਸੜਕ ਤੇ ਹੋਣ ਵਾਲੀਆਂ ਕਈ ਪਰੇਸ਼ਾਨੀਆਂ ਦਾ ਸਬਬ ਬਣ ਸਕਦੀ ਹੈ। ਸਾਰੇ ਡ੍ਰਾਈਵਰਾਂ ਨੂੰ ਭੜਕਾਊ ਡ੍ਰਾਈਵਿੰਗ ਅਤੇ "ਸੜਕ ਤੇ ਹੋਣ ਵਾਲੇ ਗੁੱਸੇ" ਕਹੇ ਜਾਣ ਵਾਲੇ ਵਿਵਹਾਰ ਦੋਵਾਂ ਬਾਰੇ ਪਤਾ ਹੋਣਾ ਚਾਹੀਦਾ ਹੈ ਅਤੇ ਕੀ ਕੀਤਾ ਜਾਏ ਜਦੋਂ ਅਜਿਹਾ ਹੋਵੇ।

ਗੁੱਸੇ ਵਾਲੇ ਡ੍ਰਾਈਵਰਾਂ ਦੇ ਸਬੰਧ ਵਿੱਚ ਜਾਣੂ ਹੋਣ ਵਾਲੀਆਂ 2 ਜ਼ਰੂਰੀ ਚੀਜਾਂ ਹਨ:

1. ਆਪਣੇ ਆਪ ਵਿੱਚ ਉਸ ਵਿਵਹਾਰ ਨੂੰ ਪਛਾਣਨਾ ਅਤੇ ਉਸ ਤੋਂ ਬਚਣਾ।
2. ਅਜਿਹੇ ਵਿਵਹਾਰ ਕਰਨ ਵਾਲੇ ਦੂਜੇ ਡ੍ਰਾਈਵਰਾਂ ਤੋਂ ਬਚਣਾ।

ਗੁੱਸੇ ਵਾਲੇ ਡ੍ਰਾਈਵਰ ਬਣਨ ਤੋਂ ਬਚਣ ਦੇ ਤਰੀਕਿਆਂ ਵਿੱਚ ਸ਼ਾਮਲ ਹਨ:

- ਆਪਣੇ ਟਿਕਾਣੇ ਤੇ ਪਹੁੰਚਣ ਲਈ ਕਾਫੀ ਸਮਾਂ ਰੱਖੋ।
- ਦੂਜੇ ਡ੍ਰਾਈਵਰਾਂ ਦਾ "ਰਸਤਾ ਨਾ ਕੱਟੋ"।
- ਖੱਬੀ (ਤੇਜ਼) ਲੇਨ ਵਿੱਚ ਗੱਡੀ ਹੌਲੀ ਨਾ ਚਲਾਓ।
- ਬਹੁਤ ਘੱਟ ਫਾਸਲਾ ਰੱਖ ਕੇ ਗੱਡੀ ਚਲਾਉਣ ਵਾਲੇ ਨਾ ਬਣੋ।
- ਦੂਜੇ ਡ੍ਰਾਈਵਰਾਂ ਵੱਲ ਇਸ਼ਾਰੇ ਨਾ ਕਰੋ।
- ਆਪਣੇ ਹੌਰਨ ਦੀ ਵਰਤੋਂ ਸਿਰਫ ਐਮਰਜੈਂਸੀ ਵੇਲੇ ਕਰੋ।
- ਗੁੱਸੇ ਵਾਲੇ ਡ੍ਰਾਈਵਰਾਂ ਨੂੰ ਅੱਗੇ ਲੰਘ ਜਾਣ ਦਿਓ।

ਹੇਠਾਂ ਆਮ ਵਰਤਾਓ ਦੇ ਉਦਾਹਰਨ ਦਿੱਤੇ ਗਏ ਹਨ ਜੋ ਭੜਕਾਊ ਡ੍ਰਾਈਵਿੰਗ ਕਰਨ ਵੱਲ ਲੈ ਜਾ ਸਕਦੇ ਹਨ ਅਤੇ ਇਨ੍ਹਾਂ ਤੋਂ ਕਿਵੇਂ ਬਚਿਆ ਜਾਏ:

- ਲੇਨ ਵਿੱਚ ਰਸਤਾ ਜਾਮ ਕਰਨਾ–ਪਾਸਿੰਗ ਲੇਨ ਦਾ ਰਸਤਾ ਜਾਮ ਨਾ ਕਰੋ। ਜੇ ਦੂਜਾ ਟ੍ਰੈਫਿਕ ਤੇਜ਼ੀ ਨਾਲ ਗੱਡੀ ਚਲਾਉਣਾ ਚਾਹੁੰਦਾ ਹੈ ਤਾਂ ਸਭ ਤੋਂ ਖੱਬੀ ਲੇਨ ਤੋਂ ਬਾਹਰ ਰਹੋ, ਅਤੇ ਕਿਸੇ ਅਜਿਹੀ ਗੱਡੀ ਨੂੰ ਪਹਿਲਾਂ ਰਸਤਾ ਦਿਓ ਜੋ ਅੱਗੇ ਲੰਘਣਾ ਚਾਹੁੰਦੀ ਹੈ।
- ਬਹੁਤ ਘੱਟ ਫਾਸਲਾ ਰੱਖ ਕੇ ਗੱਡੀ ਚਲਾਉਣਾ–ਆਪਣੇ ਤੋਂ ਅੱਗੇ ਦੀ ਗੱਡੀ ਤੋਂ ਇੱਕ ਸੁਰੱਖਿਅਤ ਦੂਰੀ ਬਣਾ ਕੇ ਚਲੋ। ਜੇ ਕੋਈ ਟੇਲਗੇਟਿੰਗ ਕਰ ਰਿਹਾ ਹੈ, ਆਪਣੇ ਅਤੇ ਆਪਣੇ ਅੱਗੇ ਦੀ ਗੱਡੀ ਦੇ ਵਿਚਕਾਰ ਹੋਰ ਦੂਰੀ ਛੱਡੋ।
- ਸਿਗਨਲ ਲਾਈਟਾਂ–ਲੇਨਾਂ ਬਦਲਣ ਲਈ ਹਮੇਸ਼ਾ ਆਪਣੀ ਗੱਡੀ ਦੀਆਂ ਸਿਗਨਲ ਲਾਈਟਾਂ ਦੀ ਵਰਤੋਂ ਕਰੋ, ਅਤੇ ਦੂਜੀ ਗੱਡੀਆਂ ਦੇ ਬਹੁਤ ਨੇੜੇ ਤੋਂ ਲੇਨਾਂ ਨਾ ਬਦਲੋ। ਲੇਨਾਂ ਬਦਲਣ ਤੋਂ ਬਾਅਦ, ਆਪਣੀ ਗੱਡੀ ਦੀਆਂ ਸਿਗਨਲ ਲਾਈਟਾਂ ਨੂੰ ਬੰਦ ਕਰੋ।
- ਇਸ਼ਾਰੇ–ਜੇ ਤੁਹਾਡਾ ਦੂਜੇ ਡ੍ਰਾਈਵਰ ਨੂੰ ਇਸ਼ਾਰਾ ਕਰਨਾ ਜ਼ਰੂਰੀ ਹੈ, ਤਾਂ ਅਜਿਹਾ ਇਸ ਤਰ੍ਹਾਂ ਕਰੋ ਕਿ ਉਸਨੂੰ ਵਿਰੋਧੀ ਜਾਂ ਅਸ਼ਲੀਲ ਨਾ ਮੰਨਿਆ ਜਾਏ।
- ਮੋੜ ਨਾ ਮੁੜ ਪਾਉਣਾ–ਜੇ ਹੋਰ ਕੁਝ ਪੋਸਟ ਨਾ ਕੀਤਾ ਗਿਆ ਹੋਵੇ, ਤਾਂ ਸੱਜੇ ਪਾਸੇ ਦਾ ਮੋੜ ਇੱਕ ਲਾਲ ਬੱਤੀ 'ਤੇ ਪੂਰੀ ਤਰ੍ਹਾਂ ਰੁੱਕਣ ਤੋਂ ਬਾਅਦ ਹੀ ਲੈਣ ਦੀ ਇਜਾਜ਼ਤ ਹੁੰਦੀ ਹੈ। ਹਰੀ ਬੱਤੀ ਦਾ ਇੰਤਜ਼ਾਰ ਕਰਨਾ ਤੁਹਾਡੇ ਪਿੱਛੇ ਦੇ ਡ੍ਰਾਈਵਰ ਨੂੰ ਪਰੇਸ਼ਾਨ ਕਰ ਸਕਦਾ ਹੈ, ਪਰ ਅਜਿਹਾ ਕਰਨਾ ਗੈਰਕਨੂੰਨੀ ਨਹੀਂ ਹੈ।
- ਪਾਰਕਿੰਗ–ਇੱਕ ਤੋਂ ਵੱਧ ਪਾਰਕਿੰਗ ਸਪੇਸ ਨਾ ਲਓ। ਜੇ ਤੁਹਾਡੇ ਕੋਲ ਅਪਾਹਜ ਪਾਰਕਿੰਗ ਪਲਾਕਾਰਡ ਜਾਂ ਪਲੇਟਾਂ ਨਹੀਂ ਹਨ ਤਾਂ ਕਿਸੇ ਅਪਾਹਜ ਵਿਅਕਤੀ ਲਈ ਪਾਰਕਿੰਗ ਦੀ ਥਾਂ ਵਿੱਚ ਗੱਡੀ ਪਾਰਕ ਨਾ ਕਰੋ।
- ਹੈਡਲਾਈਟਾਂ–ਜੇ ਤੁਸੀਂ ਆਪਣੀ ਗੱਡੀ ਦੀ ਹਾਈ ਬੀਮ ਹੈਡਲਾਈਟਾਂ ਦੀ ਵਰਤੋਂ ਕਰਦੇ ਹੋ ਤਾਂ ਸਾਮ੍ਹਣੇ ਤੋਂ ਆਉਣ ਵਾਲੇ ਟ੍ਰੈਫਿਕ ਲਈ ਅਤੇ ਜਦੋਂ ਪਿੱਛੋਂ ਕੋਈ ਗੱਡੀ ਆ ਰਹੀ ਹੋਵੇ ਤਾਂ ਆਪਣੀ ਲਾਈਟਾਂ ਨੂੰ ਘੱਟ ਕਰ ਦਿਓ; ਸਾਮ੍ਹਣੇ ਤੋਂ ਆ ਰਹੀ ਹਾਈ ਬੀਮ ਦਾ ਪ੍ਰਤੀਸ਼ੋਧ ਆਪਣੀ ਗੱਡੀ ਦੀ ਹਾਈ ਬੀਮ ਚਲਾ ਕੇ ਨਾ ਲਓ।
- ਟ੍ਰੈਫਿਕ ਵਿੱਚ ਰੱਲਣਾ–ਜਦੋਂ ਟ੍ਰੈਫਿਕ ਇਜਾਜ਼ਤ ਦਿੰਦਾ ਹੋਵੇ, ਤਾਂ ਗੱਡੀਆਂ ਨੂੰ ਆਪਣੀ ਲੇਨ ਵਿੱਚ ਰੱਲਣ ਦੇਣ ਲਈ ਜਗ੍ਹਾਂ ਬਣਾਓ।

ਖਾਸ ਡ੍ਰਾਈਵਿੰਗ ਸਥਿਤੀਆਂ

ਆਪਣੀ ਕਾਰ ਨੂੰ ਨਜ਼ਰ ਆਉਂਦਾ ਹੋਇਆ ਰੱਖੋ

ਡ੍ਰਾਈਵਰ ਦੇ ਬਲਾਇੰਡ ਸਪੌਟ ਪੰਨਾ 70 ਤੇ ਦਿੱਤੀ ਤਸਵੀਰਾਂ ਵਿੱਚ ਵਿਖਾਏ ਗਏ ਹਨ। ਜੇ ਤੁਸੀਂ ਸਿਰਫ ਆਪਣੇ ਸ਼ੀਸ਼ਿਆਂ ਵਿੱਚ ਵੇਖੋਗੇ ਤਾਂ ਤੁਹਾਨੂੰ ਇਨ੍ਹਾਂ (ਬਲਾਇੰਡ ਸਪੌਟਾਂ) ਥਾਵਾਂ ਤੇ ਮੌਜੂਦ ਗੱਡੀਆਂ ਨਜ਼ਰ ਨਹੀਂ ਆਉਣਗੀਆਂ। ਆਪਣਾ ਸਿਰ ਪਿੱਛੇ ਵੱਲ ਮੋੜ ਕੇ ਵੇਖੋ ਕਿ ਕਿਧਰੇ ਕੋਈ ਗੱਡੀ ਕਿਸੇ ਅਜਿਹੀ ਨਾ ਦਿੱਸਣ ਵਾਲੀ ਥਾਂ ਤੇ ਮੌਜੂਦ ਤਾਂ ਨਹੀਂ ਹੈ। ਦੂਜੇ ਡ੍ਰਾਈਵਰ ਦੇ ਬਲਾਇੰਡ ਸਪਾੱਟ (ਨਜ਼ਰ ਨਾ ਆਉਣ ਵਾਲੇ ਖੇਤਰ) ਵਿੱਚ ਨਾ ਰਹੋ। ਜਿੰਨੀ ਛੇਤੀ ਹੋ ਸਕੇ ਪਿੱਛੇ ਹੋ ਜਾਓ ਜਾਂ ਗੱਡੀ ਤੋਂ ਅੱਗੇ ਲੰਘ ਜਾਓ।

ਸੜਕ ਦੀ ਹਾਲਤ ਕਿਹੋ ਜਿਹੀ ਹੈ?

ਤੁਸੀਂ ਆਪਣੀ ਗੱਡੀ ਜਿੰਨੀ ਜਿਆਦਾ ਤੇਜ਼ ਚਲਾਓਗੇ, ਉਨਾ ਹੀ ਘੱਟ ਤੁਹਾਡਾ ਉਸ ਤੇ ਕਾਬੂ ਹੋਵੇਗਾ। ਰਫਤਾਰ ਦੀ ਲਿੱਖੀ ਹੋਈ ਸੀਮਾ ਤੇ ਗੱਡੀ ਚਲਾਉਣ ਦੀ ਥਾਂ ਤੇ ਵਿਚਾਰ ਕਰੋ ਕਿ ਕਿਹੜੀ ਦੂਜੀ ਚੀਜ਼ ਦਾ ਅਸਰ ਤੁਹਾਡੀ ਗੱਡੀ ਦੇ ਸੁਰੱਖਿਅਤ ਢੰਗ ਨਾਲ ਕੰਮ ਕਰਨ ਤੇ ਪੈ ਸਕਦਾ ਹੈ।

ਘੁੰਮਾਵਦਾਰ ਸੜਕਾਂ

ਘੁੰਮਾਵਦਾਰ ਸੜਕਾਂ ਤੇ ਤੁਹਾਡੀ ਗੱਡੀ ਨੂੰ ਬਾਹਰ ਵੱਲ ਖਿੱਚਣ ਵਾਲੀ ਤਾਕਤ ਜ਼ਿਆਦਾ ਹੁੰਦੀ ਹੈ, ਜੋ ਕਿ ਖਾਸ ਤੌਰ ਤੇ ਤਾਂ ਖਤਰਨਾਕ ਹੁੰਦੀ ਹੈ ਜਦੋਂ ਕਿ ਸੜਕ ਤਿਲਕਵੀਂ ਹੋਵੇ। ਮੀਂਹ, ਚਿੱਕੜ, ਬਰਫ਼ਬਾਰੀ, ਬਰਫ਼ ਅਤੇ ਬਜਰੀ ਸੜਕ ਨੂੰ ਤਿਲਕਵੀਂ ਬਣਾਉਂਦੇ ਹਨ। ਜੇ ਕਿਸੇ ਮੋੜ ਤੋਂ ਪਹਿਲਾਂ ਰਫਤਾਰ ਸੀਮਾ ਨਹੀਂ ਲਿੱਖੀ ਗਈ ਹੈ ਤਾਂ ਤੁਹਾਨੂੰ ਇਹ ਅੰਦਾਜ਼ਾ ਲਗਾਉਣਾ ਹੋਵੇਗਾ ਕਿ ਮੋੜ ਕਿੰਨਾ ਤਿੱਖਾ ਹੈ ਅਤੇ ਉਸ ਹਿਸਾਬ ਨਾਲ ਆਪਣੀ ਗੱਡੀ ਦੀ ਰਫਤਾਰ ਨੂੰ ਰੱਖਣਾ ਚਾਹੀਦਾ ਹੈ। ਮੋੜ ਵਿੱਚ ਦਾਖਲ ਹੋਣ ਤੋਂ ਪਹਿਲਾਂ ਗੱਡੀ ਨੂੰ ਹੌਲਾ ਕਰ ਲਵੋ; ਤੁਹਾਨੂੰ ਨਹੀਂ ਪਤਾ ਕਿ ਅੱਗੇ ਕਿ ਹੋ ਸਕਦਾ ਹੈ (ਖਰਾਬ ਹੋਈ ਗੱਡੀ, ਟੱਕਰ, ਵਗੈਰਾ)। ਮੋੜ ਤੇ ਬ੍ਰੇਕਾਂ ਲਗਾਉਣ ਨਾਲ ਗੱਡੀ ਫਿਸਲ ਸਕਦੀ ਹੈ।

ਟ੍ਰੈਫਿਕ ਦੀ ਰਫਤਾਰ

ਟੱਕਰਾਂ ਹੋਣ ਦੀ ਸੰਭਾਵਨਾ ਉਦੋਂ ਵਧ ਜਾਂਦੀ ਹੈ ਜਦੋਂ ਕੋਈ ਇੱਕ ਡ੍ਰਾਈਵਰ ਸੜਕ ਤੇ ਚੱਲ ਰਹੀਆਂ ਬਾਕੀ ਗੱਡੀਆਂ ਨਾਲੋਂ ਜ਼ਿਆਦਾ ਤੇਜ਼ ਜਾਂ ਜ਼ਿਆਦਾ ਹੌਲੀ ਚਲਾ ਰਹਾ/ਰਹੀ ਹੋਵੇ। ਜੇ ਤੁਸੀਂ ਬਾਕੀ ਟ੍ਰੈਫਿਕ ਨਾਲੋਂ ਜ਼ਿਆਦਾ ਤੇਜ਼ ਚਲਾਉਂਦੇ ਹੋ, ਤਾਂ ਤੁਸੀ ਆਪਣੇ ਕਿਸੀ ਨਾਲ ਟੱਕਰ ਵਿੱਚ ਸ਼ਾਮਿਲ ਹੋਣ ਦੀ ਸੰਭਾਵਨਾਵਾਂ ਨੂੰ ਵਧਾ ਲੈਂਦੇ ਹੋ। ਗੱਡੀ ਤੇਜ਼ ਚਲਾਉਣ ਨਾਲ ਜ਼ਿਆਦਾ ਸਮੇਂ ਦੀ ਬੱਚਤ ਨਹੀਂ ਹੁੰਦੀ। ਦੂਜੀਆਂ ਗੱਡੀਆਂ ਨਾਲੋਂ ਹੌਲੀ ਚਲਾਉਣਾ ਜਾਂ ਅਚਾਨਕ ਰੁੱਕ ਜਾਣਾ ਵੀ ਰਫਤਾਰ ਵਧਾਉਣ ਤੋਂ ਭਾਵੇਂ ਵੱਧ ਨਾ ਹੋਵੇ ਪਰ ਉਸ ਤੋਂ ਵੀ ਜ਼ਿਆਦਾ ਖਤਰਨਾਕ ਹੋ ਸਕਦਾ ਹੈ, ਕਿਉਂਕਿ ਤੁਸੀਂ ਪਿੱਛਲੇ ਪਾਸੇ ਹੋਣ ਵਾਲੀ ਕਿਸੇ ਟੱਕਰ ਦਾ ਕਾਰਨ ਬਣ ਸਕਦੇ ਹੋ ਜਾਂ ਹੋਰ ਡ੍ਰਾਈਵਰਾਂ ਨੂੰ ਤੁਹਾਡੇ ਨਾਲ ਟੱਕਰ ਹੋਣ ਤੋਂ ਬਚਾਉਣ ਲਈ ਝਟਕੇ ਨਾਲ ਮੁੜਣ ਦਾ ਕਾਰਨ ਬਣ ਸਕਦੇ ਹੋ। ਜੇ ਤੁਸੀਂ ਤੇਜ਼ ਚੱਲਣ ਵਾਲੀ ਲੇਨ ਵਿੱਚ ਚੱਲ ਰਹੇ ਹੋ ਅਤੇ ਇਹ ਵੇਖ ਰਹੇ ਹੋ ਕਿ ਗੱਡੀਆਂ ਤੁਹਾਡੇ ਤੋਂ ਅੱਗੇ ਲੰਘਣ ਲਈ ਸੱਜੇ ਪਾਸੇ ਦੀ ਲੇਨ ਤੋਂ ਨਿਕਲ ਰਹੀਆਂ ਹਨ, ਜਾਂ ਤੁਹਾਡੇ ਪਿੱਛੇ ਗੱਡੀਆਂ ਦੀ ਇੱਕ ਲਾਈਨ ਬਣ ਰਹੀ ਹੈ, ਤਾਂ ਇਨ੍ਹਾਂ ਹਲਾਤਾਂ ਵਿੱਚ ਸਭ ਤੋਂ ਚੰਗੀ ਗੱਲ ਹੋਵੇਗੀ ਕਿ ਤੁਸੀਂ, ਜਦੋਂ ਸੁਰੱਖਿਅਤ ਹੋਵੇ, ਤਾਂ ਆਪਣੇ ਸੱਜੇ ਪਾਸੇ ਵਾਲੀ ਲੇਨ ਵਿੱਚ ਚੱਲੇ ਜਾਓ ਅਤੇ ਉਸ(ਨ੍ਹਾਂ) ਗੱਡੀ(ਆਂ) ਨੂੰ ਅੱਗੇ ਲੰਘ ਜਾਣ ਦਿਓ।

ਡ੍ਰਾਈਵਿੰਗ ਦੇ ਖਤਰੇ

ਸੜਕਾਂ ਤੇ ਪਾਣੀ ਦੀ ਮੌਜੂਦਗੀ

ਜੇ ਸੜਕ ਤੇ ਬਹੁਤ ਸਾਰਾ ਪਾਣੀ ਹੋਵੇ ਤਾਂ ਗੱਡੀ ਦੀ ਰਫਤਾਰ ਘਟਾ ਲਓ। ਜੇ ਭਾਰੀ ਮੀਂਹ ਪੈ ਰਿਹਾ ਹੋਵੇ ਅਤੇ ਤੁਹਾਡੀ ਗੱਡੀ 50 ਮੀਲ ਪ੍ਰਤੀ ਘੰਟੇ ਦੀ ਰਫਤਾਰ ਜਾਂ ਵਧ ਤੇ ਚੱਲ ਰਹੀ ਹੋਵੇ ਤਾਂ ਤੁਹਾਡੇ ਟਾਇਰਾਂ ਦਾ ਸੜਕ ਦੇ ਨਾਲ ਸੰਪਰਕ ਖਤਮ ਹੋ ਸਕਦਾ ਹੈ ਅਤੇ ਫੇਰ ਤੁਹਾਡੀ ਗੱਡੀ ਪਾਣੀ ਦੀ ਸਵਾਰੀ ਜਾਂ "ਹਾਈਡ੍ਰੋਪਲੇਨਿੰਗ" ਕਰ ਰਹੀ ਹੋਵੇਗੀ। ਦਿਸ਼ਾ ਵਿੱਚ ਮਾਮੂਲੀ ਜਿਹੀ ਤਬਦੀਲੀ, ਬ੍ਰੇਕਾਂ ਲਗਾਉਣਾ ਜਾਂ ਹਵਾ ਦਾ ਝੌਂਕਾ ਵੀ ਤੁਹਾਡੀ ਗੱਡੀ ਨੂੰ ਫਿਸਲਣ ਵਿੱਚ ਪਾ ਸਕਦਾ ਹੈ।

ਜੇ ਤੁਹਾਡੀ ਗੱਡੀ ਪਾਣੀ ਦੀ ਸਵਾਰੀ (ਹਾਈਡ੍ਰੋਪਲੇਨਿੰਗ) ਕਰਨ ਲੱਗਦੀ ਹੈ, ਤਾਂ ਹੌਲੀ-ਹੌਲੀ ਰਫਤਾਰ ਘਟਾਓ-ਪਰ ਬ੍ਰੇਕਾਂ ਨਾ ਲਗਾਓ।

ਤਿਲਕਵੀਂਆਂ ਸੜਕਾਂ

ਜਦੋਂ ਮੀਂਹ ਪੈਣੀ ਸ਼ੁਰੂ ਹੋਵੇ ਤਾਂ ਗੱਡੀ ਦੀ ਰਫਤਾਰ ਘੱਟਾ ਦਿਓ, ਖਾਸ ਤੋਰ ਤੇ ਇੱਕ ਸੁੱਕੇ ਮੋਸਮ ਤੋਂ ਬਾਅਦ। ਇਹ ਉਹ ਸਮਾਂ ਹੈ ਜਦੋਂ ਸੜਕਾਂ ਤੇ ਸੱਭ ਤੋਂ ਵਧ ਤਿਲਕਣ ਹੁੰਦੀ ਹੈ ਕਿਉਂਕਿ ਸੜਕ ਤੋਂ ਤੇਲ ਅਤੇ ਮਿੱਟੀ ਹਾੱਲੇ ਸਾਫ ਨਹੀਂ ਹੋਏ ਹੁੰਦੇ। ਤਿਲਕਵੀਂ ਸੜਕ ਤੇ ਤੁਹਾਡੇ ਟਾਇਰਾਂ ਨੂੰ ਲੋੜੀਂਦੀ ਪਕੜ ਨਹੀਂ ਮਿਲੇਗੀ। ਜਿਸ ਰਫਤਾਰ ਤੇ ਤੁਸੀਂ ਸੁੱਕੀ ਸੜਕ ਤੇ ਗੱਡੀ ਚਲਾਉਂਦੇ ਹੋ ਉਸ ਨਾਲੋਂ ਹੌਲੀ ਚਲਾਓ। ਆਪਣੀ ਰਫਤਾਰ ਨੂੰ ਇਸ ਹਿਸਾਬ ਨਾਲ ਅਨੁਕੂਲ ਬਣਾਓ:

- ਗਿੱਲੀ ਸੜਕ–5 ਤੋਂ 10 ਮੀਲ ਪ੍ਰਤੀ ਘੰਟੇ ਦੀ ਹੌਲੀ ਰਫਤਾਰ ਤੇ ਚਲੋ।
- ਦੱਬੀ ਹੋਈ ਬਰਫ਼–ਆਪਣੀ ਗੱਡੀ ਦੀ ਰਫਤਾਰ ਅੱਧੀ ਕਰ ਦਿਓ।
- ਬਰਫ਼–ਬਿਲਕੁਲ ਹੌਲੀ ਰੇਂਗਦੇ ਹੋਏ ਚੱਲੋ।

ਕੁਝ ਸੜਕ ਦੀਆਂ ਸਤਹਾਂ ਗਿੱਲੀਆਂ ਹੋਣ ਤੇ ਬਾਕੀਆਂ ਸੜਕਾਂ ਨਾਲੋਂ ਵਧ ਤਿਲਕਵੀਆਂ ਹੋ ਜਾਂਦੀਆਂ ਹਨ ਅਤੇ ਆਮ ਤੌਰ ਤੇ ਉੱਥੇ ਚੇਤਾਵਨੀ ਦੇ ਚਿੰਨ੍ਹ ਲੱਗੇ ਹੁੰਦੇ ਹਨ। ਤਿਲਕਵੀਆਂ ਸੜਕਾਂ ਦੀ ਪਛਾਣ ਵਿੱਚ ਮਦਦ ਕਰਨ ਲਈ ਉਨ੍ਹਾਂ ਦੇ ਕੁਝ ਸੰਕੇਤ ਹੇਠਾਂ ਦਿੱਤੇ ਗਏ ਹਨ:

- ਠੰਡੇ, ਨਮੀ ਵਾਲੇ ਦਿਨਾਂ ਵਿੱਚ ਦਰਖਤਾਂ ਜਾਂ ਇਮਾਰਤਾਂ ਦੀਆਂ ਪਰਛਾਈਆਂ ਦੇ ਕਾਰਨ ਬਰਫ਼ ਵਾਲੀਆਂ ਕੁਝ ਥਾਵਾਂ ਛੁਪੀਆਂ ਰਹਿ ਸਕਦੀਆਂ ਹਨ। ਇਹ ਥਾਵਾਂ ਸੱਭ ਤੋਂ ਪਹਿਲਾਂ ਜੰਮ ਜਾਂਦੀਆਂ ਹਨ ਅਤੇ ਸੱਭ ਤੋਂ ਬਾਅਦ ਵਿੱਚ ਸੁੱਕਦੀਆਂ ਹਨ।
- ਪੁਲ ਅਤੇ ਹਵਾਈ ਪੁਲ ਆਮ ਤੌਰ ਤੇ ਬਾਕੀ ਸੜਕਾਂ ਤੋਂ ਪਹਿਲਾਂ ਜੰਮ ਜਾਂਦੇ ਹਨ। ਉਨ੍ਹਾਂ ਤੇ ਕੁਝ ਥਾਵਾਂ ਤੇ ਬਰਫ਼ ਲੁਕੀ ਹੋਈ ਹੋ ਸਕਦੀ ਹੈ।
- ਜੇ ਗਰਮੀ ਵਾਲੇ ਦਿਨ ਮੀਂਹ ਪੈਣਾ ਸ਼ੁਰੂ ਹੋ ਜਾਂਦਾ ਹੈ ਤਾਂ ਸ਼ੁਰੂ ਦੇ ਕੁਝ ਮਿਨਟਾਂ ਲਈ ਸੜਕ ਬਹੁਤ ਤਿਲਕਵੀਂ ਹੋ ਸਕਦੀ ਹੈ। ਗਰਮੀ ਦੇ ਕਾਰਨ ਸੜਕ ਵਿੱਚੋਂ ਤੇਲ ਉੱਪਰਲੀ ਸਤਹ ਤੇ ਆ ਜਾਂਦਾ ਹੈ। ਜਿਸ ਕਰਕੇ ਸੜਕ ਉਦੋਂ ਤੱਕ ਤਿਲਕਵੀਂ ਰਹਿੰਦੀ ਹੈ ਜਦੋਂ ਤੀਕ ਕਿ ਤੇਲ ਪਾਣੀ ਨਾਲ ਰੁੜ ਕੇ ਚਲਾ ਨਹੀਂ ਜਾਂਦਾ ਹੈ।

ਤੇਜ਼ ਹਵਾਵਾਂ

ਤੇਜ਼ ਹਵਾਵਾਂ ਖਤਰਨਾਕ ਹੋ ਸਕਦੀਆਂ ਹਨ, ਖਾਸ ਤੌਰ ਤੇ ਵੱਡੀਆਂ ਗੱਡੀਆਂ, ਜਿਵੇਂ ਕਿ ਟਰੱਕਾਂ, ਕੈਮਪਰਾਂ ਅਤੇ ਟ੍ਰੇਲਰਾਂ ਵਾਲੀਆਂ ਗੱਡੀਆਂ ਲਈ। ਤੇਜ਼ ਹਵਾਵਾਂ ਚੱਲਣ ਵੇਲੇ ਡ੍ਰਾਈਵਿੰਗ ਲਈ ਕੁਝ ਸਾਵਧਾਨੀਆਂ ਵਿੱਚ ਸ਼ਾਮਿਲ ਹਨ:

- ਆਪਣੀ ਗੱਡੀ ਦੀ ਰਫਤਾਰ ਘਟਾਓ। ਆਪਣੀ ਗੱਡੀ ਦੀ ਰਫਤਾਰ ਨੂੰ ਘਟਾਓ। ਗੱਡੀ ਨੂੰ ਹੌਲਾ ਕਰਨ ਨਾਲ ਤੁਹਾਨੂੰ ਗੱਡੀ ਤੇ ਬਿਹਤਰ ਕੰਟ੍ਰੋਲ ਮਿਲੇਗਾ ਅਤੇ ਜੇ ਤੁਹਾਡੀ ਗੱਡੀ ਤੇਜ਼ ਹਵਾ ਦੇ ਝੋਂਕੇ ਵਿੱਚ ਫੱਸ ਗਈ ਹੈ ਤਾਂ ਤੁਹਾਨੂੰ ਪਰਤਾਵੇ (ਪ੍ਰਤੀਕਰਮ) ਲਈ ਵਧੇਰਾ ਸਮਾਂ ਮਿਲੇਗਾ।
- ਸਟੀਅਰਿੰਗ ਵ੍ਹੀਲ ਨੂੰ ਕੱਸ ਕੇ ਸਖਤੀ ਨਾਲ ਫੜ੍ਹੀ ਰੱਖੋ। ਤੇਜ਼ ਹਵਾ ਦੇ ਝੋਂਕੇ ਅਣਹੋਣੇ ਹੁੰਦੇ ਹਨ, ਅਤੇ ਜੇ ਤੁਸੀਂ ਵ੍ਹੀਲ ਨੂੰ ਸਹੀ ਤਰੀਖੇ ਨਾਲ ਨਾ ਫੜਿਆ ਹੋਵੇ ਤਾਂ ਤੇਜ਼ ਹਵਾਵਾਂ ਏਨੀਆਂ ਤੇਜ਼ ਹੋ ਸਕਦੀਆਂ ਹਨ ਕਿ ਸਟੀਅਰਿੰਗ ਵ੍ਹੀਲ ਤੁਹਾਡੇ ਹੱਥ 'ਚੋਂ ਛੁਟ ਜਾਵੇ।
- ਜਾਗਰੂਕ ਬਣੇ ਰਹੋ। ਅੱਗੇ ਵੇਖੋ ਅਤੇ ਸੜਕ ਤੇ ਪਏ ਕਿਸੇ ਵੀ ਮਲਬੇ ਦਾ ਧਿਆਨ ਰੱਖੋ। ਤੇਜ਼ ਹਵਾਵਾਂ ਨਾਲ ਮਲਬਾ ਹਾਈਵੇ ਤੇ ਜ਼ਿਆਦਾ ਫੈਲ ਸਕਦਾ ਹੈ ਅਤੇ ਇੱਥੋਂ ਤੱਕ ਕਿ ਮਲਬੇ ਨੂੰ ਸਿਧਾ ਤੁਹਾਡੇ ਰਸਤੇ ਤੇ ਵੀ ਸੁੱਟ ਸਕਦਾ ਹੈ। ਅੱਗੇ ਵੱਲ ਧਿਆਨ ਰੱਖ ਕੇ ਤੁਸੀਂ ਖਤਰੇ ਤੋਂ ਬੱਚਣ ਲਈ ਆਪਣੇ ਆਪ ਨੂੰ ਪ੍ਰਤਿਕਿਰਿਆ ਕਰਨ ਦਾ ਜ਼ਿਆਦਾ ਸਮਾਂ ਦੇ ਸਕਦੇ ਹੋ।
- ਕ੍ਰੂਜ਼ ਕੰਟ੍ਰੋਲ ਦੀ ਵਰਤੋਂ ਨਾ ਕਰਨਾ। ਜਦੋਂ ਅਣਹੋਣੀ ਹਵਾ ਦੇ ਝੋਂਕੇ ਚੱਲਣ ਤਾਂ ਤੁਸੀਂ ਐਕਸਲਲੇਟਰ (ਗੈਸ) ਪੈਡਲ ਰਾਹੀਂ ਵਧੇਰਾ ਕੰਟ੍ਰੋਲ ਬਣਾਏ ਰੱਖ ਸਕਦੇ ਹੋ।
- ਕਿਰਿਆਸ਼ੀਲ ਬਣੇ ਰਹੋ। ਤੁਫ਼ਾਨ ਦੇ ਥੰਮ ਜਾਣ ਦੀ ਉਢੀਕ ਕਰੋ। ਅਜਿਹੇ ਵੇਲੇ ਗੱਡੀ ਨੂੰ ਇੱਕ ਪਾਸੇ ਵੱਲ ਰੋਕ ਲੈਣਾ ਅਤੇ ਰੁਕ ਜਾਣਾ ਸੁਰੱਖਿਆਤਮਕ ਹੋ ਸਕਦਾ ਹੈ।

ਕੋਹਰਾ ਜਾਂ ਗਹਿਰੇ ਧੂੰਏ ਵਿੱਚ ਡ੍ਰਾਈਵਿੰਗ ਕਰਨਾ

ਧੁੰਧ ਜਾਂ ਗਹਿਰੇ ਧੂੰਏ ਵਿੱਚ ਗੱਡੀ ਚਲਾਉਣ ਬਾਰੇ ਸੱਭ ਤੋਂ ਚੰਗੀ ਸਲਾਹ ਹੈ ਗੱਡੀ ਨਾ ਚਲਾਓ। ਤੁਹਾਨੂੰ ਆਪਣੀ ਯਾਤਰਾ ਧੁੰਧ ਸਾਫ ਹੋਣ ਤੱਕ ਟਾਲਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਪਰ, ਜੇ ਗੱਡੀ ਚਲਾਉਣਾ ਜ਼ਰੂਰੀ ਹੈ, ਤਾਂ ਗੱਡੀ ਹੌਲੀ ਚਲਾਓ, ਆਪਣੀ ਗੱਡੀ ਦੇ ਸ਼ੀਸ਼ੀਆਂ ਦੇ ਵਾਈਪਰ ਚਲਾਓ ਅਤੇ ਆਪਣੀ ਗੱਡੀ ਦੀਆਂ ਲੋਅ-ਬੀਮ ਹੈਡਲਾਈਟਾਂ ਦੀ ਵਰਤੋਂ ਕਰੋ। ਹਾਈ-ਬੀਮ ਹੈਡਲਾਈਟਾਂ ਦੀ ਰੋਸ਼ਨੀ ਪਰਛਾਵਾ ਪਾ ਕੇ ਤੁਹਾਡੀ ਅਖਾਂ ਤੇ ਲਿਸ਼ਕ ਮਾਰੇਗੀ।

ਸਿਰਫ ਪਾਰਕਿੰਗ ਜਾਂ ਧੁੰਧ ਵਾਲੀਆਂ ਲਾਈਟਾਂ ਨਾਲ ਗੱਡੀ ਕਦੇ ਨਾ ਚਲਾਓ।

ਅਗਲੀ ਗੱਡੀ ਅਤੇ ਆਪਣੀ ਗੱਡੀ ਦੇ ਵਿੱਚਕਾਰ ਦੀ ਦੂਰੀ ਨੂੰ ਵਧਾਓ ਅਤੇ ਆਪਣੀ ਗੱਡੀ ਨੂੰ ਉਨੀ ਦੂਰੀ ਦੇ ਅੰਦਰ ਕਦੇ ਵੀ ਰੋਕਣ ਲਈ ਤਿਆਰ ਰਹੋ ਜਿੱਥੋਂ ਤੱਕ ਕਿ ਤਸੀਂ ਅੱਗੇ ਵੇਖ ਸਕਦੇ ਹੋ। ਜਦੋਂ ਤੀਕ ਕਿ ਬਿਲਕੁਲ ਜ਼ਰੂਰੀ ਨਾ ਹੋਵੇ ਟ੍ਰੈਫਿਕ ਦੀਆਂ ਲੇਨਾਂ ਨੂੰ ਪਾਰ ਨਾ ਕਰੋ ਜਾਂ ਅੱਗੇ ਨਾ ਲੰਘੋ। ਜਿਹੜੇ ਟ੍ਰੈਫਿਕ ਨੂੰ ਤੁਸੀਂ ਵੇਖ ਨਹੀਂ ਸਕਦੇ ਹੋ ਉਸ ਦੀ ਆਵਾਜ਼ ਸੁਣੋ। ਚੰਗੀ ਤਰ੍ਹਾਂ ਵੇਖਣ ਲਈ ਆਪਣੇ ਗੱਡੀ ਦੇ ਵਾਈਪਰਾਂ ਅਤੇ ਡੀਫਰੋਸਟਰ ਦੀ ਲੋੜ ਮੁਤਾਬਕ ਵਰਤੋਂ ਕਰੋ।

ਜੇ ਧੁੰਧ ਇੰਨੀ ਜਿਆਦਾ ਗਹਿਰੀ ਹੋ ਜਾਂਦੀ ਹੈ ਕਿ ਕੁਝ ਵਿਖਣਾ ਹੀ ਮੁਸ਼ਕਲ ਹੋ ਜਾਵੇ, ਤਾਂ ਗੱਡੀ ਨੂੰ ਪੂਰੀ ਤਰ੍ਹਾਂ ਸੜਕ ਤੋਂ ਥੱਲੇ ਉਤਾਰ ਲਓ, ਆਪਣੀ ਗੱਡੀ ਦੀਆਂ ਐਮਰਜੈਂਸੀ ਲਾਈਟਾਂ ਚਾਲੂ ਕਰ ਦਿਓ, ਅਤੇ ਜਦੋਂ ਤੀਕ ਮੌਸਮ ਬਿਹਤਰ ਨਾ ਹੋ ਜਾਵੇ ਗੱਡੀ ਚਲਾਉਣ ਦਾ ਇੰਤਜ਼ਾਰ ਕਰੋ।

ਸੂਰਜ ਦੀ ਚਮਕ ਦੇ ਨਾਲ ਗੱਡੀ ਚਲਾਉਣਾ

ਗੱਡੀ ਚਲਾਉਣ ਵੇਲੇ ਸੂਰਜ ਦੀਆਂ ਕਿਰਨਾਂ ਦੀ ਰੋਸ਼ਨੀ ਬਹੁਤ ਖਤਰਨਾਕ ਹੋ ਸਕਦੀ ਹੈ। ਥੱਲੇ ਦਿੱਤੇ ਸੁਝਾਓ ਤੁਹਾਨੂੰ ਸੂਰਜ ਦੀ ਚਮਕ ਤੋਂ ਬਚਣ ਵਿੱਚ ਮਦਦ ਕਰ ਸਕਦੇ ਹਨ:

- ਆਪਣੀ ਗੱਡੀ ਦੀ ਵਿੰਡਸ਼ੀਲਡ ਨੂੰ ਅੰਦਰੋਂ ਤੇ ਬਾਹਰੋਂ ਸਾਫ਼ ਰੱਖੋ।
- ਪੱਕਾ ਕਰੋ ਕਿ ਤੁਹਾਡੀ ਗੱਡੀ ਦੇ ਵਿੰਡਸ਼ੀਲਡ ਵਾਈਪਰ ਚੰਗੀ ਕੰਮ ਕਰਦੀ ਹਾਲਤ ਵਿੱਚ ਹਨ ਅਤੇ ਤੁਹਾਡੀ ਗੱਡੀ ਦਾ ਵਾਈਪਰ ਤਰਲ ਪਦਾਰਥ ਦਾ ਪੱਧਰ ਪੂਰਾ ਭਰਿਆ ਹੋਇਆ ਹੈ।
- ਪੋਲੋਰਾਈਜ਼ਡ ਸਨਗਲਾਸ ਪਾਓ।
- ਆਪਣੀ ਗੱਡੀ ਅਤੇ ਉਸਦੇ ਆਲੇ-ਦੁਆਲੇ ਦੀਆਂ ਗੱਡੀਆਂ ਦੇ ਵਿੱਚ ਕਾਫ਼ੀ ਥਾਂ ਬਣਾਈ ਰੱਖੋ। ਤੁਹਾਡੀ ਕਾਰ ਦੇ ਵਾਈਜ਼ਰ ਤੇ ਕੁਝ ਅਜਿਹਾ ਪਿਆ ਨਹੀਂ ਹੋਣਾ ਚਾਹੀਦਾ ਜਿਸ ਨਾਲ ਉਨ੍ਹਾਂ ਦੀ ਵਰਤੋਂ ਵਿੱਚ ਪਾਬੰਦੀ ਆਏ ਅਤੇ ਸਹੀ ਚਲਦੀ ਹੋਈ ਹਾਲਤ ਵਿੱਚ ਹੋਣਾ ਚਾਹੀਦਾ ਹੈ।
- ਪੈਦਲ ਚਲਣ ਵਾਲਿਆਂ ਦਾ ਖਾਸ ਖਿਆਲ ਕਰੋ। ਤੁਹਾਨੂੰ ਉਨ੍ਹਾਂ ਨੂੰ ਵੇਖਣ ਵਿੱਚ ਮੁਸ਼ਕਲ ਹੋ ਸਕਦੀ ਹੈ।
- ਸੂਰਜ ਚੜ੍ਹਣ ਅਤੇ ਡੁੱਬਣ ਦੇ ਵੇਲੇ ਦੁਆਲੇ ਗੱਡੀ ਚਲਾਉਣ ਤੋਂ ਬਚੋ।

ਹਨੇਰੇ ਵਿੱਚ ਗੱਡੀ ਚਲਾਉਣਾ

ਦਿਨ ਵੇਲੇ ਡ੍ਰਾਈਵਿੰਗ ਨਾਲੋਂ ਰਾਤ ਦੀ ਡਰਾਇਵਿੰਗ ਜ਼ਿਆਦਾ ਮੁਸ਼ਕਲ ਅਤੇ ਖ਼ਤਰਨਾਕ ਹੁੰਦੀ ਹੈ। ਇਹ ਯਕੀਨੀ ਬਣਾਓ ਕਿ ਤੁਸੀਂ ਉਨੀ ਦੂਰੀ ਦੇ ਅੰਦਰ ਗੱਡੀ ਨੂੰ ਰੋਕ ਸਕਦੇ ਹੋ ਜਿੰਨੀ ਦੂਰੀ ਤੱਕ ਤੁਹਾਡੀ ਗੱਡੀ ਦੀਆਂ ਅਗਲੀਆਂ ਲਾਈਟਾਂ ਦੀ ਰੋਸ਼ਨੀ ਜਾਂਦੀ ਹੈ। ਰਾਤ ਵੇਲੇ ਜਦੋਂ ਮੀਂਹ ਪੈ ਰਿਹਾ ਹੋਵੇ ਤਾਂ ਗੱਡੀ ਦੀ ਅੱਗੇ ਦੀ ਹੇਠਲੀ ਬੱਤੀ ("ਲੋਅ ਬੀਮ") ਦੀ ਵਰਤੋਂ ਕਰੋ। ਸਿਰਫ ਪਾਰਕਿੰਗ ਲਾਈਟਾਂ ਦੀ ਵਰਤੋਂ ਕਰਕੇ ਗੱਡੀ ਨਾ ਚਲਾਓ।

ਜੇ ਇਹ ਕਰਨਾ ਗੈਰਕਨੂੰਨੀ ਨਾ ਹੋਵੇ, ਤਾਂ ਸ਼ਹਿਰ ਤੋਂ ਬਾਹਰ ਜਾਂ ਸ਼ਹਿਰ ਦੀਆਂ ਹਨੇਰੀਆਂ ਸੜਕਾਂ ਤੇ ਜਦੋਂ ਵੀ ਸੰਭਵ ਹੋਵੇ ਤਾਂ ਗੱਡੀ ਦੀ ਹਾਈ ਬੀਮ ਹੈਡਲਾਈਟਾਂ ਦੀ ਵਰਤੋਂ ਕਰੋ। ਆਪਣੀ ਗੱਡੀ ਦੀ ਹਾਈ ਬੀਮ ਹੈਡਲਾਈਟਾਂ ਨਾਲ ਸਾਮ੍ਹਣੇ ਤੋਂ ਆਉਣ ਵਾਲੇ ਦੂਜੇ ਡ੍ਰਾਈਵਰਾਂ ਨੂੰ ਅੰਨ੍ਹਾਂ ਨਾ ਬਣਾਓ। ਜਦੋਂ ਲੋੜ ਹੋਵੇ ਤਾਂ ਰੋਸ਼ਨੀ ਘੱਟ ਕਰ ਦਿਓ। ਜੇ ਕਿਸੀ ਦੂਜੀ ਗੱਡੀ ਦੀਆਂ ਬਹੁਤ ਚਮਕਦਾਰ ਹੋਣ:

- ਸਾਮ੍ਹਣੇ ਤੋਂ ਆ ਰਹੀਆਂ ਹੈਡਲਾਈਟਾਂ ਵਿੱਚ ਸਿੱਧਾ ਨਾ ਵੇਖੋ।
- ਆਪਣੀ ਲੇਨ ਦੇ ਸੱਜੇ ਕਿਨਾਰੇ ਵੱਲ ਵੇਖੋ।
- ਸਾਮ੍ਹਣੇ ਆਉਣ ਵਾਲੀ ਗੱਡੀ ਨੂੰ ਆਪਣੀ ਅੱਖ ਦੇ ਕੋਨੇ 'ਚੋਂ ਵੇਖੋ।
- ਆਪਣੀ ਗੱਡੀ ਦੀ ਤੇਜ ਰੋਸ਼ਨੀ ਚਾਲੂ ਰੱਖ ਕੇ ਦੂਜੇ ਡ੍ਰਾਈਵਰ ਤੋਂ "ਬਦਲਾ ਲੈਣ" ਦੀ ਕੋਸ਼ਿਸ਼ ਨਾ ਕਰੋ। ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਦੋਵਾਂ ਨੂੰ ਹੀ ਕੁਝ ਨਜ਼ਰ ਨਾ ਆਵੇ।

ਜਦੋਂ ਤੁਸੀਂ ਰਾਤ ਵੇਲੇ ਗੱਡੀ ਚਲਾਉਂਦੇ ਹੋ, ਤਾਂ ਯਾਦ ਰੱਖੋ:

- ਰਾਤ ਵੇਲੇ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਨੂੰ ਵੇਖਣਾ ਬਹੁਤ ਮੁਸ਼ਕਲ ਹੁੰਦਾ ਹੈ, ਇਸ ਲਈ ਉਨ੍ਹਾਂ ਲਈ ਚੌਕਸ ਰਹੋ।

- ਰਾਤ ਵੇਲੇ ਮੋਟਰਸਾਈਕਲ ਸਵਾਰਾਂ ਨੂੰ ਵੀ ਵੇਖਣਾ ਬਹੁਤ ਮੁਸ਼ਕਲ ਹੁੰਦਾ ਹੈ ਕਿਉਂਕਿ ਜਿਆਦਾਤਰ ਦੀ ਪਿੱਛਲੀ ਲਾਈਟ ਇੱਕੋ ਹੁੰਦੀ ਹੈ।
- ਹਾਈਵੇ ਦੀ ਮੁਰੰਮਤ ਦਾ ਜਿਆਦਾਤਰ ਕੰਮ ਰਾਤ ਨੂੰ ਹੀ ਹੁੰਦਾ ਹੈ। ਹਾਈਵੇ ਦੀ ਮੁਰੰਮਤ ਵਾਲੇ ਇਲਾਕੇ ਵਿੱਚ ਗੱਡੀ ਦੀ ਰਫਤਾਰ ਘੱਟਾ ਲਓ।
- ਤੇਜ ਰੋਸ਼ਨੀ ਨਾਲ ਚਮਕ ਰਹੇ ਇਲਾਕੇ ਵਿੱਚੋਂ ਬਾਹਰ ਨਿਕਲਣ ਤੇ ਰਫਤਾਰ ਤਾਂ ਤੱਕ ਘੱਟ ਕਰ ਲਓ ਜਦੋਂ ਤੀਕ ਕਿ ਤੁਹਾਡੀਆਂ ਅੱਖਾਂ ਹਨੇਰੇ ਦੇ ਅਨੁਕੂਲ ਨਾ ਹੋ ਜਾਣ।
- ਜਦੋਂ ਤੁਹਾਡੇ ਕੋਈ ਗੱਡੀ ਤੁਹਾਡੇ ਵੱਲ ਆ ਰਹੀ ਹੈ ਜਿਸਦੀ ਇੱਕ ਬੱਤੀ ਹੋਵੇ, ਤਾਂ ਜਿੰਨੀ ਸੰਭਵ ਹੋ ਸਕੇ ਗੱਡੀ ਉਸ ਤੋਂ ਦੂਰ ਡ੍ਰਾਈਵ ਕਰੋ। ਹੋ ਸਕਦਾ ਹੈ ਕਿ ਇਹ ਕੋਈ ਸਾਈਕਲ ਜਾਂ ਮੋਟਰਸਾਈਕਲ ਸਵਾਰ ਹੋਵੇ, ਪਰ ਇਹ ਵੀ ਹੋ ਸਕਦਾ ਹੈ ਕਿ ਇਹ ਕੋਈ ਅਜਿਹੀ ਗੱਡੀ ਹੋਵੇ ਜਿਸਦੀ ਇੱਕ ਲਾਈਟ ਕੰਮ ਨਾ ਕਰ ਰਹੀ ਹੋਵੇ।

ਮੀਂਹ ਜਾਂ ਬਰਫ ਵਿੱਚ ਗੱਡੀ ਚਲਾਉਣਾ

ਕਈ ਸੜਕਾਂ ਦੀਆਂ ਸਤਹਾਂ ਸੱਭ ਤੋਂ ਵਧ ਤਿਲਕਣ ਵਾਲੀਆਂ ਉਸ ਵੇਲੇ ਹੁੰਦੀਆਂ ਹਨ ਜਦੋਂ ਮੀਂਹ ਜਾਂ ਬਰਫ ਪੈਣੀ ਸ਼ੁਰੂ ਹੁੰਦੀ ਹੈ ਕਿਉਂਕਿ ਸੜਕ ਤੋਂ ਹਾਲੇ ਮਿੱਟੀ ਅਤੇ ਤੇਲ ਸਾਫ ਨਹੀਂ ਹੋਏ ਹੁੰਦੇ। ਜਦੋਂ ਮੀਂਹ, ਬੂੰਦਾ-ਬਾਂਦੀ ਜਾਂ ਬਰਫ ਪੈਣੀ ਸ਼ੁਰੂ ਹੋਵੇ ਤਾਂ ਗੱਡੀ ਦੀ ਰਫਤਾਰ ਘੱਟਾ ਦਿਓ। ਆਪਣੀ ਗੱਡੀ ਦੇ ਅਗਲੇ ਸ਼ੀਸ਼ੇ ਦੇ ਵਾਈਪਰਾਂ, ਅਗਲੀਆਂ ਲਾਈਟਾਂ ਅਤੇ ਡੀਫਰੋਸਟਰ ਨੂੰ ਚਾਲੂ ਕਰ ਦਿਓ। ਬਹੁਤ ਤੇਜ ਮੀਂਹ ਜਾਂ ਬਰਫ ਦੇ ਤੁਫਾਨ ਵਿੱਚ ਤੁਹਾਨੂੰ ਸ਼ਾਇਦ 100 ਫੁੱਟ ਤੋਂ ਅੱਗੇ ਨਜ਼ਰ ਨਾ ਆਵੇ। ਜੇ ਤੁਹਾਨੂੰ 100 ਫੁੱਟ ਤੋਂ ਵਧ ਦੂਰ ਨਜ਼ਰ ਨਹੀਂ ਆ ਰਿਹਾ ਹੈ ਤਾਂ ਤੁਸੀਂ 30 ਮੀਲ ਪ੍ਰਤੀ ਘੰਟੇ ਤੋਂ ਵਧ ਰਫਤਾਰ ਤੇ ਸੁਰੱਖਿਅਤ ਤਰੀਕੇ ਨਾਲ ਗੱਡੀ ਨਹੀਂ ਚਲਾ ਸਕਦੇ। ਤੁਹਾਨੂੰ ਰੁਕ ਕੇ ਆਪਣੀ ਗੱਡੀ ਦੇ ਅਗਲੇ ਸ਼ੀਸ਼ੇ, ਹੈਡਲਾਈਟਾਂ ਅਤੇ ਪਿੱਛਲੀਆਂ ਲਾਈਟਾਂ ਤੋਂ ਚਿਕੱੜ ਜਾਂ ਬਰਫ ਸਾਫ ਕਰਨੀ ਪੈ ਸਕਦੀ ਹੈ। ਜੇ ਤੁਸੀਂ ਬਰਫੀਲੇ ਇਲਾਕਿਆਂ ਵਿੱਚ ਗੱਡੀ ਚਲਾਓ, ਤਾਂ ਆਪਣੇ ਨਾਲ ਸਹੀ ਨੰਬਰ ਦੀਆਂ ਚੇਨਾਂ ਲੈ ਜਾਓ ਅਤੇ ਇਹ ਵੀ ਯਕੀਨੀ ਬਣਾਓ ਕਿ ਉਹ ਤੁਹਾਡੇ ਪਹੀਇਆਂ ਤੇ ਸਹੀ ਬੈਠਣਗੀਆਂ। ਚੇਨਾਂ ਦੀ ਵਰਤੋਂ ਕਰਨ ਦੀ ਲੋੜ ਪੈਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਚੜਾਉਣਾ ਸਿੱਖੋ।

ਪਾਣੀ ਨਾਲ ਭਰੀਆਂ ਹੋਈਆਂ ਸੜਕਾਂ

ਸੜਕ ਤੇ ਬਹੁਤ ਜ਼ਿਆਦਾ ਪਾਣੀ ਹੜ੍ਹ ਆਉਣ ਦਾ ਖਤਰਾ ਪੈਦਾ ਕਰ ਸਕਦਾ ਹੈ। ਇਹ ਹੌਲੀ-ਹੌਲੀ ਜਾਂ ਅਚਾਨਕ ਹੋ ਸਕਦਾ ਹੈ। ਹੜ੍ਹ ਆਉਣਾ ਖਤਰਨਾਕ ਹੁੰਦਾ ਹੈ ਅਤੇ ਜ਼ਿੰਦਗੀ ਲਈ ਖਤਰਾ ਬਣ ਸਕਦਾ ਹੈ। ਸੜਕ ਤੇ ਖੜ੍ਹੇ ਪਾਣੀ ਦੇ ਖਤਰੇ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਹੜ ਆਈ ਹੋਈ ਸੜਕ ਦੇ ਕੁਝ ਖਤਰਿਆਂ ਵਿੱਚ ਸ਼ਾਮਲ ਹਨ:

- ਗੱਡੀ ਦਾ ਸੜਕ ਤੋਂ ਪਾਣੀ ਨਾਲ ਰੁੜ ਜਾਣਾ।
- ਤੈਰਦਾ ਹੋਇਆ ਮਲਬਾ ਅਤੇ ਅਣਦੇਖੇ ਖਤਰੇ।
- ਸੜਕ ਦਾ ਟੁੱਟਣਾ।
- ਗੱਡੀ ਦਾ ਖਰਾਬ ਹੋਣਾ (ਜਿਵੇਂ ਕਿ, ਬ੍ਰੇਕ ਫੇਲ ਹੋ ਜਾਣਾ)।
- ਜੇ ਬਿਜਲੀ ਦੀਆਂ ਤਾਰ੍ਹਾਂ ਪਾਣੀ ਵਿੱਚ ਡਿੱਗੀਆਂ ਹੋਣ ਤਾਂ ਕਰੰਟ ਲਗਣ ਦਾ ਖਤਰਾ।

ਜੇ ਤੁਸੀਂ ਕਿਸੇ ਪਾਣੀ ਨਾਲ ਭਰੀ ਹੋਈ ਸੜਕ ਦਾ ਸਾਮ੍ਹਣਾ ਕਰਦੇ ਹੋ ਤਾਂ ਦੂਜਾ ਰਸਤਾ ਲੱਭ ਲੈਣਾ ਸਭ ਤੋਂ ਚੰਗਾ ਹੈ। ਹੋ ਸਕਦਾ ਹੈ ਕਿ ਵੇਖਣ ਨਾਲ ਪਾਣੀ ਦੀ ਢੂੰਗਾਈ ਦਾ ਪਤਾ ਨਾ ਚਲਾਇਆ ਜਾ ਸਕੇ; ਇਹ ਗਹਿਰਾ ਹੋ ਸਕਦਾ ਹੈ ਅਤੇ ਇਸ ਨੂੰ ਪਾਰ ਕਰਨਾ ਬਹੁਤ ਖਤਰਨਾਕ ਹੋ ਸਕਦਾ ਹੈ। ਜੇ ਤੁਹਾਡੇ ਕੋਲ ਇੱਕ ਪਾਣੀ ਨਾਲ ਭਰੀ ਹੋਈ ਸੜਕ ਤੋਂ ਲੰਘਣ ਤੋਂ ਇਲਾਵਾ ਕੋਈ ਹੋਰ ਰਸਤਾ ਨਾ ਹੋਵੇ ਤਾਂ ਗੱਡੀ ਹੌਲੀ ਚਲਾਓ। ਇੱਕ ਵਾਰ ਜਦੋਂ ਤੁਸੀਂ ਪਾਣੀ ਤੋਂ ਸੁਰੱਖਿਅਤ ਨਿਕਲ ਆਉਂਦੇ ਹੋ ਤਾਂ ਆਪਣੀ ਗੱਡੀ ਦੀਆਂ ਬ੍ਰੇਕਾਂ ਦੀ ਹੌਲੇ ਜਿਹੀ ਅਤੇ ਧਿਆਨ ਨਾਲ ਜਾਂਚ ਕਰੋ ਤਾਂ ਜੋ ਪੱਕਾ ਕਰ ਸਕੋ ਕਿ ਉਹ ਸਹੀ ਤਰੀਕੇ ਨਾਲ ਕੰਮ ਕਰ ਰਹੀਆਂ ਹਨ।

ਪਹਾੜੀ ਇਲਾਕੇ ਜਾਂ ਮੋੜਾਂ ਵਿੱਚ ਗੱਡੀ ਚਲਾਉਣਾ

ਸਿੱਧੀ ਚੜਾਈ ਵਾਲੀ ਪਹਾੜੀ ਜਾਂ ਤਿੱਖੇ ਮੋੜ ਦੇ ਪਰਲੇ ਪਾੱਸੇ ਕੀ ਹੈ, ਤੁਹਾਨੂੰ ਇਸਦਾ ਕਦੇ ਪਤਾ ਨਹੀਂ ਹੁੰਦਾ। ਜਦੋਂ ਤੁਸੀਂ ਕਿਸੇ ਪਹਾੜੀ ਜਾਂ ਮੋੜ ਤੇ ਪਹੁੰਚੋ, ਤਾਂ ਰਫਤਾਰ ਘੱਟ ਕਰ ਦਿਓ ਤਾਂ ਜੋ ਕੋਈ ਵੀ ਖਤਰਾ ਹੋਣ ਤੇ ਗੱਡੀ ਰੋਕ ਸਕੋ। ਤੁਹਾਡੀ ਗੱਡੀ ਦੀ ਰਫਤਾਰ ਇੰਨੀ ਘੱਟ ਹੋਣੀ ਜ਼ਰੂਰੀ ਹੈ ਕਿ ਤੁਸੀਂ ਰੁਕ ਸਕੋ।

ਜਦੋਂ ਵੀ ਪਹਾੜੀ ਜਾਂ ਮੋੜ ਦੇ ਕਾਰਨ ਤੁਹਾਨੂੰ ਅੱਗੇ ਦਾ ਦ੍ਰਿਸ਼ ਨਜ਼ਰ ਨਾ ਆਵੇ, ਤਾਂ ਤੁਹਾਨੂੰ ਇਹ ਮੰਨ ਕੇ ਚਲਣਾ ਚਾਹੀਦਾ ਹੈ ਕਿ ਤੁਹਾਡੇ ਅੱਗੇ ਇੱਕ ਦੂਜੀ ਗੱਡੀ ਹੈ। ਦੂਜੀ ਗੱਡੀ ਤੋਂ ਅੱਗੇ ਤਾਂ ਹੀ ਲੰਘੋ ਜੇ ਪਹਾੜੀ ਜਾਂ ਮੋੜ ਘੱਟੋ-ਘੱਟ ⅓ ਮੀਲ ਦੂਰ ਹੋਵੇ ਕਿਉਂਕਿ ਸੁਰੱਖਿਅਤ ਤਰੀਕੇ ਨਾਲ ਅੱਗੇ ਵਧਣ ਲਈ ਤੁਹਾਨੂੰ ਘੱਟੋ-ਘੱਟ ਇੰਨੀ ਦੂਰੀ ਦੀ ਲੋੜ ਹੁੰਦੀ ਹੈ।

ਕਿਸੇ ਮੋੜ ਜਾਂ ਪਹਾੜੀ ਦੇ ਸ਼ਿਖਰ ਤੇ ਪਹੁੰਚਣ ਲਗਿਆਂ ਕਦੇ ਵੀ ਸੜਕ ਦੇ ਖੱਬੇ ਪਾੱਸੇ ਗੱਡੀ ਨਾ ਚਲਾਓ ਕਿਉਂਕਿ ਤੁਸੀਂ ਅੱਗੇ ਇੰਨੀ ਦੂਰ ਨਹੀਂ ਵੇਖ ਸਕਦੇ ਹੋ ਕਿ ਤੁਹਾਨੂੰ ਪਤਾ ਚੱਲੇ ਕਿ ਅੱਗੇ ਲੰਘਣਾ ਸੁਰੱਖਿਅਤ ਹੈ ਜਾਂ ਨਹੀਂ।

ਟ੍ਰੈਫਿਕ ਬ੍ਰੇਕਾਂ

ਟ੍ਰੈਫਿਕ ਬ੍ਰੇਕਾਂ ਦੀ ਵਰਤੋਂ ਕਨੂੰਨ ਪਾਲਣਾ ਅਫਸਰਾਂ ਵਲੋਂ ਅਜਿਹੇ ਹਲਾਤਾਂ ਵਿੱਚ ਕੀਤੀ ਜਾਂਦੀ ਹੈ:

- ਖਤਰਿਆਂ ਨੂੰ ਸੜਕਾਂ ਤੋਂ ਹਟਾਉਣ ਦੀ ਖਾਤਰ ਟ੍ਰੈਫਿਕ ਨੂੰ ਹੋਲਾ ਕਰਨਾ ਜਾਂ ਰੋਕਣਾ।
- ਕਿਸੇ ਐਮਰਜੈਂਸੀ ਕਾਰਵਾਈ ਨੂੰ ਕਰਨ ਲਈ।
- ਬਹੁਤ ਜਿਆਦਾ ਧੁੰਧ ਜਾਂ ਭਾਰੀ ਟ੍ਰੈਫਿਕ ਕਾਰਨ ਹੋ ਸਕਣ ਵਾਲੀਆਂ ਟੱਕਰਾਂ ਨੂੰ ਰੋਕਣ ਲਈ।

ਟ੍ਰੈਫਿਕ ਬ੍ਰੇਕ ਦੇ ਦੌਰਾਨ, ਅਫਸਰ ਆਪਣੀ ਗੱਡੀ ਦੀਆਂ ਪਿੱਛਲੀਆਂ ਐਮਰਜੈਂਸੀ ਬੱਤੀਆਂ ਚਾਲੂ ਕਰ ਕੇ, ਗੱਡੀ ਨੂੰ ਹੌਲਾ ਕਰ ਲੈਂਦਾ ਹੈ ਅਤੇ ਟ੍ਰੈਫਿਕ ਲੇਨਾਂ ਦੇ ਆਰ-ਪਾਰ ਕੁੰਡਲਦਾਰ ਤਰੀਕੇ ਨਾਲ (ਸੱਪ ਵਾਂਗ) ਗੱਡੀ ਚਲਾਉਂਦਾ ਹੈ। ਅਫਸਰ ਨੂੰ ਟ੍ਰੈਫਿਕ ਬ੍ਰੇਕ ਅਮਲ ਵਿੱਚ ਲਿਆਉਣ ਵਿੱਚ ਮਦਦ ਕਰਨ ਲਈ ਇਨ੍ਹਾਂ ਨਿਯਮਾਂ ਦੀ ਪਾਲਣਾ ਕਰੋ:

- ਦੂਜੇ ਡ੍ਰਾਈਵਰਾਂ ਨੂੰ ਚੇਤਾਵਨੀ ਦੇਣ ਲਈ ਕਿ ਅੱਗੇ ਕੋਈ ਖਤਰਾ ਹੈ, ਆਪਣੀਆਂ ਐਮਰਜੈਂਸੀ ਬੱਤੀਆਂ ਚਾਲੂ ਕਰ ਦਿਓ।
- ਆਪਣੀ ਗੱਡੀ ਦੀ ਰਫਤਾਰ ਹੌਲੀ-ਹੌਲੀ ਘੱਟ ਕਰਨਾ ਸ਼ੁਰੂ ਕਰ ਦਿਓ। ਜੇ ਕਿਸੇ ਟੱਕਰ ਤੋਂ ਬਚਣ ਲਈ ਅਜਿਹਾ ਕਰਨਾ ਜ਼ਰੂਰੀ ਨਾ ਹੋਵੇ ਤਾਂ ਰਫਤਾਰ ਅਚਾਨਕ ਘੱਟ ਨਾ ਕਰੋ। ਆਪਣੀ ਗੱਡੀ ਨੂੰ ਅੱਗੇ ਵਾਲੇ ਗਸ਼ਤੀ ਵਾਹਨ ਤੋਂ ਸੁਰੱਖਿਆਤਮਕ ਦੂਰੀ ਤੇ ਰੱਖਦੇ ਹੋਏ ਉਸਦੀ ਰਫਤਾਰ ਹੌਲੀ ਕਰਕੇ ਅਫ਼ਸਰ ਦੀ ਗੱਡੀ ਜਿੰਨੀ ਰਫਤਾਰ ਕਰ ਦਿਓ।
- ਗਸ਼ਤੀ ਕਾਰ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਨਾ ਕਰੋ। ਆਪਣੀ ਗੱਡੀ ਦੀ ਰਫਤਾਰ ਉਦੋਂ ਤੱਕ ਨਾ ਵਧਾਓ ਜਦੋਂ ਤੱਕ ਗਸ਼ਤੀ ਕਾਰ ਆਪਣੀਆਂ ਐਮਰਜੈਂਸੀ ਬੱਤੀਆਂ ਬੰਦ ਨਾ ਕਰ ਦੇਵੇ ਅਤੇ ਤੁਹਾਡੇ ਅੱਗੇ ਦੇ ਟ੍ਰੈਫਿਕ ਦੇ ਹਾਲਾਤ ਵਾਪਸ ਸਧਾਰਨ ਰਫਤਾਰਾਂ ਤੇ ਗੱਡੀ ਚਲਾਉਣ ਦੇ ਯੋਗ ਨਾ ਹੋ ਜਾਣ।

ਸਾਫ਼ ਬਾਰੀਆਂ ਅਤੇ ਸ਼ੀਸ਼ੇ

ਆਪਣੀ ਗੱਡੀ ਦੇ ਸ਼ੀਸ਼ੇ, ਵਿੰਡਸ਼ੀਲਡ ਅਤੇ ਸਾਈਡਾਂ ਵਾਲੀਆਂ ਖਿੜਕੀਆਂ ਦੇ ਸ਼ੀਸ਼ੇ ਅੰਦਰੋਂ ਅਤੇ ਬਾਹਰੋਂ ਸਾਫ ਰੱਖੋ। ਇੱਕ ਗੰਦੀ ਬਾਰੀ ਤੇ ਸੂਰਜ ਦੀ ਤੇਜ ਰੋਸ਼ਨੀ ਅਤੇ ਹੈਡਲਾਈਟਾਂ ਦੀ ਰੋਸ਼ਨੀ ਪੈਣ ਤੇ ਬਾਹਰ ਦਾ ਦ੍ਰਿਸ਼ ਵੇਖਣਾ ਮੁਸ਼ਕਲ ਹੋ ਜਾਂਦਾ ਹੈ। ਆਪਣੀ ਗੱਡੀ ਨੂੰ ਚਲਾਉਣ ਤੋਂ ਪਹਿਲਾਂ ਸਾਰੀਆਂ ਬਾਰੀਆਂ ਤੋਂ ਬਰਫ, ਕੋਹਰਾ ਜਾਂ ਔਸ ਨੂੰ ਸਾਫ ਕਰੋ।

ਜੇ ਤੁਸੀਂ ਮੀਂਹ ਵਿੱਚ ਜਾਂ ਬਰਫ ਪੈਣ ਤੇ ਗੱਡੀ ਚਲਾ ਰਹੇ ਹੋ, ਤਾਂ ਕਈ ਵਾਰ ਤੁਹਾਨੂੰ ਵਿੰਡਸ਼ੀਲਡ, ਸ਼ੀਸ਼ਿਆਂ, ਹੈਡਲਾਈਟਾਂ ਅਤੇ ਪਿੱਛਲੀਆਂ ਲਾਈਟਾਂ ਤੋਂ ਚਿੱਕੜ ਜਾਂ ਬਰਫ ਨੂੰ ਹਟਾਉਣ ਲਈ ਗੱਡੀ ਨੂੰ ਰੋਕਣਾ ਪੈ ਸਕਦਾ ਹੈ।

ਸੀਟ ਅਤੇ ਸ਼ੀਸ਼ਿਆਂ ਨੂੰ ਠੀਕ ਕਰਨਾ

ਸੀਟ ਦੀ ਪੇਟੀ ਲਗਾਉਣ ਤੋਂ ਪਹਿਲਾਂ ਆਪਣੀ ਸੀਟ ਦੀ ਸਥਿੱਤੀ ਨੂੰ ਠੀਕ ਕਰੋ। ਤੁਹਾਨੂੰ ਇਨ੍ਹਾਂ ਉੱਚਾ ਬੈਠਣਾ ਚਾਹੀਦਾ ਹੈ ਕਿ ਤੁਸੀਂ ਸੜਕ ਵੇਖ ਸਕੋ। ਗੱਡੀ ਨੂੰ ਚਲਾਉਣ ਤੋਂ ਪਹਿਲਾਂ ਪਿੱਛੇ ਵੇਖਣ ਵਾਲਾ ਅਤੇ ਸਾਈਡ ਵਾਲੇ ਸ਼ੀਸ਼ਿਆਂ ਦੀ ਸਥਿੱਤੀ ਨੂੰ ਠੀਕ ਕਰੋ। ਜੇ ਤੁਹਾਡੀ ਗੱਡੀ ਵਿੱਚ ਦਿਨ/ਰਾਤ ਵਾਲੇ ਸ਼ੀਸ਼ੇ ਲੱਗੇ ਹੋਏ ਹਨ, ਤਾਂ ਉਨ੍ਹਾਂ ਦੀ ਵਰਤੋਂ ਕਰਨ ਦਾ ਤਰੀਕਾ ਸਿੱਖੋ। ਰਾਤ ਵਾਲੀ ਸਥਿੱਤੀ ਵਿੱਚ ਪਿੱਛੇ ਚੱਲਣ ਵਾਲੀਆਂ ਗੱਡੀਆਂ ਦੀਆਂ ਹੈਡਲਾਈਟਾਂ ਦਾ ਲਿਸ਼ਕਾਰਾ ਘੱਟ ਪੈਂਦਾ ਹੈ ਅਤੇ ਤੁਹਾਨੂੰ ਚੰਗੀ ਤਰ੍ਹਾਂ ਵੇਖਣ ਵਿੱਚ ਮਦਦ ਮਿਲਦੀ ਹੈ।

ਟਾਇਰਾਂ ਦੀ ਸੁਰੱਖਿਆ

ਟਾਇਰ ਦੀ ਸੁਰੱਖਿਆ ਗੱਡੀ ਚਲਾਉਣ ਦਾ ਇੱਕ ਜ਼ਰੂਰੀ ਹਿੱਸਾ ਹਨ। ਤੁਹਾਨੂੰ ਆਪਣੀ ਗੱਡੀ ਦੇ ਟਾਇਰਾਂ ਨੂੰ ਠੀਕ ਬਣਾਈ ਰੱਖਣ ਵਿੱਚ ਮਦਦ ਕਰਨ ਲਈ ਕੁਝ ਸੁਝਾਓ ਦਿੱਤੇ ਗਏ ਹਨ:

ਜੇ ਤੁਸੀਂ ਲਿੰਕਨ ਦਾ ਹੇਡ ਵੇਖ ਸਕਦੇ ਹੋ ਤਾਂ ਇਹ ਗੱਡੀ ਦੇ ਨਵੇਂ ਟਾਇਰ ਲੈਣ ਦਾ ਸਮਾਂ ਹੈ।

- ਟਾਇਰ ਦੀਆਂ ਬਾਹਰਲੇ ਹਿੱਸੇ ਦੀ ਕਿਸੇ ਵੀ ਕਟੇ-ਫਟੇ ਹਿੱਸੇ ਜਾਂ ਸੂਜੇ ਹੋਏ ਹਿੱਸੇ ਲਈ ਜਾਂਚ ਕਰੋ, ਟ੍ਰੇਡ ਦੀ ਡੂੰਘਾਈ ਦੇਖੋ ਅਤੇ ਯਕੀਨੀ ਬਣਾਓ ਕਿ ਟਾਇਰ ਪ੍ਰੈਸ਼ਰ ਸਹੀ ਸੀਮਾ ਦੇ ਅੰਦਰ-ਅੰਦਰ ਹੈ ਅਤੇ ਮਾਲਕ ਦੇ ਮੈਨੂਅਲ ਦੇ ਦਿੱਤੇ ਜਾਂ ਗੱਡੀ ਦੇ ਦਰਵਾਜੇ ਤੇ ਅੰਦਰਲੇ ਕਿਨਾਰੇ ਤੇ ਦਿੱਤੇ ਪਾਉਂਡ ਪ੍ਰਤੀ ਵਰਗ ਇੰਚ (PSI) ਸੂਚਕ 'ਤੇ ਦਿੱਤੀ ਗਈ ਰੇਂਜ ਦੇ ਅੰਦਰ-ਅੰਦਰ ਹੈ।
- ਤੁਸੀਂ ਆਪਣੀ ਗੱਡੀ ਦੇ ਟਾਇਰਾਂ ਤੇ ਟ੍ਰੇਡ ਦੀ ਜਾਂਚ ਇੱਕ ਪੈਨੀ ਦੀ ਵਰਤੋਂ ਕਰਕੇ ਕਰ ਸਕਦੇ ਹੋ।
  - ਪੈਨੀ ਨੂੰ ਇਸ ਤਰੀਕੇ ਨਾਲ ਪਕੜੋ ਕਿ ਤੁਸੀਂ ਅਬਰਾਹਮ ਲਿੰਕਨ ਦਾ ਹੇਡ ਵੇਖ ਸਕੋ। ਤੁਸੀਂ ਸਿੱਕੇ ਨੂੰ ਆਪਣੀਆਂ ਉਂਗਲਾਂ ਦੇ ਵਿੱਚਕਾਰ ਇਵੇਂ ਪਕੜਨਾ ਹੈ ਕਿ ਉਸਦਾ ਹੇਡ ਤੁਹਾਡੇ ਵੱਲ ਹੋਵੇ ਅਤੇ ਪੂਰੀ ਤਰੀਕੇ ਨਾਲ ਦਿੱਸਦਾ ਹੈ।
  - ਹੇਡ ਨੂੰ ਥੱਲ੍ਹੇ ਵੱਲ ਰੱਖਦੀਆਂ ਹੋਈਆਂ ਸਿੱਕਾ ਆਪਣੀ ਗੱਡੀ ਦੇ ਟਾਇਰ ਦੇ ਸਭ ਤੋਂ ਡੂੰਘੇ ਗ੍ਰੂਵ ਵਿੱਚ ਰੱਖੋ। ਜੇ ਉਸਦਾ ਸਿਰ ਪੂਰੀ ਤਰ੍ਹਾਂ ਦਿੱਸ ਰਿਹਾ ਹੈ, ਤਾਂ ਤੁਹਾਡੀ ਗੱਡੀ ਦੇ ਟਾਇਰ ਬਦਲੌਣ ਦੀ ਲੋੜ ਹੈ।

ਗ੍ਰੀਨ ਡ੍ਰਾਈਵਿੰਗ

ਗ੍ਰੀਨ ਡ੍ਰਾਈਵਿੰਗ ਜਾਂ "ਸਮਾਰਟ" ਡ੍ਰਾਈਵਿੰਗ, ਗਤੀਵਿਧੀਆਂ ਅਤੇ ਤਕਨੀਕਾਂ ਦਾ ਇੱਕ ਸੈਟ ਹੈ, ਜੋ ਗੱਡੀ ਚਲਾਉਣ ਦੀ ਆਦਤ ਨੂੰ ਸੁਧਾਰ ਕੇ ਅਤੇ ਗੱਡੀ ਦੀ ਸੰਭਾਲ ਕਰਕੇ ਗੱਡੀ ਦੀ ਬਾਲਣ ਕੁਸ਼ਲਤਾ ਅਤੇ ਘੱਟ ਨਿਕਾਸੀ ਨੂੰ ਸਭ ਤੋਂ ਵੱਧ ਬਣਾਉਂਦਾ ਹੈ। ਅਮਰੀਕੀ ਵਾਤਾਵਰਨ ਸੁਰੱਖਿਆ ਏਜੰਸੀ ਅਮਰੀਕੀ ਵਾਤਾਵਰਨ ਸੁਰੱਖਿਆ ਏਜੰਸੀ (*U.S. Environmental Protection Agency*, EPA) ਦੇ ਅਨੁਸਾਰ, "...ਟਰਾਂਸਪੋਰਟ ਸੈਕਟਰ ਗ੍ਰੀਨਹਾਊਸ ਗੈਸ ਦੇ ਨਿਕਾਸ ਦਾ ਸਭ ਤੋਂ ਵੱਡਾ ਹਿੱਸਾ ਬਣਾਉਂਦਾ ਹੈ।"

ਹੇਠਾਂ ਕੁਝ ਆਸਾਨੀ ਨਾਲ ਯਾਦ ਰੱਖਣ ਵਾਲੀਆਂ ਕਾਰਵਾਈਆਂ ਦਿੱਤੀਆਂ ਗਈਆਂ ਹਨ ਜੋ ਤੁਸੀਂ ਗ੍ਰੀਨ ਡ੍ਰਾਈਵਿੰਗ ਲਈ ਵਰਤ ਸਕਦੇ ਹੋ:

- ਵਿਵਹਾਰ–ਅਰਾਮ ਨਾਲ ਗਤੀ ਵਧਾਓ ਅਤੇ ਹੌਲਾ ਕਰੋ, ਅਤੇ ਇੱਕ ਨਿਰੰਤਰ ਔਸਤਨ ਸਪੀਡ ਬਣਾਈ ਰੱਖੋ।
- ਰੱਖ-ਰਖਾਵ–ਨੇਮੀ ਤੌਰ ਤੇ ਟਾਇਰ ਵਿੱਚ ਹਵਾ ਭਰ ਕੇ, ਆਇਲ ਬਦਲ ਕੇ, ਅਤੇ ਫਿਲਟਰਾਂ ਦੀ ਜਾਂਚ ਕਰਕੇ ਆਪਣੀ ਗੱਡੀ ਨੂੰ ਚੰਗੀ ਹਾਲਤ ਵਿੱਚ ਰੱਖੋ।

T.I.R.E. ਸੁਝਾਓ

T. ਟ੍ਰੈਡ (ਟਾਇਰ ਦਾ ਉੱਤਲਾ ਹਿੱਸਾ)

ਟਾਇਰ ਦੇ ਉੱਤਲੇ ਹਿੱਸੇ ਵਿੱਚ ਇੱਕ ਪੈਨੀ ਨੂੰ ਪੁੱਠਾ ਕਰਕੇ ਖੜ੍ਹਾ ਕਰੋ। ਜੇ ਤੁਸੀਂ ਲਿੰਕਨ ਦੇ ਹੇਡ ਨੂੰ ਪੂਰੀ ਤਰ੍ਹਾਂ ਵੇਖ ਸਕਦੇ ਹੋ, ਤਾਂ ਟ੍ਰੈਡ (ਟਾਇਰ ਦਾ ਉੱਤਲਾ ਹਿੱਸਾ) ਘਿਸ ਚੁਕਾ ਹੈ ਅਤੇ ਤੁਹਾਨੂੰ ਨਵੇਂ ਟਾਇਰ ਦੀ ਲੋੜ ਹੈ।

I. ਹਵਾ ਭਰਨਾ

ਮਹੀਨੇ ਵਿੱਚ ਇੱਕ ਵਾਰ ਟਾਇਰ ਦੀ ਹਵਾ ਦੀ ਜਾਂਚ ਕਰੋ। ਟਾਇਰ ਵਿੱਚ ਹਵਾ ਦਾ ਘੱਟ ਦਬਾਅ ਟਾਇਰਾਂ ਦੇ ਘਿਸਣ ਦਾ ਅਤੇ ਘੱਟ ਗੈਸ ਮਾਈਲੇਜ ਦਾ ਕਾਰਨ ਬਣ ਸਕਦਾ ਹੈ।



R. ਰੋਟੇਟ (ਟਾਇਰਾਂ ਨੂੰ ਆਪਸ ਵਿੱਚ ਬਦਲਣਾ)

ਟਾਇਰ ਦੇ ਮਿਧਣ ਦੀ ਲਾਈਫ਼ ਨੂੰ ਵਧਾਉਣ ਲਈ ਆਪਣੀ ਗੱਡੀ ਦੇ ਟਾਇਰਾਂ ਨੂੰ ਹਰ 3,000-5,000 ਮੀਲ ਤੇ ਆਪਸ ਵਿੱਚ ਬਦਲੋ।

E. ਮੁਲਾਂਕਣ

ਕਿਸੇ ਵੀ ਅਸਾਧਾਰਨ ਘਿਸਾਈ, ਚੀਰਾਂ ਅਤੇ ਕਿੱਲਾਂ ਲਈ ਆਪਣੀ ਗੱਡੀ ਦੇ ਟਾਇਰਾਂ ਦੀ ਹਰ ਰੋਜ਼ ਜਾਂਚ ਕਰੋ।

ਟਾਇਰਾਂ ਦੇ ਸਬੰਧ ਵਿੱਚ ਸੁਰੱਖਿਅਤ ਰਹਿਣ ਲਈ ਹਰ ਮਹੀਨੇ ਕੁਝ ਹੀ ਮਿਨਟਾਂ ਦੀ ਲੋੜ ਹੁੰਦੀ ਹੈ।

STATE OF CALIFORNIA
DMV
DRIVING CHANGE...
DEPARTMENT OF MOTOR VEHICLES

- ਵਜ਼ਨ–ਟ੍ਰੰਕ ਸਾਫ਼ ਕਰ ਕੇ, ਜਾਂ ਛੱਤ ਤੋਂ ਸਮਾਨ ਉਤਾਰ ਕੇ ਆਪਣੀ ਗੱਡੀ ਵਿੱਚ ਵਾਧੂ ਭਾਰ ਤੋਂ ਛੁਟਕਾਰਾ ਪਾਓ।

ਘੱਟ ਨਿਕਾਸ ਨੂੰ ਵਧਾਉਣ ਲਈ, ਜ਼ੀਰੋ-ਐਮੀਸ਼ਨ ਵਾਲੀ ਗੱਡੀ ਨੂੰ ਲੈਣ ਬਾਰੇ ਵਿਚਾਰ ਕਰੋ ਜੋ ਬਿਜਲੀ ਜਾਂ ਹਾਈਡ੍ਰੋਜਨ ਦੁਆਰਾ ਚਲਾਈ ਜਾਂਦੀ ਹੈ। ਪਲੱਗ-ਇਨ ਇਲੈਕਟ੍ਰਿਕ ਕਾਰਾਂ ਘਰ ਵਿੱਚ ਜਾਂ ਕਿਸੇ ਜਨਤਕ ਜਾਂ ਕਾਰਜ ਸਥਾਨ ਦੇ ਚਾਰਜਿੰਗ ਸਟੇਸ਼ਨ 'ਤੇ ਰਾਤ ਭਰ ਲਈ ਲਗਾਇਆ ਜਾਂਦੀਆਂ ਹਨ। ਹਾਈਡ੍ਰੋਜਨ ਫਿਊਲ ਸੈਲ ਬਿਜਲੀ ਵਾਲੀਆਂ ਕਾਰਾਂ ਨੂੰ ਜਨਤਕ ਹਾਈਡ੍ਰੋਜਨ ਸਟੇਸ਼ਨਾਂ 'ਤੇ ਭਰਿਆ ਜਾਂਦਾ ਹੈ। ਦੋਵੇਂ ਹੀ ਕੋਈ ਵੀ ਟੇਲਪਾਇਪ ਨਿਕਾਸ ਦਾ ਉਤਪਾਦਨ ਨਹੀਂ ਕਰਦੀਆਂ, ਆਇਲ ਚੇਂਜ ਦੀ ਲੋੜ ਨਹੀਂ ਪੈਂਦੀ, ਸਭ ਤੋਂ ਵਧੀਆ ਬਾਲਣ ਇਕੌਨਾਮੀ, ਅਤੇ ਘੱਟੋ-ਘੱਟ ਸੰਭਾਲ ਦੀ ਲੋੜ ਹੁੰਦੀ ਹੈ।

ਧਿਆਨ ਦਿਓ: ਵਧੇਰੀ ਜਾਣਕਾਰੀ ਲਈ **www.FuelEconomy.gov** 'ਤੇ ਜਾਓ। ਗ੍ਰੀਨ ਡ੍ਰਾਈਵਿੰਗ ਨੂੰ ਆਵਾਜਾਈ ਅਤੇ ਹਵਾ ਦੀ ਕੁਆਲਿਟੀ ਦੇ ਦਫ਼ਤਰ (*Office of Transportation and Air Quality*) ਅਤੇ ਅਮਰੀਕੀ ਵਾਤਾਵਰਨ ਸੁਰੱਖਿਆ ਏਜੰਸੀ ਵਲੋਂ ਵਾਧਾ ਦਿੱਤਾ ਗਿਆ ਹੈ।

ਹੋਰ ਖ਼ਤਰੇ

ਸਾਰੀਆਂ ਗੈਸ ਨਾਲ ਸੰਚਾਲਤ ਗੱਡੀਆਂ ਕਾਰਬਨ ਮੋਨੋਆਕਸਾਈਡ ਪੈਦਾ ਕਰਦੀਆਂ ਹਨ। ਕਾਰਬਨ ਮੋਨੋਆਕਸਾਈਡ ਇੱਕ ਜਹਰੀਲੀ, ਗੰਧਹੀਨ, ਗੈਸ ਹੈ ਜੋ ਗੱਡੀ ਦੀ ਨਿਕਾਸ ਪਾਈਪ 'ਚੋਂ ਨਿਕਲਦੀ ਹੈ। ਕਾਰਬਨ ਮੋਨੋ-ਆਕਸਾਈਡ ਦੇ ਜਹਿਰੀਲੇ ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ: ਥਕਾਵਟ, ਪਾੜਾ, ਚੱਕਰ ਆਉਣੇ, ਸਿਰ ਦਰਦ ਅਤੇ/ਜਾਂ ਕੰਨਾਂ ਵਿੱਚ ਘੰਟਿਆ ਵਜਣੀਆਂ। ਤੁਸੀਂ ਨਿਕਾਸੀ ਸਿਸਟਮ ਦੀ ਨੇਮੀ ਤੌਰ ਤੇ ਜਾਂਚ ਕਰਵਾ ਕੇ ਕਾਰਬਨ ਮੋਨੋਆਕਸਾਈਡ ਦੇ ਜਹਿਰ ਨੂੰ ਰੋਕ ਸਕਦੇ ਹੋ। ਨਾਲ ਹੀ, ਇੰਜਨ ਚਾਲੂ ਕਰਨ ਵੇਲੇ, ਗੱਡੀ ਚਲਾਉਣ ਵੇਲੇ ਜਾਂ ਖੜ੍ਹੀ ਕੀਤੀਆਂ ਹੋਈਆਂ ਇੰਜਨ ਦੇ ਚਲਣ ਵੇਲੇ ਸ਼ੀਸ਼ੀਆਂ ਨੂੰ ਹਲਕਾ ਜਿਹਾ ਖੋਲ ਦਿਓ। ਗੈਰਾਜ ਦੇ ਦਰਵਾਜੇ ਖੋਲ੍ਹੇ ਬਿਨਾਂ ਇੰਜਨ ਨੂੰ ਕਦੇ ਵੀ ਚਾਲੂ ਨਾ ਕਰੋ।

ਕਨੂੰਨ ਪਾਲਣਾ ਅਧਿਕਾਰੀ ਰਾਹੀਂ ਰੋਕੇ ਜਾਣ ਤੇ ਡ੍ਰਾਈਵਰ ਨੂੰ ਕੀ ਕਰਨਾ ਚਾਹੀਦਾ ਹੈ?

ਆਪਣੇ ਸੱਜੇ ਪਾਸੇ ਵੱਲ ਮੁੜਣ ਦੀ ਬੱਤੀ ਜਲਾ ਕੇ ਅਫਸਰ ਦੀ ਮੌਜੂਦਗੀ ਨੂੰ ਸਵੀਕਾਰ ਕਰੋ। ਆਪਣੀ ਗੱਡੀ ਦੀ ਸਿਗਨਲ ਨੂੰ ਚਾਲੂ ਕਰ ਕੇ ਅਫਸਰ ਨੂੰ ਇਹ ਦੱਸੋ ਕਿ ਤੁਸੀਂ ਉਨ੍ਹਾਂ ਦੀ ਮੌਜੂਦਗੀ ਨੂੰ ਸਵੀਕਾਰ ਕਰਦੇ ਹੋ। ਜੇ ਤੁਸੀਂ ਉਸਦੀ ਪਛਾਣ ਨੂੰ ਸਵੀਕਾਰ ਨਹੀਂ ਕਰਦੇ ਤਾਂ ਹੋ ਸਕਦਾ ਹੈ ਕਿ ਅਫਸਰ ਚੌਕਸ ਹੋ ਜਾਵੇ ਅਤੇ ਸੋਚੇ ਕਿ ਕਿਸੇ ਕਾਰਨ ਕਰਕੇ ਤੁਸੀਂ ਉਸਦਾ ਹੁਕਮ ਨਹੀਂ ਮੰਨ ਰਹੇ ਹੋ ਜਾਂ ਤੁਸੀਂ ਨਸ਼ੇ ਵਿੱਚ ਹੋ ਜਾਂ ਕੁਝ ਠੀਕ ਨਹੀਂ ਹੈ।

ਆਪਣੀ ਗੱਡੀ ਨੂੰ ਸੜਕ ਦੇ ਸੱਜੇ ਪਾਸੇ ਪਟੜੀ ਦੇ ਕੋਲ ਲੈ ਜਾਓ। ਆਪਣੀ ਪੈਟੋਰਲ ਗੱਡੀ ਦੀ ਵਰਤੋਂ ਕਰਦੇ ਹੋਏ ਅਫਸਰ ਤੁਹਾਡਾ ਮਾਰਗ ਨਿਰਦੇਸ਼ਨ ਕਰੇਗਾ/ਗੀ। ਗੱਡੀ ਨੂੰ ਸੜਕ ਦੀ ਵਿਚਕਾਰਲੀ ਰੇਖਾ ਤੇ ਨਾ ਲੈ ਜਾਓ। ਫ੍ਰੀਵੇ ਦੀ ਵਿਚਕਾਰਲੀ ਰੇਖਾ ਤੇ ਜਾਂ ਦੋ-ਤਰਫਾ ਸੜਕ ਤੇ ਪੁੱਠੇ ਪਾਸੇ ਵੱਲ ਗੱਡੀ ਨਾ ਰੋਕੋ। ਇਸ ਨਾਲ ਡ੍ਰਾਈਵਰ ਅਤੇ ਅਫਸਰ ਦੋਵਾਂ ਨੂੰ ਸਾਮ੍ਹਣੇ ਤੋਂ ਆਉਣ ਵਾਲੇ ਟ੍ਰੈਫਿਕ ਨਾਲ ਟਕਰਾਉਣ ਦਾ ਖਤਰਾ ਹੋ ਜਾਂਦਾ ਹੈ।

ਇੱਕ ਫ੍ਰੀਵੇ ਤੇ, ਭਾਵੇਂ ਤੁਸੀਂ ਕਾਰਪੂਲ/ਜ਼ਿਆਦਾ ਸਵਾਰੀਆਂ ਵਾਲੀਆਂ ਗੱਡੀਆਂ ਵਾਲੀ ਲੇਨ ਵਿੱਚ ਹੋਵੋ, ਪੂਰੀ ਤਰ੍ਹਾਂ ਸੱਜੇ ਪਾਸੇ ਤੇ ਚਲੇ ਜਾਓ। ਜੇ ਮੁਮਕਿਨ ਹੋਵੇ ਤਾਂ ਗੱਡੀ ਅਜਿਹੀ ਥਾਂ ਤੇ ਖੜੀ ਕਰੋ ਜਿੱਥੇ ਪੂਰੀ ਤਰ੍ਹਾਂ ਰੌਸ਼ਨੀ ਹੋਵੇ। ਆਪਣੀ ਗੱਡੀ ਨੂੰ ਸੜਕ ਦੇ ਕੋਲੋਂ ਵਧ ਤੋਂ ਵਧ ਦੂਰੀ ਤੇ ਰੱਖੋ। ਜੇ ਹਨੇਰਾ ਪੈ ਚੁੱਕਿਆ ਹੋਵੇ ਤਾਂ ਅਜਿਹੀ ਥਾਂ ਲੱਭੋ ਜਿੱਥੇ ਜਿਆਦਾ ਰੌਸ਼ਨੀ ਹੋਵੇ ਜਿਵੇਂ ਕਿ ਸੜਕ ਜਾਂ ਫ੍ਰੀਵੇ ਤੇ ਲੱਗੀਆਂ ਬੱਤੀਆਂ ਦੇ ਨਾਲ, ਰੈਸਟੋਰੈਂਟਾਂ ਜਾਂ ਸਰਵਿਸ ਸਟੇਸ਼ਨਾਂ ਦੇ ਨੇੜੇ।

ਮੋਬਾਈਲ ਫੋਨ ਤੇ ਕਰ ਰਹੀ ਗੱਲ ਨੂੰ ਖਤਮ ਕਰ ਦਿਓ ਅਤੇ ਰੇਡੀਓ ਬੰਦ ਕਰ ਦਿਓ। ਤੁਹਾਡੇ ਨਾਲ ਗੱਲਬਾਤ ਕਰਨ ਅਤੇ ਤੁਹਾਨੂੰ ਕਨੂੰਨੀ ਤੌਰ ਤੇ ਰੋਕਣ ਦੇ ਕੰਮ ਨੂੰ ਛੇਤੀ ਤੋਂ ਛੇਤੀ ਪੂਰਾ ਕਰਨ ਲਈ ਅਫਸਰ ਨੂੰ ਤੁਹਾਡੇ ਪੂਰੇ ਧਿਆਨ ਦੀ ਲੋੜ ਹੈ।

ਜਦੋਂ ਤੱਕ ਅਫਸਰ ਨਾ ਕਹੇ, ਆਪਣੀ ਗੱਡੀ ਦੇ ਅੰਦਰ ਹੀ ਰਹੋ। ਜਦੋਂ ਤੱਕ ਅਫਸਰ ਤੁਹਾਨੂੰ ਬਾਹਰ ਆਉਣ ਲਈ ਨਾ ਕਹੇ, ਆਪਣੀ ਗੱਡੀ ਵਿੱਚੋਂ ਬਾਹਰ ਨਾ ਨਿਕਲੋ। ਤੁਹਾਨੂੰ ਰੋਕੇ ਜਾਣ ਦੇ ਦੌਰਾਨ, ਉਸ ਅਫਸਰ ਲਈ ਸਭ ਤੋਂ ਜ਼ਰੂਰੀ ਗੱਲ ਤੁਹਾਡੀ, ਤੁਹਾਡੀਆਂ ਸਵਾਰੀਆਂ ਦੀ ਅਤੇ ਅਫਸਰ ਦੀ ਆਪਣੀ ਨਿੱਜੀ ਸੁਰੱਖਿਆ ਦੀ ਹੈ। ਜ਼ਿਆਦਾਤਰ ਹਲਾਤਾਂ ਵਿੱਚ, ਤੁਹਾਡੇ ਲਈ ਅਤੇ ਤੁਹਾਡੀਆਂ ਸਵਾਰੀਆਂ ਲਈ ਸਭ ਤੋਂ ਸੁਰੱਖਿਅਤ ਥਾਂ ਤੁਹਾਡੀ ਗੱਡੀ ਦੇ ਅੰਦਰ ਹੀ ਹੁੰਦੀ ਹੈ। ਅਫਸਰ ਦੇ ਹੁਕਮ ਤੋਂ ਬਿਨ੍ਹਾਂ ਗੱਡੀ ਵਿੱਚੋਂ ਬਾਹਰ ਨਿਕਲਣ ਨਾਲ ਤੁਹਾਡਾ ਕਿਸੇ ਲੰਘ ਰਹੀ ਗੱਡੀ ਨਾਲ ਟਕਰਾਉਣ ਅਤੇ/ਜਾਂ ਅਫਸਰ ਨੂੰ ਆਪਣੇ ਆਪ ਤੇ ਧਮਕੀ ਮਹਿਸੂਸ ਕੀਤੇ ਜਾਣ ਦਾ ਖਤਰਾ ਵਧ ਜਾਂਦਾ ਹੈ।

ਆਪਣੇ ਅਤੇ ਸਵਾਰੀਆਂ ਦੇ ਹੱਥ ਅਜਿਹੀ ਥਾਂ ਤੇ ਰੱਖੋ ਜਿੱਥੇ ਉਹ ਸਾਫ ਨਜ਼ਰ ਆਉਣ ਜਿਵੇਂ ਕਿ ਸਟੀਅਰਿੰਗ ਵ੍ਹੀਲ ਦੇ ਉੱਤੇ, ਝੋਲੀ ਵਿੱਚ ਉੱਤਲੇ ਪਾਸੇ, ਵਗੈਰਾ। ਕਨੂੰਨ ਪਾਲਣਾ ਅਧਿਕਾਰੀ ਰਾਹੀਂ ਰੋਕੇ ਜਾਣ ਦੇ ਦੌਰਾਨ ਜੇ ਅਫਸਰ ਨੂੰ ਤੁਹਾਡੇ ਅਤੇ ਸਾਰੀਆਂ ਸਵਾਰੀਆਂ ਦੇ ਹੱਥ ਨਜ਼ਰ ਨਹੀਂ ਆਉਂਦੇ ਹਨ ਤਾਂ ਅਫਸਰ ਦਾ ਖਤਰਾ ਮਹਿਸੂਸ ਕਰਨਾ ਵਧ ਜਾਂਦਾ ਹੈ। ਕਨੂੰਨ ਪਾਲਣਾ ਅਧਿਕਾਰੀ ਦੇ ਖਿਲਾਫ਼ ਹਿੰਸਾਜਨਕ ਜ਼ੁਰਮ ਦੀਆਂ ਕਾਰਵਾਈਆਂ ਵਿੱਚ ਜ਼ਿਆਦਾਤਰ ਜ਼ੁਰਮ ਹੱਥਾਂ ਦੀ ਵਰਤੋਂ ਜਿਵੇਂ ਕਿ, ਪਿਸਤੌਲ, ਬੰਦੂਕ ਦੀ ਵਰਤੋਂ, ਤੇਜ਼ ਧਾਰ ਵਾਲੇ ਹਥਿਆਰ ਦੀ ਵਰਤੋਂ ਆਦਿ ਨਾਲ ਹੁੰਦੇ ਹਨ। ਜੇ ਤੁਹਾਡੀ ਗੱਡੀ ਦੀਆਂ ਬਾਰੀਆਂ ਵਿੱਚ ਰੰਗਦਾਰ ਸ਼ੀਸ਼ੇ ਲੱਗੇ ਹੋਏ ਹਨ, ਤਾਂ ਸਾਡੀ ਸਲਾਹ ਇਹ ਹੈ ਕਿ ਗੱਡੀ ਨੂੰ ਸੜਕ ਦੇ ਸੱਜੇ ਪਾਸੇ ਤੇ ਖੜੇ ਕਰਨ ਦੇ ਬਾਅਦ, ਅਤੇ ਅਫਸਰ ਰਾਹੀਂ ਤੁਹਾਨੂੰ ਸੰਪਰਕ ਕਰਨ ਤੋਂ ਪਹਿਲਾਂ, ਤੁਸੀਂ ਬਾਰੀਆਂ ਦੇ ਸ਼ੀਸ਼ੇ ਥੱਲੇ ਕਰ ਦਿਓ।

ਐਮਰਜੈਂਸੀਆਂ ਦਾ ਪਰਬੰਧਨ

ਮਸ਼ੀਨੀ ਸੁਝਾਅ

ਤਿਲਕਵੀਆਂ ਸੜਕਾਂ ਤੇ ਫਿਸਲਣਾ

ਜੰਮੀ ਹੋਈ ਬਰਫ ਅਤੇ ਦੱਬੀ ਹੋਈ ਬਰਫ ਦੇ ਕਾਰਨ ਤੁਹਾਡਾ ਵਾਹਨ ਤਿਲਕ ਸਕਦਾ ਹੈ, ਖਾਸ ਤੌਰ ਤੇ ਜੇ ਤੁਸੀਂ ਬਹੁਤ ਤੇਜ਼ ਚਲਾ ਰਹੇ ਹੋਵੋ ਜਾਂ ਢਲਾਣ ਤੋਂ ਥੱਲੇ ਵੱਲ ਜਾ ਰਹੇ ਹੋਵੋ। ਜੇ ਤੁਹਾਡੀ ਗੱਡੀ ਤਿਲਕਣ ਲੱਗਦੀ ਹੈ, ਤਾਂ:

- ਐਕਸੇਲਲੇਟਰ (ਗੈਸ) ਪੈਡਲ ਤੋਂ ਪੈਰ ਹਟਾ ਲਓ।
- ਬ੍ਰੇਕ ਲਗਾਉਣਾ ਛੱਡ ਦਿਓ।
- ਸਟੀਅਰਿੰਗ ਵ੍ਹੀਲ ਨੂੰ ਤਿਲਕਣ ਵਾਲੀ ਦਿਸ਼ਾ ਵੱਲ ਘੁਮਾਓ।

ਜੇ ਤੁਸੀਂ ਤਿਲਕਵੀਂ ਸੜਕ ਤੇ ਆਪਣੀ ਗੱਡੀ ਨੂੰ ਕਾਬੂ ਨਹੀਂ ਕਰ ਸਕਦੇ ਤਾਂ ਕੋਈ ਅਜਿਹੀ ਚੀਜ਼ ਦੀ ਭਾਲ ਕਰੋ ਜੋ ਤੁਹਾਡੀ ਗੱਡੀ ਨੂੰ ਰੋਕ ਸਕੇ। ਪਹੀਏ ਨੂੰ ਸੁੱਕੇ ਪੱਕੇ ਰਾਹ ਤੇ ਜਾਂ ਪਟੜੀ ਤੇ ਲੈ ਜਾਣ ਦੀ ਕੋਸ਼ਿਸ਼ ਕਰੋ। ਰੁਕਣ ਲਈ ਤੁਹਾਨੂੰ ਬਰਫ ਦੇ ਢੇਰ ਜਾਂ ਝਾੜੀਆਂ ਦੇ ਨਾਲ ਗੱਡੀ ਦੇ ਕਿਨਾਰੇ ਨੂੰ ਹਲਕਾ ਜਿਹਾ ਛੁਹਣਾ ਪੈ ਸਕਦਾ ਹੈ।

ਤਿਲਕਵੀਂ ਸੜਕਾਂ ਤੇ ਫਿਸਲਣ ਤੋਂ ਬਚਣ ਲਈ:

- ਗੱਡੀ ਘੱਟ ਰਫਤਾਰ ਤੇ ਚਲਾਓ ਅਤੇ ਅੱਗੇ ਵਾਲੀ ਗੱਡੀ ਤੋਂ ਜਿਆਦਾ ਦੂਰੀ ਤੇ ਰਹੋ।
- ਘੁਮਾਵਦਾਰ ਸੜਕਾਂ ਜਾਂ ਚੌਰਾਹੇ ਦੇ ਕੋਲ ਪਹੁੰਚਣ ਲੱਗਿਆਂ ਗੱਡੀ ਹੌਲੀ ਕਰ ਲਓ।
- ਗੱਡੀ ਨੂੰ ਤੇਜ਼ੀ ਨਾਲ ਨਾ ਮੋੜੋ।
- ਗੱਡੀ ਨੂੰ ਤੇਜ਼ੀ ਨਾਲ ਰੋਕਣ ਤੋਂ ਬੱਚੋ। ਗੱਡੀ ਨੂੰ ਹੌਲੀ ਕਰਨ ਜਾਂ ਰੋਕਣ ਲਈ ਬ੍ਰੇਕਾਂ ਨੂੰ "ਪੰਪ" ਕਰੋ (ਐਂਟੀ-ਲਾਕ ਬ੍ਰੇਕਾਂ ਨੂੰ ਪੰਪ ਨਾ ਕਰੋ)।
- ਤਿੱਖੇ ਢਲਾਣ ਤੇ ਥੱਲੇ ਜਾਂਦੇ ਹੋਏ ਗੱਡੀ ਹੇਠਲੇ ਗਿਅਰ ਵਿੱਚ ਲੈ ਆਓ।
- ਜਿਆਦਾ ਤਿਲਕਣ ਵਾਲੇ ਖੇਤਰਾਂ, ਜਿਵੇਂ ਕਿ ਜੰਮੀ ਹੋਈ ਬਰਫ ਵਾਲੀਆਂ ਥਾਵਾਂ, ਗਿੱਲੇ ਪੱਤਿਆਂ, ਤੇਲ ਜਾਂ ਡੂੰਘੇ ਖੱਡਿਆਂ, ਵਿੱਚ ਜਾਣ ਤੋਂ ਬੱਚੋ।

ਜੇ ਬ੍ਰੇਕਾਂ ਗਲੀਆਂ ਹੋ ਜਾਣ ਤਾਂ ਉਨ੍ਹਾਂ ਨੂੰ ਸੁਕਾਉਣ ਲਈ ਐਕਸੇਲਲੇਟਰ (ਗੈਸ) ਪੈਡਲ ਅਤੇ ਬ੍ਰੈਕ ਪੈਡਲ ਨੂੰ ਇੱਕੋ ਵੇਲੇਹੌਲੇ ਜਹਿਾ ਦਬਾਓ ਤਾਂਕਿ ਗੱਡੀ ਬ੍ਰੇਕਾਂ ਦੇ ਦਬਾਅ ਦੇ ਖਲਿਾਫ਼ ਚਲੇ। ਇਹ ਸਰਿਫ ਜਦੋਂ ਤੱਕ ਕਰੋ ਜਦੋਂ ਤੱਕ ਬ੍ਰੇਕਾਂ ਸੁੱਕ ਨਾ ਜਾਣ।

ਸੜਕ ਤੋਂ ਪਰੇ ਜਾਕੇ ਗੱਡੀ ਚਲਾਉਣਾ

ਜੇ ਤੁਹਾਡੀ ਗੱਡੀ ਦੇ ਪਹੀਏ ਸੜਕ ਤੋਂ ਉਰਰਣ ਲਗੇ, ਤਾਂ ਸਟੀਯਰਿੰਗ ਵ੍ਹੀਲ ਨੂੰ ਕਸ ਕੇ ਪਕੜ ਲਓ, ਆਪਣਾ ਪੈਰ ਐਕਸੇਲਲੇਟਰ (ਗੈਸ) ਪੈਡਲ ਤੋਂ ਹਟਾ ਲਓ, ਅਤੇ ਹੌਲੀ ਜਿਹੀ ਬ੍ਰੇਕ ਲਾਓ। ਆਪਣੇ ਪਿੱਛੇ ਦੇ ਟ੍ਰੈਫ਼ਿਕ ਤੇ ਨਜ਼ਰ ਮਾਰਨ ਤੋਂ ਬਾਅਦ, ਹੌਲੀ ਜਿਹੀ ਸੜਕ ਤੇ ਵਾਪਸ ਆ ਜਾਓ। ਆਪਣੀ ਗੱਡੀ ਦੇ ਸਟੀਯਰਿੰਗ ਵ੍ਹੀਲ ਨੂੰ ਅਚਾਨਕ ਨਾ ਖਿਚੋ ਜਾਂ ਮੋੜੋ; ਇਹ ਤੁਹਾਡੇ ਆਉਣ ਵਾਲੇ ਟ੍ਰੈਫ਼ਿਕ ਵਿੱਚ ਵੜਣ ਦਾ ਕਾਰਨ ਬਣ ਸਕਦਾ ਹੈ।

ਰਫਤਾਰ ਵਧਾਉਣ ਤੇ ਫਿਸਲਣਾ

ਰਫਤਾਰ ਵਧਾਉਣ ਨਾਲ ਗੱਡੀ ਆਮ ਤੌਰ ਤੇ ਉਦੋਂ ਫਿਸਲਦੀ ਹੈ ਜਦੋਂ ਗੱਡੀ ਦੇ ਪਹੀਇਆਂ ਦੀ ਸੜਕ ਦੀ ਸਤਹ ਨਾਲ ਜਕੜ ਖਤਮ ਹੋ ਜਾਂਦੀ ਹੈ। ਫਿਸਲਦੀ ਹੋਈ ਗੱਡੀ ਨੂੰ ਕਾਬੂ ਵਿੱਚ ਰੱਖਣ ਲਈ ਬ੍ਰੇਕਾਂ ਦੀ ਵਰਤੋਂ ਨਾ ਕਰੋ। ਐਕਸੇਲਲੇਟਰ (ਗੈਸ) ਪੈਡਲ ਨੂੰ ਢਿੱਲਾ ਛੱਡ ਦਿਓ ਅਤੇ ਜਦੋਂ ਗੱਡੀ ਕਾਬੂ ਵਿੱਚ ਆਉਣ ਲੱਗੇ ਤਾਂ ਅਗਲੇ ਪਹੀਇਆਂ ਨੂੰ ਸਿੱਧਾ ਕਰੋ।

ਜਕੜੇ ਹੋਏ ਪਹੀਇਆਂ ਦੇ ਕਾਰਨ ਤਿਲਕਣਾ

ਆਮ ਤੌਰ ਤੇ ਇਸ ਤਰ੍ਹਾਂ ਗੱਡੀ ਉਦੋਂ ਤਿਲਕਦੀ ਹੈ ਜਦੋਂ ਬਹੁਤ ਤੇਜ਼ ਰਫਤਾਰ ਤੇ ਚਲ ਰਹੀ ਗੱਡੀ ਨੂੰ ਬੜੀ ਜੋਰ ਨਾਲ ਬ੍ਰੇਕਾਂ ਮਾਰੀਆਂ ਜਾਂਦੀਆਂ ਹਨ ਜਿਸ ਨਾਲ ਪਹੀਏ ਜਕੜੇ ਜਾਂਦੇ ਹਨ। ਹੁਣ ਤੁਸੀਂ ਭਾਵੇਂ ਜਿਸ ਪਾੱਸੇ ਸਟੀਅਰਿੰਗ ਘੁਮਾਓ, ਗੱਡੀ ਜ਼ਰੂਰ ਫਿਸਲੇਗੀ। ਪਹੀਇਆਂ ਦੀ ਜਕੜ ਖੋਲ੍ਹਣ ਲਈ ਆਪਣਾ ਪੈਰ ਬ੍ਰੇਕ ਤੋਂ ਹਟਾ ਲਓ। ਹੁਣ ਜਦੋਂ ਗੱਡੀ ਕਾਬੂ ਵਿੱਚ ਆਉਣ ਲੱਗੇ ਤਾਂ ਅਗਲੇ ਪਹੀਇਆਂ ਨੂੰ ਸਿੱਧਾ ਕਰੋ। ਜੇ ਤੁਹਾਡੀ ਗੱਡੀ ਵਿੱਚ ਐਂਟੀ-ਲਾੱਕ ਬ੍ਰੇਕ ਨਾ ਲਗੇ ਹੋਣ ਅਤੇ ਤੁਹਾਡੀ ਗੱਡੀ ਪਹੀਇਆਂ ਦੀ ਜਕੜ ਕਾਰਨ ਤਿਲਕਣ ਲਗੇ ਤਾਂ ਬ੍ਰੇਕ ਨੂੰ ਹੌਲੀ-ਹੌਲੀ ਦਬਾਓ ਜਦੋਂ ਤੱਕ ਕਿ ਤੁਸੀਂ ਗੱਡੀ ਨੂੰ ਉਸ ਰਫਤਾਰ ਤੇ ਨਾ ਲੈ ਆਓ ਜਿਸ ਤੇ ਗੱਡੀ ਚਲਾਉਣਾ ਜਾਰੀ ਰੱਖਣਾ ਸੁਰੱਖਿਅਤ ਹੋਵੇ। ਲੇਕਿਨ ਜੇ ਤੁਸੀਂ ਬ੍ਰੇਕ ਪੈਡਲ ਨੂੰ ਦਬਾਉਂਦੇ ਹੋ ਅਤੇ ਉਹ ਪੂਰੀ ਤਰ੍ਹਾਂ ਹੇਠਾਂ ਨੂੰ ਚਲੀ ਜਾਉਂਦੀ ਹੈ ਤਾਂ ਦਬਾਅ ਬਣਾਉਣ ਲਈ ਬ੍ਰੇਕ ਪੈਡਲ ਨੂੰ ਜਲਦੀ-ਜਲਦੀ ਦਬਾਓ। ਜਦੋਂ ਤੁਸੀਂ ਬ੍ਰੇਕਾਂ ਦਬਾ ਰਹੇ ਹੋ ਤਾਂ ਆਪਣੀ ਗੱਡੀ ਨੂੰ ਰੋਕਣ ਲਈ ਹੇਠਲੇ ਗਿਅਰ ਤੇ ਜਾਂ ਨਿਊਟ੍ਰਲ ਤੇ ਲੈ ਜਾਓ। ਫੇਰ ਰੋਕਣ ਲਈ ਐਮਰਜੈਂਸੀ ਜਾਂ ਪਾਰਕਿੰਗ ਬ੍ਰੇਕ ਦੀ ਵਰਤੋਂ ਕਰੋ। ਗੱਡੀ ਨੂੰ ਹੌਲੀ ਕਰੋ ਜਦੋਂ ਤੱਕ ਕਿ ਤੁਸੀਂ ਗੱਡੀ ਨੂੰ ਉਸ ਰਫਤਾਰ ਤੇ ਨਾ ਲੈ ਆਓ ਜਿਸ ਤੇ ਗੱਡੀ ਚਲਾਉਣਾ ਜਾਰੀ ਰੱਖਣਾ ਸੁਰੱਖਿਅਤ ਹੋਵੇ।

ਐਕਸਲਰੇਟਰ ਦੀ ਖਰਾਬੀ

ਜੇ ਤੁਹਾਡੀ ਗੱਡੀ ਦਾ ਐਕਸਲਰੇਟਰ ਅਟਕ ਜਾਂਦਾ ਹੈ ਤਾਂ ਤੁਹਾਨੂੰ ਹੇਠਾਂ ਲਿੱਖਿਆ ਹੋਇਆ ਕਰਨਾ ਚਾਹੀਦਾ ਹੈ:

1. ਨਿਯੂਟ੍ਰਲ ਵਿੱਚ ਪਾ ਦਿਓ।
2. ਬ੍ਰੇਕਾਂ ਲਗਾਓ।
3. ਆਪਣੀ ਨਜ਼ਰ ਸੜਕ ਤੇ ਰੱਖੋ।
4. ਟ੍ਰੈਫਿਕ ਵਿੱਚੋਂ ਬਾਹਰ ਜਾਣ ਲਈ ਕੋਈ ਦੂਜਾ ਰਾਹ ਜਾਂ ਬਾਹਰ ਨਿਕਲਣ ਦੇ ਇੱਕ ਰਸਤੇ ਤੇ ਨਜ਼ਰ ਰੱਖੋ।
5. ਹੌਰਨ ਵਜਾ ਕੇ ਅਤੇ ਆਪਣੀ ਗੱਡੀ ਦੀਆਂ ਐਮਰਜੈਂਸੀ ਲਾਈਟਾਂ ਚਮਕਾ ਕੇ ਦੂਜੇ ਡ੍ਰਾਈਵਰਾਂ ਨੂੰ ਚੇਤਾਵਨੀ ਦਿਓ।
6. ਕੋਸ਼ਿਸ਼ ਕਰਕੇ ਗੱਡੀ ਸੜਕ ਤੋਂ ਬਾਹਰ ਲੈ ਆਓ।
7. ਗੱਡੀ ਰੋਕ ਦਿਓ ਅਤੇ ਇਗਨੀਸ਼ਨ ਨੂੰ ਬੰਦ ਕਰ ਦਿਓ।

ਚੇਤਾਵਨੀ: ਜਦੋਂ ਗੱਡੀ ਚੱਲ ਰਹੀ ਹੋਵੇ ਗੱਡੀ ਦੇ ਇਗਨੀਸ਼ਨ ਨੂੰ ਬੰਦ ਕਰਨ ਨਾਲ ਕਈ ਗੱਡੀਆਂ ਦੇ ਸਟੀਅਰਿੰਗਾਂ ਨੂੰ ਆਪਣੇ ਆਪ ਤਾਲਾ ਲੱਗ ਜਾਂਦਾ ਹੈ ਅਤੇ ਗੱਡੀ ਦਾ ਕੰਟਰੋਲ ਤੁਹਾਡੇ ਹੱਥ ਵਿੱਚ ਨਹੀਂ ਰਹੇਗਾ।

ਸਟੀਅਰਿੰਗ ਵ੍ਹੀਲ ਨੂੰ ਤਾਲਾ ਲਗਾਉਣ ਵਾਲਾ ਉਪਕਰਣ

ਜਦੋਂ ਗੱਡੀ ਚੱਲ ਰਹੀ ਹੋਵੇ ਆਪਣੀ ਗੱਡੀ ਦੀ ਇਗਨੀਸ਼ਨ ਨੂੰ ਕਦੇ ਵੀ "ਤਾਲੇ" ਵਾਲੀ ਸਥਿਤੀ ਵਿੱਚ ਨਾ ਲਿਆਓ, ਨਹੀਂ ਤਾਂ ਤੁਹਾਡੇ ਸਟੀਅਰਿੰਗ ਨੂੰ ਤਾਲਾ ਲੱਗ ਜਾਵੇਗਾ ਅਤੇ ਗੱਡੀ ਦਾ ਕੰਟਰੋਲ ਤੁਹਾਡੇ ਹੱਥ ਵਿੱਚ ਨਹੀਂ ਰਹੇਗਾ।

ਟੱਕਰਾਂ ਦੁਰਘਟਨਾਵਾਂ ਨਹੀਂ ਹਨ

ਟੱਕਰਾਂ ਹੋਣ ਦੇ ਕਾਰਨ

ਟੱਕਰਾਂ ਹੋਣ ਦੇ ਸੱਭ ਤੋਂ ਆਮ ਕਾਰਨ ਇਹ ਹਨ:

- ਡ੍ਰਾਈਵਰ ਦਾ ਧਿਆਨ ਕਿਸੇ ਹੋਰ ਪਾੱਸੇ ਹੋਣਾ।
- ਅਸੁਰੱਖਿਅਤ ਰਫਤਾਰ।
- ਸੜਕ ਦੇ ਗਲਤ ਪਾੱਸੇ ਗੱਡੀ ਚਲਾਉਣਾ।
- ਗਲਤ ਮੋੜ ਕੱਟਣਾ।
- ਲੰਘਣ ਦੇ ਅਧਿਕਾਰ ਦੇ ਨਿਯਮਾਂ ਦੀ ਉਲੰਘਣਾ।
- ਰੁਕਣ ਦੇ ਸਿਗਨਲਾਂ ਅਤੇ ਚਿੰਨ੍ਹਾਂ ਦੀ ਉਲੰਘਣਾ।

ਜੇ ਤੁਸੀਂ ਸਾਮ੍ਹਣੇ ਕਿਸੇ ਗੱਡੀ ਦੀਆਂ ਖਤਰੇ ਵਾਲੀਆਂ ਬੱਤੀਆਂ ਜਗਦੀਆਂ ਵੇਖੋ ਤਾਂ ਆਪਣੀ ਰਫਤਾਰ ਘਟਾ ਲਓ। ਹੋ ਸਕਦਾ ਹੈ ਕਿ ਉੱਥੇ ਕੋਈ ਟੱਕਰ ਹੋਈ ਹੋਵੇ ਜਾਂ ਕੋਈ ਸੜਕ ਸੰਬੰਧਤ ਐਮਰਜੈਂਸੀ ਹੋਵੇ। ਰੁਕੋ ਅਤੇ ਜੇ ਕਿਸੇ ਰਾਹੀਂ ਮਦਦ ਮੰਗੀ ਜਾਵੇ ਤਾਂ ਮਦਦ ਕਰੋ, ਨਹੀਂ ਤਾਂ ਬਹੁਤ ਧਿਆਨ ਨਾਲ ਗੱਡੀ ਅੱਗੇ ਕੱਢ ਲਓ।

ਜੇ ਹੋ ਸਕੇ, ਤਾਂ ਟੱਕਰਾਂ ਦੇ ਨੇੜੇ ਗੱਡੀ ਚਲਾਉਣ ਤੋਂ ਬੱਚੋ। ਜਖਮੀ ਲੋਕਾਂ ਦੀ ਸਹਾਇਤਾ ਜਿਆਦਾ ਤੇਜ਼ੀ ਨਾਲ ਤਾਂ ਹੋਵੇਗੀ ਜੇ ਦੂਜੀਆਂ ਗੱਡੀਆਂ ਸੜਕ ਤੇ ਰਸਤਾ ਨਹੀਂ ਰੋਕ ਰਹੀਆਂ ਹਨ।

ਇੱਕ ਟੱਕਰ ਵਿੱਚ ਸ਼ਾਮਲ ਹੋ

ਜੇ ਤੁਸੀਂ ਕਿਸੇ ਟੱਕਰ ਵਿੱਚ ਸ਼ਾਮਲ ਹੋ ਤਾਂ:

- ਤੁਹਾਡੇ ਲਈ ਰੁਕਣਾ ਜ਼ਰੂਰੀ ਹੈ। ਹੋ ਸਕਦਾ ਹੈ ਕਿਸੇ ਨੂੰ ਸੱਟ ਲੱਗੀ ਹੋਵੇ ਅਤੇ ਉਸਨੂੰ ਤੁਹਾਡੀ ਮਦਦ ਦੀ ਲੋੜ ਹੋਵੇ। ਜੇ ਤੁਸੀਂ ਨਹੀਂ ਰੁੱਕਦੇ ਤਾਂ ਤੁਹਾਨੂੰ "ਟੱਕਰ ਮਾਰਣ ਅਤੇ ਨੱਠ ਜਾਣ" ਦਾ ਦੋਸ਼ੀ ਪਾਇਆ ਜਾ ਸਕਦਾ ਹੈ ਅਤੇ ਸਖਤ ਸਜ਼ਾ ਹੋ ਸਕਦੀ ਹੈ।
- ਜੇ ਕਿਸੇ ਨੂੰ ਸੱਟ ਲਗੀ ਹੈ ਤਾਂ 9-1-1 ਨੰਬਰ ਤੇ ਫੋਨ ਕਰੋ।

- ਜੇ ਕਿਸੇ ਨੂੰ ਸੱਟ ਨਹੀਂ ਲਗੀ ਹੈ ਜਾਂ ਕਿਸੇ ਦੀ ਮੌਤ ਨਹੀਂ ਹੋਈ ਹੈ, ਤਾਂ ਆਪਣੀ ਗੱਡੀ ਨੂੰ ਟ੍ਰੈਫਿਕ ਲੇਨ ਵਿੱਚੋਂ ਬਾਹਰ ਕੱਢ ਲਓ।
- ਦੁਰਘਟਨਾ ਵਿੱਚ ਸ਼ਾਮਲ ਦੂਜੇ ਡ੍ਰਾਈਵਰ, ਜਾਂ ਸ਼ਾਮਲ ਲੋਕਾਂ ਨੂੰ, ਜਾਂ ਕਿਸੇ ਅਮਨ ਦੀ ਰੱਖਿਆ ਕਰਨ ਵਾਲੇ ਅਧਿਕਾਰੀ ਨੂੰ ਆਪਣਾ ਡ੍ਰਾਈਵਰ ਲਾਈਸੈਂਸ, ਗੱਡੀ ਦਾ ਰਜਿਸਟ੍ਰੇਸ਼ਨ ਕਾਰਡ, ਮਾਲੀ ਜ਼ੁੰਮੇਵਾਰੀ ਦਾ ਸਬੂਤ ਅਤੇ ਆਪਣਾ ਮੌਜੂਦਾ ਪਤਾ ਵਿਖਾਓ।
- ਜੇ ਟੱਕਰ ਵਿੱਚ ਕਿਸੇ ਦੀ ਮੌਤ ਹੋਈ ਹੈ ਜਾਂ ਕਿਸੇ ਨੂੰ ਸੱਟ ਲੱਗੀ ਹੈ ਤਾਂ ਤੁਹਾਡੇ (ਜਾਂ ਤੁਹਾਡੇ ਬੀਮਾ ਏਜੰਟ, ਬ੍ਰੋਕਰ ਜਾਂ ਕਨੂੰਨੀ ਪ੍ਰਤੀਨਿਧ) ਲਈ 24 ਘੰਟੇ ਦੇ ਅੰਦਰ-ਅੰਦਰ ਇਸਦੀ ਲਿੱਖਤ ਸੂਚਨਾ ਪੁਲਿਸ ਜਾਂ ਕੈਲੀਫੋਰਨੀਆ ਹਾਈਵੇ ਪੈਟਰੋਲ ਨੂੰ ਦੇਣੀ ਜ਼ਰੂਰੀ ਹੈ।
- 10 ਦਿਨ ਦੇ ਅੰਦਰ-ਅੰਦਰ ਤੁਹਾਡਾ (ਜਾਂ ਤੁਹਾਡੇ ਬੀਮਾ ਏਜੰਟ, ਬ੍ਰੋਕਰ ਜਾਂ ਕਨੂੰਨੀ ਪ੍ਰਤੀਨਿਧ) ਇਸਦੀ ਲਿੱਖਤ ਸੂਚਨਾ DMV ਨੂੰ ਦੇਣੀ ਜ਼ਰੂਰੀ ਹੈ।
- ਜੇ ਤੁਸੀਂ ਕਿਸੇ ਪਾਰਕ ਕੀਤੀ ਹੋਈ ਗੱਡੀ ਜਾਂ ਦੂਜੀ ਪ੍ਰਾਪਰਟੀ ਨੂੰ ਟੱਕਰ ਮਾਰੀ ਹੈ ਤਾਂ ਆਪਣੇ ਨਾਂ, ਫੋਨ ਨੰਬਰ ਅਤੇ ਪਤੇ ਵਾਲਾ ਇੱਕ ਧਿਆਨ ਦਿਓ ਤੁਹਾਡੇ ਦੁਆਰਾ ਟੱਕਰ ਮਾਰੀ ਗਈ ਕਾਰ ਜਾਂ ਪ੍ਰਾਪਰਟੀ ਦੇ ਅੰਦਰ ਜਾਂ ਉੱਥੇ ਪੱਕੀ ਤਰ੍ਹਾਂ ਲੱਗਾ ਕੇ ਛੱਡ ਦਿਓ। ਇਸ ਟੱਕਰ ਦੀ ਸੂਚਨਾ ਸ਼ਹਿਰ ਦੀ ਪੁਲਿਸ ਨੂੰ, ਜਾਂ, ਬਾਹਰੀ ਇਲਾਕਿਆਂ ਵਿੱਚ ਕੈਲੀਫੋਰਨੀਆ ਹਾਈਵੇ ਪੈਟਰੋਲ ਨੂੰ ਦਿਓ।
- ਜੇ ਤੁਹਾਡੀ ਪਾਰਕ ਕੀਤੀ ਹੋਈ ਗੱਡੀ ਰਿੜ੍ਹ ਕੇ ਕਿਸੇ ਹੋਰ ਗੱਡੀ ਨੂੰ ਟੱਕਰ ਮਾਰ ਦਿੰਦੀ ਹੈ ਤਾਂ ਉਸਦੇ ਮਾਲਕ ਦਾ ਪਤਾ ਲਗਾਉਣ ਦੀ ਕੋਸ਼ਿਸ ਕਰੋ ਅਤੇ ਉੱਤੇ ਦੱਸੇ ਤਰੀਕੇ ਅਨੁਸਾਰ ਅਧਿਕਾਰੀਆਂ ਨੂੰ ਖਬਰ ਕਰੋ।
- ਜੇ ਤੁਸੀਂ ਕਿਸੇ ਜਾਨਵਰ ਨੂੰ ਮਾਰ ਜਾਂ ਘਾਇਲ ਕਰ ਦਿੰਦੇ ਹੋ ਤਾਂ ਸੱਭ ਤੋਂ ਨਜ਼ਦੀਕੀ ਹਿਊਮੇਨ ਸੋਸਾਇਟੀ, ਜਾਂ ਪੁਲਿਸ, ਜਾਂ ਕੈਲੀਫੋਰਨੀਆ ਹਾਈਵੇ ਪੈਟਰੋਲ ਨੂੰ ਫੋਨ ਕਰੋ। ਜਖ਼ਮੀ ਜਾਨਵਰ ਨੂੰ ਆਪਣੀ ਥਾਂ ਤੋਂ ਹਟਾਉਣ ਦੀ ਜਾਂ ਉਸਨੂੰ ਮਰਣ ਲਈ ਛੱਡ ਕੇ ਜਾਣ ਦੀ ਕੋਸ਼ਿਸ਼ ਨਾ ਕਰੋ।

ਇੱਕ ਟੱਕਰ ਦੀ ਸੂਚਨਾ ਦੇਣਾ

ਜਦੋਂ ਤੁਹਾਡੀ ਕਿਸੇ ਨਾਲ ਕੋਈ ਟੱਕਰ ਹੋਈ ਹੋਵੇ ਤਾਂ ਇਸਦੀ ਸੂਚਨਾ 10 ਦਿਨ ਦੇ ਅੰਦਰ DMV ਨੂੰ ਦਿਓ, ਜੇ:

- ਕਿਸੇ ਵਿਅਕਤੀ ਦੀ ਸੰਪਤੀ ਨੂੰ $1,000 ਤੋਂ ਵਧ ਦਾ ਨੁਕਸਾਨ ਹੋਇਆ ਹੋਵੇ।
- ਕਿਸੇ ਨੂੰ ਸੱਟ (ਭਾਵੇਂ ਜਿੰਨੀ ਵੀ ਮਾਮੂਲੀ) ਲੱਗੀ ਹੋਵੇ ਜਾਂ ਕਿਸੇ ਦੀ ਮੋਤ ਹੋਈ ਹੋਵੇ।

ਹਰ ਡ੍ਰਾਈਵਰ (ਜਾਂ ਡ੍ਰਾਈਵਰ ਦਾ ਬੀਮਾ ਏਜੰਟ, ਦਲਾਲ ਜਾਂ ਕਨੂੰਨੀ ਪ੍ਰਤੀਨਿਧ) ਲਈ ਕੈਲੀਫੋਰਨੀਆ ਵਿੱਚ ਹੋਣ ਵਾਲੀ ਟ੍ਰੈਫ਼ਿਕ ਦੁਰਘਟਨਾ ਦੀ ਰਿਪੋਰਟ (*Report of Traffic Accident Occurring in California*, SR 1) ਫਾਰਮ ਦੀ ਵਰਤੋਂ ਕਰਕੇ **DMV** ਨੂੰ ਰਿਪੋਰਟ ਕਰਨਾ ਜ਼ਰੂਰੀ ਹੈ। ਵਾਧੂ ਜਾਣਕਾਰੀ ਲਈ **www.dmv.ca.gov** ਤੇ ਔਨਲਾਈਨ ਜਾਓ ਜਾਂ 1-800-777-0133 ਤੇ ਫੋਨ ਕਰੋ, ਅਤੇ SR 1 ਫਾਰਮ ਮੰਗੋ। ਤੁਹਾਡੇ ਲਈ ਇਹ ਰਿਪੋਰਟ ਕੈਲੀਫੋਰਨੀਆ ਹਾਈਵੇ ਪੈਟਰੋਲ ਜਾਂ ਪੁਲਿਸ ਤਿਆਰ ਨਹੀਂ ਕਰੇਗੀ।

ਭਾਵੇਂ ਇਹ ਟੱਕਰ ਨਿਜੀ ਸੰਪੱਤੀ ਤੇ ਹੋਈ ਹੋਵੇ, ਤੁਹਾਡੇ ਜਾਂ ਤੁਹਾਡੇ ਪ੍ਰਤੀਨਿਧ ਲਈ ਇਹ ਰਿਪੋਰਟ ਕਰਨੀ ਜ਼ਰੂਰੀ ਹੈ ਇੱਥੋਂ ਤੱਕ ਕਿ ਜੇ ਉਸ ਟੱਕਰ ਦਾ ਕਾਰਨ ਤੁਸੀਂ ਹੋ ਜਾਂ ਨਹੀਂ।

ਤੁਹਾਡੇ ਡ੍ਰਾਈਵਿੰਗ ਦੇ ਅਧਿਕਾਰ ਮੁਅੱਤਲ ਕਰ ਦਿੱਤੇ ਜਾਣਗੇ:

- ਜੇ ਤੁਸੀਂ ਇਹ ਰਿਪੋਰਟ ਨਹੀਂ ਕਰਦੇ।
- 4 ਸਾਲਾਂ ਤੱਕ ਲਈ, ਜੇ ਤੁਹਾਡੇ ਕੋਲ ਸਹੀ ਬੀਮਾ ਕਵਰੇਜ ਨਹੀਂ ਹੈ, ਭਾਵੇਂ ਟੱਕਣ ਲਗਣ ਵੇਲੇ ਕਿਸੇ ਦੀ ਵੀ ਗਲਤੀ ਕਿਉਂ ਨਾ ਹੋਵੇ। ਮੁਅੱਤਲੀ ਦੇ ਅਖੀਰਲੇ 3 ਸਾਲਾਂ ਵਿੱਚ ਤੁਹਾਡਾ ਡ੍ਰਾਈਵਰ ਲਾਈਸੈਂਸ ਤੁਹਾਨੂੰ ਵਾਪਸ ਕੀਤਾ ਜਾ ਸਕਦਾ ਹੈ, ਜੇ ਤੁਸੀਂ ਕੈਲੀਫੋਰਨੀਆ ਬੀਮਾ ਸਬੂਤ ਸਰਟੀਫਿਕੇਟ (*California Insurance Proof Certificate*, SR 22/SR 1P) ਪ੍ਰਦਾਨ ਕਰਦੇ ਹੋ ਅਤੇ ਇਸ 3 ਸਾਲ ਦੀ ਮਿਆਦ ਦੇ ਦੌਰਾਨ ਇਸ ਨੂੰ ਜਾਰੀ ਰੱਖਦੇ ਹੋ।

ਸੁਰੱਖਿਆ ਸਬੰਧੀ ਸੁਝਾਓ

ਫ੍ਰੀਵੇ ਤੇ

ਕੈਲੀਫੋਰਨੀਆ ਹਾਈਵੇ ਪੈਟਰੋਲ ਦੇ ਮੁਤਾਬਕ, ਜੇ ਤੁਹਾਡੀ ਗੱਡੀ ਫ੍ਰੀਵੇ ਤੇ ਖਰਾਬ ਹੋ ਜਾਏ, ਤਾਂ:

- ਸੁਰੱਖਿਅਤ ਤਰੀਕੇ ਨਾਲ ਸੱਜੇ ਪਾੱਸੇ ਦੇ ਸ਼ੋਲਡਰ ਆ ਜਾਓ।
- ਜੇ ਤੁਹਾਡਾ ਗੱਡੀ ਤੋਂ ਬਾਹਰ ਨਿਕਲਣਾ ਜ਼ਰੂਰੀ ਹੈ ਤਾਂ ਆਪਣੇ ਸੱਜੇ ਪਾੱਸੇ ਵਲੋਂ, ਟ੍ਰੈਫਿਕ ਤੋਂ ਪਰੇ, ਹੀ ਨਿਕਲਣਾ ਚਾਹੀਦਾ ਹੈ।
- ਮਦਦ ਲਈ ਪ੍ਰਬੰਧ ਕਰਨ ਤੋਂ ਬਾਅਦ, ਆਪਣੇ ਵਾਹਨ ਕੋਲ ਵਾਪਸ ਆਓ, ਸੱਜੇ ਪਾੱਸੇ ਵਲੋਂ ਹੀ ਗੱਡੀ ਦੇ ਅੰਦਰ ਜਾਓ (ਟ੍ਰੈਫਿਕ ਤੋਂ ਪਰੇ), ਅਤੇ ਆਪਣੀਆਂ ਸੀਟ ਬੈਲਟਾਂ ਲਗਾ ਲਓ।
- ਜਦੋਂ ਤੱਕ ਮਦਦ ਨਹੀਂ ਆਉਂਦੀ ਆਪਣੀ ਗੱਡੀ ਦੇ ਅੰਦਰ ਸੀਟ ਬੈਲਟਾਂ ਲਗਾ ਕੇ ਬੈਠੇ ਰਹੋ।

ਕੁਝ ਹਾਲਤਾਂ ਵਿੱਚ, ਜਦੋਂ ਕਿਕਾਫੀ ਪਟੜੀ ਦੀ ਖਾਲੀ ਥਾਂ ਮੌਜੂਦ ਨਹੀਂ ਹੈ, ਜਾਂ ਉੱਥੇ ਬਚਾਓ ਰੇਲਿੰਗ ਲੱਗੀ ਹੋਈ ਹੈ ਜਾਂ ਸੁਰੱਖਿਅਤ ਰਹਿਣ ਲਈ ਫ੍ਰੀਵੇ ਦੀ ਲੇਨਾਂ ਤੋਂ ਪਰੇ ਅਤੇ ਆਪਣੇ ਵਾਹਨ ਤੋਂ ਪਰੇ ਖਾਲੀ ਥਾਂ ਹੈ ਤਾਂ ਆਪਣੀ ਗੱਡੀ ਤੋਂ ਬਾਹਰ ਆ ਜਾਓ। ਮੌਸਮਦੇ ਹਲਾਤਾਂ ਅਨੁਸਾਰ ਆਪਣੇ ਵਿਵੇਕ ਮੁਤਾਬਕ ਚੇਤਾਵਨੀ ਦੇਣ ਵਾਲੀਆਂ ਜਗਦੀਆਂ-ਬੁਝਦੀਆਂ ਬੱਤੀਆਂ ਦੀ ਵਰਤੋਂ ਕਰੋ। ਬੱਤੀਆਂ ਮਦਦਗਾਰ ਹੋ ਸਕਦੀਆਂ ਹਨ ਪਰ ਇਹ ਸ਼ਰਾਬੀ ਡ੍ਰਾਈਵਰਾਂ ਨੂੰ ਵੀ ਆਕਰਸ਼ਤ ਕਰ ਸਕਦੀਆਂ ਹਨ। ਕੈਲੀਫੋਰਨੀਆ ਹਾਈਵੇ ਪੈਟਰੋਲ ਦੀ ਫ੍ਰੀਵੇ ਸਰਵਿਸ ਪੈਟਰੋਲ (*Freeway Service Patrol*, FSP) ਭਾਰੀ ਆਵਾਜਾਈ ਦੇ ਸਮੇਂ ਦੌਰਾਨ ਮੁਫਤ ਸੜਕ ਦੀ ਸਹਾਇਤਾ ਪ੍ਰਦਾਨ ਕਰਦੀ ਹੈ। ਜੇ ਫ੍ਰੀਵੇ ਸਰਵਿਸ ਪੈਟਰੋਲ ਤੁਹਾਡੀ ਗੱਡੀ ਨੂੰ ਚਲਾ ਨਾ ਸਕਿਆ ਤਾਂ ਇਸਨੂੰ ਕੈਲੀਫੋਰਨੀਆ ਹਾਈਵੇ ਪੈਟਰੋਲ ਰਾਹੀਂ ਮਾਨਤਾ ਪ੍ਰਾਪਤ ਥਾਂ ਤੱਕ ਮੁਫਤ ਟੋਅ ਕਰਕੇ ਲੈ ਜਾਇਆ ਜਾਵੇਗਾ। ਫ੍ਰੀਵੇ ਸਰਵਿਸ ਪੈਟਰੋਲ ਤੁਹਾਡੇ ਲਈ ਵਾਧੂ ਸਹਾਇਤਾ ਦਾ ਪ੍ਰਬੰਧ ਵੀ ਕਰੇਗੀ। ਕੈਲੀਫੋਰਨੀਆ ਹਾਈਵੇ ਪੈਟਰੋਲ ਕਿਸੇ ਆਟੋ ਕਲੱਬ ਜਾਂ ਟੋਅ ਸਰਵਿਸ ਦੇਣ ਵਾਲੀ ਕੰਪਨੀ ਨੂੰ ਸੂਚਿਤ ਕਰੇਗੀ।

ਜੇ ਤੁਸੀਂ ਫ੍ਰੀਵੇ ਉੱਤੇ ਫੱਸ ਜਾਂਦੇ ਹੋ ਕਿਉਂਕਿ ਤੁਹਾਡੀ ਗੱਡੀ ਰੁਕ ਗਈ ਹੈ, ਤਾਂ ਫ੍ਰੀਵੇ ਸਰਵਿਸ ਪੈਟਰੋਲ ਕਰੇਗਾ:

- ਜੇ ਤੁਹਾਡੀ ਗੱਡੀ ਵਿੱਚ ਗੈਸ ਮੁੱਕ ਗਈ ਹੈ ਤਾਂ ਇੱਕ ਗੈਲਨ ਤੇਲ ਦੇਵੇਗਾ।
- ਜੇ ਬੈਟਰੀ ਬੇਜਾਨ ਹੋ ਜਾਂਦੀ ਹੈ ਤਾਂ ਤੁਹਾਡੀ ਗੱਡੀ ਨੂੰ "ਜੰਪ ਸਟਾਰਟ" ਕਰੇਗਾ।
- ਤੁਹਾਡੀ ਗੱਡੀ ਦੇ ਰੇਡੀਏਟਰ ਨੂੰ ਭਰੇਗਾ ਅਤੇ ਹੋਜ਼ਾਂ ਨੂੰ ਟੇਪ ਲਗਾ ਦੇਵੇਗਾ।
- ਪੰਚਰ ਹੋਏ ਟਾਇਰ ਨੂੰ ਬਦਲੇਗਾ।
- ਕੈਲੀਫੋਰਨੀਆ ਹਾਈਵੇ ਪੈਟਰੋਲ ਨੂੰ ਕਿਸੇ ਟੱਕਰ ਬਾਰੇ ਰਿਪੋਰਟ ਕਰਦਾ ਹੈ।

FSP ਪ੍ਰੋਗਰਾਮ ਹੇਠਾਂ ਦਿੱਤੇ ਨਹੀਂ ਕਰੇਗਾ:

- ਤੁਹਾਡੀ ਗੱਡੀ ਨੂੰ ਟੋਅ ਕੇ ਕਿਸੇ ਨਿਜੀ ਮੁਰੰਮਤ ਦੀ ਦੁਕਾਨ ਜਾਂ ਘਰ ਨਹੀਂ ਲੈ ਜਾਏਗਾ।
- ਟੋਅ ਕਰਨ ਵਾਲੀਆਂ ਜਾਂ ਮੁਰੰਮਤ ਅਤੇ ਬਾਡੀ ਸ਼ੌਪ ਕੰਪਨੀਆਂ ਦੀ ਸਿਫਾਰਿਸ਼ ਨਹੀਂ ਕਰੇਗਾ।
- ਮੋਟਰਸਾਈਕਲਾਂ ਨੂੰ ਟੋਅ ਕਰਕੇ ਨਹੀਂ ਲੈ ਜਾਏਗਾ।
- ਜਦੋਂ ਤੱਕ ਕੈਲੀਫੋਰਨੀਆ ਹਾਈਵੇ ਪੈਟਰੋਲ ਰਾਹੀਂ ਨਿਰਦੇਸ਼ਿਤ ਨਾ ਕੀਤਾ ਜਾਏ ਉਨ੍ਹਾਂ ਗੱਡੀਆਂ ਦੀ ਮਦਦ ਨਹੀਂ ਕਰੇਗਾ ਜੋ ਕਿਸੇ ਟੱਕਰ ਵਿਚ ਸ਼ਾਮਲ ਹੋਣ।

ਇਹ ਵੇਖਣ ਲਈ ਕਿ ਤੁਸੀਂ ਜਿੱਥੇ ਹੋ ਉੱਥੇ ਫ੍ਰੀਵੇ ਸਰਵਿਸ ਪੈਟਰੋਲ ਕਾਰਵਾਈ ਕਰਦਾ ਹੈ ਕਿ ਨਹੀਂ ਅਤੇ ਇਹ ਜਾਣਨ ਲਈ ਕਿ ਫ੍ਰੀਵੇ ਸਰਵਿਸ ਪੈਟਰੋਲ ਨੂੰ ਸੰਪਰਕ ਕਿਸ ਤਰ੍ਹਾਂ ਕੀਤਾ ਜਾਵੇ, 5-1-1 'ਤੇ ਫੋਨ ਕਰੋ।

ਰੇਲਵੇ ਲਾਈਨਾਂ ਦੇ ਨਜ਼ਦੀਕ

ਜੇ ਤੁਹਾਡੀ ਗੱਡੀ ਰੁਕ ਗਈ ਹੈ ਜਾਂ ਵੈਸੇ ਖਰਾਬ ਹੋ ਗਈ ਹੈ ਅਤੇ ਟ੍ਰੇਨ ਟ੍ਰੈਕਸ ਦੇ ਕਿਸੇ ਹਿੱਸੇ ਨੂੰ ਬਲੌਕ ਕਰ ਰਹੀ ਹੈ, ਕੋਈ ਦੁਰਘਟਨਾ ਨਹੀਂ ਹੋਈ ਹੈ ਜਾਂ ਸੱਟ ਨਹੀਂ ਲਗੀ ਹੈ, ਅਤੇ:

- ਚੇਤਾਵਨੀ ਰੌਸ਼ਨੀ ਜੱਗ-ਬੁਝ ਰਹੀਆਂ ਹਨ/ਸਾਮ੍ਹਣੇ ਤੋਂ ਟ੍ਰੇਨ ਆ ਰਹੀ ਹੈ—ਫੌਰਨ ਆਪਣੀ ਗੱਡੀ ਚੋਂ ਬਾਹਰ ਨਿਕਲ ਜਾਓ ਅਤੇ ਟ੍ਰੈਕ ਤੋਂ ਪਰੇ 45 ਡਿਗਰੀ ਦੇ ਕੋਣ ਵਿੱਚ ਉਸ ਦਿਸ਼ਾ ਵਿੱਚ ਦੌੜਨਾ ਸ਼ੁਰੂ ਕਰ ਦਿਓ ਜਿਹੜੇ ਵਲੋਂ ਟ੍ਰੇਨ ਆ ਰਹੀ ਹੈ। ਤੁਹਾਡੇ ਕੋਲ ਟ੍ਰੇਨ ਦੇ ਪਹੁੰਚਣ ਤੋਂ ਪਹਿਲਾਂ ਭੱਜਣ ਲਈ ਸਿਰਫ਼ 20 ਸਕਿੰਟਾਂ ਦਾ ਸਮਾਂ ਹੋ ਸਕਦਾ ਹੈ।
- ਚੇਤਾਵਨੀ ਰੌਸ਼ਨੀ ਜੱਗ-ਬੁਝ ਨਹੀਂ ਰਹੀ ਹੈ/ਤੁਸੀਂ ਆਉਂਦੀ ਹੋਈ ਕੋਈ ਟ੍ਰੇਨ ਨਹੀਂ ਵੇਖ ਰਹੇ ਹੋ—ਆਪਣੀ ਗੱਡੀ ਤੋਂ ਬਾਹਰ ਨਿਕਲੋ ਅਤੇ ਟ੍ਰੈਕ੍ਸ ਦੇ ਨੇੜੇ ਰੇਲਰੋਡ ਕ੍ਰਾਸਿੰਗ ਪੋਸਟ ਜਾਂ ਮੈਟਲ ਕੰਟ੍ਰੋਲ ਬਾਕਸ ਤੇ ਦਿੱਤੇ ਐਮਰਜੈਂਸੀ ਧਿਆਨ ਨੋਟੀਫਿਕੇਸ਼ਨ ਸਿਸਟਮ (*Emergency Notification System*, ENS) ਨੰਬਰ ਤੇ ਫੌਰਨ ਫੋਨ ਕਰੋ। ਥਾਂ ਦੱਸੋ, ਕ੍ਰਾਸਿੰਗ ਨੰਬਰ (ਜੇ ਲਿਖਿਆ ਹੋਵੇ), ਅਤੇ ਸੜਕ ਜਾਂ ਹਾਈਵੇ ਬਾਰੇ ਦੱਸੋ ਜੋ ਉਨ੍ਹਾਂ ਟ੍ਰੈਕਾਂ ਨੂੰ ਇੰਟਰਸੈਕਟ (ਹੋ ਕੇ ਗੁਜਰਦਾ) ਕਰਦਾ ਹੈ। ਇਹ ਦੱਸਣਾ ਯਕੀਨੀ ਬਣਾਓ ਕਿ ਟ੍ਰੈਕਸ ਤੇ ਕੋਈ ਗੱਡੀ ਹੈ। ENS ਨੂੰ ਕਾਲ ਕਰਨ ਤੋਂ ਬਾਅਦ, 9-1-1 'ਤੇ ਕਾਲ ਕਰੋ।

ਡ੍ਰਾਈਵਰ ਦਾ ਤਿਆਰ ਹੋਣਾ

ਨਜ਼ਰ

ਸੁਰੱਖਿਅਤ ਤਰੀਕੇ ਨਾਲ ਗੱਡੀ ਚਲਾਉਣ ਲਈ ਨਜ਼ਰ ਦਾ ਠੀਕ ਹੋਣਾ ਜ਼ਰੂਰੀ ਹੈ (ਪੰਨਾ 20 ਤੇ ਨਜ਼ਰ ਦੇ ਅਨੁਭਾਗ ਨੂੰ ਵੇਖੋ)। ਜੇ ਤੁਸੀਂ ਸਾਫ ਢੰਗ ਨਾਲ ਨਹੀਂ ਵੇਖ ਸਕਦੇ ਹੋ ਤਾਂ ਤੁਸੀਂ ਦੂਰੀ ਦਾ ਸਹੀ ਅੰਦਾਜ਼ਾ ਨਹੀਂ ਲੱਗਾ ਸਕਦੇ ਜਾਂ ਆਉਣ ਵਾਲੀ ਮੁਸੀਬਤ ਦੀ ਪਛਾਣ ਨਹੀਂ ਕਰ ਸਕਦੇ, ਅਤੇ ਤੁਸੀਂ ਸੱਭ ਤੋਂ ਬਿਹਤਰ ਨਿਰਣਾ ਲੈਣ ਦੇ ਯੋਗ ਨਹੀਂ ਬਣ ਪਾਓਗੇ। ਤੁਹਾਨੂੰ ਆਪਣੇ ਆਸੇ-ਪਾਸੇ ਜਾਂ "ਆਪਣੀ ਅੱਖ ਦੇ ਕੋਨੇ ਵਿੱਚੋਂ" ਵੇਖਣ ਦੀ ਲੋੜ ਵੀ ਪੈਂਦੀ ਹੈ ਤਾਂ ਕਿ ਤੁਸੀਂ ਆਪਣੇ ਦੋਵਾਂ ਪਾੱਸਿਆਂ ਤੋਂ ਲੰਘ ਰਹੀਆਂ ਗੱਡੀਆਂ ਨੂੰ ਵੇਖ ਸਕੋ ਜੱਦ ਕਿ ਤੁਹਾਡੀ ਨਜ਼ਰ ਆਪਣੇ ਅੱਗੇ ਵਾਲੀ ਸੜਕ ਤੇ ਹੈ। ਹਰ ਸਾਲ ਜਾਂ ਦੋ ਸਾਲ ਬਾਅਦ ਆਪਣੀਆਂ ਅੱਖਾਂ ਟੈਸਟ ਕਰਾਓ।

ਸੁਣਨ ਦੀ ਸ਼ਕਤੀ

ਹੌਰਨ, ਸਾਇਰਨ ਜਾਂ ਘਸੀਟਦੇ ਹੋਏ ਟਾਇਰਾਂ ਦੀ ਆਵਾਜ਼ ਤੁਹਾਨੂੰ ਖਤਰੇ ਦੀ ਚੇਤਾਵਨੀ ਦੇ ਸਕਦੀ ਹੈ। ਕਈ ਵਾਰ ਤੁਸੀਂ ਗੱਡੀ ਦੀ ਆਵਾਜ਼ ਸੁਣ ਸਕਦੇ ਹੋ ਪਰ ਉਸਨੂੰ ਵੇਖ ਨਹੀਂ ਸਕਦੇ, ਖਾਸ ਤੌਰ ਤੇ ਜੇ ਉਹ ਤੁਹਾਡੇ ਬਲਾਇੰਡ ਸਪੌਟ ਵਿੱਚ ਹੈ।

ਸੁਣਨ ਦੀ ਚੰਗੀ ਸ਼ਕਤੀ ਵਾਲੇ ਲੋਕ ਵੀ ਤਾਂ ਨਹੀਂ ਸੁਣ ਪਾਉਂਦੇ ਜਦੋਂ ਕਿ ਆਸ-ਪਾਸ ਬਹੁਤੇਰਾ ਸ਼ੋਰ ਹੋਵੇ। ਡ੍ਰਾਈਵਿੰਗ ਕਰਨ ਵੇਲੇ ਦੋਵੇਂ ਕੰਨਾਂ ਵਿੱਚ ਹੈਡਸੈਟ ਜਾਂ ਈਅਰਪਲੱਗ ਲਾਉਣਾ ਗੈਰਕਨੂੰਨੀ ਹੈ।

ਸੁਣਨ ਸਬੰਧੀ ਸਮੱਸਿਆਵਾਂ ਵੀ ਇੰਨੀ ਹੌਲੀ-ਹੌਲੀ ਆ ਸਕਦੀਆਂ ਹਨ ਕਿ ਤੁਸੀਂ ਉਸ ਵੱਲ ਧਿਆਨ ਹੀ ਨਾ ਦਿਓ। ਵੇਲੇ-ਵੇਲੇ ਤੇ ਆਪਣੀ ਸੁਣਨ ਦੀ ਸ਼ਕਤੀ ਦੀ ਜਾਂਚ ਕਰਵਾਓ। ਜਿਨ੍ਹਾਂ ਡ੍ਰਾਈਵਰਾਂ ਨੂੰ ਪਤਾ ਹੁੰਦਾ ਹੈ ਕਿ ਉਹ ਡੋਰੇ ਹਨ ਜਾਂ ਉਨ੍ਹਾਂ ਨੂੰ ਘੱਟ ਸੁਣਾਈ ਪੈਂਦਾ ਹੈ, ਉਹ ਆਪਣੀ ਗੱਡੀ ਚਲਾਉਣ ਦੀ ਸੁਰੱਖਿਆਤਮਕ ਆਦਤਾਂ ਨੂੰ ਸੁਣਨ ਦੀ ਬਜਾਇ ਵੇਖਣ ਤੇ ਜਿਆਦਾ ਨਿਰਭਰ ਰਹਿ ਕੇ ਅਨੁਕੂਲ ਬਣਾ ਲੈਂਦੇ ਹਨ ਅਤੇ ਇਸ ਤਰ੍ਹਾਂ ਉਹ ਆਪਣੇ ਸੁਣਨ ਦੀ ਘਾਟ ਨੂੰ ਪੂਰਾ ਕਰ ਲੈਂਦੇ ਹਨ।

ਥੱਕੇ ਹੋਣ ਤੇ ਜਾਂ ਨਿੰਦਰਾਲੀ ਡ੍ਰਾਈਵਿੰਗ

ਥਕਾਵਟ ਜਾਂ ਸੁਸਤੀ ਤੁਹਾਡੀ ਨਜ਼ਰ ਨੂੰ ਪਰਭਾਵਿਤ ਕਰ ਸਕਦੀ ਹੈ ਅਤੇ ਖਤਰਿਆਂ ਪ੍ਰਤੀ ਤੁਹਾਡੇ ਪ੍ਰਤੀਕਿਰਿਆ ਦੇ ਸਮੇਂ ਨੂੰ ਵਧਾ ਸਕਦੀ ਹੈ। ਜੇ ਤੁਸੀਂ ਥੱਕੇ ਹੋਏ ਜਾਂ ਸੁਸਤ ਹੋ ਤਾਂ ਗੱਡੀ ਚਲਾਉਣ ਤੋਂ ਪਰਹੇਜ਼ ਕਰੋ।

ਨਿੰਦਰਾਲੀ ਡ੍ਰਾਈਵਿੰਗ ਤੇ ਹੇਠਾਂ ਦਿੱਤੀਆਂ ਚੀਜ਼ਾਂ ਅਸਰ ਨਹੀਂ ਪਾਉਂਣਗੀਆਂ:

- ਗੱਡੀ ਦੀ ਖਿੜਕਿਆਂ ਦੇ ਸ਼ੀਸ਼ੇ ਥੱਲੇ ਕਰਨਾ।
- ਕੈਫੀਨ ਜਾਂ ਖੰਡ ਪੀਣਾ/ਖਾਣਾ।
- ਰੇਡੀਓ ਚਾਲੂ ਕਰਨਾ ਜਾਂ ਉੱਚਾ ਕਰਨਾ।
- ਏਅਰ ਕੰਡੀਸ਼ਨਰ ਚਾਲੂ ਕਰਨਾ।

ਨਿੰਦਰਾਲੀ ਡ੍ਰਾਈਵਿੰਗ ਤੇ ਹੇਠਾਂ ਦਿੱਤੀਆਂ ਚੀਜ਼ਾਂ ਅਸਰ ਪਾਉਣਗੀਆਂ:

- ਗੱਡੀ ਚਲਾਉਣ ਤੋਂ ਪਹਿਲਾਂ ਚੰਗੀ ਨੀਂਦਰ ਲੈਣਾ, ਅਤੇ ਜਦ ਤੱਕ ਤੁਸੀਂ ਅਰਾਮ ਨਾ ਕਰ ਲਓ ਤਾਂ ਤੱਕ ਗੱਡੀ ਨਾ ਚਲਾਓ।
- ਕਿਸੇ ਯਾਤਰੀ ਨਾਲ ਗੱਡੀ ਚਲਾਉਣਾ, ਅਤੇ ਜਦੋਂ ਤੁਸੀਂ ਨਿੰਦਰਾਲਾ ਮਹਿਸੂਸ ਕਰੋ ਤਾਂ ਡ੍ਰਾਈਵਰ ਬਦਲ ਲਓ।
- ਭਾਵੇਂ ਤੁਸੀਂ ਥਕੇ ਹੋਏ ਨਾ ਹੋਵੋ ਤਾਂ ਵੀ ਥੋੜ੍ਹੀ-ਥੋੜ੍ਹੀ ਦੇਰ ਬਾਅਦ ਵਿਸ਼ਰਾਮ ਲਈ ਰੁਕੋ।
- ਰਾਈਡ ਸੇਵਾ ਨੂੰ ਜਾਂ ਕਿਸੇ ਦੋਸਤ ਨੂੰ ਤੁਹਾਨੂੰ ਤੁਹਾਡੀ ਮੰਜ਼ਲ ਤੇ ਛੱਡਣ ਲਈ ਕਾਲ ਕਰਨਾ।

ਦਵਾਈਆਂ

ਯਾਦ ਰੱਖੋ ਕਿ ਸਾਰੀਆਂ ਦਵਾਈਆਂ ਦੇ, ਭਾਵੇਂ ਉਹ ਡਾਕਟਰ ਦੀ ਪਰਚੀ ਨਾਲ ਮਿਲਣ ਜਾਂ ਓਵਰ-ਦੀ-ਕਾਉਂਟਰ, ਖਤਰਨਾਕ ਹੋਣ ਦੀ ਸੰਭਾਵਨਾ ਹੈ ਅਤੇ ਤੁਹਾਡੀ ਡ੍ਰਾਈਵਿੰਗ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਜੁਕਾਮ ਅਤੇ ਐਲਰਜੀਆਂ ਲਈ ਕਾਉਂਟਰ ਤੇ ਆਮ ਮਿਲਣ ਵਾਲੀਆਂ ਦਵਾਈਆਂ ਨਾਲ ਤੁਹਾਨੂੰ ਊਂਘ ਆ ਸਕਦੀ ਹੈ ਜਿਸਦਾ ਅਸਰ ਤੁਹਾਡੀ ਗੱਡੀ ਚਲਾਉਣ ਦੀ ਯੋਗਤਾ ਤੇ ਪੈ ਸਕਦਾ ਹੈ। ਜੇ ਤੁਹਾਡਾ ਗੱਡੀ ਚਲਾਉਣ ਤੋਂ ਪਹਿਲਾਂ ਕੋਈ ਦਵਾਈ ਲੈਣਾ ਜ਼ਰੂਰੀ ਹੈ ਤਾਂ ਪਹਿਲਾਂ ਆਪਣੇ ਡਾਕਟਰ ਜਾਂ ਦਵਾਈ ਵਿਕਰੇਤਾ ਕੋਲੋਂ ਦਵਾਈ ਦੇ ਪਰਭਾਵਾਂ ਬਾਰੇ ਪਤਾ ਕਰ ਲਓ। ਜਿਹੜੀ ਦਵਾਈ ਤੁਸੀਂ ਲੈ ਰਹੇ ਹੋ ਉਸਦੇ ਅਸਰਾਂ ਬਾਰੇ ਪਤਾ ਕਰਨਾ ਤੁਹਾਡੀ ਆਪਣੀ ਜੁੰਮੇਵਾਰੀ ਹੈ।

ਗੱਡੀ ਚਲਾਉਣ ਦਾ ਫੈਸਲਾ ਕਰਨ ਤੋਂ ਪਹਿਲਾਂ ਇਹ ਕੰਮ ਨਾ ਕਰੋ:

- ਡਾਕਟਰ ਦੇ ਕਹੇ ਬਿਨ੍ਹਾਂ ਦਵਾਈਆਂ ਰਲਾਉਣਾ।
- ਕਿਸੇ ਹੋਰ ਨੂੰ ਦੱਸੀਆਂ ਹੋਈਆਂ ਦਵਾਈਆਂ ਲੈਣਾ।
- ਆਪਣੀ ਦਵਾਈ ਨਾਲ ਸ਼ਰਾਬ ਮਿਲਾਉਣਾ (ਡਾਕਟਰ ਦੀ ਪਰਚੀ ਨਾਲ ਜਾਂ ਓਵਰ-ਦੀ-ਕਾਉਂਟਰ ਮਿਲਣ ਵਾਲੀਆਂ ਦਵਾਈਆਂ)।

ਸਿਹਤ ਅਤੇ ਜਜ਼ਬਾਤ

ਭਾਵਨਾਵਾਂ ਦਾ ਅਸਰ ਤੁਹਾਡੇ ਗੱਡੀ ਚਲਾਉਣ ਦੇ ਤਰੀਕੇ ਤੇ ਪੈਂਦਾ ਹੈ। ਆਪਣੇ ਜਜ਼ਬਾਤਾਂ ਦਾ ਅਸਰ ਆਪਣੀ ਸੁਰੱਖਿਅਤ ਡ੍ਰਾਈਵਿੰਗ ਤੇ ਨਾ ਪੈਣ ਦਿਓ। ਡ੍ਰਾਈਵਿੰਗ ਕਰਨ ਵੇਲੇ ਆਪਣੀ ਪੂਰੀ ਸਮਝਦਾਰੀ ਦੀ, ਵਿਵਹਾਰਕ ਬੁੱਧੀ ਅਤੇ ਨਿਮਰਤਾ ਦੀ ਵਰਤੋਂ ਕਰੋ। ਸੁਝਾਏ ਗਏ ਸਾਰੇ ਸੁਰੱਖਿਅਤ ਡ੍ਰਾਈਵਿੰਗ ਨਿਯਮਾਂ ਦੀ ਪਾਲਣਾ ਕਰੋ।

ਆਪਣੇ ਡਾਕਟਰ ਨਾਲ ਆਪਣੀ ਸਿਹਤ ਨਾਲ ਸੰਬੰਧਤ ਚਿੰਤਾਵਾਂ ਜਿਵੇਂ ਕਿ, ਨਜ਼ਰ ਦੀ ਕਮਜ਼ੋਰੀ, ਦਿਲ ਸਬੰਧੀ ਸਮੱਸਿਆਵਾਂ, ਡਾਇਬਿਟੀਜ਼ (ਸ਼ੂਗਰ) ਅਤੇ ਮਿਰਗੀ ਬਾਰੇ ਗੱਲਬਾਤ ਕਰੋ ਅਤੇ ਉਨ੍ਹਾਂ ਦੀ ਸਲਾਹ ਦੀ ਪਾਲਣਾ ਕਰੋ। ਜੇ ਕੋਈ ਅਜਿਹੀ ਤੱਕਲੀਫ ਹੈ ਜਿਸਦਾ ਅਸਰ ਤੁਹਾਡੀ ਗੱਡੀ ਨੂੰ ਸੁਰੱਖਿਅਤ ਢੰਗ ਨਾਲ ਚਲਾਉਣ ਦੀ ਯੋਗਤਾ ਤੇ ਪੈਂਦਾ ਹੈ ਤਾਂ ਉਸ ਬਾਰੇ DMV ਨੂੰ ਸੂਚਿਤ ਕਰੋ।

ਹਾਲਤਾਂ ਜਿਨ੍ਹਾਂ ਦੀ ਰਿਪੋਰਟ ਕਰਨਾ ਡਾਕਟਰਾਂ ਲਈ ਜ਼ਰੂਰੀ ਹੈ

ਡਾਕਟਰਾਂ ਅਤੇ ਸਰਜਨਾਂ ਲਈ ਘੱਟੋ-ਘੱਟ 14 ਸਾਲ ਅਤੇ ਉਸ ਤੋਂ ਵੱਡੀ ਉਮਰ ਦੇ ਰੋਗੀਆਂ ਦੀ ਰਿਪੋਰਟ ਕਰਨਾ ਜ਼ਰੂਰੀ ਹੈ ਜੋ ਹੋਸ਼ ਵਿੱਚ ਖਾਮਿਆਂ, ਐਲਜ਼ਾਈਮਰ ਬਿਮਾਰੀ ਜਾਂ ਉਸ ਨਾਲ ਜੁੜੀਆਂ ਸਮੱਸਿਆਵਾਂ ਦਾ ਸ਼ਿਕਾਰ ਹਨ (ਕੈਲੀਫੋਰਨੀਆਂ ਸਿਹਤ ਅਤੇ ਸੁਰੱਖਿਆ ਕੋਡ (*California Health & Safety Code* [CHSC] §103900)।

ਹਾਲਾਂਕਿ ਕਨੂੰਨ ਮੁਤਾਬਕ ਇਹ ਲਾਜ਼ਮੀ ਨਹੀਂ ਹੈ ਪਰ ਤੁਹਾਡਾ ਡਾਕਟਰ ਕਿਸੇ ਹੋਰ ਮੈਡੀਕਲ ਸਮੱਸਿਆ ਬਾਰੇ ਵੀ, ਜਿਸ ਲਈ ਉਹ ਮੰਨਦਾ ਹੈ ਕਿ ਉਸਦਾ ਅਸਰ ਤੁਹਾਡੀ ਗੱਡੀ ਨੂੰ ਸੁਰੱਖਿਅਤ ਤਰੀਕੇ ਨਾਲ ਚਲਾਉਣ ਦੀ ਯੋਗਤਾ ਤੇ ਪੈਂਦਾ ਹੈ, DMV ਨੂੰ ਰਿਪੋਰਟ ਕਰ ਸਕਦਾ ਹੈ।

ਸ਼ਰਾਬ ਅਤੇ ਨਸ਼ੀਲੇ ਪਦਾਰਥ

ਸ਼ਰਾਬ/ਨਸ਼ੀਲੇ ਪਦਾਰਥ ਅਤੇ ਡ੍ਰਾਈਵਿੰਗ ਕਰਨਾ ਖਤਰਨਾਕ ਹੈ

ਸ਼ਰਾਬ ਅਤੇ/ਜਾਂ ਨਸ਼ੀਲੀ ਦਵਾਈਆਂ ਦੀ ਵਰਤੋਂ ਤੁਹਾਡੀ ਸੂਝ-ਬੂਝ ਤੇ ਅਸਰ ਪਾਉਂਦੀ ਹੈ। ਤੁਹਾਡੇ ਨਿਰਣੇ ਜਾਂ ਸਹੀ ਸੋਚ ਦੀ ਸ਼ਕਤੀ ਘੱਟ ਜਾਣ ਦਾ ਅਸਰ ਇਸ ਤੇ ਪੈਂਦਾ ਹੈ ਕਿ ਤੁਸੀਂ ਅਵਾਜ਼ਾਂ ਤੇ ਅਤੇ ਜੋ ਤੁਸੀਂ ਦੇਖਦੇ ਹੋ ਉਨ੍ਹਾਂ ਤੇ ਕਿਸ ਤਰ੍ਹਾਂ ਪ੍ਰਤੀਕਿਰਿਆ ਕਰਦੇ ਹੋ। ਸ਼ਰਾਬ ਜਾਂ ਨਸ਼ੇ ਦੇ ਅਸਰ ਦੇ ਅਧੀਨ ਟ੍ਰੈਫਿਕ ਦੇ ਵਿੱਚ ਤੁਰਨਾ ਜਾਂ ਸਾਈਕਲ ਚਲਾਉਣਾ ਵੀ ਖਤਰਨਾਕ ਹੈ।

ਸ਼ਰਾਬ ਬਾਰੇ ਜੋ ਵੀ ਕੁਝ ਉੱਤੇ ਕਿਹਾ ਗਿਆ ਹੈ, ਕਾਫੀ ਹੱਦ ਤੱਕ ਉਹ ਨਸ਼ੀਲੀ ਦਵਾਈਆਂ ਤੇ ਵੀ ਲਾਗੂ ਹੁੰਦਾ ਹੈ। ਕੈਲੀਫੋਰਨੀਆ ਦਾ ਸ਼ਰਾਬ ਪੀ ਕੇ ਗੱਡੀ ਚਲਾਉਣ ਲਈ ਕਨੂੰਨ ਨਸ਼ੀਲੀ ਦਵਾਈਆਂ ਲਈ ਵੀ ਲਾਗੂ ਹੈ। ਇਹ "ਸ਼ਰਾਬ ਅਤੇ/ਜਾਂ ਨਸ਼ੀਲੀ ਦਵਾਈਆਂ ਦੇ ਅਸਰ ਹੇਠ ਗੱਡੀ ਚਲਾਉਣ" ਦੇ ਸੰਬੰਧ ਵਿੱਚ ਹੈ। ਜੇ ਅਫਸਰ ਨੂੰ ਸ਼ੱਕ ਹੋ ਜਾਂਦਾ ਹੈ ਕਿ ਤੁਸੀਂ ਨਸ਼ੀਲੀ ਦਵਾਈਆਂ ਦੇ ਅਸਰ ਹੇਠਾਂ ਹੋ ਤਾਂ ਉਹ ਅਫਸਰ ਤੁਹਾਡੇ ਪਿਸ਼ਾਬ ਜਾਂ ਖੂਨ ਦੀ ਜਾਂਚ ਦੀ ਕਨੂੰਨੀ ਮੰਗ ਕਰ ਸਕਦਾ ਹੈ। ਜਿਹੜੇ ਡ੍ਰਾਈਵਰ ਇਹ ਜਾਂਚ ਕਰਵਾਉਣ ਤੋਂ ਇਨਕਾਰ ਕਰ ਦਿੰਦੇ ਹਨ ਉਨ੍ਹਾਂ ਦੇ ਲਾਈਸੈਂਸ ਦੀ ਮੁਅੱਤਲੀ ਅਤੇ ਕੈਂਸਲ ਕਰਨ ਦਾ ਅਰਸਾ ਜਿਆਦਾ ਲੰਮਾ ਹੁੰਦਾ ਹੈ।

ਕਿਸੇ ਵੀ ਅਜਿਹੀ ਦਵਾਈ ਦੀ ਵਰਤੋਂ (ਕਨੂੰਨ ਪਰਚੀ ਦੁਆਰਾ ਮਿਲਣ ਵਾਲੀਆਂ, ਕਾਉਂਟਰ ਤੇ ਖੁੱਲੀ ਮਿਲਣ ਵਾਲੀਆਂ ਜਾਂ ਗੈਰਕਨੂੰਨੀ ਦਵਾਈਆਂ ਵਿੱਚ ਵਿਤੱਕਰਾ ਨਹੀਂ ਕਰਦਾ ਹੈ) ਗੈਰਕਨੂੰਨੀ ਹੈ ਜਿਸ ਨਾਲ ਗੱਡੀ ਸੁਰੱਖਿਅਤ ਤੌਰ ਤੇ ਚਲਾਉਣ ਦੀ ਤੁਹਾਡੀ ਯੋਗਤਾ ਤੇ ਅਸਰ ਪੈਂਦਾ ਹੋਵੇ। ਜੇ ਤੁਹਾਨੂੰ ਪੱਕਾ ਯਕੀਨ ਨਹੀਂ ਹੈ ਕਿ ਕਿਸੇ ਦਵਾਈ ਨੂੰ ਲੈਣ ਦੇ ਬਾਅਦ ਤੁਹਾਨੂੰ ਗੱਡੀ ਚਲਾਉਣੀ ਚਾਹੀਦੀ ਹੈ ਤਾਂ ਇਸ ਬਾਰੇ ਆਪਣੇ ਡਾਕਟਰ ਜਾਂ ਦਵਾਈ ਵਿਕਰੇਤਾ ਨੂੰ ਪੁੱਛੋ ਅਤੇ ਦਵਾਈ ਉੱਤੇ ਲਗੇ ਹੋਏ ਚੇਤਾਵਨੀ ਲੇਬਲ ਨੂੰ ਪੜ੍ਹੋ। ਕੁਝ ਤੱਥ ਹੇਠਾਂ ਦਿੱਤੇ ਗਏ ਹਨ:

- ਸਰਦੀ, ਪਰਾਗ ਤਾਪ, ਐਲਰਜੀ ਅਤੇ ਨਸਾਂ ਜਾਂ ਮਾਸਪੇਸ਼ੀਆਂ ਨੂੰ ਸ਼ਾਂਤ ਕਰਨ ਲਈ ਲਈਆਂ ਜਾਣ ਵਾਲੀਆਂ ਜਿਆਦਾਤਰ ਦਵਾਈਆਂ ਨਾਲ ਬੰਦੇ ਨੂੰ ਊਂਘ ਆ ਸਕਦੀ ਹੈ।
- ਸ਼ਰਾਬ ਦੇ ਨਾਲ ਲਿੱਤੀਆਂ ਗਈਆਂ ਜਾਂ ਵਰਤੀਆਂ ਗਈਆਂ ਦਵਾਈਆਂ ਖਤਰਨਾਕ ਹੋ ਸਕਦੀਆਂ ਹਨ। ਸ਼ਰਾਬ ਨਾਲ ਲੈਣ ਤੇ ਕਈ ਦਵਾਈਆਂ ਦੇ ਅਚਨਚੇਤ ਮਾੜੇ ਅਸਰ ਹਨ।
- "ਪੈਪ" ਗੋਲੀਆਂ, "ਅੱਪਰਜ਼" ਅਤੇ ਡਾਈਟ ਗੋਲੀਆਂ ਡ੍ਰਾਈਵਰ ਨੂੰ ਥੋੜੇ ਚਿਰ ਲਈ ਜਿਆਦਾ ਚੌਕੰਨਾ ਕਰ ਸਕਦੀਆਂ ਹਨ। ਪਰ ਬਾਅਦ ਵਿੱਚ ਇਹੀ ਵਿਅਕਤੀ ਨੂੰ ਬੇਚੈਨ ਕਰ ਸਕਦੀਆਂ ਹਨ, ਉਸਦਾ ਸਿਰ ਚੱਕਰਾ ਸਕਦਾ ਹੈ ਅਤੇ ਉਸਨੂੰ ਧਿਆਨ ਕੇਂਦਰਤ ਕਰਨ ਵਿੱਚ ਮੁਸ਼ਕਲ ਹੋ ਸਕਦੀ ਹੈ। ਇਨ੍ਹਾਂ ਦਾ ਅਸਰ ਨਜ਼ਰ ਤੇ ਵੀ ਪੈ ਸਕਦਾ ਹੈ।

ਕੋਈ ਵੀ ਅਜਿਹੀ ਦਵਾਈ "ਜਿਸ ਨਾਲ ਬੰਦੇ ਨੂੰ ਊਂਘ ਆ ਸਕਦੀ ਹੋਵੇ ਜਾਂ ਉਸ ਦਾ ਸਿਰ ਚੱਕਰਾ ਸਕਦਾ ਹੋਵੇ" ਗੱਡੀ ਚਲਾਉਣ ਤੋਂ ਪਹਿਲਾਂ ਨਹੀਂ ਲੈਣੀ ਚਾਹੀਦੀ। ਇਹ ਯਕੀਨੀ ਬਣਾਓ ਕਿ ਤੁਸੀਂ ਜਿਹੜੀ ਵੀ ਦਵਾਈ ਲਓ ਉਸਦਾ ਲੇਬਲ ਜ਼ਰੂਰ ਪੜ੍ਹੋ ਅਤੇ ਉਸ ਦੇ ਅਸਰ ਬਾਰੇ ਜਾਣਕਾਰੀ ਰੱਖੋ।

ਕਿਸੇ ਗੱਡੀ ਵਿੱਚ ਸ਼ਰਾਬ ਜਾਂ ਭਾਂਗ ਦੇ ਉਤਪਾਦਾਂ ਦੀ ਵਰਤੋਂ ਕਰਨਾ ਜਾਂ ਕਬਜ਼ੇ ਵਿੱਚ ਹੋਣਾ

ਹਾਈਵੇ ਤੇ ਜਾਂ ਉਸ ਤੋਂ ਪਰੇ ਕਿਸੇ ਗੱਡੀ ਵਿੱਚ ਸ਼ਰਾਬ ਜਾਂ ਭਾਂਗ ਦੇ ਉਤਪਾਦਾਂ ਦੀ ਵਰਤੋਂ ਕਰਨਾ ਜਾਂ ਕਬਜ਼ੇ ਵਿੱਚ ਹੋਣ ਬਾਰੇ ਕਨੂੰਨ ਬਹੁਤ ਸਖ਼ਤ ਹੈ। ਡ੍ਰਾਈਵਿੰਗ ਕਰਨ ਵੇਲੇ ਜਾਂ ਕਿਸੇ ਗੱਡੀ ਵਿੱਚ ਇੱਕ ਯਾਤਰੀ ਦੇ ਤੌਰ ਤੇ ਯਾਤਰਾ ਕਰਨ ਵੇਲੇ ਕਿਸੇ ਵੀ ਮਾਤਰਾ ਵਿੱਚ ਸ਼ਰਾਬ ਪੀਣਾ, ਜਾਂ ਕਿਸੀ ਭਾਂਗ ਵਾਲੇ ਉਤਪਾਦ ਦੀ ਸਮੋਕ ਕਰਨਾ ਜਾਂ ਨਿਗਲਣਾ, ਗੈਰਕਨੂੰਨੀ ਹੈ। ਗੱਡੀ ਵਿੱਚ ਸ਼ਰਾਬ ਦਾ ਇੱਕ ਕੰਟੇਨਰ ਪੂਰੀ ਤਰ੍ਹਾਂ ਭਰਿਆ ਹੋਇਆ, ਸੀਲਬੰਦ, ਅਤੇ ਬਿਨਾਂ ਖੁਲ੍ਹਿਆ ਹੋਣਾ ਚਾਹੀਦਾ ਹੈ; ਪਰ ਇਹ ਕਨੂੰਨ ਕਿਸੇ ਬਸ, ਟੈਕਸੀ, ਕੈਮਪਰ, ਜਾਂ ਮੋਟਰ ਹੋਮ ਵਾਲੇ ਡ੍ਰਾਇਵ ਨਾ ਕਰ ਰਹੇ ਯਾਤਰੀ ਤੇ ਲਾਗੂ ਨਹੀਂ ਹੁੰਦਾ। ਸ਼ਰਾਬ ਦਾ ਇੱਕ ਖੁਲ੍ਹਿਆ ਹੋਇਆ ਕੰਟੇਨਰ ਉਹ ਗੱਡੀ ਦੇ ਟ੍ਰੰਕ ਵਿੱਚ ਜਾਂ ਅਜਿਹੀ ਥਾਂ ਤੇ ਹੋਣੀ ਚਾਹੀਦੀ ਹੈ ਜਿੱਥੇ ਸਵਾਰੀਆਂ ਨਾ ਬੈਠਦੀਆਂ ਹੋਣ। ਸ਼ਰਾਬ ਦਾ ਇੱਕ ਖੁੱਲ੍ਹੇ ਕੰਟੇਨਰ ਨੂੰ ਗਲੱਵ ਕੰਪਾਰਟਮੈਂਟ ਵਿੱਚ ਰੱਖਣਾ ਖਾਸ ਤੌਰ ਤੇ ਗੈਰਕਨੂੰਨੀ ਹੈ। ਨਾਲ ਹੀ, ਕਨੂੰਨ ਭਾਂਗ ਦੇ ਇੱਕ ਖੁਲ੍ਹੇ ਹੋਏ ਕੰਟੇਨਰ ਜਾਂ ਭਾਂਗ ਦੇ ਉਤਪਾਦ ਨੂੰ ਕਬਜ਼ੇ ਵਿੱਚ ਰੱਖਣ ਦੀ ਮਨਾਹੀ ਕਰਦਾ ਹੈ।

21 ਸਾਲ ਤੋਂ ਘੱਟ ਉਮਰ ਦੇ ਡ੍ਰਾਈਵਰ (ਸ਼ਰਾਬ ਕੋਲ ਹੋਣਾ)

ਜੇ ਤੁਹਾਡੀ ਉਮਰ 21 ਸਾਲ ਤੋਂ ਘੱਟ ਹੈ, ਤਾਂ:

- ਜੇ ਤੁਹਾਡੇ ਨਾਲ ਤੁਹਾਡੇ ਮਾਤਾ-ਪਿਤਾ ਜਾਂ ਕਨੂੰਨ ਅਨੁਸਾਰ ਦੱਸਿਆ ਹੋਇਆ ਦੂਜਾ ਵਿਅਕਤੀ ਨਹੀਂ ਹੈ ਤਾਂ ਤੁਸੀਂ ਆਪਣੀ ਗੱਡੀ ਵਿੱਚ ਬੀਅਰ, ਵਾਈਨ ਜਾਂ ਸ਼ਰਾਬ ਨਹੀਂ ਲੈ ਜਾ ਸਕਦੇ ਅਤੇ ਬੋਤਲ ਜਾਂ ਕੈਨ ਪੂਰਾ ਭਰਿਆ, ਸੀਲਬੰਦ, ਅਤੇ ਬੰਦ ਹੈ।
- ਜੇ ਤੁਸੀਂ ਆਪਣੇ ਗੱਡੀ ਵਿੱਚ ਇੱਕ ਸ਼ਰਾਬ ਵਾਲੇ ਕਿਸੇ ਡ੍ਰਿੰਕ ਨਾਲ ਫੜੇ ਜਾਂਦੇ ਹੋ ਤਾਂ ਤੁਹਾਡੀ ਗੱਡੀ ਨੂੰ 30 ਦਿਨਾਂ ਤੱਕ ਲਈ ਕਬਜ਼ੇ ਵਿੱਚ ਲਿੱਤਾ ਜਾ ਸਕਦਾ ਹੈ। ਅਦਾਲਤ ਤੁਹਾਨੂੰ $1,000 ਤੱਕ ਦਾ ਜ਼ੁਰਮਾਨਾ ਕਰ ਸਕਦੀ ਹੈ ਅਤੇ ਤੁਹਾਡੇ ਗੱਡੀ ਚਲਾਉਣ ਦੇ ਅਧਿਕਾਰ ਨੂੰ 1 ਸਾਲ ਤੱਕ ਲਈ ਮੁਅੱਤਲ ਕਰ ਸਕਦੀ ਹੈ ਜਾਂ ਜੇ ਤੁਹਾਡੇ ਕੋਲ ਪਹਿਲਾਂ ਤੋਂ ਲਾਈਸੈਂਸ ਨਹੀਂ ਹੈ ਤਾਂ ਅਦਾਲਤ DMV ਨੂੰ ਤੁਹਾਡਾ ਪਹਿਲਾ ਲਾਈਸੈਂਸ 1 ਸਾਲ ਤੱਕ ਦੀ ਦੇਰੀ ਨਾਲ ਜਾਰੀ ਕਰਨ ਲਈ ਆਦੇਸ਼ ਦਿੰਦੀ ਹੈ।
- ਜੇ ਡ੍ਰਾਈਵਿੰਗ ਵੇਲੇ ਤੁਹਾਡੇ ਖੂਨ ਵਿੱਚ ਅਲਕੋਹਲ ਦੀ ਮਾਤਰਾ ਖੂਨ ਵਿੱਚ ਸ਼ਰਾਬ ਦੀ ਮਾਤਰਾ 0.01% ਜਾਂ ਇਸ ਤੋਂ ਵੱਧ ਪਾਈ ਜਾਂਦੀ ਹੈ, ਜਾਂ ਜੇ ਡ੍ਰਾਈਵਿੰਗ ਵੇਲੇ ਤੁਹਾਨੂੰ ਸ਼ਰਾਬ ਅਤੇ/ਜਾਂ ਨਸ਼ੀਲੇ ਪਦਾਰਥਾਂ ਦੇ ਅਸਰ ਹੇਠ ਗੱਡੀ ਚਲਾਉਣ ਦਾ ਦੋਸ਼ੀ ਪਾਇਆ ਜਾਂਦਾ ਹੈ, ਤਾਂ ਤੁਹਾਡੇ ਗੱਡੀ ਚਲਾਉਣ ਦੇ ਅਧਿਕਾਰ 1 ਸਾਲ ਲਈ ਰੱਦ ਕਰ ਦਿੱਤੇ ਜਾਣਗੇ। ਪਹਿਲੀ ਵਾਰ ਜੁਰਮ ਕਰਨ ਤੇ ਤੁਹਾਨੂੰ ਲਾਈਸੈਂਸ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਪ੍ਰੋਗਰਾਮ ਦੇ ਸਿੱਖਿਅਕ ਭਾਗ ਨੂੰ ਪੂਰਾ ਕਰਨ ਦੀ ਲੋੜ ਹੋਵੇਗੀ। ਮੁੜ ਇਹੀ ਜੁਰਮ ਕਰਨ ਤੇ ਤੁਹਾਨੂੰ ਜ਼ਿਆਦਾ ਲੰਮੇ ਚਿਰ ਵਾਲਾ ਇੱਕ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਦਾ ਪ੍ਰੋਗਰਾਮ ਪੂਰਾ ਕਰਨ ਦੀ ਲੋੜ ਪੈ ਸਕਦੀ ਹੈ ਅਤੇ ਇਸ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਦੇ ਪ੍ਰੋਗਰਾਮ ਲਈ ਜਾਣ ਲਈ ਤੁਹਾਡੇ ਕੋਲ ਇੱਕ ਪ੍ਰਤੀਬੰਧਤ ਡ੍ਰਾਈਵਰ ਲਾਈਸੈਂਸ ਵੀ ਨਹੀਂ ਹੋਵੇਗਾ।
  ਅਪਵਾਦ: ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਲਈ ਕੰਮ ਕਰ ਰਹੇ ਹੋ ਜਿਸ ਕੋਲ ਆਫ-ਸਾਈਟ ਸ਼ਰਾਬ ਵੇਚਣ ਦਾ ਲਾਈਸੈਂਸ ਹੈ ਤਾਂ ਤੁਸੀਂ ਬੰਦ ਬੋਤਲਾਂ/ਕੈਨਾਂ ਵਿੱਚ ਸ਼ਰਾਬ ਲੈ ਜਾ ਸਕਦੇ ਹੋ।

ਹਰ ਉਮਰ ਦੇ ਡ੍ਰਾਈਵਰਾਂ ਲਈ

ਕਿਸੇ ਵੀ ਤਰੀਕੇ ਦੀ ਵਾਧੂ ਮਾਤਰਾ ਵਿੱਚ ਸ਼ਰਾਬ ਪੀਣਾ (ਖੰਘ ਲਈ ਸਿਰਪ ਵਰਗੀਆਂ ਦਵਾਈਆਂ ਸਮੇਤ), ਜਾਂ ਕੋਈ ਦਵਾਈ ਲੈਣ (ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ਸਮੇਤ) ਜਾਂ, ਸ਼ਰਾਬ ਜਾਂ ਦਵਾਈਆਂ ਦੇ ਕਿਸੇ ਵੀ ਤਰ੍ਹਾਂ ਦੇ ਮੇਲ ਨੂੰ ਲੈਣ ਤੋਂ ਬਾਅਦ ਗੱਡੀ ਚਲਾਉਣਾ ਗੈਰਕਨੂੰਨੀ ਹੈ।

ਖ਼ੂਨ ਵਿੱਚ ਸ਼ਰਾਬ ਦੀ ਮਾਤਰਾ ਦੀਆਂ ਸੀਮਾਵਾਂ

ਕਿਸੇ ਵੀ ਵਿਅਕਤੀ ਲਈ ਹੇਠਾਂ ਲਿੱਖਿਆ ਨਾਲ ਕਿਸੇ ਗੱਡੀ ਨੂੰ ਚਲਾਉਣਾ ਗੈਰਕਨੂੰਨੀ ਹੈ:

- ਜੇ ਵਿਅਕਤੀ ਦੀ ਉਮਰ 21 ਸਾਲ ਜਾਂ ਉਸ ਤੋਂ ਵਧ ਹੋਵੇ, ਖ਼ੂਨ ਵਿੱਚ ਸ਼ਰਾਬ ਦੀ ਮਾਤਰਾ 0.08% ਜਾਂ ਉਸ ਤੋਂ ਵਧ।
- ਜੇ ਵਿਅਕਤੀ ਦੀ ਉਮਰ 21 ਸਾਲ ਤੋਂ ਘੱਟ ਹੋਵੇ, ਖ਼ੂਨ ਵਿੱਚ ਸ਼ਰਾਬ ਦੀ ਮਾਤਰਾ 0.01% ਜਾਂ ਉਸ ਤੋਂ ਵਧ।
- ਕਿਸੇ ਵੀ ਉਮਰ ਦੇ ਵਿਅਕਤੀ ਲਈ ਖ਼ੂਨ ਵਿੱਚ ਸ਼ਰਾਬ ਦੀ ਮਾਤਰਾ 0.01% ਜਾਂ ਉਸ ਤੋਂ ਵੱਧ ਹੋਣਾ, ਜਦੋਂ ਉਹ ਵਿਅਕਤੀ ਇੱਕ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਲਈ ਪ੍ਰੋਬੇਸ਼ਨ ਤੇ ਹੋਵੇ।
- ਇੱਕ ਵਪਾਰਕ ਡ੍ਰਾਈਵਰ ਲਾਈਸੈਂਸ ਦੀ ਲੋੜ ਵਾਲੀ ਕਿਸੇ ਵੀ ਗੱਡੀ ਚਲਾਉਣ ਵੇਲੇ ਖ਼ੂਨ ਵਿੱਚ ਸ਼ਰਾਬ ਦੀ ਮਾਤਰਾ 0.04% ਜਾਂ ਉਸ ਤੋਂ ਵੱਧ ਹੋਣਾ—ਭਾਵੇਂ ਡ੍ਰਾਈਵਰ ਨੂੰ ਵਪਾਰਕ ਡ੍ਰਾਈਵਰ ਲਾਈਸੈਂਸ ਮਿਲਿਆ ਹੋਵੇ ਜਾਂ ਨਹੀਂ।
- ਖ਼ੂਨ ਵਿੱਚ ਸ਼ਰਾਬ ਦੀ ਮਾਤਰਾ 0.04% ਜਾਂ ਉਸ ਤੋਂ ਵੱਧ ਹੋਣਾ, ਜਦੋਂ ਅਪਰਾਧ ਦੇ ਵੇਲੇ ਗੱਡੀ ਵਿੱਚ ਕਿਰਾਏ ਲਈ ਕਿਸੇ ਵਿਅਕਤੀ ਨੂੰ ਲੈ ਜਾ ਰਹੇ ਹੋ।

DMV ਤੁਹਾਨੂੰ ਇੱਕ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਲਈ ਹਿਰਾਸਤ ਵਿੱਚ ਲਿੱਤੇ ਜਾਣ ਜਾਂ ਗਿਰਫਤਾਰ ਕੀਤੇ ਜਾਣ ਤੋਂ ਤੁਹਾਡੀ ਡ੍ਰਾਈਵਿੰਗ ਦੀ ਸਹੂਲਤ ਦੇ ਖਿਲਾਫ਼ ਇੱਕ ਪ੍ਰਬੰਧਕੀ ਕਾਰਵਾਈ ਕਰ ਸਕਦੀ ਹੈ। ਅਦਾਲਤ ਉਸੇ ਜ਼ੁਰਮ ਲਈ ਇੱਕ ਅਲਗ ਕਾਰਵਾਈ ਕਰ ਸਕਦੀ ਹੈ। DMV ਦੀ ਕਾਰਵਾਈ ਸਿਰਫ ਤੁਹਾਡੇ ਗੱਡੀ ਚਲਾਉਣ ਦੇ ਅਧਿਕਾਰਾਂ ਨਾਲ ਜੁੜੀ ਹੁੰਦੀ ਹੈ। ਅਦਾਲਤ ਦੀ ਕਾਰਵਾਈ ਵਿੱਚ ਇੱਕ ਜ਼ੁਰਮਾਨਾ, ਜੇਲ੍ਹ ਦੀ ਸਜ਼ਾ, ਤੁਹਾਡੇ ਡ੍ਰਾਈਵਰ ਲਾਈਸੈਂਸ ਦੇ ਮਿਲਣ ਵਿੱਚ ਦੇਰੀ ਅਤੇ ਇੱਕ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਦੇ ਪ੍ਰੋਗਰਾਮ ਨੂੰ ਪੂਰਾ ਕਰਨਾ ਸ਼ਾਮਿਲ ਹੋ ਸਕਦਾ ਹੈ।

ਜਦੋਂ ਅਦਾਲਤ ਦੁਆਰਾ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਦੇ ਅਪਰਾਧ ਬਾਰੇ ਸੂਚਿਤ ਕੀਤਾ ਜਾਂਦਾ ਹੈ, ਤਾਂ DMV ਤੁਹਾਡੀ ਡ੍ਰਾਈਵਿੰਗ ਦੇ ਅਧਿਕਾਰ ਨੂੰ ਮੁਅੱਤਲ ਜਾਂ ਰੱਦ ਕਰਨ ਲਈ ਇੱਕੋ ਵਾਧੂ ਕਾਰਵਾਈ ਕਰੇਗਾ।

ਇਸੇ ਤਰ੍ਹਾਂ ਦੇ ਨਿਯਮ (ਕੈਲੀਫੋਰਨੀਆਂ ਹਾਰਬਰਜ਼ ਐਂਡ ਨੈਵੀਗੇਸ਼ਨ ਕੋਡ (*California Harbors and Navigation Code*)) ਤਾਂ ਵੀ ਲਾਗੂ ਹੁੰਦੇ ਹਨ ਜੇ ਤੁਸੀਂ ਕੋਈ ਵੱਡੀ ਬੇੜੀ, ਐਕ੍ਵਾਪਲੇਨ, ਜੈਟ ਸਕੀਜ਼, ਵਾਟਰ ਸਕੀਜ਼ ਜਾਂ ਇਹੋ ਜਿਹੇ ਕੋਈ ਦੂਜਾ ਵਾਹਨ ਚਲਾਉਂਦੇ ਹੋ। ਇਸ ਤਰ੍ਹਾਂ ਦੀਆਂ ਸਜ਼ਾਵਾਂ ਤੁਹਾਡੇ ਡ੍ਰਾਈਵਿੰਗ ਦੇ ਰਿਕਾਰਡ ਵਿੱਚ ਦਰਜ ਕੀਤੀਆਂ ਜਾਂਦੀਆਂ ਹਨ ਅਤੇ ਮੋਟਰ ਗੱਡੀ ਸਬੰਧਤ ਨਸ਼ੇ ਅਧੀਨ ਚਲਾਉਣਾ ਦੀ ਸਜ਼ਾ ਦਾ ਫੈਸਲਾ ਕਰਨ ਵੇਲੇ ਅਦਾਲਤ "ਪੁਰਾਣੀਆਂ ਸਜ਼ਾਵਾਂ" ਨਿਰਧਾਰਤ ਕਰਨ ਲਈ ਇਨ੍ਹਾਂ ਦੀ ਵਰਤੋਂ ਕਰੇਗੀ। ਇਨ੍ਹਾਂ ਸਜ਼ਾਵਾਂ ਦੀ ਵਰਤੋਂ ਮੁਅੱਤਲੀ ਜਾਂ ਰੱਦ ਕਰਨ ਦਾ ਅਰਸਾ ਤੈਅ ਕਰਨ ਲਈ ਜਾਂ ਮੋਟਰ ਗੱਡੀ ਚਲਾਉਣ ਵੇਲੇ ਤੁਹਾਡੇ ਦੁਆਰਾ ਕੀਤੀ ਗਈ ਕਿਸੇ ਉਲੰਘਣਾ ਦੇ ਸਿਲਸਿਲੇ ਵਿੱਚ ਬਹਾਲੀ ਦੀਆਂ ਸ਼ਰਤਾਂ ਦਾ ਫੈਸਲਾ ਕਰਨ ਲਈ ਵੀ ਕੀਤੀ ਜਾਂਦੀ ਹੈ।

ਪ੍ਰਸ਼ਾਸਨਕ ਕਾਰਵਾਈ

ਜਦੋਂ ਤੁਸੀਂ ਕੈਲੀਫੋਰਨੀਆ ਵਿੱਚ ਗੱਡੀ ਚਲਾਉਂਦੇ ਹੋ ਅਤੇ ਤੁਹਾਨੂੰ ਸ਼ਰਾਬ, ਨਸ਼ੀਲੇ ਪਦਾਰਥਾਂ ਜਾਂ ਦੋਵਾਂ ਦੇ ਮੇਲ ਦੇ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਲਈ ਗਿਰਫ਼ਤਾਰ ਕੀਤਾ ਜਾਂਦਾ ਹੈ, ਤਾਂ ਤੁਸੀਂ ਸ਼ਰਾਬ, ਨਸ਼ਿਆਂ ਜਾਂ ਦੋਵਾਂ ਦੇ ਇਕੱਠ ਦੀ ਜਾਂਚ ਲਈ ਆਪਣੇ ਸਾਹ, ਖ਼ੂਨ ਜਾਂ ਕੁਝ ਹਾਲਾਤਾਂ ਵਿੱਚ ਪਿਸ਼ਾਬ ਦੀ ਜਾਂਚ ਕਰਨ ਲਈ ਰਾਜ਼ੀ ਹੁੰਦੇ ਹੋ।

ਜੇ ਗਿਰਫਤਾਰ ਕੀਤਾ ਜਾਂਦਾ ਹੈ ਤਾਂ ਅਫਸਰ ਤੁਹਾਡਾ ਡ੍ਰਾਈਵਰ ਲਾਈਸੈਂਸ ਲੈ ਸਕਦਾ ਹੈ ਅਤੇ 30 ਦਿਨਾਂ ਲਈ ਇੱਕ ਅਸਥਾਈ ਡ੍ਰਾਈਵਰ ਲਾਈਸੈਂਸ ਜਾਰੀ ਕਰ ਸਕਦਾ ਹੈ ਅਤੇ ਤੁਹਾਨੂੰ ਮੁਅੱਤਲੀ ਦਾ ਇੱਕ ਆਦੇਸ਼ ਦੇ ਸਕਦਾ ਹੈ। ਤੁਸੀਂ 10 ਦਿਨਾਂ ਦੇ ਅੰਦਰ DMV ਦੀ ਪ੍ਰਸ਼ਾਸਨਕ ਸੁਣਵਾਈ ਲਈ ਬੇਨਤੀ ਕਰ ਸਕਦੇ ਹੋ। ਗਿਰਫਤਾਰ ਕਰਨ ਵਾਲਾ ਅਫਸਰ ਤੁਹਾਨੂੰ ਸਾਹ ਜਾਂ ਖ਼ੂਨ ਦੀ ਜਾਂਚ ਕਰਵਾਉਣ ਲਈ ਕਹਿ ਸਕਦਾ ਹੈ। ਜਾਂਚ ਦੀ ਚੋਣ ਕਰਨ ਜਾਂ ਜਾਂਚ ਪੂਰੀ ਕਰਨ ਤੋਂ ਪਹਿਲਾਂ ਤੁਹਾਡੇ ਕੋਲ ਆਪਣੇ ਵਕੀਲ ਦੀ ਸਲਾਹ ਲੈਣ ਦਾ ਹੱਕ ਨਹੀਂ ਹੈ।

ਜੇ ਤੁਹਾਡੇ ਖ਼ੂਨ ਵਿੱਚ ਸ਼ਰਾਬ ਦੀ ਮਾਤਰਾ 0.08% ਜਾਂ ਉਸ ਤੋਂ ਵੱਧ ਹੁੰਦੀ ਹੈ ਤਾਂ ਅਮਨ ਦੀ ਰੱਖਿਆ ਕਰਨ ਵਾਲਾ ਅਧਿਕਾਰੀ ਤੁਹਾਨੂੰ ਗਿਰਫਤਾਰ ਕਰ ਸਕਦਾ ਹੈ (CVC §§23152 ਜਾਂ 23153)। ਜੇ ਅਫਸਰ ਕੋਲ ਇਹ ਮੰਨਣ ਦੇ ਵਾਜੱਬ ਕਾਰਨ ਹਨ ਕਿ ਤੁਸੀਂ ਸ਼ਰਾਬ ਅਤੇ ਨਸ਼ੀਲੇ ਪਦਾਰਥਾਂ ਦੋਵਾਂ ਦੇ ਅਸਰ ਹੇਠ ਹੋ ਅਤੇ ਤੁਸੀਂ ਪਹਿਲਾਂ ਹੀ ਸ਼ੁਰੂਆਤੀ ਸ਼ਰਾਬ ਦੀ ਜਾਂਚ ਅਤੇ/ਜਾਂ ਸਾਹ ਦੀ ਜਾਂਚ ਕਰਵਾ ਚੁੱਕੇ ਹੋ, ਫੇਰ ਵੀ ਤੁਹਾਨੂੰ ਖ਼ੂਨ ਜਾਂ ਪਿਸ਼ਾਬ ਦੀ ਜਾਂਚ ਕਰਵਾਉਣ ਲਈ ਕਿਹਾ ਜਾ ਸਕਦਾ ਹੈ ਕਿਉਂਕਿ ਸਾਹ ਦੀ ਜਾਂਚ ਰਾਹੀ ਨਸ਼ੀਲੇ ਪਦਾਰਥਾਂ ਦੀ ਮੌਜੂਦਗੀ ਦਾ ਪਤਾ ਨਹੀਂ ਲੱਗਦਾ ਹੈ।

ਜੇ ਤੁਸੀਂ ਲੋੜੀਂਦੀ ਖ਼ੂਨ ਅਤੇ/ਜਾਂ ਪਿਸ਼ਾਬ ਦੀ ਜਾਂਚ(ਚਾਂ) ਕਰਵਾਉਣ ਤੋਂ ਮੰਨਾ ਕਰਦੇ ਹੋ ਤਾਂ ਇਨਕਾਰ ਕਰਨ ਦੇ ਕਾਰਨ ਤੁਹਾਡੇ ਗੱਡੀ ਚਲਾਉਣ ਦੇ ਅਧਿਕਾਰ ਮੁਅੱਤਲ ਕੀਤੇ ਜਾ ਸਕਦੇ ਹਨ। ਜੇ ਬਾਅਦ ਵਿੱਚ ਤੁਸੀਂ ਆਪਣਾ ਇਰਾਦਾ ਬਦਲ ਵੀ ਦਿੰਦੇ ਹੋ ਅਤੇ ਜਾਂਚ ਲਈ ਰਾਜ਼ੀ ਹੋ ਜਾਂਦੇ ਹੋ ਤਾਂ ਵੀ ਤੁਹਾਡੇ ਗੱਡੀ ਚਲਾਉਣ ਦੇ ਅਧਿਕਾਰ ਦੋਵਾਂ ਕਾਰਨਾਂ ਕਰਕੇ ਮੁਅੱਤਲ ਕੀਤੇ ਜਾ ਸਕਦੇ ਹਨ, ਹਾਲਾਂਕਿ ਦੋਵੇਂ ਸਜ਼ਾਵਾਂ ਇਕੱਠੀਆਂ ਚੱਲਣਗੀਆਂ।

21 ਤੋਂ ਥੱਲੇ—ਸ਼ਰਾਬ ਦੀ ਵਰਤੋਂ ਲਈ ਕੋਈ ਨਰਮੀ ਨਹੀਂ

ਜੇ ਤੁਹਾਡੀ ਉਮਰ 21 ਸਾਲ ਤੋਂ ਘੱਟ ਹੈ ਅਤੇ ਜੇ ਤੁਹਾਨੂੰ ਰੋਕਿਆ ਗਿਆ ਹੈ ਅਤੇ ਪੁਲਿਸ ਅਫਸਰ ਨੂੰ ਇਹ ਸ਼ੱਕ ਹੈ ਕਿ ਤੁਸੀਂ ਸ਼ਰਾਬ ਪੀਤੀ ਹੈ, ਤਾਂ ਤੁਹਾਨੂੰ ਹੱਥ ਨਾਲ ਫੜ੍ਹੀ (ਹੈਂਡ ਹੈਲਡ) ਮਸ਼ੀਨ ਨਾਲ ਕੀਤੀ ਜਾਣ ਵਾਲੀ ਸਾਹ ਦੀ ਜਾਂਚ, ਸ਼ੁਰੂਆਤੀ ਅਲਕੋਹਲ ਜਾਂਚ ਕਰਵਾਉਣੀ ਜ਼ਰੂਰੀ ਹੈ। ਜੇ ਸ਼ੁਰੂਆਤੀ ਅਲਕੋਹਲ ਜਾਂਚ ਵਿੱਚ ਤੁਹਾਡੇ ਖ਼ੂਨ ਵਿੱਚ ਸ਼ਰਾਬ ਦੀ ਮਾਤਰਾ 0.01% ਜਾਂ ਉਸ ਤੋਂ ਵੱਧ ਮਿਲਦੀ ਹੈ ਤਾਂ ਤੁਹਾਨੂੰ 1 ਸਾਲ ਲਈ ਮੁਅੱਤਲ ਕੀਤਾ ਜਾ ਸਕਦਾ ਹੈ।

ਜੇ ਸ਼ੁਰੂਆਤੀ ਅਲਕੋਹਲ ਜਾਂਚ ਵਿੱਚ ਤੁਹਾਡੇ ਖ਼ੂਨ ਵਿੱਚ ਸ਼ਰਾਬ ਦੀ ਮਾਤਰਾ 0.05% ਮਿਲਦੀ ਹੈ ਤਾਂ ਪੁਲਿਸ ਅਫਸਰ ਤੁਹਾਨੂੰ ਸਾਹ ਦੀ ਜਾਂਚ ਜਾਂ ਖ਼ੂਨ ਦੀ ਜਾਂਚ ਸਬਮਿਟ ਕਰਵਾਉਣ ਲਈ ਕਹਿ ਸਕਦਾ ਹੈ।

ਜੇ ਬਾਅਦ ਵਾਲੀ ਜਾਂਚ ਵਿੱਚ ਖ਼ੂਨ ਵਿੱਚ ਸ਼ਰਾਬ ਦੀ ਮਾਤਰਾ 0.05% ਜਾਂ ਵੱਧ ਮਿਲਦੀ ਹੈ, ਤਾਂ ਪੁਲਿਸ ਅਫਸਰ ਤੁਹਾਨੂੰ ਮੁਅੱਤਲੀ ਦਾ ਆਦੇਸ਼ ਜਾਰੀ ਕਰੇਗਾ ਅਤੇ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਲਈ ਗਿਰਫਤਾਰ ਕਰੇਗਾ (CVC §23140)।

ਅਦਾਲਤ ਦੁਆਰਾ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਦਾ ਦੋਸ਼ੀ ਪਾਇਆ ਜਾਣਾ

ਜੇ ਤੁਹਾਨੂੰ ਸ਼ਰਾਬ ਅਤੇ/ਜਾਂ ਨਸ਼ੀਲੇ ਪਦਾਰਥਾਂ ਜਾਂ ਦੋਵਾਂ ਦੇ ਅਸਰ ਹੇਠਾਂ ਗੱਡੀ ਚਲਾਉਣ ਦਾ ਦੋਸ਼ੀ ਪਾਇਆ ਜਾਂਦਾ ਹੈ, ਅਤੇ ਤੁਹਾਡੇ ਖ਼ੂਨ ਵਿੱਚ ਸ਼ਰਾਬ ਦੀ ਮਾਤਰਾ ਪੱਧਰ ਸੀਮਾ ਤੋਂ ਬਹੁਤ ਵਧ ਹੈ, ਤਾਂ ਤੁਹਾਨੂੰ ਪਹਿਲੀ ਵਾਰ ਦੋਸ਼ੀ ਪਾਏ ਜਾਣ ਤੇ ਤੁਹਾਨੂੰ 6 ਮਹੀਨਿਆਂ ਤੱਕ ਦੀ ਜੇਲ੍ਹ ਦੀ ਸਜ਼ਾ ਅਤੇ $390 ਤੋਂ ਲੈ ਕੇ $1,000 ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਤੁਹਾਡੀ ਗੱਡੀ ਨੂੰ ਜ਼ਬਤ ਕੀਤਾ ਜਾ ਸਕਦਾ ਹੈ ਅਤੇ ਤੁਹਾਨੂੰ ਗੱਡੀ ਨੂੰ ਰੱਖਣ ਦੀ ਫੀਸ ਵੀ ਦੇਣੀ ਪੈ ਸਕਦੀ ਹੈ।

ਪਹਿਲੀ ਵਾਰ ਦੋਸ਼ੀ ਪਾਏ ਜਾਣ ਤੇ ਅਦਾਲਤ ਤੁਹਾਨੂੰ ਗੱਡੀ ਚਲਾਉਣ ਦੇ ਅਧਿਕਾਰ ਤੋਂ 6 ਮਹੀਨੇ ਲਈ ਮੁਅੱਤਲ ਕਰੇਗੀ ਅਤੇ ਬਹਾਲੀ ਤੋਂ ਪਹਿਲਾਂ ਤੁਹਾਡੇ ਲਈ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਦੇ ਇੱਕ ਪ੍ਰੋਗਰਾਮ ਨੂੰ ਪੂਰਾ ਕਰਨਾ, ਕੈਲੀਫੋਰਨੀਆ ਬੀਮਾ ਸਬੂਤ ਸਰਟੀਫਿਕੇਟ (SR 22/SR 1P) ਫਾਇਲ ਕਰਨਾ ਅਤੇ ਇਸ ਤੋਂ ਪਹਿਲਾਂ ਕਿ ਤੁਹਾਡਾ ਡ੍ਰਾਈਵਰ ਲਾਈਸੈਂਸ ਵਾਪਸ ਜਾਰੀ ਕੀਤਾ ਜਾਏ, ਸਾਰੀਆਂ ਫੀਸਾਂ ਦਾ ਭੁਗਤਾਨ ਕਰਨਾ ਜ਼ਰੂਰੀ ਕਰੇਗੀ। ਪ੍ਰੋਗਰਾਮ ਦਾ ਸਮਾਂ ਵੱਖ-ਵੱਖ ਹੋ ਸਕਦਾ ਹੈ। ਜੇ ਤੁਹਾਡੇ ਖ਼ੂਨ ਵਿੱਚ ਸ਼ਰਾਬ ਦੀ ਮਾਤਰਾ 0.15% ਜਾਂ ਉਸ ਤੋਂ ਵਧ ਹੈ ਅਤੇ ਹੋਰ ਨਿਯਮਾਂ ਦੀ ਉਲੰਘਣਾ ਦਾ ਤੁਹਾਡਾ ਪੁੱਰਾਣਾ ਰਿਕਾਰਡ ਹੈ, ਜਾਂ ਤੁਸੀਂ ਰਸਾਇਣਕ ਜਾਂਚ ਕਰਵਾਉਣ ਤੋਂ ਇਨਕਾਰ ਕੀਤਾ ਹੈ, ਤਾਂ ਅਦਾਲਤ ਤੁਹਾਨੂੰ 9 ਮਹੀਨੇ ਜਾਂ ਹੋਰ ਲੰਮੇ ਅਰਸੇ ਦਾ ਪ੍ਰੋਗਰਾਮ ਕਰਨ ਦਾ ਹੁਕਮ ਦੇ ਸਕਦੀ ਹੈ। ਜੇ ਤੁਹਾਡੇ ਖ਼ੂਨ ਵਿੱਚ ਸ਼ਰਾਬ ਦੀ ਮਾਤਰਾ 0.20% ਜਾਂ ਉਸ ਤੋਂ ਵਧ ਹੈ ਤਾਂ ਅਦਾਲਤ ਤੁਹਾਨੂੰ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਲਈ ਇਲਾਜ ਦੇ ਵਧੀਕ ਪ੍ਰੋਗਰਾਮ ਲਈ ਭੇਜ ਸਕਦੀ ਹੈ ਅਤੇ ਤੁਹਾਡਾ ਡ੍ਰਾਈਵਰ ਲਾਈਸੈਂਸ 10 ਮਹੀਨਿਆਂ ਲਈ ਮੁਅੱਤਲ ਕੀਤਾ ਜਾਵੇਗਾ। ਤੁਹਾਨੂੰ ਆਪਣੀ ਗੱਡੀ ਵਿੱਚ ਇੱਕ ਇਗਨੀਸ਼ਨ ਇੰਟਰਲਾਕ ਯੰਤਰ ਲਗਵਾਉਣ ਦੀ ਵੀ ਮੰਗ ਕੀਤੀ ਜਾ ਸਕਦੀ ਹੈ। ਜੇ ਤੁਹਾਡੇ ਸਾਹ ਵਿੱਚ ਸ਼ਰਾਬ ਦੀ ਮਹਿਕ ਹੈ ਤਾਂ ਇੱਕ ਇਗਨੀਸ਼ਨ ਇੰਟਰਲਾਕ ਯੰਤਰ ਤੁਹਾਨੂੰ ਆਪਣੀ ਗੱਡੀ ਚਾਲੂ ਕਰਨ ਤੋਂ ਰੋਕਦਾ ਹੈ। ਜੇ ਤੁਹਾਡੇ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਵਜੋਂ ਕਿਸੇ ਨੂੰ ਸੱਟ ਲਗੀ ਸੀ ਤਾਂ ਮੁਅੱਤਲੀ ਦਾ ਅਰਸਾ 1 ਸਾਲ ਹੈ।

ਜੇ ਇਨ੍ਹਾਂ ਮਸਲਿਆਂ ਵਿੱਚ ਗੰਭੀਰ ਸੱਟਾਂ ਲਗਦੀਆਂ ਹਨ ਜਾਂ ਕਿਸੇ ਦੀ ਮੌਤ ਹੋ ਜਾਂਦੀ ਹੈ ਤਾਂ ਤੁਹਾਨੂੰ ਦੀਵਾਨੀ ਮੁੱਕਦਮਿਆਂ ਦਾ ਸਾਮ੍ਹਣਾ ਵੀ ਕਰਨਾ ਪੈ ਸਕਦਾ ਹੈ। ਸਾਰੇ ਨਸ਼ੇ ਦੇ ਅਸਰ ਹੇਠਾਂ ਗੱਡੀ ਚਲਾਉਣ ਵਾਲੇ ਅਪਰਾਧ DMV ਦੇ ਰਿਕਾਰਡ ਤੇ 10 ਸਾਲਾਂ ਲਈ ਰਹਿਣਗੇ। ਇਸ ਸਮੇਂ ਦੌਰਾਨ ਅਦਾਲਤਾਂ ਅਤੇ/ਜਾਂ DMV ਤੁਹਾਡੇ ਤੇ ਨਿਯਮਾਂ ਦੀ ਨਵੀਂ ਉਲੰਘਣਾ ਲਈ ਜਿਆਦਾ ਕੜੇ ਹਰਜਾਨੇ ਲਗਾ ਸਕਦੀਆਂ ਹਨ।

ਜੇ ਤੁਹਾਡੇ ਖ਼ੂਨ ਵਿੱਚ ਸ਼ਰਾਬ ਦੀ ਮਾਤਰਾ ਕਨੂੰਨੀ ਸੀਮਾਵਾਂ ਤੋਂ ਘੱਟ ਹੈ ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਡਾ ਗੱਡੀ ਚਲਾਉਣਾ ਸੁਰੱਖਿਅਤ ਹੈ। ਕਨੂੰਨੀ ਸੀਮਾਵਾਂ ਤੋਂ ਘੱਟ ਪੱਧਰਾਂ ਤੇ ਸ਼ਰਾਬ ਪੀਣ ਤੇ ਵੀ ਤੱਕਰੀਬਨ ਸਾਰੇ ਡ੍ਰਾਈਵਰ ਨਾਕਾਮਿਆਂ ਨੂੰ ਦਰਸਾਉਂਦੇ ਹਨ। ਜਦੋਂ ਤੁਹਾਨੂੰ ਰੋਕਿਆ ਜਾਂਦਾ ਹੈ ਉਸ ਵੇਲੇ ਦਿੱਸਦੀਆਂ ਤੁਹਾਡੀਆਂ ਕਮਜ਼ੋਰੀਆਂ ਤੁਹਾਡੇ ਖ਼ੂਨ ਵਿੱਚ ਸ਼ਰਾਬ ਦੀ ਮਾਤਰਾ ਦੇ ਮਾਪ ਦੇ ਬਿਨ੍ਹਾਂ ਵੀ ਤੁਹਾਨੂੰ ਨਸ਼ੇ ਦੇ ਅਸਰ ਹੇਠਾਂ ਗੱਡੀ ਚਲਾਉਣ ਦੇ ਤਹਿੱਤ ਸਜ਼ਾ ਦਿਵਾਉਣ ਲਈ ਕਾਫੀ ਹੋ ਸਕਦੀਆਂ ਹਨ।

ਧੋਖਾਧੜੀ

ਇਸਦੀ ਪਛਾਣ ਕਰੋ
ਇਸਦੀ ਰਿਪੋਰਟ ਕਰੋ
ਇਸਨੂੰ ਰੋਕੋ

ਕੰਮ ਦੀ ਥਾਂ 'ਤੇ ਧੋਖਾਧੜੀ ਨੂੰ ਰੋਕੋ

- ਜਾਣਕਾਰੀ ਦੀ ਦੁਰਵਰਤੋਂ
- ਸੇਵਾਵਾਂ ਲਈ ਰਿਸ਼ਵਤ ਲੈਣਾ
- ਧੋਖਾਧੜੀ ਵਾਲੇ ਦਸਤਾਵੇਜ਼ ਜਾਰੀ ਕਰਨਾ
- ਜਾਇਦਾਦ ਜਾਂ ਪੈਸੇ ਦੀ ਚੋਰੀ ਕਰਨਾ
- ਗ਼ਲਤ ਤਰੀਕੇ ਨਾਲ ਫੀਸ ਮੁਆਫ਼ ਕਰਨਾ

ਇਮਾਨਦਾਰੀ ਮਾਇਨੇ ਰੱਖਦੀ ਹੈ

ਧੋਖਾਧੜੀ ਦੀ ਰਿਪੋਰਟ ਕਰੋ: **DMV** ਜਾਂਚ-ਪੜਤਾਲਾਂ, ਅੰਦਰੂਨੀ ਮਾਮਲਿਆਂ ਲਈ ਸੰਪਰਕ:
Reportfraud@dmv.ca.gov

ਉੱਤਰੀ ਕੈਲੀਫੋਰਨੀਆਂ **(916) 657-7742**
ਦੱਖਣੀ ਕੈਲੀਫੋਰਨੀਆਂ **(626) 851-0173** ਜਾਂ **(951) 653-5357**

INV 19 ਧੋਖਾਧੜੀ ਸ਼ਿਕਾਇਤ ਫਾਰਮ ਪ੍ਰਾਪਤ ਕਰਨ ਲਈ **www.dmv.ca.gov** 'ਤੇ ਜਾਓ

ਕੈਲੀਫੋਰਨੀਆਂ ਡਿਪਾਰਟਮੇਂਟ ਆਫ਼ ਮੋਟਰ ਵਹੀਕਲਜ਼

ਇੱਕ ਡ੍ਰਾਈਵਿੰਗ-ਅੰਡਰ-ਦੀ-ਇਨਫਲੁਐਨਸ (DUI) ਮਿਲਿਆ ਹੈ – ਤੁਸੀਂ ਆਪਣਾ ਲਾਈਸੈਂਸ ਗੁਆ ਦਿੱਤਾ!

ਜੇ ਤੁਹਾਡੇ ਖ਼ੂਨ ਵਿੱਚ ਸ਼ਰਾਬ ਦਾ ਪੱਧਰ 0.08% ਜਾਂ ਜਿਆਦਾ ਹੈ ਤਾਂ ਤੁਹਾਡਾ ਡ੍ਰਾਈਵਿੰਗ ਕਰਨਾ ਗੈਰਕਨੂੰਨੀ ਹੈ (0.04% ਵਪਾਰਕ ਵਾਹਨਾਂ ਦੇ ਡ੍ਰਾਈਵਰਾਂ ਲਈ ਅਤੇ 0.01% ਜੇ ਉਮਰ 21 ਸਾਲਾਂ ਤੋਂ ਘੱਟ ਹੋਵੇ)। ਦੂਜੇ ਹਾਲਾਤ ਜਿਵੇਂ ਕਿ ਥਕਾਨ, ਦਵਾਈਆਂ ਜਾਂ ਨਸ਼ੀਲੇ ਪਦਾਰਥ ਖਾਣਾ ਜੋ ਕਿ ਕਨੂੰਨੀ ਤੌਰ ਤੇ ਤੁਹਾਡੀ ਡ੍ਰਾਈਵਿੰਗ ਕਰਨ ਦੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦੇ ਹਨ। ਹੇਠਾਂ ਦਿੱਤਾ ਗਿਆ ਟੇਬਲ ਤੁਹਾਨੂੰ ਅੰਦਾਜ਼ਨ ਖ਼ੂਨ ਵਿੱਚ ਸ਼ਰਾਬ ਦੀ ਮਾਤਰਾਂ ਦੇ ਪੱਧਰਾਂ ਨੂੰ ਦਰਸ਼ਾਉਂਦਾ ਹੈ ਜੋ ਕਿ ਲਿੱਤੇ ਗਏ ਪੈਗਾਂ ਦੀ ਗਿਣਤੀ ਤੇ, ਲਿੰਗ ਤੇ ਅਤੇ ਤੁਹਾਡੇ ਸ਼ਰੀਰ ਦੇ ਭਾਰ ਤੇ ਨਿਰਭਰ ਕਰਦਾ ਹੈ। ਯਾਦ ਰੱਖੋ: ਇੱਥੋ ਤਕ ਕਿ ਇੱਕ ਪੈਗ ਵੀ ਤੁਹਾਡੀ ਡ੍ਰਾਈਵਿੰਗ ਕਰਨ ਦੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਖ਼ੂਨ ਵਿੱਚ ਸ਼ਰਾਬ ਦੀ ਮਾਤਰਾਂ (BAC)
ਆਦਮੀਆਂ (M) / ਔਰਤਾਂ (F)

ਸ਼ਰਾਬ ਦੇ ਪੈਗਾਂ ਦੀ ਗਿਣਤੀ		ਸ਼ਰਾਬ ਦਾ ਭਾਰ ਪਾਉਂਡ ਵਿੱਚ								ਡ੍ਰਾਈਵਿੰਗ ਲਈ ਹਾਲਾਤ
		100	120	140	160	180	200	220	240	
0	ਆਦਮੀ	.00	.00	.00	.00	.00	.00	.00	.00	ਸਿਰਫ ਸੁਰੱਖਿਅਤ ਡ੍ਰਾਈਵਿੰਗ ਸੀਮਾ
	ਔਰਤ	.00	.00	.00	.00	.00	.00	.00	.00	
1	ਆਦਮੀ	.06	.05	.04	.04	.03	.03	.03	.02	ਡ੍ਰਾਈਵਿੰਗ ਦੀ ਯੋਗਤਾ
	ਔਰਤ	.07	.06	.05	.04	.04	.03	.03	.03	
2	ਆਦਮੀ	.12	.10	.09	.07	.07	.06	.05	.05	
	ਔਰਤ	.13	.11	.09	.08	.07	.07	.06	.06	
3	ਆਦਮੀ	.18	.15	.13	.11	.10	.09	.08	.07	
	ਔਰਤ	.20	.17	.14	.12	.11	.10	.09	.08	ਕਨੂੰਨੀ ਤੌਰ ਤੇ ਨਸ਼ੇ ਵਿੱਚ
4	ਆਦਮੀ	.24	.20	.17	.15	.13	.12	.11	.10	
	ਔਰਤ	.26	.22	.19	.17	.15	.13	.12	.11	
5	ਆਦਮੀ	.30	.25	.21	.19	.17	.15	.14	.12	
	ਔਰਤ	.33	.28	.24	.21	.18	.17	.15	.14	

ਘਟਾਓ **0.01%** ਸ਼ਰਾਬ ਪੀਣ ਦੇ ਹਰੇਕ **40** ਮਿਨਟਾਂ ਲਈ
1 ਪੈਗ = **1.5** ਆਉਂਸ **80** ਪਰੂਫ਼ ਸ਼ਰਾਬ, **12** ਆਉਂਸ **5%** ਬਿਅਰ, ਜਾਂ **5** ਆਉਂਸ **12%** ਵਾਈਨ

100 ਵਿੱਚੋਂ **5** ਵਿਅਕਤੀਆਂ ਤੋਂ ਵੀ ਘੱਟ ਇਨ੍ਹਾਂ ਮਾਤਰਾਵਾਂ ਤੋਂ ਵਧ ਪਾਏ ਜਾਂਦੇ ਹਨ।

21 ਸਾਲ ਅਤੇ ਉਸ ਤੋਂ ਵੱਡੀ ਉਮਰ ਦੇ ਡ੍ਰਾਈਵਰ—ਨਸ਼ੇ ਦੇ ਅਸਰ ਹੇਠਾਂ ਗੱਡੀ ਚਲਾਉਣ ਵਾਲਾ ਪ੍ਰੋਗਰਾਮ ਅਤੇ ਪਾਬੰਦੀ ਲੱਗੇ ਡ੍ਰਾਈਵਰ ਲਾਈਸੈਂਸ

ਸਾਰੇ ਨਸ਼ੇ ਦੇ ਅਸਰ ਹੇਠਾਂ ਗੱਡੀ ਚਲਾਉਣ ਵਾਲੇ ਮੁਜਰਮਾਂ ਲਈ ਇੱਕ ਨਸ਼ੇ ਦੇ ਅਸਰ ਹੇਠਾਂ ਗੱਡੀ ਚਲਾਉਣ ਵਾਲੇ ਪ੍ਰੋਗਰਾਮ ਨੂੰ ਪੂਰਾ ਕਰਨਾ ਜ਼ਰੂਰੀ ਹੈ।

ਆਮ ਤੌਰ ਤੇ ਜੇ ਤੁਹਾਡੀ ਉਮਰ 21 ਸਾਲ ਤੋਂ ਵਧ ਹੈ, ਤੁਸੀਂ ਨਸ਼ੇ ਦੇ ਅਸਰ ਹੇਠਾਂ ਗੱਡੀ ਚਲਾਉਣ ਵਾਲੇ ਪ੍ਰੋਗਰਾਮ ਲਈ ਨਾਂ ਲਿਖਵਾਉਂਦੇ ਹੋ, ਤਾਂ ਕੈਲੀਫੋਰਨੀਆ ਬੀਮਾ ਸਬੂਤ ਸਰਟੀਫਿਕੇਟ (SR 22/SR 1P) ਦਰਜ਼ ਕਰਾਓ, ਅਤੇ ਪਾਬੰਦੀ ਵਾਲੇ ਲਾਈਸੈਂਸ ਅਤੇ ਦੁਬਾਰਾ ਜਾਰੀ ਕਰਨ ਦੀ ਫੀਸ ਦਾ ਭੁਗਤਾਨ ਕਰੋ, ਤਾਂ DMV ਤੁਹਾਨੂੰ ਇੱਕ ਪਾਬੰਦੀ ਵਾਲਾ ਡ੍ਰਾਈਵਿੰਗ ਲਾਈਸੈਂਸ ਜਾਰੀ ਕਰੇਗਾ, ਬਸ਼ਰਤੇ ਕਿ ਤੁਹਾਡੇ ਕੋਲ ਇੱਕ ਵਪਾਰਕ ਡ੍ਰਾਈਵਿੰਗ ਲਾਈਸੈਂਸ ਨਾ ਹੋਵੇ। ਪਹਿਲੇ ਨਸ਼ੇ ਦੇ ਅਸਰ ਹੇਠਾਂ ਗੱਡੀ ਚਲਾਉਣ ਦੇ ਅਪਰਾਧ ਕਰਨ ਤੇ ਇੱਕ ਲਾਈਸੈਂਸ ਦਿੱਤੇ ਜਾਣ ਦੀ ਇਜਾਜ਼ਤ ਹੈ, ਜੋ ਤੁਹਾਨੂੰ ਨੌਕਰੀ ਦੇ ਦੌਰਾਨ ਕੰਮ ਤੇ ਜਾਣ ਅਤੇ ਆਉਣ, ਅਤੇ ਨਸ਼ੇ ਦੇ ਅਸਰ ਹੇਠਾਂ ਗੱਡੀ ਚਲਾਉਣ ਵਾਲੇ ਪ੍ਰੋਗਰਾਮ ਲਈ ਆਉਣ-ਜਾਣ ਦੀ ਇਜਾਜ਼ਤ ਦੇਵੇਗਾ। ਪਰ ਜੇਕਰ ਤੁਹਾਨੂੰ "ਟ੍ਰੈਫਿਕ ਦੀ ਸੁਰੱਖਿਆ ਲਈ ਖਤਰਾ" ਜਾਂ "ਲੋਕਾਂ ਦੀ ਸੁਰੱਖਿਆ ਲਈ ਖਤਰਾ" ਮੰਨਿਆ ਜਾਂਦਾ ਹੈ ਤਾਂ ਅਦਾਲਤ DMV ਨੂੰ ਹੁਕਮ ਦੇ ਸਕਦਾ ਹੈ ਕਿ ਤੁਹਾਨੂੰ ਪਾਬੰਦੀ ਵਾਲਾ ਡ੍ਰਾਈਵਰ ਲਾਈਸੈਂਸ ਜਾਰੀ ਨਾ ਕੀਤਾ ਜਾਵੇ। ਤੁਹਾਡੇ ਖਿਲਾਫ਼ ਦੂਜੀਆਂ ਕਾਰਵਾਈਆਂ ਕਰਕੇ ਵੀ ਤੁਹਾਨੂੰ ਪਾਬੰਦੀ ਵਾਲਾ ਡ੍ਰਾਈਵਰ ਲਾਈਸੈਂਸ ਦੇਣ ਤੇ ਰੋਕ ਲਗਾਈ ਜਾ ਸਕਦੀ ਹੈ।

ਧਿਆਨ ਦਿਓ: ਵਪਾਰਕ ਗੱਡੀਆਂ ਚਲਾਉਣ ਵਾਲੇ ਡ੍ਰਾਈਵਰਾਂ ਨੂੰ 1 ਸਾਲ ਲਈ ਅਯੋਗ ਕਰਾਰ ਕੀਤਾ ਜਾਂਦਾ ਹੈ ਅਤੇ ਉਹ ਇੱਕ ਪਾਬੰਦੀ ਵਾਲਾ ਵਪਾਰਕ ਡ੍ਰਾਈਵਰ ਲਾਈਸੈਂਸ ਪ੍ਰਾਪਤ ਨਹੀਂ ਕਰ ਸਕਦੇ ਜਦੋਂ ਤੱਕ ਕਿ ਉਹ ਘਟਾ ਕੇ ਇੱਕ ਗੈਰ-ਵਪਾਰਕ ਲਾਈਸੈਂਸ ਵਿੱਚ ਨਾ ਬਦਲ ਲੈਣ (ਵਧੇਰੀ ਜਾਣਕਾਰੀ ਲਈ ਕੈਲੀਫੋਰਨੀਆ ਵਪਾਰਕ ਡ੍ਰਾਈਵਰ ਹੈਂਡਬੁੱਕ [DL 650]) ਵੇਖੋ।

ਦੂਜੀ ਵਾਰ ਜਾਂ ਉਸ ਤੋਂ ਬਾਅਦ ਨਸ਼ੇ ਦੇ ਅਸਰ ਹੇਠਾਂ ਗੱਡੀ ਚਲਾਉਣ ਦਾ ਦੋਸ਼ੀ ਪਾਏ ਜਾਣ ਤੇ ਹਰਜਾਨੇ ਵਧ ਜਾਂਦੇ ਹਨ, ਜਿਸ ਵਿੱਚ 2 ਸਾਲ ਤੱਕ ਲਈ ਮੁਅੱਤਲੀ ਜਾਂ 5 ਸਾਲ ਤੱਕ ਲਈ ਰੱਦ ਕਰਨਾ ਸ਼ਾਮਲ ਹੈ। ਜਦੋਂ ਤੁਹਾਡਾ ਮੁਅੱਤਲੀ/ਰੱਦ ਹੋਣ ਦਾ ਦੱਸਿਆ ਹੋਇਆ ਅਰਸਾ ਪੂਰਾ ਹੋ ਜਾਂਦਾ ਹੈ ਅਤੇ ਤੁਸੀਂ ਆਪਣਾ ਨਾਂ ਨਸ਼ੇ ਦੇ ਅਸਰ ਹੇਠਾਂ ਗੱਡੀ ਚਲਾਉਣ ਲਈ ਦਰਜ ਕਰਵਾਉਂਦੇ ਹੋ, ਜਾਂ ਨਸ਼ੇ ਦੇ ਅਸਰ ਹੇਠਾਂ ਗੱਡੀ ਚਲਾਉਣ ਵਾਲੇ ਪ੍ਰੋਗਰਾਮ ਦਾ ਇੱਕ ਹਿੱਸਾ ਮੁਕੰਮਲ ਕਰ ਲੈਂਦੇ ਹੋ ਤਾਂ ਤੁਹਾਨੂੰ ਜ਼ਰੂਰਤ ਦੀਆਂ ਥਾਵਾਂ ਤੇ ਜਾਣ ਲਈ ਪਾਬੰਦੀ ਵਾਲਾ ਡ੍ਰਾਈਵਰ ਲਾਈਸੈਂਸ ਮਿਲ ਸਕਦਾ ਹੈ ਜੇ ਤੁਸੀਂ:

- ਆਪਣੀ ਗੱਡੀ ਵਿੱਚ ਇੱਕ ਇਗਨੀਸ਼ਨ ਇੰਟਰਲਾਕ ਯੰਤਰ ਲਗਵਾ ਲੈਂਦੇ ਹੋ।
- ਬਿਨ੍ਹਾਂ ਇਗਨੀਸ਼ਨ ਇੰਟਰਲਾਕ ਯੰਤਰ ਵਾਲੀ ਕੋਈ ਗੱਡੀ ਨਾ ਚਲਾਉਣ ਲਈ ਰਜ਼ਾਮੰਦ ਹੁੰਦੇ ਹੋ।
- ਦੱਸਿਆ ਗਿਆ ਨਸ਼ੇ ਦੇ ਅਸਰ ਹੇਠਾਂ ਗੱਡੀ ਚਲਾਉਣ ਵਾਲਾ ਪ੍ਰੋਗਰਾਮ ਮੁਕੰਮਲ ਕਰਨ ਲਈ ਸਹਿਮਤ ਹੁੰਦੇ ਹੋ।
- SR 22 ਫਾਰਮ ਦਰਜ ਕਰ ਦਿੰਦੇ ਹੋ।
- ਲਾਈਸੈਂਸ ਦੁਬਾਰਾ ਜਾਰੀ ਕਰਨ ਅਤੇ ਪਾਬੰਦੀ ਵਾਲੇ ਲਾਈਸੈਂਸ ਦੀ ਫੀਸ ਦਾ ਭੁਗਤਾਨ ਕਰ ਦਿੰਦੇ ਹੋ।

ਗੱਡੀ ਚਲਾਉਣ ਦੇ ਹੋਰ ਕਨੂੰਨ/ਨਿਯਮ

ਉਹ ਚੀਜ਼ਾਂ ਜੋ ਤੁਹਾਨੂੰ ਨਹੀ ਕਰਨੀਆਂ ਚਾਹੀਦੀਆਂ:

- ਜਦੋਂ ਇੱਕ ਨਾਬਾਲਗ ਗੱਡੀ ਵਿੱਚ ਹੋਵੇ ਤਾਂ ਕਿਸੇ ਵੀ ਵੇਲੇ ਸਿਗਰੇਟ ਨਾ ਪਿਓ। ਤੁਹਾਨੂੰ $100 ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ।
- ਜਾਨਵਰਾਂ ਨੂੰ ਹਾਈਵੇ ਤੇ ਸੁੱਟ ਕੇ ਜਾਂ ਛੱਡ ਕੇ ਨਾ ਜਾਓ। ਇਸ ਜੁਰਮ ਲਈ $1,000 ਤੱਕ ਦਾ ਜੁਰਮਾਨਾ, 6 ਮਹੀਨਿਆਂ ਦੀ ਕੈਦ, ਜਾਂ ਦੋਵਾਂ ਦੀ ਸਜ਼ਾ ਹੋ ਸਕਦੀ ਹੈ।
- ਟੈਕਸਟ ਅਧਾਰਤ ਮੈਸੇਜ ਲਿੱਖਣ, ਭੇਜਣ ਜਾਂ ਪੜ੍ਹਣ ਲਈ ਸੰਚਾਰ ਉਪਕਰਨ ਦੀ ਵਰਤੋਂ ਕਰਦੀਆਂ ਹੋਇਆਂ ਇੱਕ ਮੋਟਰ ਗੱਡੀ ਕਦੀ ਨਾ ਚਲਾਓ।
- ਡ੍ਰਾਈਵਿੰਗ ਕਰਨ ਵੇਲੇ ਦੋਵੇਂ ਕੰਨਾਂ ਵਿੱਚ ਹੈਡਸੈਟ ਜਾਂ ਈਅਰਪਲੱਗ ਨਾ ਲਾਓ।
- ਗੱਡੀ ਨੂੰ ਸਮਾਨ ਜਾਂ ਸਵਾਰੀਆਂ ਨਾਲ ਇੰਨਾਂ ਜਿਆਦਾ ਲੱਦ ਕੇ ਨਾ ਚਲਾਓ ਕਿ ਤੁਸੀਂ ਇਸ ਨੂੰ ਕਾਬੂ ਨਾ ਕਰ ਸਕੋ, ਜਾਂ ਤੁਹਾਨੂੰ ਆਪਣੇ ਸਾਮ੍ਹਣੇ ਜਾਂ ਸਾਈਡਾਂ ਵਾਲੇ ਦ੍ਰਿਸ਼ ਨਜ਼ਰ ਨਾ ਆਉਣ।

— ਇੱਕ ਅਸੁਰੱਖਿਅਤ, ਅਮਹਿਫੂਜ਼ ਭਾਰ ਨਾਲ ਲਦੀ ਹੋਈ ਗੱਡੀ ਨੂੰ, ਜੋ ਕਿ ਸੁਰੱਖਿਆ ਲਈ ਖ਼ਤਰਨਾਕ ਹੋ ਸਕਦਾ ਹੈ, ਚਲਾਉਣਾ ਗੈਰਕਨੂੰਨੀ ਹੈ (CVC §24002(a))। ਅਮਹਿਫੂਜ਼ ਭਾਰ (ਪਿਕਅੱਪ ਟਰੱਕ ਦੇ ਪਿਛਲੇ ਪਾਸੇ ਵਿੱਚ ਪੌੜੀਆਂ, ਬਾਲਟੀਆਂ, ਅਤੇ ਖੁਲ੍ਹੀਆਂ ਚੀਜਾਂ) ਦੂਜੀ ਗੱਡੀਆਂ ਦੇ ਡ੍ਰਾਈਵਰਾਂ ਲਈ, ਖਾਸ ਤੋਰ ਤੇ ਮੋਟਰਸਾਈਕਲ ਸਵਾਰਾਂ ਲਈ, ਖ਼ਤਰਾ ਪੈਦਾ ਕਰ ਸਕਦਾ ਹੈ, ਜਦੋਂ ਕਿ ਉਹ ਸੜਕ ਤੇ ਡਿੱਗ ਜਾਣ।

- ਸਵਾਰੀ ਗੱਡੀ ਦੇ ਅੰਦਰ ਜਾਂ ਉੱਤੇ ਕੋਈ ਅਜਿਹੀ ਚੀਜ਼ ਨਾ ਰੱਖੋ ਜਿਹੜੀ ਖੱਬੇ ਪਾੱਸੇ ਦੇ ਫੈਂਡਰਾਂ ਤੋਂ ਬਾਹਰ ਨਿਕਲੀ ਹੋਵੇ ਜਾਂ ਸੱਜੇ ਪਾੱਸੇ ਦੇ ਫੈਂਡਰਾਂ ਤੋਂ 6 ਇੰਚ ਤੋਂ ਵਧ ਨਿਕਲੀ ਹੋਵੇ। ਜੇ ਗੱਡੀ ਦੇ ਪਿੱਛਲੇ ਪਾੱਸੇ ਕੋਈ ਸਮਾਨ 4 ਫੁੱਟ ਤੋਂ ਵਧ ਬਾਹਰ ਨਿਕਲਿਆ ਹੋਇਆ ਹੈ ਤਾਂ ਉਸ ਉੱਤੇ 12 ਇੰਚ ਦਾ ਲਾਲ ਜਾਂ ਰਾਤ ਵੇਲੇ ਫਲੋਰੋਸੈਂਟ ਨਾਰੰਗੀ ਚੌਕੋਰ ਝੰਡਾ ਜਾਂ ਦੋ ਲਾਲ ਬੱਤੀਆਂ ਲੱਗੀਆਂ ਹੋਣੀਆਂ ਚਾਹੀਦੀਆਂ ਹਨ।
- ਪਿਕਅੱਪ ਜਾਂ ਦੂਜੇ ਟਰੱਕ ਦੇ ਪਿੱਛੇ ਕਿਸੇ ਵਿਅਕਤੀ ਨੂੰ ਸਫਰ ਕਰਨ ਦੀ ਇਜ਼ਾਜਤ ਨਾ ਦਿਓ ਜਦੋਂ ਤੱਕ ਕਿ ਉੱਥੇ ਬੈਠਣ ਲਈ ਸੀਟ ਨਾ ਲਗੀ ਹੋਵੇ ਅਤੇ ਉਹ ਵਿਅਕਤੀ ਸੀਟ ਅਤੇ ਸੁਰੱਖਿਆ ਪੇਟੀ ਦੋਵਾਂ ਦਾ ਇਸਤੇਮਾਲ ਕਰੇ।
- ਪਿਕਅੱਪ ਜਾਂ ਦੂਜੇ ਟਰੱਕ ਦੇ ਪਿੱਛੇ ਜਾਨਵਰਾਂ ਨੂੰ ਨਾ ਲੈ ਜਾਓ ਜਦੋਂ ਤੱਕ ਕਿ ਜਾਨਵਰ ਚੰਗੀ ਤਰ੍ਹਾਂ ਬੰਨ੍ਹਿਆ ਨਾ ਗਿਆ ਹੋਵੇ (ਸੁਰੱਖਿਅਤ); ਇਸ ਨਾਲ ਜਾਨਵਰ ਗੱਡੀ ਚੋਂ ਡਿੱਗਣ, ਕੁੱਦਣ ਜਾਂ ਡਿੱਗ ਪੈਣ ਤੋਂ ਬਚਦਾ ਹੈ।
- ਵੀਡੀਓ ਮਾਨੀਟਰ ਲੱਗਿਆ ਹੋਇਆ ਵਾਹਨ ਨਾ ਚਲਾਓ, ਜੇ ਉਹ ਮਾਨੀਟਰ ਡ੍ਰਾਈਵਰ ਨੂੰ ਨਜ਼ਰ ਆਉਂਦਾ ਹੈ ਅਤੇ ਗੱਡੀ ਬਾਰੇ ਜਾਣਕਾਰੀ, ਗਲੋਬਲ ਮੈਪਿੰਗ ਡਿਸਪਲੇ, ਬਾਹਰੀ ਮੀਡਿਆ ਪਲੇਅਰ, ਜਾਂ ਸੈਟੇਲਾਈਟ ਰੇਡੀਓ ਜਾਣਕਾਰੀ ਦੇ ਇਲਾਵਾ ਕੁਝ ਹੋਰ ਵਿਖਾਉਂਦਾ ਹੈ।
- ਆਪਣੀ ਗੱਡੀ ਦੇ ਅੰਦਰੋਂ ਸਿਗਰਟ, ਸਿਗਾਰ ਜਾਂ ਕੋਈ ਹੋਰ ਬਲਦੀ ਜਾਂ ਸੁਲਗਦੀ ਹੋਈ ਚੀਜ਼ ਬਾਹਰ ਨਾ ਸੁੱਟੋ।
- ਆਪਣੀ ਗੱਡੀ ਦੇ ਅਗਲੇ ਸ਼ੀਸ਼ੇ, ਪਿਛਲੇ ਸ਼ੀਸ਼ੇ ਜਾਂ ਬਾਰੀਆਂ ਦੇ ਸ਼ੀਸ਼ਿਆਂ ਤੇ ਸੰਕੇਤ ਜਾਂ ਦੂਜੀਆਂ ਚੀਜ਼ਾਂ ਲੱਗਾ ਕੇ ਬਾਹਰਲੇ ਦ੍ਰਿਸ਼ ਨੂੰ ਨਜ਼ਰ ਆਉਣ ਤੋਂ ਨਾ ਰੋਕੋ। ਸ਼ੀਸ਼ੇ ਉੱਤੇ ਚੀਜ਼ਾਂ ਨਾ ਟੰਗੋ। ਵਿੰਡਸ਼ੀਲਡ/ ਬਾਰੀਆਂ ਦੇ ਸਟੀਕਰ ਸਿਰਫ਼ ਹੇਠਾਂ ਦੱਸੀਆਂ ਥਾਵਾਂ ਤੇ ਹੀ ਲਗਾਉਣ ਦੀ ਇਜਾਜ਼ਤ ਹੈ:
  - — ਸਵਾਰੀ ਵਾਲੇ ਪਾਸੇ ਦੀ ਵਿੰਡਸ਼ੀਲਡ ਦੇ ਹੇਠਲ ਕੋਨੇ ਵਿੱਚ, ਜਾਂ ਪਿੱਛਲੀ ਵਿੰਡੋ ਦੇ ਹੇਠਲ ਕੋਨੇ ਵਿੱਚ ਇੱਕ 7 ਇੰਚ ਦਾ ਚੌਕੋਰ।
  - — ਡ੍ਰਾਈਵਰ ਵਾਲੇ ਪਾੱਸੇ ਦੀ ਵਿੰਡੋ ਦੇ ਹੇਠਲੇ ਕੋਨੇ ਵਿੱਚ ਲਗਿਆ ਇੱਕ 5 ਇੰਚ ਦਾ ਚੌਕੋਰ।
  - — ਡ੍ਰਾਈਵਰ ਦੇ ਪਿੱਛੇ, ਸਾਈਡਾਂ ਵਾਲੀਆਂ ਵਿੰਡੋਜ਼ ਤੇ।
  - — ਇੱਕ ਇਲੈਕਟ੍ਰਾਨਿਕ ਟੋਲ ਭੁਗਤਾਨ ਯੰਤਰ ਲਈ ਤੁਹਾਡੀ ਗੱਡੀ ਦੀ ਵਿੰਡਸ਼ੀਲਡ ਦੇ ਵਿਚਕਾਰਲੇ ਸਭ ਤੋਂ ਉਤਲੇ ਪਾੱਸੇ ਵਿੱਚ ਲਗਿਆ ਇੱਕ 5 ਇੰਚ ਦਾ ਚੌਕੋਰ।
- ਕਿਸੇ ਅੰਤਿਮ ਸੰਸਕਾਰ ਲਈ ਜਾ ਰਹੀਆਂ ਗੱਡੀਆਂ ਦਾ ਰਸਤਾ ਨਾ ਰੋਕੋ ਅਤੇ ਰੁਕਾਵਟ ਨਾ ਪਾਓ। ਅੰਤਿਮ ਸੰਸਕਾਰ ਲਈ ਜਾ ਰਹੀਆਂ ਗੱਡੀਆਂ ਨੂੰ ਪਹਿਲਾਂ ਲੰਘਣ ਦਾ ਅਧਿਕਾਰ ਹੈ ਅਤੇ ਜੇ ਤੁਸੀਂ ਇਸ ਅੰਤਿਮ ਸੰਸਕਾਰ ਵਾਲੇ ਕਾਫਲੇ ਦੇ ਰਸਤੇ ਵਿੱਚ ਵਿਘਨ ਪਾਂਦੇ ਹੋ, ਦਖਲ ਦਿੰਦੇ ਹੋ ਜਾਂ ਕਾਫਲਾ ਭੰਗ ਕਰਦੇ ਹੋ ਤਾਂ ਤੁਹਾਡਾ ਚਲਾਨ ਕਟਿਆ ਜਾ ਸਕਦਾ ਹੈ (CVC §2817)। ਅੰਤਿਮ ਸੰਸਕਾਰ ਦੀ ਅਗਵਾਈ ਇੱਕ ਟ੍ਰੈਫਿਕ ਅਧਿਕਾਰੀ ਰਾਹੀਂ ਕੀਤੀ ਜਾਂਦੀ ਹੈ। ਸਾਰੀ ਗੱਡੀਆਂ ਜੋ ਅਜਿਹੇ ਸੰਸਕਾਰ ਵਿੱਚ ਹਿੱਸਾ ਲੈ ਰਹੀਆਂ ਹਨ ਉਨ੍ਹਾਂ ਦੀ ਗੱਡੀ ਦੀ ਵਿੰਡਸ਼ੀਲਡ ਤੇ ਪਛਾਣ ਲਈ ਮਾਰਕਰ ਲੱਗੇ ਹੁੰਦੇ ਹਨ ਅਤੇ ਉਨ੍ਹਾਂ ਦੀ ਹੈਡਲਾਈਟਾਂ ਜੱਗਦੀਆਂ ਹੁੰਦੀਆਂ ਹਨ।
- ਕਿਸੇ ਅਜਿਹੀ ਗੱਡੀ ਨੂੰ ਨਾ ਚਲਾਓ ਜਿਸ ਤੇ ਲਾਈਸੈਂਸ ਪਲੇਟ ਨੂੰ ਪੜਨ ਜਾਂ ਪਛਾਣ ਨੂੰ ਧੁੰਧਲਾ ਕਰਨ ਵਾਲਾ ਕੋਈ ਵੀ ਦਿੱਸਣ ਯੋਗ ਜਾਂ ਇਲੈਕਟ੍ਰਾਨਿਕ ਯੰਤਰ ਲਗਿਆ ਹੋਵੇ।
- ਲਾਈਸੈਂਸ ਪਲੇਟ ਵਿੱਚ ਕਿਸੇ ਵੀ ਤਰੀਕੇ ਦਾ ਕੋਈ ਵੀ ਬਦਲਾਅ ਨਾ ਕਰੋ।

ਜ਼ਰੂਰੀ ਕਰਨ ਵਾਲੇ ਕੰਮ:

- ਸੂਰਜ ਡੁੱਬਣ ਦੇ 30 ਮਿੰਟਾਂ ਬਾਅਦ ਆਪਣੀ ਗੱਡੀ ਦੀਆਂ ਹੈਡਲਾਈਟਾਂ ਨੂੰ ਚਾਲੂ ਕਰਨਾ ਅਤੇ ਉਨ੍ਹਾਂ ਨੂੰ ਸੂਰਜ ਉੱਗਣ ਦੇ 30 ਮਿੰਟ ਪਹਿਲਾਂ ਤੱਕ ਚਾਲੂ ਰੱਖਣਾ ਜ਼ਰੂਰੀ ਹੈ।
- ਜਦੋਂ ਤੁਹਾਡੇ ਵੱਲ ਆ ਰਹੀ ਕਿਸੇ ਗੱਡੀ ਦੀ ਦੂਰੀ 500 ਫੁੱਟ ਤੋਂ ਘੱਟ ਰਹਿ ਜਾਂਦੀ ਹੈ ਜਾਂ ਜਦੋਂ ਤੁਹਾਡੇ ਅੱਗੇ ਜਾ ਰਹੀ ਗੱਡੀ ਤੋਂ ਤੁਹਾਡੀ ਦੂਰੀ 300 ਫੁੱਟ ਤੋਂ ਘੱਟ ਰਹਿ ਜਾਂਦੀ ਹੈ, ਤਾਂ ਆਪਣੀ ਬੱਤੀਆਂ ਦੀ ਰੋਸ਼ਨੀ ਘੱਟ ਕਰਕੇ ਲੋਅ ਬੀਮ ਤੇ ਲਿਆਉਣਾ ਜ਼ਰੂਰੀ ਹੈ।

ਪ੍ਰਸ਼ਾਸਨਿਕ

ਆਰਥੱਕ ਜੁੰਮੇਵਾਰੀ

ਕੈਲੀਫੋਰਨੀਆ ਦੇ ਲਾਜ਼ਮੀ ਆਰਥੱਕ ਜੁੰਮੇਵਾਰੀ ਕਨੂੰਨ (*California Compulsory Financial Responsibility Law*) ਮੁਤਾਬਕ ਹਰ ਡ੍ਰਾਈਵਰ ਅਤੇ ਗੱਡੀ ਦੇ ਹਰ ਮਾਲਕ ਲਈ ਹਰ ਵੇਲੇ ਆਰਥੱਕ ਜੁੰਮੇਵਾਰੀ (ਦੇਣਦਾਰੀ ਦਾ ਬੀਮਾ) ਬਣਾਈ ਰੱਖਣਾ ਲਾਜ਼ਮੀ ਹੈ। ਆਰਥੱਕ ਜੁੰਮੇਵਾਰੀ ਦੀਆਂ 4 ਕਿਸਮਾਂ ਇਹ ਹਨ:

- ਮੋਟਰ ਗੱਡੀ ਦੀ ਦੇਣਦਾਰੀ ਬੀਮਾ ਪਾਲਿਸੀ।
- DMV ਕੋਲ $35,000 ਜਮ੍ਹਾ ਕਰਵਾਉਣਾ।
- ਕੈਲੀਫੋਰਨੀਆ ਵਿੱਚ ਕਾਰੋਬਾਰੀ ਲਾਈਸੈਂਸ ਵਾਲੀ ਕਿਸੇ ਕੰਪਨੀ ਕੋਲੋਂ ਲਿੱਤਾ ਗਿਆ $35,000 ਦਾ ਬੰਧਕ ਬੌਂਡ।
- DMV ਰਾਹੀਂ ਜਾਰੀ ਕੀਤਾ ਗਿਆ ਇੱਕ ਸਵੈ-ਬੀਮਾ ਸਰਟੀਫਿਕੇਟ।

ਜਦੋਂ ਵੀ ਤੁਸੀਂ ਗੱਡੀ ਚਲਾਓ ਆਰਥੱਕ ਜੁੰਮੇਵਾਰੀ ਦਾ ਸਬੂਤ ਤੁਹਾਡੇ ਕੋਲ ਹੋਣਾ ਜ਼ਰੂਰੀ ਹੈ ਅਤੇ ਟ੍ਰੈਫਿਕ ਚਲਾਨ ਕਰਨ ਲਈ ਰੋਕੇ ਜਾਣ ਵੇਲੇ ਅਤੇ ਟੱਕਰ ਹੋਣ ਤੋਂ ਬਾਅਦ ਇਸ ਨੂੰ ਪੁਲਿਸ ਅਫਸਰ ਦੇ ਕਹਿਣ ਤੇ ਵਿਖਾਉਣਾ ਜ਼ਰੂਰੀ ਹੈ। ਜੇ ਤੁਸੀਂ ਕਨੂੰਨ ਦੀ ਪਾਲਣਾ ਨਹੀਂ ਕਰਦੇ ਹੋ ਤਾਂ ਤੁਹਾਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ ਜਾਂ ਤੁਹਾਡੀ ਗੱਡੀ ਨੂੰ ਕਬਜ਼ੇ ਵਿੱਚ ਲਿਆ ਜਾ ਸਕਦਾ ਹੈ।

ਬੀਮੇ ਲਈ ਲੋੜਾਂ

ਕਨੂੰਨ ਕਹਿੰਦਾ ਹੈ ਕਿ ਗੱਡੀ ਚਲਾਉਣ ਵੇਲੇ ਤੁਹਾਡੀਆਂ ਸਾਰੀਆਂ ਕਾਰਵਾਈਆਂ ਦੀ, ਅਤੇ ਤੁਹਾਡੀ ਮਲਕੀਅਤ ਵਾਲਿਆਂ ਸਾਰੀਆਂ ਗੱਡੀਆਂ ਦੀ, ਆਰਥੱਕ ਜੁੰਮੇਵਾਰੀ ਲੈਣਾ ਤੁਹਾਡੇ ਲਈ ਜ਼ਰੂਰੀ ਹੈ। ਜ਼ਿਆਦਾਤਰ ਡ੍ਰਾਈਵਰ ਆਰਥੱਕ ਜੁੰਮੇਵਾਰੀ ਦੇ ਸਬੂਤ ਦੇ ਤੌਰ ਤੇ ਦੇਣਦਾਰੀ ਬੀਮਾ ਪਾਲਿਸੀ ਕਰਵਾਉਣ ਦੀ ਚੌਣ ਕਰਦੇ ਹਨ। ਜੇ ਕੋਈ ਟੱਕਰ ਤੁਹਾਡੇ ਬੀਮੇ ਰਾਹੀਂ ਕਵਰ ਨਹੀਂ ਹੁੰਦੀ ਹੈ, ਜਾਂ ਜੇ ਤੁਹਾਡੇ ਕੋਲ ਬੀਮਾ ਨਹੀਂ ਹੈ, ਤਾਂ ਤੁਹਾਡਾ ਡ੍ਰਾਈਵਰ ਲਾਈਸੈਂਸ ਮੁਅੱਤਲ ਕਰ ਦਿੱਤਾ ਜਾਵੇਗਾ। ਜੇ ਡ੍ਰਾਈਵਰ ਦੀ ਪਛਾਣ ਨਹੀ ਹੁੰਦੀ ਹੈ, ਤਾਂ ਉਸ ਟੱਕਰ ਵਿਚ ਸ਼ਾਮਲ ਗੱਡੀ ਦੇ ਮਾਲਕ ਦਾ ਡ੍ਰਾਈਵਰ ਲਾਈਸੈਂਸ ਮੁਅੱਤਲ ਕਰ ਦਿੱਤਾ ਜਾਵੇਗਾ।

ਤੁਹਾਡੇ ਬੀਮੇ* ਵਿੱਚ ਹਰ ਟੱਕਰ ਲਈ ਘੱਟੋ-ਘੱਟ ਹੇਠਲੀ ਰਕਮ ਕਵਰ ਹੋਣੀ ਜ਼ਰੂਰੀ ਹੈ:

- ਇੱਕ ਵਿਅਕਤੀ ਦੀ ਮੌਤ ਜਾਂ ਸੱਟ ਲਈ $15,000।
- ਇੱਕ ਤੋਂ ਵਧ ਲੋਕਾਂ ਦੀ ਮੌਤ ਜਾਂ ਸੱਟਾਂ ਲਈ $30,000।
- ਸੰਪਤੀ ਦੇ ਨੁਕਸਾਨ ਲਈ $5,000।

---

* ਘੱਟ ਖਰਚੇ ਵਾਲੀਆਂ ਆਟੋਮੋਬਾਈਲ ਪਾਲਿਸੀਆਂ Alameda, Contra Costa, Fresno, Imperial, Kern, Los Angeles, Orange, Riverside, Sacramento, San Bernardino, San Diego, San Francisco, San Joaquin, San Mateo, Santa Clara ਅਤੇ Stanislaus ਕਾਉਂਟੀਆਂ ਵਿੱਚ ਉਪਲੱਬਧ ਹਨ। ਕਿਰਪਾ ਕਰਕੇ ਆਪਣੇ ਬੀਮਾ ਏਜੰਟ ਨੂੰ ਸੰਪਰਕ ਕਰੋ।

ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਬੀਮਾ ਏਜੰਟ/ਬ੍ਰੋਕਰ ਅਤੇ ਬੀਮਾ ਕਰਨ ਵਾਲੀ ਕੰਪਨੀ ਕੋਲ ਕੈਲੀਫੋਰਨੀਆ ਡਿਪਾਰਟਮੈਂਟ ਆਫ ਇਨਸ਼ੋਰੈਂਸ (*California Department of Insurance*) ਵਲੋਂ ਜਾਰੀ ਕੀਤਾ ਗਿਆ ਲਾਈਸੈਂਸ ਹੈ, ਬੀਮਾ ਕਰਾਉਣ ਤੋਂ ਪਹਿਲਾਂ 1-800-927-HELP ਨੰਬਰ ਤੇ ਫੋਨ ਕਰੋ।

ਜੇ ਤੁਸੀਂ ਕੈਲੀਫੋਰਨੀਆ ਵਿੱਚ ਘੁੰਮਣ ਆਏ ਹੋ ਜਾਂ ਹੁਣੇ-ਹੁਣੇ ਇੱਥੇ ਨਵੇਂ ਰਹਿਣ ਲਈ ਆਏ ਹੋ, ਤਾਂ ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਸ ਰਾਜ ਤੋਂ ਬਾਹਰ ਦੀਆਂ ਸਾਰੀਆਂ ਬੀਮਾ ਕੰਪਨੀਆਂ ਨੂੰ ਕੈਲੀਫੋਰਨੀਆ ਵਿੱਚ ਕਾਰੋਬਾਰ ਕਰਨ ਦਾ ਹੱਕ ਨਹੀਂ ਹੈ। ਇੱਥੇ ਗੱਡੀ ਚਲਾਉਣ ਤੋਂ ਪਹਿਲਾਂ ਆਪਣੀ ਬੀਮਾ ਕੰਪਨੀ ਤੋਂ ਪਤਾ ਕਰੋ ਕਿ ਜੇ ਇੱਥੇ ਟੱਕਰ ਹੁੰਦੀ ਹੈ ਤਾਂ ਕੀ ਤੁਸੀਂ ਕਵਰ ਹੋ ਜਾਂ ਨਹੀਂ। ਜੇ ਕੈਲੀਫੋਰਨੀਆ ਵਿੱਚ ਤੁਹਾਡੀ ਟੱਕਰ ਹੋ ਜਾਂਦੀ ਹੈ, ਤਾਂ ਤੁਹਾਡੇ ਡ੍ਰਾਈਵਿੰਗ ਦੇ ਅਧਿਕਾਰ ਮੁਅੱਤਲ ਨਾ ਹੋਣ ਲਈ ਹੇਠਲੀਆਂ ਸਾਰੀਆਂ 3 ਸ਼ਰਤਾਂ ਦਾ ਪੂਰਾ ਹੋਣਾ ਜ਼ਰੂਰੀ ਹੈ:

1. ਤੁਹਾਡੀ ਦੇਣਦਾਰੀ ਪਾਲਿਸੀ ਵਿੱਚ ਸਰੀਰਕ ਸੱਟ ਅਤੇ ਸੰਪਤੀ ਦੇ ਨੁਕਸਾਨ ਦਾ ਕਵਰ ਇਸ ਭਾਗ ਵਿੱਚ ਦੱਸੀਆਂ ਸੀਮਾਵਾਂ ਦੇ ਬਰਾਬਰ ਜਾਂ ਉਸ ਤੋਂ ਵੱਧ ਹੋਣਾ ਜ਼ਰੂਰੀ ਹੈ।
2. ਤੁਹਾਡੀ ਬੀਮਾ ਕੰਪਨੀ ਦਾ ਇੱਕ ਪਾਵਰ ਆਫ ਅਟਾਰਨੀ ਜਮ੍ਹਾਂ ਕਰਵਾਉਣੀ ਜ਼ਰੂਰੀ ਹੈ ਜਿਸ ਵਿੱਚ ਉਹ DMV ਨੂੰ ਕੈਲੀਫੋਰਨੀਆ ਵਿੱਚ ਕਨੂੰਨੀ ਸੇਵਾ ਲਈ ਆਪਣੇ ਏਜੰਟ ਦੇ ਤੌਰ ਤੇ ਕੰਮ ਕਰਨ ਦੀ ਮਨਜ਼ੂਰੀ ਦੇਵੇਗੀ।
3. ਕੈਲੀਫੋਰਨੀਆ ਆਉਣ ਤੋਂ ਪਹਿਲਾਂ ਤੁਹਾਡੀ ਗੱਡੀ ਦਾ ਬੀਮਾ ਹੋਇਆ ਹੋਣਾ ਜ਼ਰੂਰੀ ਹੈ। ਇੱਕ ਵਾਰ ਜਦੋਂ ਤੁਹਾਡੀ ਗੱਡੀ ਕੈਲੀਫੋਰਨੀਆ ਵਿੱਚ ਰਜ਼ਿਸਟਰ ਹੋ ਜਾਂਦੀ ਹੈ, ਤਾਂ ਤੁਸੀਂ ਰਾਜ ਤੋਂ ਬਾਹਰ ਦੀ ਪਾਲਿਸੀ ਦਾ ਨਵੀਨੀਕਰਨ ਨਹੀਂ ਕਰਵਾ ਸਕਦੇ ਹੋ।

ਤੁਹਾਡੇ ਰਿਕਾਰਡ ਵਿੱਚ ਟੱਕਰਾਂ

DMV ਹੇਠਾਂ ਲਿੱਖਿਆਂ ਵਲੋਂ ਰਿਪੋਰਟ ਕੀਤੀ ਗਈ ਹਰ ਟੱਕਰ ਦੀ ਜਾਣਕਾਰੀ DMV ਰੱਖਦਾ ਹੈ:

- ਕਨੂੰਨ ਪਾਲਣਾ ਅਧਿਕਾਰੀਆਂ ਰਾਹੀਂ, ਜਦੋਂ ਤੱਕ ਕਿ ਰਿਪੋਰਟਿੰਗ ਅਫਸਰ ਇਹ ਨਹੀਂ ਕਹਿੰਦਾ ਕਿ ਗਲਤੀ ਦੂਜੇ ਵਿਅਕਤੀ ਦੀ ਸੀ।
- ਤੁਸੀਂ ਜਾਂ ਟੱਕਰ ਵਿੱਚ ਸ਼ਾਮਲ ਦੂਜੇ ਪੱਖ ਰਾਹੀਂ, ਜੇ ਕਿਸੇ ਇੱਕ ਵਿਅਕਤੀ ਦਾ $1,000 ਤੋਂ ਵਧ ਦਾ ਨੁਕਸਾਨ ਹੋਇਆ ਹੈ ਜਾਂ ਕਿਸੇ ਨੂੰ ਸੱਟ ਲਗੀ ਹੈ ਜਾਂ ਕਿਸੇ ਦੀ ਮੌਤ ਹੋਈ ਹੈ।

ਭਾਵੇਂ ਟੱਕਰ ਕਿਸੇ ਵੀ ਵਿਅਕਤੀ ਦੀ ਗਲਤੀ ਦੇ ਕਾਰਨ ਹੋਈ ਹੋਵੇ; DMV ਲਈ ਇਸ ਰਿਕਾਰਡ ਨੂੰ ਰੱਖਣਾ ਜ਼ਰੂਰੀ ਹੈ।

ਟੱਕਰਾਂ, ਬੀਮਾ ਅਤੇ ਨਾਬਾਲਗ ਵਿਅਕਤੀ

ਜੇ ਤੁਹਾਡੀ ਉਮਰ 18 ਸਾਲਾਂ ਤੋਂ ਘੱਟ ਹੈ, ਤਾਂ ਤੁਹਾਡੀ ਡ੍ਰਾਈਵਰ ਲਾਈਸੈਂਸ ਦੀ ਅਰਜ਼ੀ ਤੇ ਤੁਹਾਡੇ ਮਾਤਾ-ਪਿਤਾ ਜਾਂ ਸਰਪ੍ਰਸਤ(ਤਾਂ) ਦਾ ਦਸਤਖ਼ਤ ਕਰਨਾ ਅਤੇ ਤੁਹਾਡੀ ਡ੍ਰਾਈਵਿੰਗ ਦੀ ਆਰਥੱਕ ਜ਼ੁੰਮੇਵਾਰੀ ਲੈਣਾ ਲਾਜ਼ਮੀ ਹੈ। ਜਦੋਂ ਤੁਹਾਡੀ ਉਮਰ 18 ਸਾਲ ਦੀ ਹੋ ਜਾਂਦੀ ਹੈ ਤਾਂ ਤੁਹਾਡੇ ਮਾਪਿਆਂ ਜਾਂ ਸਰਪ੍ਰਸਤ(ਤਾਂ) ਦੀ ਜ਼ੁੰਮੇਵਾਰੀ ਆਪਣੇ ਆਪ ਖਤਮ ਹੋ ਜਾਂਦੀ ਹੈ।

ਜੇ ਤੁਸੀਂ ਕਿਸੇ ਟੱਕਰ ਵਿੱਚ ਸ਼ਾਮਲ ਹੁੰਦੇ ਹੋ ਤਾਂ ਤੁਹਾਡੇ ਮਾਪਿਆਂ ਜਾਂ ਸਰਪ੍ਰਸਤ(ਤਾਂ) ਨੂੰ ਸਿਵਿਲ ਹਰਜਾਨੇ ਦੀ ਭਰਪਾਈ ਕਰਨੀ ਪੈ ਸਕਦੀ ਹੈ ਅਤੇ ਤੁਹਾਨੂੰ ਵੀ ਜੁਰਮਾਨਾ ਭਰਨਾ ਪੈ ਸਕਦਾ ਹੈ।

ਅਪਵਾਦ: ਤੁਹਾਡੇ ਮਾਪੇ ਜਾਂ ਸਰਪ੍ਰਸਤ(ਤਾਂ) ਜਦੋਂ ਤੱਕ ਤੁਸੀਂ ਨਾਬਾਲਗ ਹੋ ਕਿਸੇ ਵੀ ਵੇਲੇ ਤੁਹਾਡਾ ਡ੍ਰਾਈਵਰ ਲਾਈਸੈਂਸ ਰੱਦ ਕਰਵਾ ਸਕਦੇ ਹਨ।

ਇੱਕ ਟਿਕਟ ਮਿਲਣਾ

ਜੇ ਤੁਹਾਨੂੰ ਟ੍ਰੈਫਿਕ ਦੇ ਕਿਸੇ ਨਿਯਮ ਦਾ ਉਲੰਘਣ ਕਰਨ ਤੇ ਪੁਲਿਸ ਅਫਸਰ ਵਲੋਂ ਰੋਕਿਆ ਅਤੇ ਚਲਾਨ ਕੱਟਿਆ ਜਾਂਦਾ ਹੈ, ਤਾਂ ਤੁਸੀਂ ਟ੍ਰੈਫਿਕ ਦੀ ਅਦਾਲਤ ਵਿੱਚ ਪੇਸ਼ ਹੋਣ ਦੇ ਵਾਅਦੇ 'ਤੇ ਦਸਤਖ਼ਤ ਕਰਦੇ ਹੋ। ਜਦੋਂ ਤੁਸੀਂ ਅਦਾਲਤ ਵਿੱਚ ਜਾਂਦੇ ਹੋ ਤਾਂ ਤੁਸੀਂ ਜਾਂ ਤਾਂ ਆਪਣਾ ਕਸੂਰ ਮੰਨਦੇ ਹੋ, ਜਾਂ ਨਹੀਂ ਮੰਨਦੇ ਹੋ ਜਾਂ ਤੁਸੀਂ ਜੁਰਮਾਨੇ ਦੀ ਰਕਮ ਅਦਾ (ਭੁਗਤਾਨ) ਕਰ ਦਿੰਦੇ ਹੋ। ਜਮਾਨਤ ਦੀ ਰਕਮ ਅਦਾ ਕਰਨਾ ਆਪਣਾ ਕਸੂਰ ਮੰਨਣ ਦੇ ਬਰਾਬਰ ਹੈ।

ਜੇ ਤੁਸੀਂ ਟ੍ਰੈਫਿਕ ਟਿਕਟ ਦੀ ਅਣਗਹਿਲੀ ਕਰਦੇ ਹੋ ਅਤੇ ਅਦਾਲਤ ਵਿੱਚ ਪੇਸ਼ ਨਹੀਂ ਹੁੰਦੇ ਹੋ, ਤਾਂ ਅਦਾਲਤ ਵਿੱਚ ਤੁਹਾਡੀ ਗੈਰਹਾਜ਼ਰੀ ਤੁਹਾਡੇ ਡ੍ਰਾਈਵਰ ਰਿਕਾਰਡ ਵਿੱਚ ਜਾਂਦੀ ਹੈ। ਇੱਥੋ ਤੱਕ ਕਿ ਇੱਕ ਵਾਰੀ ਅਦਾਲਤ ਵਿੱਚ ਤੁਹਾਡੀ ਗੈਰਹਾਜ਼ਰੀ ਦੇ ਕਾਰਨ ਵੀ DMV ਤੁਹਾਡਾ ਡ੍ਰਾਈਵਿੰਗ ਲਾਈਸੈਂਸ ਮੁਅੱਤਲ ਕਰ ਸਕਦਾ ਹੈ। ਮੁਅੱਤਲੀ ਨੂੰ ਖਤਮ ਕਰਨ ਲਈ, ਤੁਹਾਨੂੰ ਅਦਾਲਤ ਨਾਲ ਸਾਰੇ ਅਦਾਲਤ ਵਿੱਚ ਤੁਹਾਡੀ ਗੈਰਹਾਜ਼ਰੀਆਂ ਨੂੰ ਸਾਫ਼ ਕਰਨਾ ਚਾਹੀਦਾ ਹੈ, ਅਤੇ ਡ੍ਰਾਈਵਿੰਗ ਲਾਈਸੈਂਸ ਦੁਬਾਰਾ ਜਾਰੀ ਕਰਨ ਦੀ $55 ਫ਼ੀਸ ਦਾ ਭੁਗਤਾਨ ਕਰਨਾ ਚਾਹੀਦਾ ਹੈ।

27 ਜੂਨ 2017 ਤੋਂ ਪ੍ਰਭਾਵੀ ਕਾਨੂੰਨ, ਜੇ ਤੁਸੀਂ ਜੁਰਮਾਨਾ ਅਦਾ ਕਰਨ ਵਿੱਚ ਅਸਫਲ ਰਹੇ ਤਾਂ ਹੁਣ ਅਦਾਲਤਾਂ ਨੂੰ DMV ਨੂੰ ਸੂਚਿਤ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਜੁਰਮਾਨੇ ਦੀ ਅਦਾਇਗੀ ਨਾ ਹੋਣ ਕਰਕੇ ਤੁਹਾਡੇ ਡ੍ਰਾਈਵਰ ਲਾਇਸੈਂਸ ਨੂੰ ਮੁਅੱਤਲ ਨਹੀਂ ਕੀਤਾ ਜਾਏਗਾ। ਨਵੇਂ ਕਾਨੂੰਨ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ, DMV ਦੀ ਵੈਬਸਾਈਟ **www.dmv.ca.gov** 'ਤੇ ਜਾਓ।

ਹਰ ਵਾਰੀ ਜਦੋਂ ਤੁਸੀਂ ਚਲਦੇ ਟ੍ਰੈਫਿਕ ਦੇ ਕਿਸੇ ਕਨੂੰਨ ਦੀ ਉਲੰਘਣਾ ਕਰਨ ਦੇ ਦੋਸ਼ੀ ਪਾਏ ਜਾਂਦੇ ਹੋ, ਅਦਾਲਤ ਇਸਦੀ ਸੂਚਨਾ DMV ਨੂੰ ਦਿੰਦੀ ਹੈ ਅਤੇ ਇਹ ਜ਼ੁਰਮ ਤੁਹਾਡੇ ਡ੍ਰਾਈਵਰ ਲਾਈਸੈਂਸ ਰਿਕਾਰਡ ਵਿੱਚ ਦਰਜ਼ ਕੀਤਾ ਜਾਂਦਾ ਹੈ। ਦੂਜੇ ਰਾਜਾਂ ਦੁਆਰਾ ਰਿਪੋਰਟ ਕੀਤੇ ਗਏ ਤੁਹਾਡੇ ਜੁਰਮ ਵੀ ਤੁਹਾਡੇ ਡ੍ਰਾਈਵਰ ਰਿਕਾਰਡ ਵਿੱਚ ਦਰਜ਼ ਕੀਤੇ ਜਾਂਦੇ ਹਨ।

ਸ਼ਾਂਤੀ ਅਧਿਕਾਰੀ (ਪੁਲਿਸ ਅਫਸਰ) ਤੋਂ ਬੱਚ ਨਿਕਲਣਾ

ਜੇ ਕੋਈ ਵਿਅਕਤੀ ਆਪਣੀ ਡਿਊਟੀ ਨਿਭਾ ਰਹੇ ਕਿਸੇ ਪੁਲਿਸ ਅਫਸਰ ਕੋਲੋਂ ਜਾਣ ਬੁੱਝ ਕੇ ਨੱਠ ਜਾਂਦਾ ਹੈ ਜਾਂ ਬੱਚ ਨਿਕਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਨੂੰ ਅਪਰਾਧ ਦਾ ਦੋਸ਼ੀ ਮੰਨਿਆ ਜਾਵੇਗਾ ਜਿਸਦੀ ਸਜ਼ਾ ਕਾਉਂਟੀ ਜੇਲ੍ਹ ਵਿੱਚ 1 ਸਾਲ ਤੱਕ ਦੀ ਕੈਦ ਹੈ (CVC §2800.1)।

ਪੁਲਿਸ ਦੁਆਰਾ ਪਿੱਛਾ ਕੀਤੇ ਜਾਣ ਤੇ ਜੇ ਕੋਈ ਵਿਅਕਤੀ ਕਿਸੇ ਨੂੰ ਗੰਭੀਰ ਸਰੀਰਕ ਸੱਟ ਪਹੁੰਚਾਉਣ ਦਾ ਦੋਸ਼ੀ ਪਾਇਆ ਜਾਂਦਾ ਹੈ (CVC §2800.3(a)), ਤਾਂ ਉਨ੍ਹਾਂ ਨੂੰ:

- ਰਾਜ ਦੀ ਜੇਲ੍ਹ ਵਿੱਚ 3, 5, ਜਾਂ 7 ਸਾਲ ਦੀ, ਜਾਂ ਕਾਉਂਟੀ ਜੇਲ੍ਹ ਵਿੱਚ 1 ਸਾਲ ਤੱਕ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।
- ਇੱਕ ਜੁਰਮਾਨਾ ਜੋ ਕਿ $2,000 ਤੋਂ ਘੱਟ ਨਹੀਂ ਹੋਵੇਗਾ ਜਾਂ ਵੱਧ ਤੋਂ ਵੱਧ $10,000 ਦਾ ਜੁਰਮਾਨਾ ਕੀਤਾ ਜਾ ਸਕਦਾ ਹੈ।
- ਜੁਰਮਾਨਾ ਅਤੇ ਕੈਦ ਦੋਵੇਂ ਸਜ਼ਾਵਾਂ ਮਿਲ ਸਕਦੀਆਂ ਹਨ।

ਜੇ ਕਿਸੇ ਵਿਅਕਤੀ ਨੂੰ ਪੁਲਿਸ ਦੁਆਰਾ ਪਿੱਛਾ ਕੀਤੇ ਜਾਣ ਦੌਰਾਨ ਨੱਠਣ ਦੇ ਨਤੀਜੇ ਵਜੋਂ ਕਿਸੇ ਨੂੰ ਮਾਰ ਦੇਣ ਦਾ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਨ੍ਹਾਂ ਨੂੰ ਰਾਜ ਦੀ ਜੇਲ੍ਹ ਵਿੱਚ ਘੱਟੋ-ਘੱਟ 4 ਤੋਂ 10 ਸਾਲਾਂ (CVC §2800.3(b)) ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।

ਡ੍ਰਾਈਵਰ ਰਿਕਾਰਡ ਵਿੱਚ ਪੁਆਇੰਟ

ਹਰ ਘਟਨਾ ਤੁਹਾਡੇ ਰਿਕਾਰਡ ਵਿੱਚ 36 ਮਹੀਨੇ ਜਾਂ ਉਸ ਤੋਂ ਵਧ ਸਮੇਂ ਲਈ ਰਹਿੰਦੀ ਹੈ ਜੋ ਕਿ ਜ਼ੁਰਮ ਦੀ ਕਿਸਮ ਤੇ ਨਿਰਭਰ ਕਰਦਾ ਹੈ।

ਦਿ ਨੈਗਲੀਜੈਂਟ ਆਪਰੇਟਰ ਟ੍ਰੀਟਮੈਂਟ ਸਿਸਟਮ (*Negligent Operator Treatment System*, NOTS) ਅਣਗਹਿਲੀ ਕਰਨ ਵਾਲੇ ਗੱਡੀ ਚਾਲਕਾਂ ਦੇ ਪੁਆਇੰਟਾਂ ਤੇ ਅਧਾਰਤ ਹੈ ਅਤੇ ਇਸ ਵਿੱਚ ਕੰਪਿਊਟਰ ਰਾਹੀ ਬਣਾਏ ਗਏ ਚੇਤਾਵਨੀ ਪੱਤਰ ਅਤੇ ਗੱਡੀ ਚਲਾਉਣ ਦੀ ਇਜ਼ਾਜ਼ਤ ਦੇ ਖਿਲਾਫ਼ ਲੱਗੀਆਂ ਵਧਦੀਆਂ ਪਾਬੰਦੀਆਂ ਸ਼ਾਮਲ ਹਨ।

ਤੁਹਾਨੂੰ ਇੱਕ ਲਾਪਰਵਾਹ ਡ੍ਰਾਈਵਰ ਮੰਨਿਆ ਜਾ ਸਕਦਾ ਹੈ ਜੇ ਤੁਹਾਡੇ ਡ੍ਰਾਈਵਿੰਗ ਰਿਕਾਰਡ ਵਿੱਚ ਹੇਠਾਂ ਲਿੱਖਿਆ ਵਿੱਚ ਕੋਈ ਇੱਕ "ਪੁਆਇੰਟਾਂ ਦਾ ਜੋੜ" ਹੁੰਦਾ ਹੈ:

- 12 ਮਹੀਨਿਆਂ ਵਿੱਚ 4 ਪੁਆਇੰਟ।
- 24 ਮਹੀਨਿਆਂ ਵਿੱਚ 6 ਪੁਆਇੰਟ।
- 36 ਮਹੀਨਿਆਂ ਵਿੱਚ 8 ਪੁਆਇੰਟ।

ਧਿਆਨ ਦਿਓ: ਵਪਾਰਕ ਡ੍ਰਾਈਵਰਾਂ ਲਈ ਪੁਆਇੰਟ ਕਾਉਂਟ ਵੱਖ-ਵੱਖ ਹੋ ਸਕਦਾ ਹੈ। ਪੁਆਇੰਟਾਂ ਦੀ ਗਿਣਤੀ ਬਾਰੇ ਵਧੇਰੀ ਜਾਣਕਾਰੀ ਲਈ ਕੈਲੀਫੋਰਨੀਆ ਵਪਾਰਕ ਡ੍ਰਾਈਵਰ ਹੈਂਡਬੁੱਕ (DL 650) ਵੇਖੋ।

ਟ੍ਰੈਫ਼ਿਕ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਲਈ ਸਕੂਲ ਦੇ ਦੋਸ਼ੀ

ਜਦੋਂ ਇੱਕ ਗੈਰ ਵਪਾਰਕ ਡ੍ਰਾਈਵਰ ਨੂੰ 1 ਪੁਆਇੰਟ ਟ੍ਰਾਂਸਪੋਰਟ ਉਲੰਘਣਾ ਲਈ ਟਿਕਟ ਦਿੱਤਾ ਜਾਂਦਾ ਹੈ, ਤਾਂ ਜੱਜ ਉਸ ਡ੍ਰਾਈਵਰ ਨੂੰ ਕਿਸੇ 18 ਮਹੀਨਿਆਂ ਦੀ ਮਿਆਦ ਵਿੱਚ ਇੱਕ ਵਾਰ ਟ੍ਰੈਫਿਕ ਉਲੰਘਣ ਕਰਨ ਵਾਲੇ ਸਕੂਲ ਵਿੱਚ ਸ਼ਾਮਲ ਹੋਣ ਦਾ ਮੌਕਾ ਦੇ ਸਕਦਾ ਹੈ ਤਾਂਕਿ ਇਸ ਉਲੰਘਣਾ ਨੂੰ ਉਹਨਾਂ ਦੇ ਡ੍ਰਾਈਵਿੰਗ ਰਿਕਾਰਡ ਤੋਂ ਮੁਕਾਇਆ ਜਾ ਸਕੇ। ਕੋਰਸ ਦੀ ਪੂਰਤੀ ਇਲੈਕਟ੍ਰਾਨਿਕ ਤਰੀਕੇ ਨਾਲ ਸਕੂਲ ਦੁਆਰਾ ਅਦਾਲਤ ਨੂੰ ਕੀਤੀ ਜਾਂਦੀ ਹੈ; ਹਾਲਾਂਕਿ, ਵਿਦਿਆਰਥੀ ਨੂੰ ਸਕੂਲ ਤੋਂ ਮੁਕੰਮਲ ਹੋਣ ਰਸੀਦ ਪ੍ਰਾਪਤ ਹੋਵੇਗੀ।

ਧਿਆਨ ਦਿਓ: ਜਦੋਂ ਕੋਈ ਵਪਾਰਕ ਡ੍ਰਾਈਵਰ ਨੂੰ ਇੱਕ ਗੈਰ ਵਪਾਰਕ ਗੱਡੀ ਚਲਾਉਣ ਦਾ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਹ ਡ੍ਰਾਈਵਰ ਟ੍ਰੈਫਿਕ ਸਕੂਲ ਵਿੱਚ ਦਾਖਲਾ ਲੈਣ ਦੇ ਯੋਗ ਹੋ ਸਕਦਾ ਹੈ। ਅੱਗੇ ਹੋਰ ਜਾਣਕਾਰੀ ਲਈ, DMV ਦੀ ਵੈਬਸਾਈਟ **www.dmv.ca.gov** 'ਤੇ ਜਾਓ।

ਮੁਅੱਤਲੀ ਜਾਂ ਰੱਦ ਕਰਨਾ

ਜੇ ਤੁਸੀਂ ਬਹੁਤ ਸਾਰੇ ਲਾਪਰਵਾਹ ਡ੍ਰਾਈਵਰ ਪੁਆਇੰਟ ਪ੍ਰਾਪਤ ਕਰਦੇ ਹੋ ਤਾਂ DMV ਤੁਹਾਨੂੰ 1 ਸਾਲ ਲਈ ਪ੍ਰੋਬੇਸ਼ਨ ਤੇ ਪਾ ਦੇਵੇਗੀ (ਜਿਸ ਵਿੱਚ 6 ਮਹੀਨਿਆਂ ਦੀ ਮੁਅੱਤਲੀ ਵੀ ਸ਼ਾਮਿਲ ਹੁੰਦੀ ਹੈ) ਜਾਂ ਤੁਹਾਡੀ ਡ੍ਰਾਈਵਿੰਗ ਦੇ ਵਿਸ਼ੇਸ਼-ਅਧਿਕਾਰ ਨੂੰ ਰੱਦ ਕਰ ਦੇਵੇਗੀ (ਪੰਨਾ 108–114 'ਤੇ "ਪ੍ਰਸ਼ਾਸਨਿਕ" ਅਨੁਭਾਗ ਵਿੱਚ ਸ਼ਾਮਲ ਵਿਸ਼ਿਆਂ ਨੂੰ ਵੇਖੋ)। ਤੁਹਾਡੀ ਮੁਅੱਤਲੀ ਜਾਂ ਰੱਦ ਕਰਨ ਦੇ ਆਦੇਸ਼ ਤੁਹਾਨੂੰ ਇੱਕ ਸੁਣਵਾਈ ਦੇ ਤੁਹਾਡੇ ਹੱਕ ਬਾਰੇ ਸੂਚਨਾ ਦਿੰਦੇ ਹਨ।

ਮੁਅੱਤਲੀ ਜਾਂ ਰੱਦ ਕਰਨ ਦਾ ਅਰਸਾ ਪੂਰਾ ਹੋਣ ਤੇ ਤੁਸੀਂ ਇੱਕ ਨਵੇਂ ਡ੍ਰਾਈਵਰ ਲਾਈਸੈਂਸ ਲਈ ਅਰਜ਼ੀ ਦੇ ਸਕਦੇ ਹੋ ਅਤੇ ਤੁਹਾਡੇ ਲਈ ਆਰਥੱਕ ਜ਼ੁੰਮੇਵਾਰੀ ਦਾ ਸਬੂਤ ਵਿਖਾਉਣਾ ਜ਼ਰੂਰੀ ਹੁੰਦਾ ਹੈ।

ਜੇ ਤੁਸੀਂ ਟੱਕਰ ਮਾਰ ਕੇ ਨੱਠ ਜਾਣ ਦੇ ਜਾਂ ਅੰਨ੍ਹੇ-ਵਾਹ ਡ੍ਰਾਈਵਿੰਗ ਕਰਨ ਦੇ ਦੋਸ਼ੀ ਪਾਏ ਜਾਂਦੇ ਹੋ ਜਿਸਦੇ ਨਤੀਜੇ ਵਜੋਂ ਕਿਸੇ ਨੂੰ ਸੱਟ ਲੱਗਦੀ ਹੈ, ਤਾਂ DMV ਤੁਹਾਡਾ ਡ੍ਰਾਈਵਰ ਲਾਈਸੈਂਸ ਰੱਦ ਕਰ ਦੇਵੇਗੀ।

ਧਿਆਨ ਦਿਓ: ਅਦਾਲਤਾਂ ਨੂੰ ਕਿਸੇ ਵਿਅਕਤੀ ਦਾ ਡ੍ਰਾਈਵਰ ਲਾਈਸੈਂਸ ਰੱਦ ਕਰਨ ਦਾ ਅਧਿਕਾਰ ਹੁੰਦਾ ਹੈ।

ਰਿਕਾਰਡਾਂ ਦੀ ਗੁਪਤਤਾ

ਤੁਹਾਡੇ ਡ੍ਰਾਈਵਰ ਲਾਈਸੈਂਸ ਰਿਕਾਰਡ ਵਿੱਚਲੀ ਬਹੁਤੇਰੀ ਜਾਣਕਾਰੀ ਜਨਤਾ ਲਈ ਉਪਲੱਬਧ ਹੈ। ਤੁਹਾਡਾ ਰਿਹਾਇਸ਼ੀ ਪਤਾ ਸਿਰਫ਼ ਅਧਿਕਾਰਕ ਏਜੰਸੀਆਂ ਰਾਹੀਂ ਵੇਖਿਆ ਜਾ ਸਕਦਾ ਹੈ। ਤੁਹਾਡਾ ਡਾਕ ਪਤਾ, ਜੇ ਇਹ ਤੁਹਾਡੇ ਰਿਹਾਇਸ਼ੀ ਪਤੇ ਤੋਂ ਵੱਖਰਾ ਹੈ, ਤਾਂ ਉਸ ਤੇ ਘੱਟ ਪ੍ਰਤੀਬੰਧ ਹੁੰਦੇ ਹਨ।

ਡ੍ਰਾਈਵਰਾਂ ਦੀ ਸਰੀਰਿਕ ਜਾਂ ਦਿਮਾਗੀ ਹਲਾਤਾਂ ਨਾਲ ਸਬੰਧਤ ਰਿਕਾਰਡ ਗੁੱਪਤ ਰੱਖੇ ਜਾਂਦੇ ਹਨ।

ਤੁਸੀਂ ਜਾਇਜ ਪਛਾਣ ਕਾਰਡ ਨਾਲ, DMV ਦੇ ਕਿਸੇ ਵੀ ਦਫ਼ਤਰ ਵਿੱਖੇ ਫੀਸ ਦਾ ਭੁਗਤਾਨ ਕਰਕੇ ਆਪਣੇ ਡ੍ਰਾਈਵਿੰਗ ਰਿਕਾਰਡ ਦੀ ਕਾਪੀ ਪ੍ਰਾਪਤ ਕਰ ਸਕਦੇ ਹੋ।

ਸੰਪਤੀ ਦੀ ਤੋੜ-ਫੋੜ/ਵਿਗਾੜਨਾ—ਕਿਸੇ ਵੀ ਉਮਰ ਲਈ

ਜੇ ਕਿਸੇ ਵਿਅਕਤੀ ਨੂੰ ਕਿਸੇ ਸੰਪਤੀ ਦੀ ਤੋੜ-ਫੋੜ ਕਰਨ ਦਾ ਦੋਸ਼ੀ ਪਾਇਆ ਜਾਂਦਾ ਹੈ, ਜਿਸ ਵਿੱਚ ਉਸ ਸੰਪਤੀ ਦੀ ਸੂਰਤ ਵਿਗਾੜਨਾ ਵੀ ਸ਼ਾਮਲ ਹੈ, ਤਾਂ ਕੈਲੀਫੋਰਨੀਆ ਕਨੂੰਨ ਅਦਾਲਤਾਂ ਨੂੰ ਇਹ ਹੱਕ ਦਿੰਦਾ ਹੈ ਕਿ ਉਹ ਉਸ ਵਿਅਕਤੀ ਦਾ ਡ੍ਰਾਈਵਰ ਲਾਈਸੈਂਸ 2 ਸਾਲਾਂ ਤੱਕ ਲਈ ਮੁਅੱਤਲ ਕਰ ਦੇਵੇ। ਜੇ ਤੁਹਾਨੂੰ ਇਸ ਜੁਰਮ ਦਾ ਦੋਸ਼ੀ ਪਾਇਆ ਜਾਂਦਾ ਹੈ ਅਤੇ ਤੁਹਾਡੇ ਕੋਲ ਹਾੱਲੇ ਡ੍ਰਾਈਵਰ ਲਾਈਸੈਂਸ ਨਹੀਂ ਹੈ ਤਾਂ ਅਦਾਲਤ ਤੁਹਾਡੇ ਡ੍ਰਾਈਵਰ ਲਾਈਸੈਂਸ ਨੂੰ ਉਸ ਤਾਰੀਖ਼ ਤੋਂ 3 ਸਾਲ ਬਾਅਦ ਤੱਕ ਦੀ ਦੇਰੀ ਨਾਲ ਜਾਰੀ ਕਰਨ ਦਾ ਹੁਕਮ ਦੇ ਸਕਦੀ ਹੈ ਜਿਸ ਤਾਰੀਖ਼ ਤੋਂ ਕਨੂੰਨਨ ਤੁਸੀਂ ਗੱਡੀ ਚਲਾਉਣ ਦੇ ਯੋਗ ਹੋ ਜਾਂਦੇ ਹੋ।

ਤੇਜ ਚਲਾਉਣ ਦੇ ਮੁਕਾਬਲੇ/ਖਤਰਨਾਕ ਤਰੀਕੇ ਨਾਲ ਗੱਡੀ ਚਲਾਉਣਾ

ਜੇ ਕੋਈ ਵਿਅਕਤੀ ਖਤਰਨਾਕ ਤਰੀਕੇ ਨਾਲ ਗੱਡੀ ਚਲਾਉਣ ਜਾਂ ਗੱਡੀ ਚਲਾਉਂਦੇ ਹੋਏ ਕਿਸੇ ਨਾਲ ਮੁਕਾਬਲਾ ਕਰਨ ਦਾ ਦੋਸ਼ੀ ਪਾਇਆ ਜਾਂਦਾ ਹੈ ਜਿਸਦੇ ਕਾਰਨ ਕਿਸੇ ਹੋਰ ਨੂੰ ਸਰੀਰਕ ਸੱਟ ਲੱਗ ਜਾਂਦੀ ਹੈ ਤਾਂ ਉਸ ਨੂੰ:

- ਜ਼ੇਲ ਦੀ ਸਜਾ।
- ਇੱਕ ਜੁਰਮਾਨਾ।
- ਜੁਰਮਾਨਾ ਅਤੇ ਕੈਦ ਦੋਵੇਂ (CVC §23104(a))।

ਆਪਣੇ ਕੋਲ ਬੰਦੂਕਾਂ, ਪਿਸਤੌਲਾਂ ਆਦਿ ਰੱਖਣਾ

ਅਦਾਲਤ ਇਹ ਕਰੇਗੀ:

- ਕਿਸੇ ਨਾਬਾਲਗ ਦਾ ਗੱਡੀ ਚਲਾਉਣ ਦਾ ਅਧਿਕਾਰ ਮੁਅੱਤਲ ਜਾਂ ਰੱਦ ਕਰ ਸਕਦੀ ਹੈ ਜੇ ਉਸਨੂੰ ਆਪਣੇ ਕੋਲ ਕੋਈ ਲੁਕਾ ਕੇ ਰੱਖਿਆ ਜਾ ਸਕਣ ਵਾਲਾ ਹਥਿਆਰ ਜਾਂ ਕਿਰਿਆਸ਼ੀਲ ਗੋਲਾ-ਬਾਰੂਦ ਰੱਖਣ ਦਾ ਦੋਸ਼ੀ ਪਾਇਆ ਜਾਂਦਾ ਹੈ।
- ਪਿਸਤੌਲ, ਬੰਦੂਕ ਆਦਿ ਨਾਲ ਅਪਰਾਧ ਕਰਨ ਵਾਲੇ ਨਾਬਾਲਗ ਲੋਕਾਂ ਨੂੰ ਡ੍ਰਾਈਵਰ ਲਾਈਸੈਂਸ ਦੇਣ ਤੇ ਬੰਦਸ਼ ਲਗਾ ਸਕਦੀ ਹੈ।

ਗੱਡੀ ਦੀ ਰਜਿਸਟ੍ਰੇਸ਼ਨ ਲਈ ਜ਼ਰੂਰਤਾਂ

ਹੇਠਾਂ ਕੈਲੀਫੋਰਨੀਆ ਵਿੱਚ ਵਾਹਨ ਦੀ ਰਜਿਸਟ੍ਰੇਸ਼ਨ ਦੀਆਂ ਸ਼ਰਤਾਂ ਦਾ ਇੱਕ ਸਾਰ ਹੈ। ਵੇਰਵੇ ਸਮੇਤ ਜਾਣਕਾਰੀ ਪ੍ਰਾਪਤ ਕਰਨ ਲਈ, **www.dmv.ca.gov** 'ਤੇ ਜਾਓ।

ਕੈਲੀਫੋਰਨੀਆ ਦੀਆਂ ਗੱਡੀਆਂ

ਜਦੋਂ ਤੁਸੀਂ ਕੈਲੀਫੋਰਨੀਆ ਦੇ ਇੱਕ ਲਾਈਸੈਂਸ-ਸ਼ੁਦਾ ਡੀਲਰ ਕੋਲੋਂ ਨਵਾਂ ਜਾਂ ਪੁਰਾਣਾ ਵਾਹਨ ਖਰੀਦਦੇ ਹੋ, ਤਾਂ ਡੀਲਰ ਤੁਹਾਡੇ ਕੋਲੋਂ ਵਰਤੋਂ ਟੈਕਸ ਅਤੇ ਵਾਹਨ ਨੂੰ ਰਜਿਸਟਰ ਕਰਨ ਅਤੇ ਮਲਕੀਅਤ (ਟਾਈਟਲ) ਲਈ ਫੀਸ ਇਕੱਠਾ ਕਰਦਾ ਹੈ। ਵਰਤੋਂ ਟੈਕਸ ਨੂੰ ਕੈਲੀਫੋਰਨੀਆ ਡਿਪਾਰਟਮੇਂਟ ਆਫ਼ ਟੈਕਸ ਐਂਡ ਫੀਸ (*California Department of Tax and Fee Administration*, CDTFA) ਅੱਗੇ ਭੇਜਿਆ ਜਾਂਦਾ ਹੈ।

ਇਹ ਟ੍ਰਾਂਸਫਰ ਅਤੇ ਪੰਜੀਕਰਨ ਫੀਸਾਂ ਅਤੇ ਦਸਤਾਵੇਜ਼ DMV ਵਿੱਚ ਜਮ੍ਹਾ ਕਰਵਾਏ ਜਾਂਦੇ ਹਨ ਜੋ ਤੁਹਾਨੂੰ ਗੱਡੀ ਚਲਾਉਣ ਦੇ ਆਰਜ਼ੀ ਅਧਿਕਾਰ ਦਿੰਦਾ ਹੈ। ਆਮ ਤੌਰ ਤੇ ਖਰੀਦਣ ਦੇ 6 ਤੋਂ 8 ਹਫਤਿਆਂ ਦੇ ਅੰਦਰ-ਅੰਦਰ ਤੁਹਾਨੂੰ ਇੱਕ ਰਜਿਸਟ੍ਰੇਸ਼ਨ ਕਾਰਡ, ਲਾਈਸੈਂਸ ਪਲੇਟਾਂ, ਸੱਟੀਕਰ ਅਤੇ, ਜਿਵੇਂ ਵੀ ਵਾਜਬ ਹੋਵੇ, ਤੁਹਾਨੂੰ ਕੈਲੀਫੋਰਨੀਆਂ ਟਾਈਟਲ ਸਰਟੀਫਿਕੇਟ (*California Certificate of Title*) ਮਿਲ ਜਾਣਗੇ।

ਜੇ ਉਹ ਡੀਲਰ ਬਿਜ਼ਨਸ ਪਾਟਨਰ ਆਟੋਮੇਸ਼ਨ ਪ੍ਰੋਗਰਾਮ (*Business Partner Automation*, BPA) ਵਿੱਚ ਹਿੱਸਾ ਲੈਂਦਾ ਹੈ ਤਾਂ ਡੀਲਰ ਜਾਂ ਉਨ੍ਹਾਂ ਦੀ ਰਜ਼ਿਸਟ੍ਰੇਸ਼ਨ ਸਰਵਿਸ DMV ਦੇ ਦਸਤਾਵੇਜ਼ਾਂ ਤੇ ਪ੍ਰਕਿਰਿਆ ਕਰੇਗੀ ਅਤੇ ਗਾਹਕ ਨੂੰ ਰਜ਼ਿਸਟ੍ਰੇਸ਼ਨ ਕਾਰਡ, ਲਾਈਸੈਂਸ ਪਲੇਟ, ਅਤੇ ਸਟੀਕਰਾਂ ਨੂੰ ਜਾਰੀ ਕਰੇਗੀ।

ਜੇ ਤੁਸੀਂ ਗੱਡੀ ਕਿਸੇ ਪ੍ਰਾਈਵੇਟ ਪਾਰਟੀ ਕੋਲੋਂ ਲੈਂਦੇ ਜਾਂ ਖਰੀਦਦੇ ਹੋ ਤਾਂ 10 ਦਿਨਾਂ ਦੇ ਅੰਦਰ-ਅੰਦਰ ਉਸਦੀ ਮਲਕੀਅਤ ਟ੍ਰਾਂਸਫਰ ਕਰਨਾ ਜ਼ਰੂਰੀ ਹੈ। DMV ਕੋਲ ਹੇਠਲੀਆਂ ਚੀਜ਼ਾਂ ਜਮ੍ਹਾਂ ਕਰਵਾਓ:

- ਸਹੀ ਤਰੀਕੇ ਨਾਲ ਭਰਿਆ ਅਤੇ ਤਸਦੀਕ ਕੀਤਾ ਹੋਇਆ ਕੈਲੀਫੋਰਨੀਆ ਸਰਟੀਫਿਕੇਟ ਆਫ ਟਾਈਟਲ ਜਾਂ ਡੁਪਲੀਕੇਟ ਟਾਈਟਲ ਜਾਂ ਪੇਪਰਲੈਸ ਟਾਈਟਲ ਲਈ ਅਰਜ਼ੀ (*Application for Duplicate or Paperless Title*, REG 227)।
- ਜੇ ਲੋੜ ਹੋਵੇ, ਤਾਂ ਸਮੋਗ ਸਰਟੀਫਿਕੇਟ।
- ਜੇ ਲੋੜ ਹੋਵੇ ਤਾਂ ਵਰਤੋਂ ਟੈਕਸ ਦੀ ਅਦਾਇਗੀ।
- ਵਾਹਨ/ਕਿਸ਼ਤੀ ਟ੍ਰਾਂਸਫਰ ਅਤੇ ਪੁਨਰ ਨਿਰਯਾਤ (*Vehicle/Vessel Transfer and Reassignment*, REG 262) ਫਾਰਮ, ਜੇ ਲਾਗੂ ਹੋਵੇ।
- ਲੋੜੀਂਦੀ ਗੱਡੀ ਦੀ ਰਜਿਸਟ੍ਰੇਸ਼ਨ ਫੀਸਾਂ।

ਜਦੋਂ ਤੁਸੀਂ ਕੋਈ ਗੱਡੀ ਵੇਚਦੇ ਜਾਂ ਟ੍ਰਾਂਸਫਰ ਕਰਦੇ ਹੋ, ਤਾਂ DMV ਨੂੰ ਇਸ ਦੀ ਸੂਚਨਾ 5 ਦਿਨ ਦੇ ਅੰਦਰ-ਅੰਦਰ ਦਿਓ।

ਤੁਸੀਂ ਟ੍ਰਾਂਸਫਰ ਅਤੇ ਦੇਣਦਾਰੀ ਰਿਲੀਜ਼ ਸੂਚਨਾ (*Notice of Transfer and Release of Liability*, REG 138) ਔਨਲਾਈਨ ਜਾ ਕੇ ਪੂਰਾ ਕਰ ਸਕਦੇ ਹੋ, ਫਾਰਮ ਡਾਉਨਲੋਡ ਕਰਕੇ ਅਤੇ ਭਰ ਕੇ ਡਾਕ ਰਾਹੀਂ ਭੇਜ ਸਕਦੇ ਹੋ, ਜਾਂ ਡਾਕ ਰਾਹੀਂ ਇੱਕ ਫਾਰਮ ਮਗਵਾਉਣ ਲਈ DMV ਨੂੰ 1-800-777-0133 ਤੇ ਫੋਨ ਕਰੋ।

ਰਾਜ ਤੋਂ ਬਾਹਰ ਦੀਆਂ ਗੱਡੀਆਂ

ਕਿਸੇ ਦੂਜੇ ਰਾਜ ਜਾਂ ਦੂਜੇ ਦੇਸ਼ ਵਿੱਚ ਰਜਿਸਟਰ ਹੋਈਆਂ ਗੱਡੀਆਂ ਨੂੰ ਤੁਹਾਡੇ ਕੈਲੀਫੋਰਨੀਆ ਵਾਸੀ ਬਣਨ ਜਾਂ ਇੱਥੇ ਨੌਕਰੀ ਮਿਲਣ ਦੇ 20 ਦਿਨਾਂ ਦੇ ਅੰਦਰ-ਅੰਦਰ ਕੈਲੀਫੋਰਨੀਆ ਵਿੱਚ ਰਜਿਸਟਰ ਕਰਵਾਉਣਾ ਜ਼ਰੂਰੀ ਹੈ (ਨਿਵਾਸ ਦੇ ਬਾਰੇ ਜਾਣਕਾਰੀ ਲਈ ਪੰਨਾ 3 ਵੇਖੋ)।

ਧਿਆਨ ਦਿਓ: ਜੇ ਤੁਸੀ ਕੈਲੀਫੋਰਨੀਆਂ ਨਿਵਾਸੀ ਹੋ ਅਤੇ ਕਿਸੇ ਦੂਜੇ ਰਾਜ ਤੋਂ ਇੱਕ ਨਵੀਂ ਕਾਰ, ਟਰੱਕ ਜਾਂ ਮੋਟਰਸਾਈਕਲ ਖਰੀਦਦੇ ਹੋ (ਇਸ ਵਿੱਚ ਕੁਝ ਡੀਜਲ ਪਾਵਰ ਵਾਲੀਆਂ ਗੱਡੀਆਂ ਸ਼ਾਮਲ ਹਨ) ਤਾਂ ਪੱਕਾ ਕਰੋ ਕਿ ਉਹ ਕੈਲੀਡੋਰਨੀਆਂ ਸਮੋਗ ਕਨੂੰਨਾਂ ਤੇ ਪੂਰੇ ਉਤਦਰੀ ਹੈ; ਨਹੀਂ ਤਾਂ ਉਹ ਇੱਥੇ ਰਜਿਸਟਰ ਨਹੀਂ ਹੋ ਸਕਦਾ ਹੈ। DMV ਕਿਸੇ ਗੱਡੀ ਨੂੰ ਕੈਲੀਫੋਰਨੀਆ ਵਿੱਚ ਰਜਿਸਟਰ ਕਰਵਾਉਣ ਦੀ ਅਰਜੀ ਮੰਜ਼ੂਰ ਨਹੀਂ ਕਰ ਸਕਦੀ ਜੇ ਉਹ ਗੱਡੀ ਰਜਿਸਟ੍ਰੇਸ਼ਨ ਦਾ ਪਾਤਰ ਨਹੀਂ ਹੈ (CHSC §§43150–43156)।

ਗੈਰ-ਵਸਨੀਕ ਫੌਜੀ ਅਧਿਕਾਰੀ ਅਤੇ ਉਨ੍ਹਾਂ ਦੇ ਪਤੀ/ਪਤਨੀ ਆਪਣੀਆਂ ਗੱਡੀਆਂ ਨੂੰ ਆਪਣੇ ਮੂਲ ਰਾਜ ਦੀਆਂ ਉਨ੍ਹਾਂ ਦੀਆਂ ਵਾਜਬ ਲਾਈਸੈਂਸ ਪਲੇਟਾਂ ਨਾਲ ਚਲਾ ਸਕਦੇ ਹਨ ਜਾਂ ਜਦੋਂ ਤੱਕ ਚਲਾ ਸਕਦੇ ਹਨ ਜਦੋਂ ਤੱਕ ਕਿ ਉਨ੍ਹਾਂ ਦੇ ਆਖਰੀ ਡਿਊਟੀ ਸਟੇਸ਼ਨ ਵਲੋਂ ਜਾਰੀ ਕੀਤੀਆਂ ਗਈਆਂ ਪਲੇਟਾਂ ਦਾ ਸਮਾਂ ਖਤਮ ਨਹੀਂ ਹੋ ਜਾਂਦਾ ਹੈ। ਰਜਿਸਟ੍ਰੇਸ਼ਨ ਦਾ ਸਮਾਂ ਖਤਮ ਹੋਣ ਤੋਂ ਪਹਿਲਾਂ ਉਹ ਇਸ ਨੂੰ ਆਪਣੀ ਮੂਲ ਰਾਜ ਤੋਂ ਨਵੀਕ੍ਰਤ ਕਰਵਾ ਸਕਦੇ ਹਨ ਜਾਂ ਗੱਡੀ ਨੂੰ ਕੈਲੀਫੋਰਨੀਆ ਵਿੱਚ ਰਜਿਸਟਰ ਕਰਵਾ ਸਕਦੇ ਹਨ।

ਰਾਜ ਤੋਂ ਬਾਹਰ ਦੀਆਂ ਗੱਡੀਆਂ ਨੂੰ ਰਜਿਸਟਰ ਕਰਵਾਉਣ ਲਈ ਹੇਠਲੀਆਂ ਚੀਜ਼ਾਂ ਜ਼ਰੂਰੀ ਹਨ:

- ਪੂਰਾ ਕੀਤਾ ਅਤੇ ਦਸਤਖ਼ਤ ਕੀਤਾ ਹੋਇਆ ਟਾਈਟਲ ਜਾਂ ਰਜਿਸਟ੍ਰੇਸ਼ਨ ਲਈ ਅਰਜ਼ੀ (*Application for Title or Registration*, REG 343) ਫਾਰਮ।
- DMV, ਕਨੂੰਨ ਲਾਗੂ ਕਰਨ ਵਾਲਾ ਏਜੰਟ ਜਾਂ ਆਟੋ ਕਲੱਬ ਦੇ ਕਰਮਚਾਰੀ ਰਾਹੀ ਪੂਰੀ ਕੀਤੀ ਗਈ ਗੱਡੀ ਦੀ ਪੁਸ਼ਟੀ।
- ਰਾਜ ਤੋਂ ਬਾਹਰ ਜਾਰੀ ਕੀਤਾ ਗਿਆ ਟਾਈਟਲ ਅਤੇ/ਜਾਂ ਰਾਜ ਦੇ ਬਾਹਰ ਜਾਰੀ ਕੀਤਾ ਗਿਆ ਆਖਰੀ ਰਜਿਸਟ੍ਰੇਸ਼ਨ ਕਾਰਡ, ਜੇ ਟਾਈਟਲ ਜਮਾਂ ਨਹੀਂ ਕਰਵਾਇਆ ਜਾਂਦਾ ਹੈ।
- ਜੇ ਲੋੜ ਹੋਵੇ, ਤਾਂ ਸਮੋਗ ਸਰਟੀਫਿਕੇਟ।
- ਭਾਰ ਦਾ ਸਰਟੀਫਿਕੇਟ ਸਿਰਫ ਵਪਾਰਕ ਵਾਹਨਾਂ ਲਈ।
- ਲੋੜੀਂਦੀ ਰਜਿਸਟ੍ਰੇਸ਼ਨ ਫੀਸਾਂ ਅਤੇ ਵਰਤੋਂ ਟੈਕਸ, ਜੇ ਲਾਗੂ ਹੁੰਦਾ ਹੈ।
- ਜੇ ਲਾਗੂ ਹੋਵੇ ਤਾਂ ਪੂਰਾ ਕੀਤਾ ਹੋਇਆ ਓਡੋਮੀਟਰ ਦੇ ਮੀਲਾਂ ਦੇ ਪ੍ਰਗਟਾਵੇ ਦਾ ਬਿਆਨ (*Odometer Mileage Disclosure Statement*)।

ਜੇ ਗੱਡੀ ਬਿਜ਼ਨਸ ਪਾਟਨਰ ਆਟੋਮੇਸ਼ਨ ਪ੍ਰੋਗਰਾਮ ਵਿੱਚ ਨਾਮਾਂਕਿਤ ਕਿਸੇ ਡੀਲਰ ਤੋਂ ਖਰੀਦੀ ਗਈ ਹੈ, ਤਾਂ ਦਸਤਾਵੇਜ਼ ਡੀਲਰ ਰਾਹੀਂ DMV ਕੋਲ ਜਮ੍ਹਾਂ ਕੀਤੇ ਜਾ ਸਕਦੇ ਹਨ।

ਗੱਡੀ ਦੀ ਚੋਰੀ ਹੋਣ ਤੋਂ ਰੋਕਣ ਲਈ ਕੁਝ ਸੁਝਾਓ

ਇੱਥੇ ਕੁਝ ਸੁਝਾਓ ਦਿੱਤੇ ਗਏ ਹਨ ਜੋ ਤੁਸੀਂ ਕਾਰ ਦੀ ਚੋਰੀ ਦੇ ਸ਼ਿਕਾਰ ਬਣਨ ਦੀ ਆਪਣੀ ਸੰਭਾਵਨਾ ਤੋਂ ਬਚਣ ਲਈ ਵਰਤ ਸਕਦੇ ਹੋ।

- ਕਦੀ ਨਾ ਛੱਡੋ:
  - ਆਪਣੀ ਗੱਡੀ ਨੂੰ ਚਾਲੂ ਅਤੇ ਬਿਨ੍ਹਾਂ ਰਖਵਾਲੀ ਦੇ, ਭਾਵੇਂ ਤੁਸੀਂ ਸਟੋਰ ਵਿੱਚ ਦੌੜ ਕੇ ਕੁਝ ਸਕਿੰਟ ਲਈ ਹੀ ਕਿਉਂ ਨਾ ਜਾਓ।
  - ਚਾਬੀਆਂ ਇਗਨੀਸ਼ਨ ਵਿੱਚ।
  - ਚਾਬੀਆਂ ਨੂੰ ਬੰਦ ਗੈਰਾਜ ਵਿੱਚ ਜਾਂ ਚਾਬੀ ਛੁਪਾਉਣ ਵਾਲੇ ਬਕਸੇ ਵਿੱਚ।
  - ਕੀਮਤੀ ਸਮਾਨ ਜਿਵੇਂ ਕਿ ਬਟੂਏ, ਲੈਪਟਾੱਪ ਵਗੈਰਾ, ਸਾਮ੍ਹਣੇ ਨਜ਼ਰ ਆਉਣ ਵਾਲੀ ਥਾਂ ਤੇ, ਭਾਵੇਂ ਤੁਹਾਡੀ ਗੱਡੀ ਵਿੱਚ ਤਾਲਾ ਲੱਗਿਆ ਹੋਵੇ, ਨਾ ਰੱਖੋ। ਅਜਿਹੇ ਸਾਮਾਨ ਨੂੰ ਲੁਕਾ ਕੇ ਰੱਖੋ।
  - ਗੱਡੀ ਵਿੱਚ ਨਿਜੀ ਪਛਾਣ ਵਾਲੇ ਦਸਤਾਵੇਜ਼, ਜਿਵੇਂ ਕਿ ਮਲਕੀਅਤ ਦੇ ਕਾਗਜ਼ਾਤ ਜਾਂ ਕ੍ਰੈਡਿਟ ਕਾਰਡ।
- ਹਮੇਸ਼ਾ ਕਰੋ:
  - ਆਪਣੀ ਗੱਡੀ ਦੀਆਂ ਬਾਰੀਆਂ ਦੇ ਸ਼ੀਸ਼ੇ ਉੱਤੇ ਚੜਾਓ ਅਤੇ ਉਸਨੂੰ ਤਾਲਾ ਲਾਓ ਭਾਵੇਂ ਉਹ ਤੁਹਾਡੇ ਘਰ ਦੇ ਸਾਮ੍ਹਣੇ ਹੀ ਕਿਉਂ ਨਾ ਖੜੀ ਹੋਵੇ।
  - ਜਦੋਂ ਵੀ ਮੁਮਕਿਨ ਹੋਵੇ ਤਾਂ ਆਪਣੀ ਗੱਡੀ ਨੂੰ ਚੰਗੇ ਟ੍ਰੈਫਿਕ ਵਾਲੇ ਖੇਤਰ, ਚੰਗੇ ਰੋਸ਼ਨੀ ਵਾਲੇ ਖੇਤਰਾਂ ਵਿੱਚ ਖੜਾ ਕਰੋ।
  - ਚੋਰੀ ਹੋਏ ਕਿਸੀ ਗੱਡੀ ਦੀ ਰਿਪੋਰਟ ਸਥਾਨਕ ਕਾਨੂੰਨ ਅਧਿਕਾਰੀ ਨੂੰ ਛੇਤੀ ਤੋਂ ਛੇਤੀ ਕਰੋ।
- ਸੁਝਾਓ:
  - ਸਟੀਅਰਿੰਗ ਵ੍ਹੀਲ, ਕੌਲਮ ਜਾਂ ਬ੍ਰੇਕਾਂ ਨੂੰ ਤਾਲਾਬੰਦ ਕਰਨ ਵਾਲਾ ਇੱਕ ਮਸ਼ੀਨੀ ਉਪਕਰਣ ਲਗਾਓ।
  - ਗੱਡੀ ਦੀ ਚੋਰੀ ਦਾ ਪਤਾ ਲਗਾਉਣ/ਸੁਰੱਖਿਆ ਸਿਸਟਮ ਨੂੰ ਖਰੀਦਣ ਬਾਰੇ ਵਿਚਾਰ ਕਰੋ, ਖਾਸ ਤੌਰ ਤੇ ਜੇ ਤੁਹਾਡੇ ਕੋਲ ਅਜਿਹੇ ਮਾਡਲ ਦੀ ਗੱਡੀ ਹੈ ਜਿਸਦੀ ਚੋਰੀ ਆਮ ਤੌਰ ਤੇ ਹੁੰਦੀ ਹੈ।
  - ਜੇ ਤੁਹਾਨੂੰ ਆਪਣੀ ਚਾਬੀ ਕਿਸੇ ਸੇਵਕ, ਸਹਾਇਕ ਜਾਂ ਕਾਰੀਗਰ ਕੋਲ ਛੱਡਣੀ ਪਏ, ਤਾਂ ਸਿਰਫ ਇਗਨੀਸ਼ਨ ਦੀ ਚਾਬੀ ਛੱਡੋ।
  - ਆਪਣੀ ਲਾਈਸੈਂਸ ਪਲੇਟ ਅਤੇ ਗੱਡੀ ਬਾਬਤ ਜਾਣਕਾਰੀ ਨੂੰ ਇੱਕ ਕਾਰਡ ਤੇ ਕਾਪੀ ਕਰ ਕੇ ਆਪਣੇ ਕੋਲ ਰੱਖੋ ਨਾ ਕਿ ਗੱਡੀ ਵਿੱਚ। ਜੇ ਤੁਹਾਡੀ ਗੱਡੀ ਚੋਰੀ ਹੋ ਜਾਂਦੀ ਹੈ, ਤਾਂ ਪੁਲਿਸ ਨੂੰ ਇਸ ਜਾਣਕਾਰੀ ਦੀ ਲੋੜ ਹੋਵੇਗੀ।

ਔਨਲਾਈਨ ਡ੍ਰਾਈਵਰ ਲਾਈਸੈਂਸ ਨਾਲ ਸਬੰਧਤ ਖਾਸ ਤੱਥ ਅਤੇ ਦੂਜੇ ਪ੍ਰਕਾਸ਼ਨ

- FFDL 3 ਡ੍ਰਾਈਵਰ ਲਾਈਸੈਂਸ ਸੈਕੰਡਰੀ ਸਮੀਖਿਆ ਰੈਫਰਲ ਕਾਰਵਾਈ
- FFDL 5 ਇੱਕ ਕੈਲੀਫੋਰਨੀਆ ਡ੍ਰਾਈਵਰ ਲਾਈਸੈਂਸ ਲਈ ਲੋੜਾਂ (ਹੋਰ ਭਾਸ਼ਾਵਾਂ)
- FFDL 6 ਇੱਕ ਕੈਲੀਫੋਰਨੀਆ ਪਛਾਣ ਕਾਰਡ ਲਈ ਲੋੜਾਂ
- FFDL 8 ਸਮਾਜਕ ਸੁਰੱਖਿਆ ਨੰਬਰ
- FFDL 8A ਸਮਾਜਕ ਸੁਰੱਖਿਆ ਨੰਬਰ ਪੂਰਕ ਲੋੜਾਂ
- FFDL 10 ਸੰਭਾਵੀ ਅਸੁਰੱਖਿਅਤ ਡ੍ਰਾਈਵਰ
- FFDL 14 ਨਜ਼ਰ ਸਬੰਧੀ ਮਿਆਰ
- FFDL 15 ਡ੍ਰਾਈਵਰ ਰਿਕਾਰਡ ਜਾਣਕਾਰੀ ਬਣਾਈ ਰੱਖਣਾ
- FFDL 16 ਗੱਡੀ ਦੀਆਂ ਟੱਕਰਾਂ!
- FFDL 19 ਆਰਜ਼ੀ ਲਾਈਸੈਂਸ ਦੇਣਾ
- FFDL 22 ਆਪਣੇ ਡ੍ਰਾਈਵਿੰਗ ਟੈਸਟ ਲਈ ਤਿਆਰ ਹੋਣਾ
- FFDL 24 ਪਛਾਣ ਦੀ ਚੋਰੀ
- FFDL 25 ਪਛਾਣ ਦੀ ਠੱਗੀ
- FFDL 26 ਡ੍ਰਾਈਵਰ ਸੁਰੱਖਿਆ ਪ੍ਰਸ਼ਾਸਨਿਕ ਸੁਣਵਾਈ ਦੀ ਕਾਰਵਾਈ
- FFDL 27 *DMV* ਦੀ ਪੁਨਰ ਪਰੀਖਿਆ ਪ੍ਰਕਿਰਿਆ
- FFDL 28 ਡ੍ਰਾਈਵਰ ਦਾ ਧਿਆਨ ਵੰਡਣ ਵਾਲੀਆਂ ਚੀਜ਼ਾਂ
- FFDL 29 ਖਤਰਨਾਕ ਚੀਜ਼ਾਂ ਬਾਬਤ ਸੰਘੀ ਲੋੜਾਂ
- FFDL 31 ਇਗਨੀਸ਼ਨ ਤਾਲਾਬੰਦੀ ਯੰਤਰ
- FFDL 32 ਕਨੂੰਨੀ ਮੌਜੂਦਗੀ ਲਈ ਸੀਮਿਤ ਮਿਆਦ
- FFDL 33 ਡ੍ਰਾਈਵਰ ਸਿੱਖਿਆ ਅਤੇ ਡ੍ਰਾਈਵਰ ਸਿਖਲਾਈ ਲਈ ਡ੍ਰਾਈਵਿੰਗ ਸਕੂਲ ਦੀ ਚੋਣ ਕਰਨਾ (*DE/DT*)
- FFDL 34 ਅੰਗ ਅਤੇ ਟਿਸ਼ੂ ਦਾਨ ਬਾਰੇ ਫਾਸਟ ਫੈਕਟ
- FFDL 35 ਨਸ਼ੇ ਦੀ ਹਾਲਤ ਵਿੱਚ ਡ੍ਰਾਈਵਿੰਗ ਕਰਨਾ - ਡ੍ਰਾਈਵਰ ਲਾਈਸੈਂਸ ਦੀ ਫੌਰਨ ਮੁਅੱਤਲੀ: *21* ਸਾਲ ਅਤੇ ਉਸ ਤੋਂ ਵੱਧ ਉਮਰ ਦੇ ਡ੍ਰਾਈਵਰ
- FFDL 36 ਨਸ਼ੇ ਦੀ ਹਾਲਤ ਵਿੱਚ ਡ੍ਰਾਈਵਿੰਗ ਕਰਨਾ - ਡ੍ਰਾਈਵਰ ਲਾਈਸੈਂਸ ਦੀ ਫੌਰਨ ਮੁਅੱਤਲੀ: *21* ਸਾਲ ਤੋਂ ਘੱਟ ਉਮਰ ਦੇ ਡ੍ਰਾਈਵਰ
- FFDL 37 ਸੜਕ ਸਾਂਝੀ ਕਰਨਾ
- FFDL 40 ਡਾਈਬਿਟੀਜ਼ ਅਤੇ ਡ੍ਰਾਈਵਿੰਗ
- FFDL 41 ਡ੍ਰਾਈਵਰਾਂ ਨੂੰ ਉਨ੍ਹਾਂ ਦੀ ਡ੍ਰਾਈਵਿੰਗ ਸੁਤੰਤਰਤਾਂ ਬਣਾਈ ਰੱਖਣ ਲਈ ਮਦਦ ਕਰਨਾ
- FFDL 42 ਫਾਇਰ ਬ੍ਰਿਗੇਡ ਵਾਲਿਆਂ ਦੇ ਅਨੁਮੋਦਨ ਪਰੀਖਣ ਲਈ ਲੋੜਾਂ
- FFDL 43 ਕੀ ਤੁਸੀ ਇੱਕ ਰਿਟਾਯਰਡ ਸੈਨਿਕ ਹੋ?
- FFDL 45 ਡਾਈਬਿਟੀਜ਼ ਅਤੇ ਡ੍ਰਾਈਵਿੰਗ। ਕੀ ਖ਼ਤਰੇ ਹਨ?

- FFDMV 4 ਜਨਤਕ ਜਾਣਕਾਰੀ ਬੇਨਤੀ - *DMV* ਰਿਕਾਰਡਾਂ ਤੋਂ ਜਾਣਕਾਰੀ ਪ੍ਰਾਪਤ ਕਰਨਾ
- FFDMV 17 ਤੁਹਾਡੀ ਜਾਣਕਾਰੀ ਕਿਵੇਂ ਸਾਂਝੀ ਕੀਤੀ ਜਾਂਦੀ ਹੈ
- ਸੁਰੱਖਿਅਤ ਡ੍ਰਾਈਵਿੰਗ ਕਰਨ ਲਈ ਸੀਨਿਅਰ ਗਾਈਡ (DL 625)
- ਕੈਲੀਫੋਰਨੀਆਂ ਮਾਤਾ/ਪਿਤਾ-ਕਿਸ਼ੋਰ ਟ੍ਰੇਨਿੰਗ ਗਾਈਡ (DL 603)
- ਆਪਣੀ ਪੂਰਕ ਡ੍ਰਾਈਵਿੰਗ ਕਾਰਗੁਜਾਰੀ ਦੇ ਮੁਲੰਕਣ ਲਈ ਤਿਆਰੀ ਕਰਨਾ (DL 956)
- ਡ੍ਰਾਈਵਿੰਗ ਟੈਸਟ ਮਾਪਦੰਡ (DL 955)

ਪਰੀਖਿਆ ਦੇ ਸਵਾਲਾਂ ਦੇ ਨਮੂਨਿਆਂ ਲਈ, **DMV** ਦੀ ਵੈਬਸਾਈਟ **www.dmv.ca.gov** 'ਤੇ ਜਾਓ।

ਨੋਟਸ

ਇਸ ਪ੍ਰੋਗਰਾਮ ਲਈ ਆਰਖਤ ਅਨੁਦਾਨ ਰਾਸ਼ਟਰੀ ਹਾਈਵੇ ਟ੍ਰੈਫਿਕ ਸੁਰੱਖਿਆ ਪ੍ਰਸ਼ਾਸਨ ਵਲੋਂ ਕੈਲੀਫੋਰਨੀਆ ਆਫਿਸ ਆਫ਼ ਟ੍ਰੈਫਿਕ ਸੇਫ਼ਟੀ (*California Office of Traffic Safety*) ਦੁਆਰਾ ਦਿੱਤੀ ਗਈ ਇੱਕ ਗ੍ਰਾਂਟ ਤੋਂ ਪ੍ਰਾਪਤ ਕੀਤਾ ਗਿਆ ਸੀ।

ਡ੍ਰਾਈਵਰ

- ਗੱਡੀ ਨੂੰ ਹੌਲੀ ਕਰੋ।
- ਚੌਕਸ ਹੋ ਕੇ ਗੱਡੀ ਚਲਾਓ। ਪੈਦਲ ਚਲਣ ਵਾਲੇ ਯਾਤਰੂਆਂ ਦਾ ਧਿਆਨ ਰੱਖੋ।
- ਪੈਦਲ ਚਲਣ ਵਾਲੇ ਯਾਤਰੂਆਂ ਲਈ ਰੁਕੀ ਹੋਈ ਕਿਸੀ ਗੱਡੀ ਤੋਂ ਕਦੀ ਵੀ ਅੱਗੇ ਨਾ ਨਿਕਲੋ।

ਪੈਦਲ ਚਲਣ ਵਾਲੇ ਯਾਤਰੂ

- ਉਮੀਦ ਅਨੁਸਾਰ ਕੰਮ ਕਰੋ। ਜਦੋਂ ਵੀ ਸੰਭਵ ਹੋਵੇ ਕ੍ਰਾਸਵਾਕ ਜਾਂ ਚੌਰਾਹਿਆਂ ਤੋਂ ਸੜਕ ਪਾਰ ਕਰੋ।
- ਸੁਰੱਖਿਅਤ ਰਹੋ, ਦਿੱਸਦੇ ਰਹੋ। ਦਿਨ ਵੇਲੇ ਖਿੜੇ ਹੋਏ ਰੰਗ ਦੇ ਕਪੜੇ ਪਾਓ; ਰਾਤ ਵੇਲੇ ਪ੍ਰਤਿਬਿੰਬਤਯੋਗ ਸਮੱਗਰੀ ਪਾਓ ਜਾਂ ਇੱਕ ਲਾਈਟ ਨਾਲ ਲੈ ਕੇ ਚਲੋ।
- ਅੱਖਾਂ ਨਾਲ ਸੰਪਰਕ ਬਣਾਈ ਰੱਖੋ। ਕਦੀ ਵੀ ਇਹ ਨਾ ਮੰਨ ਕੇ ਚਲੋ ਕਿ ਡ੍ਰਾਈਵਰ ਨੇ ਤੁਹਾਨੂੰ ਵੇਖ ਲਿਆ ਹੈ।

SHARE THE ROAD

CALIFORNIA OFFICE OF TRAFFIC SAFETY

ਨੋਟਸ

ਬੈਲਟ ਲਾਓ ਨਹੀਂ ਤਾਂ ਟਿਕਟ ਪਾਓ

Mail to: _____

Address: _____

City, State, ZIP Code: _____